










Nineteenth Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 22, June 2, 2018 20451 N. Plum Grove Rd., Palatine, IL 60074 Ph:847-359-0746, Fax:847-705-9388


## ਢੱਡਰੀਆਂ ਵਾਲੇ ਤੇ ਟਕਸਾਲ ਵਿਚਲਾ ਵਿਵਾਦ ਹੋਰ ਉਲਝਿਆ



**ਅੰਮ੍ਰਿਤਸਰ:** ਦਮਦਮੀ ਟਕਸਾਲ ਅਤੇ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਵਿਚਾਲੇ ਖੜ੍ਹਾ ਹੋਇਆ ਵਿਵਾਦ ਕਿਸੇ ਸਿਰੇ ਲੱਗਣ ਦੀ ਥਾਂ ਹੋਰ ਉਲਝ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਮਦਮੀ ਟਕਸਾਲ ਨੂੰ ਜ਼ਾਬਤੇ ਵਿਚ ਰਹਿਣ ਦੀ ਦਿੱਤੀ ਸਲਾਹ ਨੇ ਇਸ ਵਿਵਾਦ ਨੂੰ ਹਵਾ ਦੇ ਦਿੱਤੀ ਹੈ।

ਦੱਸ ਦਈਏ ਕਿ ਟਕਸਾਲ ਦੇ ਮੁੱਖ ਬੁਲਾਰੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਚਰਨਜੀਤ ਸਿੰਘ ਜੱਸੋਵਾਲ ਨੇ ਟਕਸਾਲ ਦੇ ਹੈਡਕੁਆਰਟਰ ਉਤੇ ਇਸ ਸਿੱਖ ਪ੍ਰਚਾਰਕ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਇਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਆਉਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਦਮਦਮੀ ਟਕਸਾਲ ਨੂੰ ਆਪਣੀਆਂ ਧਾਰਮਿਕ ਹੱਦਾਂ ਨਾ ਟੱਪਣ ਦੀ ਸਲਾਹ ਦੇ ਦਿੱਤੀ। ਮੁੱਖ ਮੰਤਰੀ ਨੇ ਦਮਦਮੀ ਟਕਸਾਲ ਨੂੰ ਇਹ ਚਿਤਾਵਨੀ ਵੀ ਦੇ ਦਿੱਤੀ ਕਿ ਜੇ ਉਨ੍ਹਾਂ ਨੇ ਅਜਿਹੀਆਂ ਗਤੀਵਿਧੀਆਂ ਨੂੰ ਤੁਰੰਤ ਠੱਲ੍ਹ ਨਾ ਪਾਈ ਤਾਂ ਉਹ ਇਸ ਨੂੰ ਟਕਰਾਅ ਵਾਲੀ ਕਾਰਵਾਈ ਮੰਨਣਗੇ ਅਤੇ ਇਸੇ ਮੁਤਾਬਕ ਹੀ ਜੁਆਬ ਦੇਣਗੇ। ਇਸ ਪਿੱਛੋਂ ਢੱਡਰੀਆਂ ਵਾਲੇ ਦੀ ਸੁਰੱਖਿਆ ਵਿਚ ਵੀ ਵਾਧਾ ਕਰ ਦਿੱਤਾ ਗਿਆ।

ਕੈਪਟਨ ਦੀ ਚਿਤਾਵਨੀ ਨਾਲ ਦਮਦਮੀ ਟਕਸਾਲ ਦਾ ਪਾਰਾ ਚੜ੍ਹ ਗਿਆ। ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਇਥੋਂ ਤੱਕ ਆਖ ਦਿੱਤਾ ਕਿ ਮੁੱਖ ਮੰਤਰੀ ਦਾ ਬਿਆਨ ਬਹੁਤ ਹੀ ਗੈਰ ਜ਼ਿੰਮੇਵਾਰਾਨਾ ਤੇ ਜਾਣਕਾਰੀ ਤੋਂ ਸੱਖਣਾ ਹੈ ਤੇ ਉਸ ਨੂੰ ਪੰਜਾਬ ਦੇ ਲੋਕਾਂ ਨੇ ਰਣਜੀਤ ਸਿੰਘ ਢੱਡਰੀਆਂ ਵਾਲੇ ਵਰਗੇ ਗੁਰ ਨਿੰਦਕਾਂ ਦੀ ਤਰਫਦਾਰੀ ਕਰਨ ਲਈ ਮੁੱਖ ਮੰਤਰੀ ਨਹੀਂ ਬਣਾਇਆ। ਉਧਰ, ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਕਹਿਣਾ ਹੈ ਕਿ ਹਰਨਾਮ ਸਿੰਘ ਧੁੰਮਾਂ ਪਹਿਲਾਂ ਜਨਤਕ ਤੌਰ ਉਤੇ ਮੁਆਫੀ ਮੰਗਣ ਤੇ ਆਪਣੇ ਸਾਥੀਆਂ ਨੂੰ ਗਲਤ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕਰਨ ਲਈ ਆਖਣ ਤਾਂ ਉਹ ਖੁਦ ਹੀ ਹਰਨਾਮ ਸਿੰਘ ਨਾਲ ਗੱਲ ਕਰ ਲੈਣਗੇ।

ਟਕਸਾਲ ਵੱਲੋਂ ਢੱਡਰੀਆਂ ਵਾਲੇ ਨੂੰ ਦਿੱਤੀਆਂ ਜਾ ਰਹੀਆਂ ਸਿੱਧੀਆਂ ਧਮਕੀਆਂ 'ਤੇ ਸਿੰਘ

*(ਬਾਕੀ ਸਫਾ 6 ਉਤੇ)*

## ਪਿਸ਼ਾਵਰ 'ਚ ਸਿੱਖ ਆਗੂ ਦੀ ਗੋਲੀ ਮਾਰ ਕੇ ਹੱਤਿਆ

**ਪਿਸ਼ਾਵਰ:** ਪਾਕਿਸਤਾਨ ਦੇ ਨਾਮੀ ਸਿੱਖ ਆਗੂ ਤੇ ਇਨਸਾਨੀ ਹੱਕਾਂ ਦੇ ਕਾਰਕੁਨ ਚਰਨਜੀਤ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ 52 ਸਾਲਾ ਚਰਨਜੀਤ ਸਿੰਘ ਨੂੰ ਪਿਸ਼ਾਵਰ ਦੇ ਬਾਹਰਵਾਰ ਸਕੀਮ ਚੌਕ ਇਲਾਕੇ ਵਿਚ ਸਥਿਤ ਉਨ੍ਹਾਂ ਦੀ ਦੁਕਾਨ ਵਿਚ ਗੋਲੀਆਂ ਮਾਰੀਆਂ ਗਈਆਂ।



ਰੋਜ਼ਨਾਮਾ 'ਐਕਸਪ੍ਰੈਸ ਟ੍ਰਿਬਿਊਨ' ਮੁਤਾਬਕ, ਇਕ ਹਮਲਾਵਰ ਨੇ ਚਰਨਜੀਤ ਸਿੰਘ ਨੂੰ ਉਸ ਦੀ ਦੁਕਾਨ ਵਿਚ ਗੋਲੀਆਂ ਮਾਰੀਆਂ ਤੇ ਫਰਾਰ ਹੋ ਗਿਆ। ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

ਅਖਬਾਰ ਮੁਤਾਬਕ ਇਹ ਸਾਫ ਨਹੀਂ ਹੋ ਸਕਿਆ ਕਿ ਇਹ ਹਮਲਾ ਅਚਾਨਕ ਕੀਤਾ ਗਿਆ ਜਾਂ ਗਿਣੀ-ਮਿਥੀ ਸਾਜ਼ਿਸ਼ ਦਾ ਸਿੱਟਾ ਸੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਗੌਰਤਲਬ ਹੈ ਕਿ ਚਰਨਜੀਤ ਸਿੰਘ ਦਹਾਕਿਆਂ ਤੋਂ ਸੂਬਾ ਖੈਬਰ-ਪਖ਼ਤੂਨਖ਼ਵਾ (ਪੁਰਾਣਾ ਨਾਂ ਉਤਰ-ਪੱਛਮੀ ਸਰਹੱਦੀ ਸੂਬਾ) ਦੀ ਰਾਜਧਾਨੀ ਪਿਸ਼ਾਵਰ ਵਿਚ ਰਹਿ ਰਿਹਾ ਸੀ।

## ਪੁਰਾਣੇ ਨਿਯਮਾਂ ਤਹਿਤ ਹੀ ਪਾਕਿਸਤਾਨ ਜਾਣਗੇ ਸਿੱਖ ਜਥੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਜਥੇ ਭੇਜਣ ਲਈ ਤਿਆਰੀ ਕੀਤੀ ਜਾ ਰਹੀ ਹੈ ਪਰ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਨਿਯਮਾਂ ਵਿਚ ਫਿਲਹਾਲ ਕੋਈ ਸੋਧ ਨਹੀਂ ਕੀਤੀ ਗਈ ਹੈ ਅਤੇ ਸ਼ਰਧਾਲੂ ਪਹਿਲਾਂ ਵਾਂਗ ਹੀ ਯਾਤਰਾ ਉਤੇ ਜਾਣਗੇ।

ਦੱਸਣਯੋਗ ਹੈ ਕਿ ਵਿਸਾਖੀ ਮੌਕੇ ਪਾਕਿਸਤਾਨ ਦੀ ਯਾਤਰਾ ਉਤੇ ਗਏ ਸ਼ਰਧਾਲੂਆਂ ਦੇ ਜਥੇ ਵਿਚੋਂ ਕਿਰਨ ਬਾਲਾ ਨਾਂ ਦੀ ਔਰਤ ਨੇ ਪਾਕਿਸਤਾਨ ਪੁੱਜ ਕੇ ਆਪਣਾ ਧਰਮ ਤਬਦੀਲ ਕਰ ਲਿਆ ਸੀ ਅਤੇ ਲਾਹੌਰ ਵਾਸੀ ਨੌਜਵਾਨ ਨਾਲ ਨਿਕਾਹ ਕਰ ਲਿਆ ਸੀ। ਇਸੇ ਤਰ੍ਹਾਂ ਇਕ ਪੰਜਾਬੀ ਨੌਜਵਾਨ ਵੀ ਜਥੇ ਵਿਚੋਂ ਗਾਇਬ ਹੋ ਗਿਆ ਸੀ, ਜਿਸ ਨੂੰ ਬਾਅਦ ਵਿਚ ਬਰਾਮਦ ਕਰ ਕੇ ਭਾਰਤ ਭੇਜਿਆ ਗਿਆ ਸੀ। ਇਹ ਦੋਵੇਂ ਹੀ ਸ਼੍ਰੋਮਣੀ ਕਮੇਟੀ ਦੇ ਜਥੇ ਰਾਹੀਂ ਪਾਕਿਸਤਾਨ ਗਏ ਸਨ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਂਦੇ ਸ਼ਰਧਾਲੂਆਂ ਦੀ ਜਾਂਚ-ਪੜਤਾਲ ਨੂੰ ਲੈ ਕੇ ਕਾਫੀ ਸਵਾਲ ਉਠੇ ਸਨ। ਸ਼੍ਰੋਮਣੀ ਕਮੇਟੀ ਨੂੰ ਵੀ ਇਸ ਕਾਰਨ ਕਾਫੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ।

ਇਨ੍ਹਾਂ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਪੜਤਾਲ ਲਈ ਕਮੇਟੀ ਬਣਾਈ ਗਈ ਸੀ, ਜਿਸ ਦੀ ਹੁਣ ਤੱਕ ਸਿਰਫ ਇਕ ਮੀਟਿੰਗ ਹੋਈ ਹੈ। ਇਸ ਕਾਰਨ ਕੋਈ ਫੈਸਲਾ ਨਹੀਂ ਕੀਤਾ ਜਾ ਸਕਿਆ ਤੇ ਸਿੱਖ ਜਥੇ ਅਜੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਪੁਰਾਣੇ ਨਿਯਮਾਂ ਤਹਿਤ ਹੀ ਜਾ ਸਕਣਗੇ। ਦੱਸ ਦਈਏ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਨਿਯਮਾਂ ਵਿਚ ਦਾਅਵਾ ਕੀਤਾ ਗਿਆ ਸੀ ਕਿ ਹੁਣ ਅੰਮ੍ਰਿਤਧਾਰੀ ਸਿੱਖ ਹੀ ਕਮੇਟੀ ਦੀ ਸਿਫਾਰਸ਼ 'ਤੇ ਪਾਕਿਸਤਾਨ ਜਾ ਸਕਣਗੇ, ਪਰ ਫਿਲਹਾਲ ਇਹ ਨਿਯਮਾਂ ਲਾਗੂ ਨਹੀਂ ਹੋ ਸਕੇ।

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਅਤੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ

*(ਬਾਕੀ ਸਫਾ 6 ਉਤੇ)*

*Visit us on the web:www.punjabtimesusa.com*


Ad Space Available
Please Call,
Ph: 847-359-0746




Ad Space Available
Please Call,
Ph: 847-359-0746

# ਏਸ਼ੀਆ ਦੇ ਇਤਿਹਾਸਕ ਸਥਾਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਨੂੰ 10ਵੀਂ ਥਾਂ

**ਮੁੰਬਈ:** ਏਸ਼ੀਆ ਦੇ ਇਤਿਹਾਸਕ ਸਥਾਨਾਂ ਦੀ ਸੂਚੀ ਵਿਚ ਸ੍ਰੀ ਹਰਿਮੰਦਰ ਸਾਹਿਬ 10ਵੇਂ ਸਥਾਨ ਉਤੇ ਹੈ। ਉਤਰ ਪ੍ਰਦੇਸ਼ ਦੇ ਆਗਰਾ ਸਥਿਤ ਤਾਜ ਮਹਿਲ 2018 ਦੇ ਚੋਟੀ ਦੇ ਇਤਿਹਾਸਕ ਸਥਾਨਾਂ ਦੀ ਸੂਚੀ 'ਚ ਵਿਸ਼ਵ ਵਿਚੋਂ ਛੇਵੇਂ ਅਤੇ ਏਸ਼ੀਆ ਵਿਚ ਦੂਜੇ ਨੰਬਰ ਉਤੇ ਹੈ। ਆਲੀਸ਼ਾਨ ਮਕਬਰਾ, ਜਿਹੜਾ ਮੁਗਲ ਆਰਕੀਟੈਕਚਰ ਦੀ ਖੂਬਸੂਰਤ ਉਦਾਹਰਣ ਹੈ, ਇਸ ਸਾਲ ਵਿਸ਼ਵ ਅਤੇ ਏਸ਼ੀਆ ਵਿਚ ਟਰੈਵਲਰ ਚੁਆਇਸ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਇਤਿਹਾਸਕ ਸਥਾਨਾਂ ਵਿਚ ਚੋਟੀ ਦੇ 10 ਸਥਾਨਾਂ ਦੀ ਸੂਚੀ 'ਚ ਬਣਿਆ ਹੋਇਆ ਹੈ। ਇਸ ਸਾਲ 68 ਦੇਸ਼ਾਂ ਅਤੇ 8 ਖੇਤਰਾਂ ਦੇ 759 ਇਤਿਹਾਸਕ ਸਥਾਨਾਂ ਨੂੰ ਵਿਚਾਰੇ ਜਾਣ ਲਈ ਲਿਆ ਗਿਆ ਸੀ।



ਵਿਸ਼ਵ ਦੇ ਪ੍ਰਮੁੱਖ 10 ਟਰੈਵਲਰਜ਼ ਚੁਆਇਸ ਐਵਾਰਡਸ ਲਈ ਚੁਣੇ ਗਏ ਸਥਾਨਾਂ ਵਿਚ ਕੰਬੋਡੀਆ ਦੇ ਸੀਮ ਰੀਪ 'ਚ ਸਥਿਤ ਅੰਕੋਰ ਵਾਟ ਪਹਿਲੇ ਸਥਾਨ ਉਤੇ ਹੈ ਜਦਕਿ ਦੂਜੇ ਨੰਬਰ ਉਤੇ ਸਪੇਨ ਦੇ ਸੇਵੀਲੇ ਵਿਚ ਪਲਾਜ਼ਾ ਦਿ ਐਸਪਾਨਾ, ਆਬੂਧਾਬੀ ਦਾ ਸ਼ੇਖ ਜ਼ਾਇਦ ਗ੍ਰੈਂਡ ਮਸਜਿਦ, ਇਟਲੀ ਦੇ ਵੈਟੀਕਨ ਸਿਟੀ 'ਚ ਸੇਂਟ ਪੀਟਰਸ ਬੈਸੀਲਿਕਾ, ਸਪੇਨ ਵਿਚ ਮੇਜ਼ਕੀਵਟਾ ਕੈਥੇਡਰਲ ਦਿ ਕੋਰਦੋਬਾ, ਇਟਲੀ ਦੇ ਮਿਲਾਨ ਦਾ ਦੋਊਮੋ ਦੀ ਮਿਲਾਨੋ, ਅਮਰੀਕਾ ਦੇ ਸਾਨ ਫਰਾਂਸਿਸਕੋ ਦਾ ਅਲਕੈਟਰਜ਼ ਆਈਲੈਂਡ, ਸਾਨ ਫਰਾਂਸਿਸਕੋ ਦਾ ਗੋਲਡਨ ਗੇਟ ਬਰਿਜ ਅਤੇ ਹੰਗਰੀ ਦੇ ਬੁੱਢਾਪੇਸਟ ਦੀ ਸੰਸਦ ਦਾ ਨੰਬਰ ਆਉਂਦਾ ਹੈ। ਹਾਲਾਂਕਿ ਏਸ਼ੀਆ ਦੀ ਦਰਜਾਬੰਦੀ ਵਿਚ ਤਾਜ ਮਹਿਲ ਦੇ ਨਾਲ ਦੋ ਹੋਰ ਭਾਰਤੀ ਸਥਾਨਾਂ ਨੂੰ ਚੋਟੀ ਦੇ 10 ਸਥਾਨਾਂ ਵਿਚ ਜਗ੍ਹਾ ਦਿੱਤੀ ਗਈ ਹੈ।

ਏਸ਼ੀਆ ਦੀ ਸੂਚੀ ਵਿਚ ਜੈਪੁਰ ਦਾ ਅੰਬੇਰ ਕਿਲ੍ਹਾ ਨੌਵੇਂ ਨੰਬਰ ਅਤੇ ਪੰਜਾਬ ਦੇ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ 10ਵੇਂ ਸਥਾਨ ਉਤੇ ਹੈ। ਏਸ਼ੀਆ ਦੀ ਸੂਚੀ 'ਚ ਅੰਗਕੋਰ ਵਾਟ ਚੋਟੀ ਉਤੇ ਹੈ, ਉਸ ਤੋਂ ਬਾਅਦ ਤਾਜ ਮਹਿਲ ਦਾ ਨਾਂ ਆਉਂਦਾ ਹੈ, ਉਸ ਤੋਂ ਬਾਅਦ ਬੈਂਕਾਕ 'ਚ ਟੈਂਪਲ ਆਫ ਰੈਕਲੀਨਿੰਗ ਬੁੱਧਾ, ਚੀਨ ਦੇ ਬੀਜਿੰਗ ਦੀ ਕੰਧ, ਜਾਪਾਨ ਦੇ ਕਿਓਟੋ ਦਾ ਫੂਸ਼ਿਮੀ ਇਨਾਰੀ ਤਾਇਸ਼ਾ ਮੰਦਰ, ਮਿਆਂਮਾਰ 'ਚ ਸ਼ਵੇਦਾਗੋਨ ਪਗੋਡਾ, ਕੁਆਲਾਲੰਪੁਰ ਦੇ ਪੈਟਰੋਨਾਸ ਟਵਿਨ ਟਾਵਰ, ਵਿਅਤਨਾਮ ਦੇ ਹੋ ਚੀ ਮਿਨ੍ਹ ਸਿਟੀ 'ਚ ਕੂ ਚੀ ਸੁਰੰਗ ਦਾ ਨੰਬਰ ਆਉਂਦਾ ਹੈ।

# ਭਾਰਤ 'ਚ ਸਿੱਖਾਂ ਦੀ ਆਬਾਦੀ ਘਟਣ 'ਤੇ ਚਿੰਤਾ

**ਲੁਧਿਆਣਾ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਉਚ-ਪੱਧਰੀ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ 1941 ਦੀ ਜਨਗਣਨਾ ਦੌਰਾਨ ਦੇਸ਼ ਵਿਚ ਸਿੱਖਾਂ ਦੀ ਗਿਣਤੀ 1.89 ਫੀਸਦੀ ਸੀ, ਪਰ ਹੁਣ 2011 ਦੀ ਜਨਗਣਨਾ ਅਨੁਸਾਰ ਸਿੱਖਾਂ ਦੀ ਗਿਣਤੀ 'ਚ ਵਾਧਾ ਹੋਣ ਦੀ ਬਜਾਏ ਆਬਾਦੀ ਘਟ ਕੇ 1.72 ਫੀਸਦੀ (2.08 ਕਰੋੜ) ਰਹਿ ਗਈ ਹੈ, ਜੋ ਗੰਭੀਰ ਚਿੰਤਾ ਵਾਲੀ ਗੱਲ ਹੈ।

ਸ. ਰਾਏ ਨੇ ਕਿਹਾ ਕਿ ਦੇਸ਼ ਵਿਚ 2011 ਦੀ ਜਨਗਣਨਾ ਅਨੁਸਾਰ ਘੱਟ ਗਿਣਤੀਆਂ ਦੀ ਆਬਾਦੀ 20.20 ਫੀਸਦੀ ਹੈ, ਜਿਸ 'ਚ ਮੁਸਲਮਾਨਾਂ ਦੀ ਆਬਾਦੀ 17.22 ਕਰੋੜ (14.23 ਫੀਸਦੀ), ਇਸਾਈਆਂ ਦੀ ਆਬਾਦੀ 2.78 ਕਰੋੜ (2.30 ਫੀਸਦੀ), ਬੋਧੀਆਂ ਦੀ 84.43 ਲੱਖ (0.70 ਫੀਸਦੀ), ਜੈਨੀਆਂ ਦੀ ਆਬਾਦੀ 44.52 ਲੱਖ (0.37 ਫੀਸਦੀ) ਤੇ ਪਾਰਸੀਆਂ ਦੀ ਆਬਾਦੀ 57 ਹਜ਼ਾਰ 264 ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਵੀ ਦੇਸ਼ ਦੇ ਘੱਟ ਗਿਣਤੀ ਲੋਕਾਂ ਦੀ ਸਹੂਲਤ ਲਈ ਯੋਜਨਾਵਾਂ ਤੇ ਸਕੀਮਾਂ ਲਿਆਂਦੀਆਂ ਗਈਆਂ ਹਨ, ਉਨ੍ਹਾਂ ਨੂੰ ਲੋਕਾਂ ਤੱਕ ਸਹੀ ਤਰੀਕੇ ਨਾਲ ਪੁੱਜਦਾ ਕਰਨ ਲਈ ਦੇਸ਼ ਭਰ ਵਿਚ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ, ਜਿਸ ਦੌਰਾਨ ਕੌਮੀ ਘੱਟ ਗਿਣਤੀ ਕਮਿਸ਼ਨਰ ਦੇ ਮੈਂਬਰਾਂ ਨੂੰ ਸੂਬੇ ਵੰਡੇ ਗਏ ਹਨ, ਉਨ੍ਹਾਂ ਦੇ ਹਿੱਸੇ ਪੰਜਾਬ, ਹਰਿਆਣਾ, ਚੰਡੀਗੜ੍ਹ, ਉਤਰ ਪ੍ਰਦੇਸ਼ ਆਏ ਹਨ, ਉਹ ਆਪ ਜਾ ਕੇ ਘੱਟ ਗਿਣਤੀਆਂ ਨੂੰ ਕਾਰੋਬਾਰ ਕਰਨ ਲਈ ਜਿਥੇ ਬੈਂਕਾਂ ਤੋਂ ਛੇਤੀ ਕਰਜ਼ਾ ਦੁਆਉਣ ਲਈ ਬੈਂਕਾਂ ਨਾਲ ਮੀਟਿੰਗਾਂ ਕਰ ਰਹੇ ਹਨ, ਉਥੇ ਉਹ ਵੱਖ-ਵੱਖ ਵਿਭਾਗਾਂ ਦੇ ਨਾਲ ਮੀਟਿੰਗਾਂ ਕਰ ਰਹੇ ਹਨ।

ਉਨ੍ਹਾਂ ਲੁਧਿਆਣਾ ਵਿਚ 17 ਵੱਖ-ਵੱਖ



ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਕੇ ਜਿਥੇ ਕੇਂਦਰ ਸਰਕਾਰ ਦੀਆਂ ਘੱਟ ਗਿਣਤੀਆਂ ਨਾਲ ਸਬੰਧਤ ਯੋਜਨਾਵਾਂ ਦੀ ਸਮੀਖਿਆ ਕੀਤੀ, ਉਥੇ ਉਨ੍ਹਾਂ ਘੱਟ ਗਿਣਤੀਆਂ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਛੇਤੀ ਕਰਨ ਦੀ ਹਦਾਇਤ ਵੀ ਕੀਤੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਘੱਟ ਗਿਣਤੀ ਫਿਰਕਿਆਂ ਨਾਲ ਸਬੰਧਤ ਲੋਕਾਂ ਨੂੰ ਉਨ੍ਹਾਂ ਦੀ ਭਲਾਈ ਲਈ ਜਾਰੀ ਯੋਜਨਾਵਾਂ ਬਾਰੇ ਜਾਣੂ ਕਰਾਉਣ ਲਈ ਜਾਗਰੂਕਤਾ ਮੁਹਿੰਮ ਆਰੰਭੀ ਜਾਵੇ।

# ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਵਿਚ ਭਾਰੀ ਉਤਸ਼ਾਹ

**ਅੰਮ੍ਰਿਤਸਰ:** ਉਤਰਾਖੰਡ ਸੂਬੇ ਵਿਚ ਲਗਭਗ 15 ਹਜ਼ਾਰ ਫੁਟ ਦੀ ਉਚਾਈ ਉਤੇ ਸਥਾਪਤ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਦੀ ਹਾਜ਼ਰੀ ਵਿਚ ਅਤੇ ਜੈਕਾਰਿਆਂ ਦੀ ਗੂੰਜ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਵੀ ਸ਼ੁਰੂਆਤ ਹੋ ਗਈ ਹੈ। ਇਸ ਦੌਰਾਨ ਗੁਰਦੁਆਰਾ ਗੋਬਿੰਦਘਾਟ ਤੋਂ ਗੋਬਿੰਦਧਾਮ ਤੱਕ ਹੈਲੀਕਾਪਟਰ ਸੇਵਾ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਲਗਭਗ ਛੇ ਹਜ਼ਾਰ ਤੋਂ ਵੱਧ ਸੰਗਤ ਦੀ ਹਾਜ਼ਰੀ ਵਿਚ ਗੁਰਦੁਆਰਾ ਹੇਮਕੁੰਟ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਪੰਜ ਪਿਆਰਿਆਂ ਦੀ ਅਗਵਾਈ ਅਤੇ ਫੌਜੀ ਬੈਂਡ ਦੀਆਂ ਧੁਨਾਂ ਤੇ ਜੈਕਾਰਿਆਂ ਦੀ ਗੂੰਜ ਵਿਚ ਪਾਵਨ ਸਰੂਪ ਗੁਰਦੁਆਰੇ ਵਿਖੇ ਸੁਸ਼ੋਭਿਤ ਕੀਤੇ ਗਏ। ਮਗਰੋਂ ਸੁਖਮਨੀ ਸਾਹਿਬ ਦਾ ਪਾਠ ਉਪਰੰਤ ਭੋਗ ਪਾਇਆ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਪ੍ਰਧਾਨ ਜਨਕ ਸਿੰਘ ਵੱਲੋਂ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਅਤੇ ਰਸਤੇ ਵਿਚੋਂ ਬਰਫ ਹਟਾ ਕੇ ਸੰਗਤ ਲਈ ਲਾਂਘਾ ਤਿਆਰ ਕਰਨ ਵਾਲੇ ਫੌਜੀ ਦਸਤੇ ਦੇ ਅਧਿਕਾਰੀਆਂ ਤੇ ਜਵਾਨਾਂ ਦਾ ਸਨਮਾਨ ਕੀਤਾ ਗਿਆ।

ਸੰਗਤਾਂ ਨੇ ਇਥੇ ਕੁਦਰਤੀ ਵਾਤਾਵਰਣ ਦਾ ਵੀ ਆਨੰਦ ਮਾਣਿਆ ਹੈ। ਸਾਲਾਨਾ ਯਾਤਰਾ ਦੀ ਸ਼ੁਰੂਆਤ ਵੇਲੇ ਸੰਗਤਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਵੱਡੀ ਤਾਦਾਦ ਵਿਚ ਸ਼ਰਧਾਲੂ ਗੁਰਦੁਆਰਾ ਗੋਬਿੰਦਘਾਟ ਵਿਖੇ ਪਹੁੰਚ ਰਹੇ ਹਨ। ਬਰਫ ਦੀ ਚਾਦਰ ਨਾਲ ਢੱਕੀਆਂ ਹੋਈਆਂ ਹਿਮਾਲਿਆ ਦੀਆਂ ਦਿਲਕਸ਼ ਪਹਾੜੀਆਂ 'ਚ ਸੁਸ਼ੋਭਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਸੰਗਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਰਿਸ਼ੀਕੇਸ਼ ਤੋਂ ਆਪਣੇ-ਆਪਣੇ ਵਾਹਨਾਂ ਤੋਂ ਇਲਾਵਾ ਕਿਰਾਏ-ਭਾੜੇ ਦੀਆਂ ਗੱਡੀਆਂ ਰਾਹੀਂ ਰਵਾਨਾ ਹੋਈ, ਜੋ ਕਿ ਇਕ ਪਾਸੇ ਅਸਮਾਨ ਨੂੰ ਛੂੰਹਦੇ ਹਰਿਆਲੀ ਭਰਪੂਰ ਪਹਾੜਾਂ ਤੇ ਦੂਜੇ ਪਾਸੇ ਹਜ਼ਾਰਾਂ ਫੁੱਟ ਡੂੰਘੀ ਖੱਡ 'ਚ ਵਹਿੰਦੀ ਨਦੀ ਦਾ ਦਿਲ ਲੁਭਾਉ ਤੇ ਮਨਮੋਹਕ ਦ੍ਰਿਸ਼ ਦਾ ਅਨੰਦ ਮਾਣਦੀ ਹੋਈ ਤਕਰੀਬਨ 12 ਘੰਟਿਆਂ ਬਾਅਦ ਗੁਰਦੁਆਰਾ ਗੋਬਿੰਦਘਾਟ ਵਿਖੇ ਪਹੁੰਚੀ।

ਪ੍ਰਬੰਧਕਾਂ ਦਾ ਦਾਅਵਾ ਹੈ ਕਿ ਯਾਤਰਾ ਸਬੰਧੀ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।



ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਲਈ ਰਿਹਾਇਸ਼ 'ਚ ਵਾਧਾ ਕੀਤਾ ਗਿਆ ਹੈ। ਸਿਹਤ ਸੇਵਾਵਾਂ ਲਈ ਆਰਜ਼ੀ ਹਸਪਤਾਲ ਅਤੇ ਲੰਗਰ ਦੇ ਕੀਤੇ ਗਏ ਪ੍ਰਬੰਧਾਂ ਤਹਿਤ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਗੁਰਦੁਆਰਾ ਗੋਬਿੰਦਘਾਟ ਵਿਖੇ ਸੰਗਤ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਵਜੋਂ ਆਰਜ਼ੀ ਹਸਪਤਾਲ ਬਣਾਇਆ ਗਿਆ ਹੈ। ਮੁਢਲੀਆਂ ਸੇਵਾਵਾਂ ਤੋਂ ਇਲਾਵਾ ਆਕਸੀਜਨ ਆਦਿ ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਜੋ ਅਕਤੂਬਰ ਤੱਕ ਜਾਰੀ ਰਹੇਗਾ।

ਗੁਰਦੁਆਰਾ ਗੋਬਿੰਦਘਾਟ ਵਿਖੇ ਇਕੋ ਸਮੇਂ 5 ਹਜ਼ਾਰ ਤੋਂ ਵਧੇਰੇ ਯਾਤਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਹੈ, ਜਿਸ 'ਚ ਮਾਤਾ ਗੁਜਰੀ ਨਿਵਾਸ, ਦਸਮੇਸ਼ ਭਵਨ, ਗੁਰੂ ਨਾਨਕ ਨਿਵਾਸ, ਹੇਮਕੁੰਟ ਨਿਵਾਸ, ਬੰਬੇ ਬਿਲਡਿੰਗ ਅਤੇ ਯੂ.ਕੇ. ਬਿਲਡਿੰਗ ਜ਼ਿਕਰਯੋਗ ਹਨ, ਜਿਥੇ ਸਰਦੀ ਤੋਂ ਬਚਣ ਲਈ ਗੱਦੇ, ਗਰਮ ਕੰਬਲ ਅਤੇ ਗਰਮ ਪਾਣੀ ਦਾ ਪ੍ਰਬੰਧ ਹੈ ਅਤੇ ਸੰਗਤ ਲਈ 24 ਘੰਟੇ ਲੰਗਰ, ਚਾਹ ਅਤੇ ਖਾਸ ਕਰ ਕੇ ਬੱਚਿਆਂ ਲਈ ਦੁੱਧ ਵੀ ਮੁਹੱਈਆ ਕਰਵਾਇਆ ਜਾਂਦਾ ਹੈ।

ਸ੍ਰੀ ਹੇਮਕੁੰਟ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਮੱਥਾ ਟੇਕਣ ਪੁੱਜਦੀ ਸੰਗਤ ਲਈ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ 'ਪਿੰਨੀ ਪ੍ਰਸ਼ਾਦ' ਤਿਆਰ ਕੀਤਾ ਜਾਂਦਾ ਹੈ, ਜਿਸ ਨੂੰ ਬਣਾਉਣ ਦੀ ਪ੍ਰਕਿਰਿਆ ਯਾਤਰਾ ਤੋਂ ਤਕਰੀਬਨ 12 ਦਿਨ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਣ ਲਈ ਹਰ ਸਾਲ ਜਿਥੇ ਲੱਖਾਂ ਦੀ ਤਾਦਾਦ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਪਹੁੰਚਦੀ ਹੈ, ਉਥੇ ਹੀ ਇਸ ਯਾਤਰਾ ਦੇ ਸ਼ੁਰੂ ਹੋਣ ਨਾਲ ਉਤਰਾਖੰਡ ਨੂੰ ਖਾਸ ਕਰ ਕੇ ਆਰਥਿਕ ਪੱਖੋਂ ਵੀ ਵੱਡਾ ਹੁਲਾਰਾ ਮਿਲਦਾ ਹੈ, ਜਿਸ ਦੇ ਚੱਲਦਿਆਂ ਆਪਣੇ ਪਰਿਵਾਰਾਂ ਦੇ ਪਾਲਣ-ਪੋਸ਼ਣ ਲਈ 350-400 ਕਿਲੋਮੀਟਰ ਦੀ ਦੂਰੀ ਪੈਦਲ ਤੈਅ ਕਰ ਕੇ ਖੱਚਰ ਅਤੇ ਡਾਂਡੀ-ਕਾਂਡੀ ਵਾਲੇ ਪਹੁੰਚਦੇ ਹਨ, ਜੋ ਬੜੀ ਬੇਸਬਰੀ ਨਾਲ ਇਸ ਯਾਤਰਾ ਦਾ ਇੰਤਜ਼ਾਰ ਕਰਦੇ ਹਨ।

# ਹਰਿਮੰਦਰ ਸਾਹਿਬ ਦਾ ਚੌਗਿਰਦਾ ਹੋਵੇਗਾ ਹਰਿਆ-ਭਰਿਆ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਹਰੀ ਪੱਟੀ ਦੇ ਪ੍ਰਸਤਾਵ ਨੂੰ ਹਕੀਕਤ ਵਿਚ ਬਦਲਿਆ ਜਾ ਰਿਹਾ ਹੈ। ਇਸ ਥਾਂ ਨੂੰ ਇਸ ਤਰ੍ਹਾਂ ਵਿਕਸਿਤ ਕੀਤਾ ਜਾਵੇਗਾ ਜਿਥੇ ਸ਼ਰਧਾਲੂ ਬੈਠ ਤੇ ਆਰਾਮ ਕਰ ਸਕਣਗੇ। ਇਸ ਗਰੀਨ ਬੈਲਟ ਦਾ ਪ੍ਰਸਤਾਵ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਾਲੀ ਕਾਰਜਕਾਰੀ ਕਮੇਟੀ ਨੇ ਦਿੱਤਾ।

ਇਸ ਦਾ ਸਾਰਾ ਕੰਮ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਨੂੰ ਸੌਂਪਿਆ ਗਿਆ ਹੈ। ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਜੀ ਲੰਗਰ ਹਾਲ ਤੇ ਗੁਰਦੁਆਰਾ ਮੰਜੀ ਸਾਹਿਬ ਦੇ ਵਿਚਕਾਰਲੀ ਥਾਂ ਨੂੰ ਹਰੀ ਪੱਟੀ ਲਈ ਤੈਅ ਕੀਤਾ ਗਿਆ ਹੈ। ਇਥੇ ਦੋ ਪਾਰਕਾਂ ਬਣਾਈਆਂ ਜਾਣਗੀਆਂ ਜਿਥੇ ਮੌਸਮੀ ਫੁੱਲ ਤੇ ਹਰਬਲ ਬੂਟੇ ਲਾਏ ਜਾਣਗੇ। ਇਸ ਕੰਮ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬਾਗਬਾਨੀ ਤੇ ਫਲੋਰੀਕਲਚਰ ਮਾਹਿਰ ਡਾ. ਜਸਵਿੰਦਰ ਸਿੰਘ ਬਿਲਗਾ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਹਰੀ ਪੱਟੀ ਵਿਚ ਹਰਬਲ ਬੂਟਿਆਂ ਦੀਆਂ ਕਿਸਮਾਂ ਦੇ ਅਜਿਹੇ ਪੌਦੇ ਲਾਏ ਜਾਣਗੇ ਜੋ ਜਲਦੀ ਵਧ ਸਕਣ ਤੇ ਘੱਟ ਸਮੇਂ ਵਿਚ ਫੁੱਲ ਤੇ ਬੀਜ ਦੇ ਸਕਣ। ਅਹਿਮਦਾਬਾਦ ਆਧਾਰਿਤ ਲੈਂਡਸਕੇਪਿੰਗ ਕੰਪਨੀ ਦੇ ਮਾਹਿਰਾਂ ਨੇ ਹਰਿਮੰਦਰ ਸਾਹਿਬ ਦਾ ਦੌਰਾ ਕੀਤਾ ਤੇ ਇਲਾਕੇ ਦੀ ਜਾਂਚ ਕਰਨ ਪਿੱਛੋਂ ਮਾਹਰਾਂ ਨੇ ਹਰੀ ਪੱਟੀ ਦੇ ਪ੍ਰੋਜੈਕਟ ਲਈ ਕੁਝ ਬੂਟੇ ਵੀ ਜਮ੍ਹਾ ਕਰਾਏ ਹਨ।

## ਜਸਟਿਸ ਨਾਰੰਗ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ (ਸੇਵਾ ਮੁਕਤ) ਜੇ.ਐਸ. ਨਾਰੰਗ ਦਾ ਸੰਖੇਪ ਬਿਮਾਰੀ ਤੋਂ ਬਾਅਦ ਮੁਹਾਲੀ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦੇਹਾਂਤ ਹੋ ਗਿਆ।

ਜ਼ਿਕਰਯੋਗ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਵਿਚ ਰੇਤੇ ਦੀਆਂ ਖੱਡਾਂ ਦੀ ਨਿਲਾਮੀ ਵਿਚ ਹੋਈਆਂ ਧਾਂਦਲੀਆਂ ਦੀ ਜਾਂਚ ਲਈ ਜਸਟਿਸ ਨਾਰੰਗ ਦੀ ਅਗਵਾਈ ਵਿਚ ਕਮਿਸ਼ਨ ਕਾਇਮ ਕੀਤਾ ਗਿਆ ਸੀ।

# ਮੁਸਲਿਮ ਨੌਜਵਾਨ ਨੂੰ ਭੀੜ ਤੋਂ ਬਚਾਉਣ ਵਾਲੇ ਸਿੱਖ ਅਫਸਰ ਦੀ ਬੱਲੇ ਬੱਲੇ

**ਦੇਹਰਾਦੂਨ:** ਉਤਰਾਖੰਡ ਦੇ ਨੈਨੀਤਾਲ ਜਿਲ੍ਹੇ ਦੇ ਰਾਮਨਗਰ ਵਿਚ ਇਕ ਮੰਦਰ ਨੇੜੇ ਹਿੰਦੂ ਕੁੜੀ ਨਾਲ ਫੜੇ ਗਏ ਮੁਸਲਮਾਨ ਨੌਜਵਾਨ ਨੂੰ ਹਿੰਸਕ ਭੀੜ ਕੋਲੋਂ ਬਚਾਉਂਦੇ ਹੋਏ ਇਕ ਜਾਂਬਾਜ਼ ਸਿੱਖ ਪੁਲਿਸ ਅਫਸਰ ਦੀ ਵੀਡੀਓ ਵਾਇਰਲ ਹੋਈ ਹੈ। ਏ.ਡੀ.ਜੀ.ਪੀ. (ਅਮਨ-ਕਾਨੂੰਨ) ਅਸ਼ੋਕ ਕੁਮਾਰ ਨੇ ਦੱਸਿਆ ਕਿ ਇਹ ਘਟਨਾ ਬੀਤੇ ਮੰਗਲਵਾਰ ਦੀ ਹੈ, ਜਦੋਂ ਮੁਸਲਮਾਨ ਨੌਜਵਾਨ ਇਕ ਸਥਾਨਕ ਕੁੜੀ ਨੂੰ ਮਿਲਣ ਲਈ ਰਾਮਨਗਰ ਤੋਂ ਤਕਰੀਬਨ 15 ਕਿਲੋਮੀਟਰ ਦੂਰ ਗਰਜੀਆ ਦੇਵੀ ਮੰਦਰ ਗਿਆ ਸੀ। ਲੋਕਾਂ ਨੂੰ ਇਸ ਦਾ ਪਤਾ ਲੱਗ ਗਿਆ ਅਤੇ ਉਹ ਪ੍ਰੇਮੀ ਜੋੜੇ ਨੂੰ ਸਬਕ ਸਿਖਾਉਣ ਲਈ ਉਥੇ ਜਾ ਪੁੱਜੇ।

ਜਾਣਕਾਰੀ ਮਿਲਣ ਉਤੇ ਸਬ ਇੰਸਪੈਕਟਰ ਗਗਨਦੀਪ ਸਿੰਘ ਵੀ ਮੌਕੇ ਉਤੇ ਜਾ ਪੁੱਜਾ। ਜਦੋਂ ਭੀੜ ਨੇ ਨੌਜਵਾਨ ਉਤੇ ਹਮਲਾ ਕੀਤਾ ਤਾਂ ਗਗਨਦੀਪ ਨੇ ਉਸ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਇਸ ਦੌਰਾਨ ਇਸ ਜਾਂਬਾਜ਼ ਪੁਲਿਸ ਅਫਸਰ ਨੂੰ ਵੀ ਲੋਕਾਂ ਦੀ ਧੱਕਾ-ਮੁੱਕੀ ਦਾ ਸ਼ਿਕਾਰ ਹੋਣਾ ਪਿਆ। ਭੀੜ ਦੇ ਖਿੰਡ ਜਾਣ ਪਿੱਛੋਂ ਮੁੰਡੇ ਤੇ ਕੁੜੀ ਨੂੰ ਆਪੋ-ਆਪਣੇ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ ਗਿਆ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਵੀਡੀਓ 'ਚ ਦਿਸ ਰਹੇ ਪੰਜ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਗਨਦੀਪ ਸਿੰਘ ਨੂੰ ਇਸ ਦਲੇਰਾਨਾ ਕਾਰਵਾਈ ਲਈ 2500 ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਇਸ ਬਹਾਦਰ ਪੁਲਿਸ ਅਫਸਰ ਦੀ ਜਮ ਕੇ ਤਾਰੀਫ ਹੋ ਰਹੀ ਹੈ।



## ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਅੰਮ੍ਰਿਤਸਰ ਬੰਦ ਦਾ ਸੱਦਾ

**ਅੰਮ੍ਰਿਤਸਰ:** ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਸਾਕਾ ਨੀਲਾ ਤਾਰਾ ਦੀ 34ਵੀਂ ਬਰਸੀ ਮੌਕੇ ਦਲ ਖਾਲਸਾ ਵੱਲੋਂ 6 ਜੂਨ ਨੂੰ ਦਰਬਾਰ ਸਾਹਿਬ ਉਤੇ ਹਮਲੇ ਦੇ ਰੋਸ ਵਜੋਂ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਗਿਆ ਹੈ। ਦਲ ਖਾਲਸਾ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਰੈਫਰੈਂਸ ਲਾਇਬਰੇਰੀ ਵਿਚੋਂ ਲੁੱਟੇ ਵਡਮੁੱਲੇ ਖਜ਼ਾਨੇ ਵਿਰੁੱਧ ਅਤੇ ਫੌਜੀ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ੇ ਲੋਕਾਂ ਦੇ ਕਤਲੇਆਮ ਦੀ ਅੰਤਰਰਾਸ਼ਟਰੀ ਸੰਸਥਾ ਵੱਲੋਂ ਜਾਂਚ ਦੀ ਮੰਗ ਸਬੰਧੀ 6 ਜੂਨ ਨੂੰ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਹੈ।

ਇਸ ਸਬੰਧੀ 5 ਜੂਨ ਦੀ ਸ਼ਾਮ ਨੂੰ ਘੱਲੂਘਾਰਾ ਯਾਦਗਾਰੀ ਮਾਰਚ ਕੱਢਿਆ ਜਾਵੇਗਾ, ਜੋ ਗੁਰਦੁਆਰਾ ਪਾਤਸ਼ਾਹੀ ਛੇਵੀਂ ਰਣਜੀਤ ਐਵੇਨਿਊ ਤੋਂ ਸ਼ੁਰੂ ਹੋ ਕੇ ਪ੍ਰਮੁੱਖ ਬਾਜ਼ਾਰਾਂ ਵਿਚੋਂ ਦੀ ਲੰਘਦਾ ਹੋਇਆ ਦਰਬਾਰ ਸਾਹਿਬ ਪੁੱਜੇਗਾ। ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਘੱਲੂਘਾਰੇ ਨਾਲ ਸਬੰਧਤ ਪ੍ਰੋਗਰਾਮ ਦਾ ਫੈਸਲਾ ਪਾਰਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ। ਇਹ ਮਾਰਚ ਸ਼ਾਂਤਮਈ ਢੰਗ ਨਾਲ ਹੋਵੇਗਾ।

## ਤੂਫਾਨ ਨਾਲ 49 ਮੌਤਾਂ

**ਪਟਨਾ:** ਬਿਹਾਰ, ਯੂਪੀ, ਝਾਰਖੰਡ ਤੇ ਛੱਤੀਸਗੜ੍ਹ ਵਿਚ ਤੂਫਾਨ ਅਤੇ ਬਿਜਲੀ ਡਿੱਗਣ ਕਾਰਨ ਘੱਟੋ ਘੱਟ 49 ਮੌਤਾਂ ਹੋ ਗਈਆਂ। ਇਨ੍ਹਾਂ ਚਾਰਾਂ ਸੂਬਿਆਂ ਵਿਚ ਕਾਫੀ ਮਾਲੀ ਨੁਕਸਾਨ ਵੀ ਹੋਇਆ। ਬਿਹਾਰ 'ਚ ਸਭ ਤੋਂ ਵੱਧ 19, ਯੂਪੀ 'ਚ 15, ਝਾਰਖੰਡ 'ਚ 13 ਅਤੇ ਛੱਤੀਸਗੜ੍ਹ ਵਿਚ ਦੋ ਜਾਨਾਂ ਜਾਂਦੀਆਂ ਰਹੀਆਂ। ਉਧਰ, ਉਤਰ ਪ੍ਰਦੇਸ਼ ਵਿਚ ਤੂਫਾਨ ਅਤੇ ਬਿਜਲੀ ਡਿੱਗਣ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ 10 ਹੋਰ ਜਖ਼ਮੀ ਹੋ ਗਏ।

## ਆਰ. ਐਸ. ਐਸ. ਦੀਆਂ ਪੁਸਤਕਾਂ ਦੀ ਪੜਚੋਲ ਸਿੱਖ ਵਿਦਵਾਨਾਂ ਹਵਾਲੇ

**ਅੰਮ੍ਰਿਤਸਰ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੀ ਅਗਵਾਈ ਵਾਲੇ ਸ੍ਰੀ ਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀਆਂ ਸਿੱਖ ਇਤਿਹਾਸ ਸਬੰਧੀ ਤਿੰਨ ਪੁਸਤਕਾਂ ਵਿਚ ਗਲਤ ਤੱਥ ਪੇਸ਼ ਕੀਤੇ ਜਾਣ ਦੇ ਉਜਾਗਰ ਹੋਏ ਮਾਮਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਹ ਪੁਸਤਕਾਂ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਸਿੱਖ ਸਕਾਲਰਾਂ ਨੂੰ ਪੜਚੋਲ ਲਈ ਭੇਜ ਦਿੱਤੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਇਹ ਤਿੰਨੇ ਵਿਵਾਦਤ ਪਾਕਿਟ ਪੁਸਤਕਾਂ, ਜਿਨ੍ਹਾਂ ਦੇ 'ਗੁਰੂ ਗੋਬਿੰਦ ਸਿੰਘ', 'ਗੁਰੂ ਤੇਗ ਬਹਾਦਰ' ਤੇ 'ਗੁਰੂ ਪੁੱਤਰ ਫਤਹਿ ਸਿੰਘ ਜ਼ੋਰਾਵਰ ਸਿੰਘ' ਨਾਂ ਹਨ, ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਸਕਾਲਰਾਂ ਨੂੰ ਭੇਜ ਦਿੱਤੀਆਂ ਗਈਆਂ ਹਨ ਤੇ ਇਨ੍ਹਾਂ ਬਾਰੇ ਪੂਰੀ ਤਰ੍ਹਾਂ ਪੜਤਾਲ ਕਰ ਕੇ ਇਕ ਹਫਤੇ 'ਚ ਇਸ ਦੀ ਰਿਪੋਰਟ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਕਿਹਾ ਗਿਆ ਹੈ। ਦੂਜੇ ਪਾਸੇ ਨਾ ਤਾਂ ਆਰ.ਐਸ.ਐਸ. ਦੇ ਪ੍ਰਕਾਸ਼ਨ ਅਦਾਰੇ ਵੱਲੋਂ ਇਹ ਪੁਸਤਕਾਂ ਵਾਪਸ ਲਈਆਂ ਗਈਆਂ ਹਨ ਤੇ ਨਾ ਹੀ ਸਰਕਾਰਾਂ ਵੱਲੋਂ ਪੁਸਤਕਾਂ ਜ਼ਬਤ ਕਰ ਕੇ ਪ੍ਰਕਾਸ਼ਕਾਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ।

## ਟਰੰਪ ਪ੍ਰਸ਼ਾਸਨ ਵੱਲੋਂ ਪਰਵਾਸੀਆਂ ਦਾ ਰਾਹ ਬੰਦ ਕਰਨ ਦੀਆਂ ਜੁਗਤਾਂ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਪਰਵਾਸੀਆਂ ਦਾ ਰਾਹ ਬੰਦ ਕਰਨ ਦੀਆਂ ਜੁਗਤਾਂ ਘੜ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ ਅਮਰੀਕੀ ਅਦਾਲਤ ਨੂੰ ਦੱਸਿਆ ਹੈ ਕਿ ਐਚ-4 ਵੀਜ਼ਾ ਧਾਰਕਾਂ ਦੀਆਂ ਕੁਝ ਸ਼੍ਰੇਣੀਆਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਅੰਤਮ ਪੜਾਅ ਉਤੇ ਪੁੱਜ ਗਈ ਹੈ।

ਇਹ ਵੀਜ਼ਾ ਐਚ-1 ਬੀ ਵੀਜ਼ਾ ਧਾਰਕਾਂ ਦੇ ਪਤੀ ਜਾਂ ਪਤਨੀ ਨੂੰ ਆਪਣੀ ਰੋਜ਼ੀ ਕਮਾਉਣ ਲਈ ਕਾਨੂੰਨੀ ਤੌਰ ਉਤੇ ਕੰਮ ਕਰਨ ਦੀ ਖੁੱਲ੍ਹ ਦਿੰਦਾ ਹੈ। ਜਿਵੇਂ ਐਚ-1 ਬੀ ਵੀਜ਼ਾ ਭਾਰਤੀਆਂ ਦੀ ਲਾਈਫਲਾਈਨ ਹੈ, ਤਾਂ ਇਸ ਤਹਿਤ ਮਿਲਦੇ ਐਚ-4 ਵੀਜ਼ੇ ਨੂੰ ਬੰਦ ਕਰਨ ਨਾਲ ਵੱਡੀ ਗਿਣਤੀ ਵਿਚ ਭਾਰਤੀਆਂ ਉਤੇ ਅਸਰ ਹੋਵੇਗਾ। ਯਾਦ ਰਹੇ ਕਿ ਐਚ-1 ਬੀ ਵੀਜ਼ਾ ਧਾਰਕਾਂ ਦੀ ਪਤੀ ਜਾਂ ਪਤਨੀ ਨੂੰ ਐਚ-4 ਵੀਜ਼ਾ ਦਿੱਤਾ ਜਾਂਦਾ ਹੈ ਜਿਸ ਤਹਿਤ ਉਹ ਅਮਰੀਕਾ ਵਿਚ ਰਹਿ ਤਾਂ ਸਕਦੀਆਂ ਹਨ ਪਰ ਉਥੇ ਕੰਮ ਨਹੀਂ ਕਰ ਸਕਦੀਆਂ। ਇਸ ਪਿੱਛੋਂ ਓਬਾਮਾ ਪ੍ਰਸ਼ਾਸਨ ਨੇ ਨਵੀਂ ਨੀਤੀ ਨਾਲ ਗਰੀਨ ਕਾਰਡ ਜ਼ਰੀਏ ਐਚ-1 ਬੀ ਧਾਰਕਾਂ ਦੀਆਂ ਪਤਨੀਆਂ ਨੂੰ 'ਈ.ਏ.ਡੀ' ਦਿੱਤੀ ਜਾਣ ਲੱਗੀ ਜੋ ਅਮਰੀਕਾ 'ਚ ਕੰਮ ਕਰਨ ਦੇ ਅਧਿਕਾਰ ਦੇਣ ਵਾਲਾ ਇਕ ਦਸਤਾਵੇਜ਼ ਹੁੰਦਾ ਹੈ ਤੇ ਹੁਣ ਟਰੰਪ ਪ੍ਰਸ਼ਾਸਨ ਦਸਤਾਵੇਜ਼ ਵਿਚ ਬਦਲਾਅ ਕਰਨ ਜਾ ਰਿਹਾ ਹੈ।

ਹਾਲ ਹੀ ਵਿਚ ਮਿਲੀ ਜਾਣਕਾਰੀ ਮੁਤਾਬਕ ਐਚ-4 ਵੀਜ਼ਾ ਧਾਰਕਾਂ ਵਿਚ 93 ਫੀਸਦੀ ਭਾਰਤੀ ਹਨ। ਇਸ ਵੀਜ਼ੇ ਨੂੰ ਖਤਮ ਕਰਨ ਸਬੰਧੀ ਅੰਤਮ ਨੋਟੀਫਿਕੇਸ਼ਨ ਜੂਨ ਵਿਚ ਆਉਣ ਦੀ ਸੰਭਾਵਨਾ ਹੈ। ਭਾਰਤੀ ਮੂਲ ਦੀ ਅਮਰੀਕੀ ਕਾਂਗਰਸ ਮੈਂਬਰ ਪ੍ਰਮਿਲਾ ਜੈਪਾਲ ਨੇ ਟਰੰਪ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕਦਮ ਨੂੰ ਵਾਪਸ ਲੈ ਲਵੇ। ਉਨ੍ਹਾਂ ਇਸ ਸਬੰਧੀ ਕੈਨੇਡਾ ਤੇ ਆਸਟਰੇਲੀਆ ਵਰਗੇ ਮੁਲਕਾਂ ਦੀ ਉਦਾਹਰਣ ਦਿੰਦਿਆਂ ਅਪੀਲ ਕੀਤੀ ਕਿ ਇਸ ਵੀਜ਼ੇ ਤਹਿਤ ਅਮਰੀਕੀ ਨੌਕਰੀਦਾਤਾਵਾਂ ਨੂੰ ਉਚ ਯੋਗਤਾ ਵਾਲੇ ਕਾਮਿਆਂ ਦੀ ਜ਼ਰੂਰਤ ਪੂਰੀ ਹੁੰਦੀ ਰਹਿੰਦੀ ਹੈ।

## ਨੌਜਵਾਨ ਨੂੰ ਜੀਪ ਅੱਗੇ ਬੰਨ੍ਹਣ ਵਾਲਾ ਮੇਜਰ ਗੋਗੋਈ ਆਇਆ ਅੜਿੱਕੇ

**ਸ੍ਰੀਨਗਰ:** ਫੌਜ ਨੇ ਮੇਜਰ ਨਿਤਿਨ ਲੀਤੁਲ ਗੋਗੋਈ ਖਿਲਾਫ਼ ਕੋਰਟ ਆਫ ਇਨਕੁਆਰੀ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਨੂੰ ਪਿਛਲੇ ਦਿਨੀਂ ਪੁਲਿਸ ਨੇ ਇਕ ਹੋਟਲ ਵਿਚ ਝਗੜਾ ਕਰਨ ਦੇ ਦੋਸ਼ ਹੇਠ ਹਿਰਾਸਤ ਵਿਚ ਲਿਆ ਸੀ। ਇਹ ਵਿਵਾਦ ਉਦੋਂ ਪੈਦਾ ਹੋਇਆ ਜਦੋਂ ਮੇਜਰ ਗੋਗੋਈ ਇਕ 18 ਸਾਲਾ ਮੁਟਿਆਰ ਨੂੰ ਹੋਟਲ ਵਿਚ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਤੋਂ ਪਹਿਲਾਂ ਪਹਿਲਗਾਮ ਵਿਚ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਕਿ ਜੇ ਮੇਜਰ ਗੋਗੋਈ 'ਕਿਸੇ ਜੁਰਮ ਵਿਚ' ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ। ਇਸ ਤੋਂ ਫੌਰੀ ਬਾਅਦ ਉਨ੍ਹਾਂ ਖਿਲਾਫ਼ ਕੋਰਟ ਆਫ ਇਨਕੁਆਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ।



ਜੰਮੂ-ਕਸ਼ਮੀਰ ਪੁਲਿਸ ਵੱਲੋਂ ਵੀ 23 ਮਈ ਦੀ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ, ਜਦੋਂ ਮੇਜਰ ਗੋਗੋਈ ਤੇ ਉਨ੍ਹਾਂ ਦੇ ਡਰਾਈਵਰ ਨੂੰ ਬਡਗਾਮ ਦੀ ਇਕ ਮੁਟਿਆਰ ਸਣੇ ਪੁਲਿਸ ਹਵਾਲੇ ਕੀਤਾ ਗਿਆ ਸੀ। ਹੋਟਲ ਦੇ ਸਟਾਫ ਨੇ ਮੇਜਰ ਗੋਗੋਈ ਨੂੰ ਮੁਟਿਆਰ ਸਣੇ ਹੋਟਲ ਦੇ ਇਕ ਕਮਰੇ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ। ਗੌਰਤਲਬ ਹੈ ਕਿ ਮੇਜਰ ਗੋਗੋਈ ਬੀਤੇ ਸਾਲ ਉਦੋਂ ਚਰਚਾ ਵਿਚ ਆਏ ਸਨ, ਜਦੋਂ ਉਨ੍ਹਾਂ ਆਪਣੀ ਫੌਜੀ ਜੀਪ ਨੂੰ ਪੱਥਰਬਾਜ਼ੀ ਤੋਂ ਬਚਾਉਣ ਲਈ ਇਕ ਮੁਕਾਮੀ ਨੌਜਵਾਨ ਨੂੰ ਮਨੁੱਖੀ ਢਾਲ ਵਜੋਂ ਜੀਪ ਦੇ ਬੋਨਟ ਨਾਲ ਬੰਨ੍ਹ ਲਿਆ ਸੀ। ਉਨ੍ਹਾਂ ਦੀ ਇਸ ਕਾਰਵਾਈ ਦੀ ਦੇਸ਼-ਵਿਦੇਸ਼ ਵਿਚ ਭਾਰੀ ਆਲੋਚਨਾ ਹੋਈ ਸੀ।

## ਆਇਰਲੈਂਡ ਵਿਚ ਗਰਭਪਾਤ ਤੋਂ ਹਟੇਗੀ ਪਾਬੰਦੀ

**ਲੰਡਨ:** ਆਇਰਲੈਂਡ ਦੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਲਿਓ ਵਰਦਕਾਰ ਨੇ ਗਰਭਪਾਤ ਤੋਂ ਪਾਬੰਦੀ ਹਟਾਉਣ ਸਬੰਧੀ ਕਰਾਈ ਰਾਏਸ਼ੁਮਾਰੀ ਨੂੰ ਇਤਿਹਾਸਕ ਜਿੱਤ ਕਰਾਰ ਦਿੱਤਾ। ਜਾਰੀ ਕੀਤੇ ਗਏ ਪਹਿਲੇ ਅਧਿਕਾਰਤ ਨਤੀਜਿਆਂ ਅਨੁਸਾਰ ਗਰਭਪਾਤ ਤੋਂ ਪਾਬੰਦੀ ਹਟਾਉਣ ਦੇ ਹੱਕ ਵਿਚ 66 ਫੀਸਦੀ ਲੋਕਾਂ ਨੇ ਵੋਟ ਪਾਈ ਹੈ।

ਪ੍ਰਧਾਨ ਮੰਤਰੀ ਨੇ ਕਿਹਾ, 'ਲੋਕਾਂ ਨੇ ਆਵਾਜ਼ ਬੁਲੰਦ ਕੀਤੀ ਹੈ ਤੇ ਸਾਨੂੰ ਨਵੇਂ ਮੁਲਕ ਲਈ ਨਵੇਂ ਸੰਵਿਧਾਨ ਦੀ ਜ਼ਰੂਰਤ ਹੈ।' ਇਸ ਤੋਂ ਪਹਿਲਾਂ ਆਇਰਲੈਂਡ ਦੇ ਪ੍ਰਧਾਨ ਮੰਤਰੀ ਲਿਓ ਵਰਦਕਾਰ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਗਰਭਪਾਤ ਤੋਂ ਪਾਬੰਦੀ ਹਟਾਉਣ ਦੇ ਕ੍ਰਾਂਤੀਕਾਰੀ ਫੈਸਲੇ ਲਈ ਤਿਆਰ ਹੈ ਕਿਉਂਕਿ ਇਸ ਸਬੰਧੀ ਰਾਏਸ਼ੁਮਾਰੀ 'ਚ ਵੱਡੇ ਪੱਧਰ ਉਤੇ ਵੋਟ ਇਸ ਫੈਸਲੇ ਦੇ ਹੱਕ 'ਚ ਭੁਗਤਣ ਦੇ ਸੰਕੇਤ ਮਿਲੇ ਹਨ।

## Matrimonials

### ਵਰ ਦੀ ਲੋੜ ਹੈ

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) 20

### ਲੜਕੀ ਦੀ ਲੋੜ ਹੈ

ਇਕਲੌਤਾ ਜੱਟ ਸਿੱਖ, 28 ਸਾਲ, 5'-8", ਵੈਸ਼ਨੂੰ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਬੀ.ਐਸਸੀ ਐਗਰੀਕਲਚਰ ਆਨਰਜ਼, ਐਮ. ਬੀ. ਏ. ਬੈਂਕਿੰਗ ਤੇ ਫਾਇਨਾਂਸ ਅਤੇ ਸਰਕਾਰੀ ਬੈਂਕ ਵਿਚ ਹੈਡ ਮੈਨੇਜਰ ਹੈ ਤੇ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਹੈ। ਨਾਨਕਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 219-671-3442 22-

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

### ਲੜਕੀ ਦੀ ਲੋੜ ਹੈ

Looking for a US Citizen or green card holder girl for Ravidasia Sikh boy, 30 yrs, 6', MA, B.Ed., currently in US on visitor visa. Contact, Ph. 1-414-460-7118, Email: klerjay@aol.com 20-23

Suitable match wanted for US born citizen boy, 30 yrs, 5'-6", MD, finishing first year residency, wheatish complexion, vegetarian and teetotaler, Contact: 321-888-5109, E-mail: billsinghtech@gmail.com 20-

Wanted mature, family oriented, vegetarian, preferably US based, over 30 issueless divorcee or widow for Lobana Sikh, 41, 5'-9" clean shaven, teetotaler, legally divorced, pending US immigration status. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561 21-24

ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ
ਫੌਰੀ ਲੋੜ ਹੈ
ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ।
ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ
ਸੰਪਰਕ ਕਰੋ, ਮਨਜੀਤ ਸਿੰਘ
ਫੋਨ: 262-894-0913
21-24

ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਨਿਪਾਹ ਵਾਇਰਸ ਦੇ ਲਪੇਟੇ ਵਿਚ ਭਾਰਤ

**ਚੰਡੀਗੜ੍ਹ:** ਨਿਪਾਹ ਨਾਂ ਦੇ ਵਾਇਰਸ ਨੇ ਪੂਰੀ ਦੁਨੀਆਂ ਵਿਚ ਦਹਿਸ਼ਤ ਪੈਦਾ ਕੀਤੀ ਹੋਈ ਹੈ। ਭਾਰਤ ਵਿਚ ਇਸ ਬਿਮਾਰੀ ਨਾਲ ਹੁਣ ਤੱਕ 12 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਹੁਣ ਇਹ ਵਾਇਰਸ ਦੇਸ਼ ਦੇ ਵੱਖ-ਵੱਖ ਸੂਬਿਆਂ ਅੰਦਰ ਵੀ ਫੈਲ ਰਿਹਾ ਹੈ। ਚਮਗਿੱਦੜਾਂ ਅੰਦਰ ਪਾਇਆ ਜਾਣ ਵਾਲਾ ਇਹ ਵਾਇਰਸ ਮੌਜੂਦਾ ਰਿਪੋਰਟ ਅਨੁਸਾਰ ਜੰਮੂ-ਕਸ਼ਮੀਰ, ਗੋਆ, ਰਾਜਸਥਾਨ, ਗੁਜਰਾਤ, ਤੇਲੰਗਾਨਾ ਤੇ ਹਿਮਾਚਲ ਪ੍ਰਦੇਸ਼ ਤੱਕ ਪਹੁੰਚ ਚੁੱਕਾ ਹੈ। ਜੇਕਰ ਇਹ ਵਾਇਰਸ ਇਨ੍ਹਾਂ ਸੂਬਿਆਂ ਅੰਦਰ ਪਹੁੰਚਿਆ ਹੈ ਤਾਂ ਹੌਲੀ-ਹੌਲੀ ਇਹ ਆਪਣੇ ਗੁਆਂਢੀ ਸੂਬਿਆਂ ਅੰਦਰ ਵੀ ਪਹੁੰਚ ਸਕਦਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ




ਮੁਤਾਬਕ ਇਹ ਵਾਇਰਸ 1999 ਵਿਚ ਕੰਪੂਗ ਸਿੰਗਾਈ ਨਿਪਾਹ (ਮਲੇਸ਼ੀਆ) ਵਿਚ ਇਕ ਸੂਰਾਂ ਦੇ ਫਾਰਮ ਤੋਂ ਪਹਿਲੀ ਵਾਰ ਪਾਇਆ ਗਿਆ, ਪਰ ਉਸ ਤੋਂ ਬਾਅਦ ਹੁਣ ਤੱਕ ਇਸ ਜਗ੍ਹਾ ਉਤੇ ਇਹ ਵਾਇਰਸ ਹੋਣ ਦੇ ਕੋਈ ਸਬੂਤ ਨਹੀਂ ਮਿਲੇ। 2001 ਵਿਚ ਇਹ ਵਾਇਰਸ ਬੰਗਲਾਦੇਸ਼ ਵਿਚ ਪਾਇਆ ਗਿਆ ਤੇ ਬਾਅਦ ਵਿਚ ਇਹ ਪੂਰਬੀ ਭਾਰਤ ਪਹੁੰਚਿਆ। ਮਲੇਸ਼ੀਆ ਦੇ ਕੰਪੂਗ ਸਿੰਗਾਈ ਨਿਪਾਹ ਤੋਂ ਪਹਿਲੀ ਵਾਰ ਇਹ ਵਾਇਰਸ ਮਿਲਣ ਕਾਰਨ ਇਸ ਨੂੰ ਨਿਪਾਹ ਵਾਇਰਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਾਇਰਸ ਉਨ੍ਹਾਂ ਦੇਸ਼ਾਂ ਜਾਂ ਇਲਾਕਿਆਂ ਵਿਚ ਜ਼ਿਆਦਾ ਸਾਹਮਣੇ ਆਉਣ ਲੱਗਾ, ਜਿਥੇ ਚਮਗਿੱਦੜਾਂ ਦੀ ਗਿਣਤੀ ਜ਼ਿਆਦਾ ਸੀ, ਉਨ੍ਹਾਂ ਜਗ੍ਹਾ ਤੋਂ ਹੀ ਜਾਨਵਰਾਂ, ਪੰਛੀਆਂ ਆਦਿ ਤੋਂ ਫੈਲਦਾ ਹੋਇਆ ਇਹ ਵਾਇਰਸ ਬਾਕੀ ਥਾਂਵਾਂ ਉਤੇ ਪਹੁੰਚਿਆ। ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਪੰਛੀਆਂ ਤੇ ਫਿਰ ਮਨੁੱਖਾਂ ਅੰਦਰ ਇਹ ਵਾਇਰਸ ਆਉਂਦਾ ਗਿਆ।

ਅੰਕੜਿਆਂ ਮੁਤਾਬਕ ਸਾਲ 2001 'ਚ ਸਿੰਗਾਈ ਵੈਸਟ ਬੰਗਾਲ ਵਿਚ ਇਸ ਵਾਇਰਸ ਦੇ ਪ੍ਰਭਾਵ ਹੇਠ ਕੁੱਲ 66 ਵਿਅਕਤੀ ਆਏ, ਜਿਨ੍ਹਾਂ ਵਿਚੋਂ 45 ਦੀ ਮੌਤ ਹੋ ਗਈ। ਇਸੇ ਤਰ੍ਹਾਂ ਹੀ 2011 'ਚ ਬੰਗਲਾਦੇਸ਼ ਅੰਦਰ ਕੁੱਲ 56 ਲੋਕ ਇਸ ਵਾਇਰਸ ਦੇ ਪ੍ਰਭਾਵ ਹੇਠ ਆਏ, ਜਿਨ੍ਹਾਂ ਵਿਚੋਂ ਕੁੱਲ 45 ਦੀ ਮੌਤ ਹੋ ਗਈ। ਇਹ ਵਾਇਰਸ ਇਕ ਵਿਅਕਤੀ ਤੋਂ ਦੂਜੇ ਦੇ ਸੰਪਰਕ ਵਿਚ ਆਉਣ ਨਾਲ ਫੈਲਦਾ ਹੈ। ਬੰਗਲਾਦੇਸ਼ ਅੰਦਰ 2001 ਤੋਂ 2008 ਤੱਕ 75 ਫੀਸਦੀ ਉਹ ਲੋਕ ਸਨ, ਜੋ ਹਸਪਤਾਲਾਂ ਅੰਦਰ ਕੰਮ ਕਰਦੇ ਸਨ ਜਾਂ ਉਹ ਲੋਕ ਜੋ ਮਰੀਜ਼ਾਂ ਦੇ ਸਕੇ ਸਬੰਧੀ ਸਨ।

ਸ਼ੁਰੂ ਵਿਚ ਮਰੀਜ਼ ਨੂੰ ਬੁਖਾਰ, ਸਿਰ ਦਰਦ, ਉਲਟੀਆਂ ਤੇ ਬੇਹੋਸ਼ੀ ਹੋ ਸਕਦੀ ਹੈ। ਉਸ ਤੋਂ ਬਾਅਦ ਮਰੀਜ਼ ਨੂੰ ਮਿਰਗੀ ਦੀ ਬਿਮਾਰੀ ਦੀ ਤਰ੍ਹਾਂ ਦੌਰੇ ਵੀ ਪੈਂਦੇ ਹਨ ਤੇ ਇਸ ਤੋਂ ਬਾਅਦ ਸਿਰ ਨੂੰ ਬੁਖਾਰ ਹੁੰਦਾ ਹੈ। ਇਹ ਲੱਛਣ ਮਨੁੱਖੀ ਸਰੀਰ ਵਿਚ 10 ਤੋਂ 12 ਦਿਨਾਂ ਤੱਕ ਦਿਖਾਈ ਦਿੰਦੇ ਹਨ। ਇਸ ਤੋਂ ਬਾਅਦ ਮਨੁੱਖ ਹੌਲੀ-ਹੌਲੀ ਆਪਣੀ ਸੁੱਧ-ਬੁੱਧ ਭੁੱਲਣ ਲੱਗ ਜਾਂਦਾ ਹੈ ਤੇ ਅੰਤ ਵਿਚ ਮਰੀਜ਼ ਨੂੰ ਦਿਮਾਗੀ ਬੁਖਾਰ ਹੋਣ ਨਾਲ ਉਸ ਦੀ ਮੌਤ ਹੋ ਜਾਂਦੀ ਹੈ।

ਇਹ ਵਾਇਰਸ ਪੰਛੀਆਂ ਤੋਂ ਪਸ਼ੂਆਂ ਅੰਦਰ ਤੇ ਫਿਰ ਪਸ਼ੂਆਂ ਤੋਂ ਹੋਰਨਾਂ ਪਸ਼ੂਆਂ ਅੰਦਰ ਫੈਲਦਾ ਹੈ ਜੋ ਬਾਅਦ ਵਿਚ ਪੰਛੀਆਂ ਅਤੇ ਪਸ਼ੂਆਂ ਦੇ ਸੰਪਰਕ ਹੇਠ ਆਉਣ ਵਾਲੇ ਮਨੁੱਖਾਂ ਅੰਦਰ ਫੈਲਦਾ ਹੈ ਤੇ ਫਿਰ ਮਨੁੱਖ ਤੋਂ ਦੂਜੇ ਮਨੁੱਖ ਅੰਦਰ ਫੈਲ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਾਇਰਸ ਫਲ ਅਤੇ ਸਬਜ਼ੀਆਂ ਰਾਹੀਂ ਵੀ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਵਾਇਰਸ ਤੋਂ ਗ੍ਰਸਤ ਜੇਕਰ ਕੋਈ ਜਾਨਵਰ ਵੱਲੋਂ ਫਲ ਜਾਂ ਸਬਜ਼ੀ ਨੂੰ ਦੰਦਾਂ ਨਾਲ ਟੁੱਕ ਦਿੱਤਾ ਜਾਂਦਾ ਹੈ ਤਾਂ ਇਹ ਵਾਇਰਸ ਫਲ ਤੇ ਸਬਜ਼ੀ ਵਿਚ ਵੀ ਪ੍ਰਵੇਸ਼ ਕਰ ਜਾਂਦਾ ਹੈ ਤੇ ਫਿਰ ਮਨੁੱਖ ਵੱਲੋਂ ਇਸ ਦਾ ਸੇਵਨ ਕਰਨ ਉਤੇ ਮਨੁੱਖ ਵੀ ਇਸ ਦੀ ਲਪੇਟ ਵਿਚ ਆ ਸਕਦਾ ਹੈ।

## ਮਤਰੇਏ ਪੁੱਤ ਵੱਲੋਂ ਮਾਂ ਦਾ ਕਿਰਚ ਮਾਰ ਕੇ ਕਤਲ

**ਰਈਆ:** ਪਿੰਡ ਸਠਿਆਲਾ ਵਿਚ ਮਤਰੇਏ ਪੁੱਤਰ ਨੇ ਮਾਂ ਦਾ ਕਤਲ ਕਰ ਦਿੱਤਾ। ਮ੍ਰਿਤਕਾ ਦੇ ਪਤੀ ਸਤਨਾਮ ਸਿੰਘ ਪੇਟੀਆਂ ਵਾਲੇ ਨੇ ਦੱਸਿਆ ਕਿ ਮਨਿੰਦਰ ਸਿੰਘ ਉਰਫ ਮੋਨੂੰ ਉਸ ਦੀ ਪਹਿਲੀ ਪਤਨੀ ਦੇ ਦੋ ਲੜਕਿਆਂ ਵਿਚੋਂ ਇਕ ਹੈ। ਪਹਿਲੀ ਪਤਨੀ ਦੇ ਮਰਨ ਤੋਂ ਬਾਅਦ ਉਸ ਨੇ ਦੂਜਾ ਵਿਆਹ ਕੁਲਵੰਤ ਕੌਰ (32) ਵਾਸੀ ਪਿੰਡ ਚਾਂਕਰੇ ਖਾਂ ਨਾਲ ਕਰਵਾਇਆ ਸੀ ਜਿਸ ਦਾ ਇਕ ਲੜਕਾ ਹੈ। ਮਨਿੰਦਰ ਸਿੰਘ ਜੋ ਕਿ ਘਰੇਲੂ ਜਗ੍ਹਾ ਕਾਰਨ ਲੜਦਾ ਰਹਿੰਦਾ ਸੀ, ਨੇ ਆਪਣੀ ਮਾਂ ਉਤੇ ਤਿੱਖੀ ਕਿਰਚ ਨਾਲ ਸੋਲਾਂ ਵਾਰ ਕਰ ਕੇ ਖਤਮ ਕਰ ਦਿੱਤਾ।

## ਦੁਬਈ ਦੇ ਉਦਮੀਆਂ ਨੇ ਚੁੱਕਿਆ ਲਿਨੀ ਦੇ ਪਰਿਵਾਰ ਦਾ ਜ਼ਿੰਮਾ

**ਦੁਬਈ:** ਕੇਰਲਾ ਵਿਚ ਨਿਪਾਹ ਵਾਇਰਸ ਨਾਲ ਪੀੜਤ ਮਰੀਜ਼ਾਂ ਦਾ ਇਲਾਜ ਕਰਦਿਆਂ ਮਾਰੀ ਗਈ ਨਰਸ ਦੇ ਬੱਚਿਆਂ ਦੀ ਮਦਦ ਲਈ ਦੁਬਈ ਆਧਾਰਤ ਦੋ ਉਦਮੀ ਅੱਗੇ ਆਏ ਹਨ। ਆਬੂ ਧਾਬੀ ਦੇ ਰਹਿਣ ਵਾਲੇ ਇਨ੍ਹਾਂ ਉਦਮੀਆਂ ਨੇ ਲਿਨੀ ਵੱਲੋਂ ਕੀਤੇ ਤਿਆਗ ਨੂੰ ਸਲਾਮ ਕੀਤਾ ਹੈ। ਐਵੀਟੀਜ਼ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਐਗਜ਼ੀਕਿਊਟਿਵ ਡਾਇਰੈਕਟਰਾਂ ਸਾਨਥੀ ਪਰਮੋਟ ਅਤੇ ਜਿਓਤੀ ਪੱਲਤ ਨੇ ਖਲੀਜ਼ ਟਾਈਮਜ਼ ਨੂੰ ਦੱਸਿਆ ਕਿ ਉਨ੍ਹਾਂ ਲਿਨੀ ਦੇ ਬੱਚਿਆਂ ਦੀ ਪੜ੍ਹਾਈ ਦਾ ਜ਼ਿੰਮਾ ਚੁੱਕਿਆ ਹੈ।

## ਬੀਰਦਵਿੰਦਰ ਸਿੰਘ ਨੇ ਉਠਾਇਆ ਚਮਗਿੱਦੜਾਂ ਦਾ ਮਾਮਲਾ

**ਪਟਿਆਲਾ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਕਿਹਾ ਕਿ ਇਹ ਵਾਇਰਸ ਚਮਗਿੱਦੜਾਂ ਅਤੇ ਚਾਮਚੜਿੱਕਾਂ ਸਮੇਤ ਇਨ੍ਹਾਂ ਦੀਆਂ ਨਸਲਾਂ ਦੀਆਂ ਹੋਰ ਉਪਜਾਤੀਆਂ ਵਿਚ ਵੀ ਪਾਇਆ ਜਾਂਦਾ ਹੈ। ਉਨ੍ਹਾਂ ਇਸ ਸਬੰਧੀ ਪੰਜਾਬ ਸਰਕਾਰ ਅਤੇ ਪਟਿਆਲਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਕਸ ਕਰਦਿਆਂ ਕਿਹਾ ਕਿ ਪਟਿਆਲਾ ਸ਼ਹਿਰ ਵਿਚ ਵੀ ਚਮਗਿੱਦੜਾਂ ਤੇ ਚਾਮਚੜਿੱਕਾਂ ਦੀ ਭਰਮਾਰ ਹੈ।

# ਭਾਜਪਾ ਨੂੰ ਰੜਕੀ ਪ੍ਰਿਅੰਕਾ ਚੋਪੜਾ ਦੀ ਰੋਹਿੰਗਿਆ ਨਾਲ ਹਮਦਰਦੀ

**ਮੁੰਬਈ:** ਫਿਲਮ ਅਦਾਕਾਰਾ ਪ੍ਰਿਅੰਕਾ ਚੋਪੜਾ ਵੱਲੋਂ ਬੰਗਲਾਦੇਸ਼ ਵਿਚ ਰੋਹਿੰਗਿਆ ਸ਼ਰਨਾਰਥੀ ਕੈਂਪਾਂ ਦਾ ਦੌਰਾ ਕਰਨ ਪਿੱਛੋਂ ਭਾਜਪਾ ਆਗੂ ਵਿਨੈ ਕਟਿਆਰ ਨੇ ਕਿਹਾ ਕਿ ਰੋਹਿੰਗਿਆ ਵਾਲਿਆਂ ਨੂੰ ਇਥੇ ਨਹੀਂ ਰਹਿਣਾ ਚਾਹੀਦਾ।

ਭਾਜਪਾ ਆਗੂ ਨੇ ਕਿਹਾ ਕਿ ਰੋਹਿੰਗਿਆ ਮੁਸਲਮਾਨਾਂ ਨੇ ਹਜ਼ਾਰਾਂ ਹਿੰਦੂਆਂ ਦੀ ਜਾਨ ਲਈ ਹੈ ਤੇ ਉਨ੍ਹਾਂ ਦੀਆਂ ਧੀਆਂ ਦੀ ਇੱਜ਼ਤ ਨਾਲ



ਖਿਲਵਾੜ ਕੀਤਾ ਹੈ। ਇਸ ਲਈ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ। ਦੇ ਨਾਲ ਹੀ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਭਾਰਤ ਵਿਚ ਨਹੀਂ ਰਹਿਣਾ ਚਾਹੀਦਾ।

ਪ੍ਰਿਅੰਕਾ ਨੇ ਯੂਨੀਸੈਫ ਦੀ ਸਦਭਾਵਨਾ ਦੂਤ ਵਜੋਂ ਕੌਕਸ ਬਾਜ਼ਾਰ ਵਿਚ ਸ਼ਰਨਾਰਥੀ ਕੈਂਪਾਂ ਦਾ ਦੌਰਾ ਕੀਤਾ ਸੀ ਤੇ ਰੋਹਿੰਗਿਆ ਸੰਕਟ ਨੂੰ ਖ਼ੌਫ਼ਨਾਕ ਦੱਸਿਆ ਸੀ। 35 ਸਾਲਾ ਅਦਾਕਾਰਾ ਨੇ ਲੋਕਾਂ ਨੂੰ ਇਸ ਉਜਾੜੇ ਦੇ ਪੀੜਤ ਬੱਚਿਆਂ ਦੀ ਮਦਦ ਕਰਨ ਦੀ ਅਪੀਲ ਵੀ ਕੀਤੀ ਸੀ। ਕਟਿਆਰ ਨੇ ਕਿਹਾ ਕਿ ਖਾਸ ਲੋਕਾਂ ਨੂੰ ਉਥੇ (ਰੋਹਿੰਗਿਆ ਸ਼ਰਨਾਰਥੀ ਕੈਂਪਾਂ) ਨਹੀਂ ਜਾਣਾ ਚਾਹੀਦਾ। ਇਸ ਨਾਲ ਇਕ ਗਲਤ ਸੰਦੇਸ਼ ਜਾਂਦਾ ਹੈ। ਰੋਹਿੰਗਿਆ ਮੁਸਲਮਾਨਾਂ ਤੇ ਨਾਲ ਹੀ ਉਨ੍ਹਾਂ ਪ੍ਰਤੀ ਹਮਦਰਦੀ ਰੱਖਣ

ਸੰਯੁਕਤ ਰਾਸ਼ਟਰ ਮੁਤਾਬਕ ਮੀਆਂਮਾਰ ਵਿਚ ਹਿੰਸਾ ਕਾਰਨ ਕਰੀਬ ਤਿੰਨ ਲੱਖ ਰੋਹਿੰਗਿਆ ਮੁਸਲਮਾਨ ਹਿਜਰਤ ਕਰ ਕੇ ਬੰਗਲਾਦੇਸ਼ ਚਲੇ ਗਏ ਤੇ ਉਥੇ ਹੀ ਰਹਿ ਰਹੇ ਹਨ। ਐਮਨੇਸਟੀ ਇੰਟਰਨੈਸ਼ਨਲ ਨੇ ਹਾਲ ਹੀ ਵਿਚ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਸੀ ਕਿ ਰੋਹਿੰਗਿਆ ਤਬਕੇ ਦੇ ਲੋਕਾਂ ਨੇ ਪਿਛਲੇ ਸਾਲ ਮੀਆਂਮਾਰ ਦੇ ਰਖਾਇਨ ਸੂਬੇ ਵਿਚ ਵਿਦਰੋਹ ਦੌਰਾਨ ਹਿੰਦੂ ਦਿਹਾਤੀ ਲੋਕਾਂ ਨੂੰ ਵੱਡੇ ਪੱਧਰ ਉਤੇ ਮੌਤ ਦੇ ਘਾਟ ਉਤਾਰਿਆ ਸੀ।

# ਮਿਹਨਤਕਸ਼ ਲੋਕਾਂ ਦੀਆਂ ਜੜ੍ਹਾਂ ਵਿਚ ਬੈਠੀ ਮੋਦੀ ਸਰਕਾਰ

**ਚੰਡੀਗੜ੍ਹ:** ਅਤਿ ਦੀ ਮਹਿੰਗਾਈ ਤੇ ਰੋਜ਼ਾਨਾ ਕੰਮ ਨਾ ਮਿਲਣ ਕਾਰਨ ਮਿਹਨਤਕਸ਼ ਲੋਕ ਦਿਨ ਭਰ ਹੱਡ ਭੰਨਵੀਂ ਮਿਹਨਤ ਕਰ ਕੇ ਵੀ ਆਪਣੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰਥ ਹੁੰਦੇ ਜਾ ਰਹੇ ਹਨ। ਜੇਕਰ ਕੰਮ ਕਰਦਿਆਂ ਇਹ ਮਜ਼ਦੂਰ ਕਿਸੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ ਤਾਂ ਇਨ੍ਹਾਂ ਦੇ ਪਰਿਵਾਰ ਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਆਪਣੀ ਸਰੀਰਕ ਸਮਰੱਥਾ ਤੋਂ ਵਧੇਰੇ ਕੰਮ ਕਰਨ ਤੇ ਭਾਰੀ ਆਰਥਿਕ ਤੇ ਮਾਨਸਿਕ ਪਰੇਸ਼ਾਨੀ ਝੱਲਦਿਆਂ ਹੁਣ ਕਿਸਾਨਾਂ ਵਾਂਗ ਮਜ਼ਦੂਰ ਵੀ ਖੁਦਕੁਸ਼ੀਆਂ ਦੇ ਰਾਹ ਤੁਰ ਪਏ ਹਨ।

ਜਾਣਕਾਰੀ ਅਨੁਸਾਰ ਦੇਸ਼ ਵਿਚ ਤਕਰੀਬਨ 49.2 ਕਰੋੜ ਕਿਰਤੀ ਹਨ, ਜਿਨ੍ਹਾਂ ਵਿਚੋਂ ਨਿਰਮਾਣ ਮਜ਼ਦੂਰਾਂ ਦੀ ਗਿਣਤੀ 4 ਕਰੋੜ ਹੈ ਜਦਕਿ ਪੰਜਾਬ 'ਚ ਨਿਰਮਾਣ ਮਜ਼ਦੂਰਾਂ ਦੀ ਗਿਣਤੀ 15 ਲੱਖ ਤੋਂ ਵਧੇਰੇ ਹੈ। ਦੇਸ਼ ਵਿਚ 14.43 ਕਰੋੜ ਬੇਜ਼ਮੀਨੇ ਖੇਤ ਮਜ਼ਦੂਰ ਹਨ। ਪੰਜਾਬ ਵਿਚ ਤਕਰੀਬਨ 3 ਲੱਖ ਮਜ਼ਦੂਰ ਭੱਠਿਆਂ ਉਤੇ ਕੰਮ ਕਰਦੇ ਹਨ, ਜਿਨ੍ਹਾਂ ਨਾਲ ਇਨ੍ਹਾਂ ਦੀਆਂ ਔਰਤਾਂ ਤੇ ਬੱਚੇ ਵੀ ਕੰਮ ਵਿਚ ਹੱਥ ਵਟਾਉਂਦੇ ਹਨ। ਦੇਸ਼ ਵਿਚ ਸਭ ਤੋਂ ਜ਼ਿਆਦਾ ਗਿਣਤੀ ਨਿਰਮਾਣ ਕੰਮਾਂ ਵਿਚ ਲੱਗੇ ਮਜ਼ਦੂਰਾਂ ਦੀ ਹੈ। ਇਹ ਨਿਰਮਾਣ ਮਜ਼ਦੂਰ ਦੇਸ਼ ਦੀ ਤਰੱਕੀ 'ਚ ਅਹਿਮ ਰੋਲ ਅਦਾ ਕਰ ਰਹੇ ਹਨ, ਪਰ ਦੇਸ਼ 'ਚ ਮਜ਼ਦੂਰਾਂ ਦੀ ਭਲਾਈ ਲਈ ਤਕਰੀਬਨ 150 ਕਾਨੂੰਨ ਤੇ ਕਰੀਬ 10 ਹਜ਼ਾਰ



ਭਲਾਈ ਸਕੀਮਾਂ ਮੌਜੂਦ ਹੋਣ ਦੇ ਬਾਵਜੂਦ ਵੀ ਇਹ ਮਜ਼ਦੂਰ ਦਿਨ ਪ੍ਰਤੀ ਦਿਨ ਆਰਥਿਕ, ਮਾਨਸਿਕ ਤੇ ਸਮਾਜਿਕ ਸਮੱਸਿਆਵਾਂ 'ਚ ਘਿਰਦੇ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਮਜ਼ਦੂਰਾਂ ਦੀ ਭਲਾਈ ਲਈ ਚਲਾਈਆਂ ਜਾਂਦੀਆਂ ਯੋਜਨਾਵਾਂ ਦਾ ਲਾਭ ਬਹੁ-ਗਿਣਤੀ ਮਜ਼ਦੂਰਾਂ ਤੱਕ ਨਹੀਂ ਪਹੁੰਚਦਾ।

ਇਸ ਦੀ ਸਭ ਤੋਂ ਵੱਡੀ ਮਿਸਾਲ ਇਹ ਹੈ ਕਿ ਦੇਸ਼ ਅੰਦਰ ਬਹੁ-ਗਿਣਤੀ ਗਰੀਬ ਮਜ਼ਦੂਰ ਅਜੇ ਵੀ ਬੇਹੱਦ ਖਸਤਾ ਹਾਲਤ ਕੋਠਿਆਂ 'ਚ ਰਹਿ ਰਹੇ ਹਨ, ਪਰ ਇਨ੍ਹਾਂ ਨੂੰ ਕੋਠੇ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਨਹੀਂ ਮਿਲ ਸਕਦਾ ਕਿਉਂਕਿ ਇਨ੍ਹਾਂ ਕੋਲ ਬੀ.ਪੀ.ਐਲ. ਨੰਬਰ ਨਹੀਂ ਹਨ। ਇਸੇ ਤਰ੍ਹਾਂ ਜੇਕਰ 100 ਦਿਨ ਰੁਜ਼ਗਾਰ ਦੀ ਗਰੰਟੀ ਵਾਲੀ ਮਗਨਰੇਗਾ ਯੋਜਨਾ ਸ਼ੁਰੂ ਹੋਈ ਤਾਂ ਇਨ੍ਹਾਂ ਗਰੀਬ ਮਜ਼ਦੂਰਾਂ ਦੇ ਜਾਬ ਕਾਰਡ ਤੇ ਬੈਂਕ ਖਾਤੇ ਵਾਲੀਆਂ ਕਾਪੀਆਂ ਬਹੁ-ਗਿਣਤੀ ਸਰਪੰਚਾਂ ਨੇ ਹੀ ਆਪਣੇ ਕੋਲ ਰੱਖ ਲਈਆਂ। ਇਥੋਂ ਤੱਕ ਕਿ ਅਨੇਕਾਂ ਯੋਗ ਮਜ਼ਦੂਰਾਂ ਨੂੰ ਛੱਡ ਕੇ ਕਈ ਅਯੋਗ ਲੋਕਾਂ ਦੀਆਂ ਕਾਪੀਆਂ ਵੀ ਬਣਾ ਦਿੱਤੀਆਂ। ਇਸੇ ਤਰ੍ਹਾਂ ਗਰੀਬ ਲੋਕਾਂ ਨੂੰ ਜੇਕਰ ਪਿੰਡਾਂ ਅੰਦਰ 5-5 ਮਰਲੇ ਦੇ ਪਲਾਟ ਵੰਡੇ ਜਾਂਦੇ ਹਨ ਤਾਂ ਉਨ੍ਹਾਂ ਤੋਂ ਵੀ ਬਹੁ-ਗਿਣਤੀ ਵਾਂਝੇ ਰਹਿ ਜਾਂਦੇ ਹਨ।

ਕਈ ਖੇਤ ਮਜ਼ਦੂਰ ਕਰਜ਼ੇ ਦੇ ਜਾਲ 'ਚ ਫਸ ਕੇ ਇਕ ਤਰ੍ਹਾਂ ਨਾਲ ਬੰਧੂਆ ਮਜ਼ਦੂਰਾਂ ਵਾਂਗ ਜ਼ਿੰਦਗੀ ਬਤੀਤ ਕਰ ਰਹੇ ਹਨ। ਇਸ ਸਬੰਧੀ ਪੇਂਡੂ ਮਜ਼ਦੂਰ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਕਾਮਰੇਡ ਰਾਜ ਕੁਮਾਰ ਪੰਡੋਰੀ ਤੇ ਇਫਟੂ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਪਾਲ ਨੇ ਦੱਸਿਆ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ ਮਜ਼ਦੂਰਾਂ ਦੀ ਭਲਾਈ ਲਈ ਕਾਪੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਨਾਲ ਮਜ਼ਦੂਰ ਦਾ 3 ਲੱਖ ਰੁਪਏ ਦਾ ਬੀਮਾ ਹੋਣ ਦੇ ਨਾਲ-ਨਾਲ ਉਸ ਦੇ ਬੱਚਿਆਂ ਦੀ ਪੜ੍ਹਾਈ ਲਈ ਵਜ਼ੀਫ਼ਾ ਵੀ ਮਿਲਦਾ ਹੈ, ਪਰ ਬਹੁ-ਗਿਣਤੀ ਮਜ਼ਦੂਰ ਇਸ ਤੋਂ ਅਜੇ ਵੀ ਵਾਂਝੇ ਹਨ।

## ਪਾਣੀ ਦੀ ਕਿੱਲਤ ਵੇਖ 70 ਸਾਲਾ ਬਜ਼ੁਰਗ ਨੇ ਪੁੱਟ ਦਿੱਤਾ ਖੂਹ

**ਪਟਨਾ:** ਬਿਹਾਰ ਦੇ ਛਤਰਪੁਰ ਜ਼ਿਲ੍ਹੇ ਦੇ ਹੰਦੂਆਂ ਪਿੰਡ ਦੇ ਰਹਿਣ ਵਾਲੇ 70 ਸਾਲਾ ਸੀਤਾਰਾਮ ਰਾਜਪੂਤ ਨੇ ਘਰ ਵਾਲਿਆਂ ਨੂੰ ਪਾਣੀ ਤੋਂ ਤਰਸਦਾ ਵੇਖ ਇਕੱਲਿਆਂ ਹੀ ਖੂਹ ਪੁੱਟ ਦਿੱਤਾ। ਲੋਕਾਂ ਨੂੰ ਪਿੰਡ ਤੋਂ ਕਾਫੀ ਦੂਰੋਂ ਪਾਣੀ ਲਿਆਉਣਾ ਪੈਂਦਾ ਸੀ। ਸੀਤਾਰਾਮ ਨੇ ਦੱਸਿਆ ਕਿ ਉਨ੍ਹਾਂ ਨੇ ਪੂਰੀ ਉਮਰ ਕੁਆਰੇ ਰਹਿਣ ਦਾ ਫੈਸਲਾ ਕੀਤਾ ਹੈ ਅਤੇ ਉਹ ਸਾਂਝੇ ਪਰਿਵਾਰ ਵਿਚ ਆਪਣੇ ਭਰਾ ਨਾਲ ਰਹਿੰਦੇ ਹਨ। ਉਨ੍ਹਾਂ ਦੇ ਭਰਾ ਕੋਲ ਤਕਰੀਬਨ 20 ਏਕੜ ਜ਼ਮੀਨ ਹੈ, ਪਰ ਸਿਰਫ ਜ਼ਮੀਨ ਨਾਲ ਫਸਲ ਪੈਦਾ ਨਹੀ ਹੁੰਦੀ ਹੈ। ਇਥੇ ਲੋਕਾਂ ਨੂੰ ਪੀਣ ਦਾ ਪਾਣੀ ਵੀ ਬੜੀ ਮੁਸ਼ਕਿਲ ਨਾਲ ਮਿਲਦਾ ਹੈ। ਸੀਤਾਰਾਮ ਨੇ ਦੱਸਿਆ ਕਿ ਉਨ੍ਹਾਂ 2015 'ਚ ਖੂਹ ਪੁੱਟਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ ਅਤੇ 2017 'ਚ ਖ਼ੁਦਾਈ ਦਾ ਕੰਮ ਪੂਰਾ ਕਰ ਲਿਆ। ਪਰਿਵਾਰ ਵਾਲਿਆ ਨੇ ਬਜ਼ੁਰਗ ਸਰੀਰ ਦਾ ਹਵਾਲਾ ਦਿੰਦੇ ਹੋਏ ਕਈ ਵਾਰ ਰੋਕਣ ਦੀ ਕੋਸ਼ਿਸ਼ ਕੀਤੀ।

# ਚੇਨੱਈ ਤੀਜੀ ਵਾਰ ਬਣਿਆ ਆਈ. ਪੀ. ਐਲ. ਚੈਂਪੀਅਨ

**ਮੁੰਬਈ:** ਸਲਾਮੀ ਬੱਲੇਬਾਜ਼ ਸ਼ੇਨ ਵਾਟਸਨ ਦੀ ਤੇਜ਼ ਰਫਤਾਰ ਸੈਂਕੜੇ ਵਾਲੀ ਪਾਰੀ ਦੀ ਬਦੌਲਤ ਚੇਨੱਈ ਸੁਪਰਕਿੰਗਜ਼ ਦੀ ਟੀਮ ਨੇ ਸਨਰਾਈਜ਼ਰਜ਼ ਹੈਦਰਾਬਾਦ ਨੂੰ ਅੱਠ ਵਿਕਟਾਂ ਦੀ ਕਰਾਰੀ ਸ਼ਿਕਸਤ ਦਿੰਦਿਆਂ ਤੀਜੀ ਵਾਰੀ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦਾ ਖਿਤਾਬ ਆਪਣੇ ਨਾਂ ਕਰ ਲਿਆ। ਵਾਟਸਨ ਨੇ ਹਮਲਾਵਰ ਬੱਲੇਬਾਜ਼ੀ ਦੀ ਜ਼ਬਰਦਸਤ ਮਿਸਾਲ ਪੇਸ਼ ਕਰਦਿਆਂ 57 ਗੇਂਦਾਂ ਵਿਚ 11 ਚੌਕਿਆਂ ਤੇ ਅੱਠ ਛੱਕਿਆਂ ਦੀ ਮਦਦ ਨਾਲ ਨਾਬਾਦ 117 ਦੌੜਾਂ ਬਣਾਈਆਂ।

ਮਹਿੰਦਰ ਸਿੰਘ ਧੋਨੀ ਦੀ ਅਗਵਾਈ ਵਾਲੀ ਟੀਮ ਨੇ ਧੀਮੀ ਸ਼ੁਰੂਆਤ ਤੋਂ ਉਭਰਦਿਆਂ 18.3 ਓਵਰਾਂ ਵਿਚ ਦੋ ਵਿਕਟਾਂ ਦੇ ਨੁਕਸਾਨ ਨਾਲ 181 ਦੌੜਾਂ ਬਣਾਉਂਦਿਆਂ ਸਾਲ 2011 ਮਗਰੋਂ ਪਹਿਲੀ ਵਾਰ ਖਿਤਾਬੀ ਜਿੱਤ ਦਰਜ ਕੀਤੀ ਹੈ। ਵਾਟਸਨ ਤੋਂ ਇਲਾਵਾ ਸੁਰੇਸ਼ ਰੈਨਾ ਨੇ 25 ਗੇਂਦਾਂ ਉਤੇ 32 ਜਦੋਂਕਿ ਅੰਬਾਤੀ ਰਾਇਡੂ ਨੇ 19 ਗੇਂਦਾਂ 'ਤੇ ਨਾਬਾਦ 17 ਦੌੜਾਂ ਦੀ ਪਾਰੀ ਖੇਡੀ। ਵਾਟਸਨ 'ਮੈਨ ਆਫ ਦਿ ਮੈਚ' ਬਣਿਆ। ਚੇਨੱਈ ਨੇ ਇਸ ਤੋਂ ਪਹਿਲਾਂ ਸਾਲ 2010 ਤੇ 2011 ਵਿਚ ਉਪਰੋਥੱਲੀ ਖਿਤਾਬੀ ਜਿੱਤ ਦਰਜ ਕੀਤੀ ਸੀ। ਹਾਲਾਂਕਿ 2012, 2013 ਤੇ 2015 ਵਿਚ ਉਸ ਨੂੰ ਫਾਈਨਲ ਵਿਚ ਹਾਰ ਦਾ ਮੂੰਹ ਵੇਖਣਾ ਪਿਆ ਸੀ। ਸਨਰਾਈਜ਼ਰਜ਼ ਨੇ ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ ਉਤੇ ਛੇ ਵਿਕਟਾਂ ਦੇ ਨੁਕਸਾਨ ਨਾਲ 178 ਦੌੜਾਂ ਬਣਾਈਆਂ ਸਨ।



ਇਸ ਦੌਰਾਨ ਵਿਲੀਅਮਸਨ ਨੇ ਆਈ.ਪੀ.ਐਲ. 2018 ਵਿਚ 700 ਦੌੜਾਂ ਵੀ ਪੂਰੀਆਂ ਕੀਤੀਆਂ। ਕ੍ਰਿਸ ਗੇਲ, ਮਾਈਕਲ ਹਸੀ, ਵਿਰਾਟ ਕੋਹਲੀ ਅਤੇ ਡੇਵਿਡ ਵਾਰਨਰ ਮਗਰੋਂ ਕਿਸੇ ਇਕ ਆਈ.ਪੀ.ਐਲ. ਟੂਰਨਾਮੈਂਟ ਵਿਚ 700 ਤੋਂ ਵੱਧ ਦੌੜਾਂ ਬਣਾਉਣ ਵਾਲਾ ਵਿਲੀਅਮਸਨ ਪੰਜਵਾਂ ਬੱਲੇਬਾਜ਼ ਹੈ। ਗੇਲ ਨੇ ਇਹ ਉਪਲਬਧੀ ਦੋ ਵਾਰ ਹਾਸਲ ਕੀਤੀ ਹੈ।

# ਜੁਮਲੇਬਾਜ਼ੀ ਵਿਚ ਹੀ ਲੰਘੇ ਮੋਦੀ ਸਰਕਾਰ ਦੇ ਚਾਰ ਵਰ੍ਹੇ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ 26 ਮਈ 2014 ਨੂੰ ਸਹੁੰ ਚੁੱਕੀ ਸੀ। ਚਾਰ ਸਾਲ ਬੀਤਣ ਤੋਂ ਬਾਅਦ ਸਰਕਾਰ ਦੀਆਂ ਆਰਥਿਕ ਨੀਤੀਆਂ ਤੇ ਪ੍ਰਾਪਤੀਆਂ ਬਾਰੇ ਵੱਖ-ਵੱਖ ਧੱਧਰਾਂ ਉਤੇ ਵਿਚਾਰ ਚਰਚਾ ਜਾਰੀ ਹੈ। ਇਨ੍ਹਾਂ ਚਾਰ ਸਾਲਾਂ ਵਿਚ ਮੋਦੀ ਸਰਕਾਰ ਨੇ ਬੜੇ ਵੱਡੇ-ਵੱਡੇ ਕਦਮ ਵੀ ਚੁੱਕੇ ਤੇ ਉਨ੍ਹਾਂ ਤੋਂ ਦੇਸ਼ ਦੀ ਆਰਥਿਕਤਾ ਨੂੰ ਫਾਇਦੇ ਹੋਣ ਦੇ ਦਾਅਵੇ ਵੀ ਕੀਤੇ ਗਏ, ਪਰ ਧਰਾਤਲ ਉਤੇ ਅਜੇ ਇਹ ਫਾਇਦੇ ਨਜ਼ਰ ਨਹੀਂ ਆਏ।

ਸੱਤਾ ਵਿਚ ਆਉਣ ਤੋਂ ਬਾਅਦ ਮੋਦੀ ਸਰਕਾਰ ਨੇ ਮਹਿੰਗਾਈ, ਕਿਸਾਨੀ ਕਰਜ਼, ਰੁਜ਼ਗਾਰ, ਮਹਿਲਾਵਾਂ ਤੇ ਕਾਲੇ ਧਨ ਸਣੇ ਕਈ ਮੁੱਦਿਆਂ ਸਬੰਧੀ ਵਾਅਦੇ ਕੀਤੇ ਸਨ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ। ਮੋਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਮਾਮਲੇ ਵਿਚ ਵੀ ਫੇਲ੍ਹ ਰਹੀ ਹੈ। ਇਸ ਦੌਰਾਨ ਜੀ.ਐਸ.ਟੀ. ਲਾਗੂ ਕਰ ਕੇ ਇਸ ਨੂੰ ਅੱਜ ਤੱਕ ਦਾ ਸਭ ਤੋਂ ਵੱਡਾ ਕਰ ਸੁਧਾਰ ਕਰਨ ਦਾ ਦਾਅਵਾ ਕੀਤਾ ਗਿਆ, ਨੋਟਬੰਦੀ ਨਾਲ ਕਾਲਾ ਧਨ ਖਤਮ ਕਰਨ ਤੇ ਡਿਜੀਟਲ ਕਰੰਸੀ ਚਲਾਉਣ ਦਾ ਦਾਅਵਾ ਵੀ ਕੀਤਾ ਗਿਆ, ਪਰ ਨਗਦੀ ਲੈਣ-ਦੇਣ ਫਿਰ ਪੁਰਾਣੀਆਂ ਦਰਾਂ ਉਤੇ ਪੱਜ ਗਿਆ ਹੈ। ਦੇਸ਼ ਵਿਚ ਹਰ ਸਾਲ 1 ਕਰੋੜ ਨੌਕਰੀਆਂ ਪੈਦਾ ਕੀਤੇ ਜਾਣ



ਦਾ ਵਾਅਦਾ ਕੀਤਾ ਗਿਆ ਸੀ, ਜੋ ਪੂਰਾ ਨਹੀਂ ਹੋਇਆ, ਭ੍ਰਿਸ਼ਟਾਚਾਰ ਖਤਮ ਕਰਨ, ਗਰੀਬਾਂ ਨੂੰ ਉਪਰ ਚੁੱਕਣ ਤੇ ਕਿਸਾਨੀ ਦੀ ਆਮਦਨ ਵਧਾਉਣ ਦੇ ਵਾਅਦੇ ਵੀ ਅਜੇ ਸਿਰਫ ਵਾਅਦੇ ਨਜ਼ਰ ਆਉਂਦੇ ਹਨ। ਮੋਦੀ ਸਰਕਾਰ ਨੇ ਨਾਅਰਾ ਦਿੱਤਾ ਸੀ ਕਿ 'ਬਹੁਤ ਹੁਆ ਭ੍ਰਿਸ਼ਟਾਚਾਰ, ਅਬ ਕੀ ਬਾਰ ਮੋਦੀ ਸਰਕਾਰ', ਪਰ ਸਚਾਈ ਇਹ ਹੈ ਕਿ ਭ੍ਰਿਸ਼ਟਾਚਾਰ ਨਾ ਸਿਰਫ ਜਾਰੀ ਹੈ, ਸਗੋਂ ਇਹ ਹੋਰ ਵੀ ਵਧਿਆ ਹੈ।

ਸ੍ਰੀ ਮੋਦੀ ਦਾ ਇਕ ਹੋਰ ਨਾਅਰਾ ਸੀ, 'ਬਹੁਤ ਹੁਈ ਮਹਿੰਗਾਈ ਕੀ ਮਾਰ, ਅਬ ਕੀ ਬਾਰ ਮੋਦੀ ਸਰਕਾਰ', ਪਰ ਇਹ ਨਾਅਰਾ ਵੀ ਪਿਛਲੇ ਚਾਰ ਸਾਲਾਂ ਵਿਚ ਗਲਤ ਸਾਬਤ ਹੋਇਆ। ਮਹਿੰਗਾਈ ਲਗਾਤਾਰ ਵਧ ਰਹੀ ਹੈ ਅਤੇ ਮਹਿੰਗਾਈ ਉਥੇ ਜ਼ਿਆਦਾ ਵਧੀ ਹੈ। ਰੇਲ ਕਿਰਾਏ ਵਿਚ ਬਹੁਤ ਵਾਧਾ ਹੋਇਆ ਹੈ। ਇਸ ਸਮੇਂ ਰੇਲਾਂ ਜਿੰਨੀਆਂ ਲੇਟ ਚੱਲ ਰਹੀਆਂ ਹਨ, ਓਨਾ ਸ਼ਾਇਦ ਹੀ ਪਿਛਲੇ 25 ਸਾਲਾਂ ਦੇ ਇਤਿਹਾਸ ਵਿਚ ਕਦੇ ਲੇਟ ਚੱਲੀਆਂ ਹੋਣ। ਇਨ੍ਹਾਂ ਚਾਰ ਸਾਲਾਂ ਦੌਰਾਨ ਦੇਸ਼ ਵਿਚ ਸਮਾਜਿਕ ਸਦਭਾਵਨਾ ਵਿਚ ਭਾਰੀ ਗਿਰਾਵਟ ਆਈ ਹੈ। ਦੇਸ਼ ਦੀ ਆਬਾਦੀ ਦਾ 14 ਫੀਸਦੀ ਮੁਸਲਿਮ ਭਾਈਚਾਰਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। 16 ਫੀਸਦੀ ਆਬਾਦੀ ਵਾਲਾ ਦਲਿਤ ਭਾਈਚਾਰਾ ਵੀ ਖੁਦ ਨੂੰ ਅਸੁਰੱਖਿਅਤ ਅਤੇ ਅਣਗੌਲਿਆ ਮਹਿਸੂਸ ਕਰ ਰਿਹਾ ਹੈ।

ਦਲਿਤਾਂ ਉਤੇ ਹਮਲੇ ਲਗਾਤਾਰ ਵਧਦੇ ਜਾ ਰਹੇ ਹਨ। ਉਨ੍ਹਾਂ ਨੂੰ ਮਿਲਣ ਵਾਲੇ ਰਾਖਵੇਂਕਰਨ ਨੂੰ ਵੀ ਵੱਖ-ਵੱਖ ਨਿਯਮਾਂ ਅਨੁਸਾਰ ਕਮਜ਼ੋਰ ਕੀਤਾ ਜਾ ਰਿਹਾ ਹੈ ਅਤੇ ਸਭ ਤੋਂ ਵੱਡੀ ਗੱਲ ਹੈ ਕਿ ਸਰਕਾਰੀ ਵਿਭਾਗਾਂ ਵਿਚ ਲੱਖਾਂ ਸੀਟਾਂ ਖਾਲੀ ਹਨ ਪਰ ਉਨ੍ਹਾਂ ਨੂੰ ਭਰਨ ਲਈ ਕੋਈ ਭਰਤੀ ਮੁਹਿੰਮ ਨਹੀਂ ਚਲਾਈ ਜਾ ਰਹੀ। ਠੇਕੇ ਦੀ ਭਰਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਠੇਕਿਆਂ ਵਿਚ ਰਾਖਵੇਂਕਰਨ ਦੀ ਕੋਈ ਵਿਵਸਥਾ ਨਹੀਂ। ਇਸ ਤੋਂ ਵੀ ਮਾੜੀ ਸਥਿਤੀ ਇਹ ਹੈ ਕਿ ਠੇਕਿਆਂ ਵਿਚ ਭਾਰੀ ਭ੍ਰਿਸ਼ਟਾਚਾਰ ਹੋ ਰਿਹਾ ਹੈ। ਅਜੇ ਕੁਝ ਮਹੀਨੇ ਪਹਿਲਾਂ ਹੀ ਐਸ.ਸੀ./ਐਸ.ਟੀ. ਨਾਲ ਹੋਣ ਵਾਲੀਆਂ ਨਿਯੁਕਤੀਆਂ ਵਿਚ ਵੱਡੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆਏ ਹਨ।

ਸ੍ਰੀ ਮੋਦੀ ਨੇ ਸਕਿੱਲਡ ਇੰਡੀਆ, ਮੇਕ ਇਨ ਇੰਡੀਆ, ਸਟੈਂਡਅਪ ਇੰਡੀਆ, ਸਟਾਰਟਅਪ ਇੰਡੀਆ ਵਰਗੇ ਅੰਗਰੇਜ਼ੀ ਜੁਮਲਿਆਂ ਵਾਲੀਆਂ ਅਨੇਕਾਂ ਯੋਜਨਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ। ਪਰ ਉਸ ਨਾਲ ਦੇਸ਼ ਦੇ ਰੁਜ਼ਗਾਰ ਦੇ ਧਰਾਤਲ ਉਤੇ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਦੇਸ਼ ਦੇ ਹਜ਼ਾਰਾਂ ਇੰਜੀਨੀਅਰਿੰਗ


### ਚਾਰ ਸਾਲਾਂ ਵਿਚ ਸਰਹੱਦ 'ਤੇ 280 ਜਵਾਨ ਸ਼ਹੀਦ

**ਨਵੀਂ ਦਿੱਲੀ:** ਨਰੇਂਦਰ ਮੋਦੀ ਤੇ ਭਾਜਪਾ ਰੈਲੀਆਂ ਰਾਹੀਂ ਸਰਹੱਦ ਉਤੇ ਫੌਜ ਦੀ ਸੁਰੱਖਿਆ ਤੇ ਪਾਕਿਸਤਾਨ ਨੂੰ ਕਰਾਰਾ ਜਵਾਬ ਦੇਣ ਦੀਆਂ ਗੱਲਾਂ ਕਰਦੇ ਸਨ ਪਰ ਮੋਦੀ ਸਰਕਾਰ ਆਉਣ ਤੋਂ ਬਾਅਦ ਗੋਲੀਬਾਰੀ ਦੀ ਉਲੰਘਣਾ ਤੇ ਘੁਸਪੈਠ ਦੀਆਂ ਵਾਰਦਾਤਾਂ 'ਚ ਵਾਧਾ ਹੀ ਹੋਇਆ ਹੈ। ਪਿਛਲੇ ਚਾਰ ਸਾਲਾਂ ਵਿਚ ਦੇਸ਼ ਦੇ 280 ਜਵਾਨ ਸ਼ਹੀਦ ਹੋਏ ਹਨ।

ਕਾਲਜ ਬੰਦ ਹੋ ਚੁਕੇ ਹਨ ਤੇ ਹਜ਼ਾਰਾਂ ਨੇ ਬੰਦ ਹੋਣ ਦੀਆਂ ਅਰਜ਼ੀਆਂ ਦੇ ਰੱਖੀਆਂ ਹਨ। ਹੁਣ ਉਨ੍ਹਾਂ ਨੂੰ ਵਿਦਿਆਰਥੀ ਨਹੀਂ ਮਿਲਦੇ, ਕਿਉਂਕਿ ਇੰਜੀਨੀਅਰਿੰਗ ਪੜ੍ਹਨ ਪਿਛੋਂ ਵੀ ਉਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਦਾ। ਮੋਦੀ ਸਰਕਾਰ ਦੇ ਗਠਨ ਤੋਂ ਚਾਰ ਸਾਲ ਬਾਅਦ ਅੱਜ ਅਰਥ ਵਿਵਸਥਾ ਤਬਾਹ ਹੁੰਦੀ ਦਿਖਾਈ ਦੇ ਰਹੀ ਹੈ। ਵਿੱਤੀ ਵਿਵਸਥਾ ਚਰਮਰਾ ਗਈ ਹੈ, ਬੈਂਕਾਂ ਦੀ ਹਾਲਤ ਨਾਜ਼ੁਕ ਹੈ।

# ਮਿਸ਼ਨ 2019: ਨਵੇਂ ਸਰਵੇਖਣ ਨੇ ਕੀਤੀ ਭਾਜਪਾ ਦੀ ਨੀਂਦ ਹਰਾਮ

**ਨਵੀਂ ਦਿੱਲੀ:** ਇਕ ਤਾਜ਼ਾ ਸਰਵੇਖਣ ਨੇ ਮਿਸ਼ਨ 2019 ਫਤਿਹ ਕਰਨ ਦੇ ਸੁਪਨੇ ਵੇਖ ਰਹੀ ਭਾਜਪਾ ਦੀ ਨੀਂਦ ਉਡਾ ਦਿੱਤੀ ਹੈ। 'ਏ.ਬੀ.ਪੀ. ਨਿਊਜ਼' ਨੇ ਸਰਵੇਖਣ ਏਜੰਸੀ ਸੀ. ਐ. ਐਸ. ਡੀ. ਐਸ. ਨਾਲ ਮਿਲ ਕੇ ਬਹੁਤ ਵੱਡਾ ਖੁਲਾਸਾ ਕੀਤਾ ਹੈ। ਇਸ ਮੁਤਾਬਕ ਸਾਲ 2014 ਵਿਚ ਵੱਡੇ ਫਰਕ ਨਾਲ ਬਹੁਮਤ ਹਾਸਲ ਕਰ ਕੇ ਸੱਤਾ



ਵਿਚ ਆਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਾਦੂ ਘਟ ਗਿਆ ਹੈ। ਸਰਵੇਖਣ ਮੁਤਾਬਕ ਨਰੇਂਦਰ ਮੋਦੀ 2019 ਵਿਚ ਇਕ ਵਾਰ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠ ਸਕਦੇ ਹਨ ਪਰ, ਉਥੇ ਹੀ ਇਹ ਵੀ ਸਾਫ ਹੋਇਆ ਹੈ ਕਿ ਭਾਜਪਾ ਇਕੱਲੇ ਆਪਣੇ ਦਮ ਉਤੇ ਸਰਕਾਰ ਨਹੀਂ ਬਣਾ ਸਕੇਗੀ, ਸਗੋਂ ਉਸ ਨੂੰ ਬਹੁਮਤ ਜੁਟਾਉਣ ਲਈ ਸਾਥੀਆਂ ਦੀ ਲੋੜ ਹੋਵੇਗੀ।

19 ਸੂਬਿਆਂ ਵਿਚ ਕੀਤੇ ਗਏ ਸਰਵੇਖਣ ਮੁਤਾਬਕ ਜੇਕਰ ਹੁਣੇ ਚੋਣਾਂ ਹੁੰਦੀਆਂ ਹਨ ਤਾਂ ਐਨ.ਡੀ.ਏ. ਦੇ ਹਿੱਸੇ 37 ਫੀਸਦੀ, ਯੂ.ਪੀ.ਏ. ਦੇ ਹਿੱਸੇ 31 ਤੇ ਹੋਰਾਂ ਦੇ ਹਿੱਸੇ 32 ਫੀਸਦੀ ਵੋਟ ਵੰਡਿਆ ਜਾਵੇਗਾ। ਸਾਲ 2014 ਵਿਚ ਐਨ.ਡੀ.ਏ. ਦੇ ਹਿੱਸੇ 36 ਫੀਸਦੀ, ਯੂ.ਪੀ.ਏ. ਦੇ ਹਿੱਸੇ 25 ਤੇ ਹੋਰਾਂ ਦੇ ਹਿੱਸੇ 39 ਫੀਸਦੀ ਵੋਟ ਆਇਆ ਸੀ। ਯੂ.ਪੀ.ਏ. ਨੂੰ ਛੇ ਫੀਸਦੀ ਵੋਟ ਬੈਂਕ ਦਾ ਫਾਇਦਾ ਹੋਣ ਦੀ ਆਸ ਹੈ। 543 ਲੋਕ ਸਭਾ ਸੀਟਾਂ ਉਤੇ ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤਾਂ ਐਨ.ਡੀ.ਏ. ਨੂੰ 274, ਯੂ.ਪੀ.ਏ. ਨੂੰ 164 ਤੇ ਹੋਰਾਂ ਨੂੰ 105 ਸੀਟਾਂ ਮਿਲਣ ਦੀ ਆਸ ਹੈ। ਸਾਲ 2014 ਦੇ ਮੁਕਾਬਲੇ ਐਨ.ਡੀ.ਏ. ਨੂੰ 49 ਸੀਟਾਂ ਦਾ ਘਾਟਾ ਪੈ ਸਕਦਾ ਹੈ ਤੇ ਯੂ.ਪੀ.ਏ. ਨੂੰ 104 ਸੀਟਾਂ ਦਾ ਫਾਇਦਾ ਹੁੰਦਾ ਵਿਖਾਈ ਦੇ ਰਿਹਾ ਹੈ। ਹੋਰ ਪਾਰਟੀਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਨੂੰ 48 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ।

ਮੋਦੀ ਦੀ ਪ੍ਰਸਿੱਧੀ ਮਈ 2014 ਵਿਚ 36 ਫੀਸਦੀ, ਮਈ 2017 ਵਿਚ 44, ਜਨਵਰੀ 2018 ਵਿਚ 37 ਅਤੇ ਹੁਣ 34 ਫੀਸਦੀ ਹੈ। ਰਾਹੁਲ ਗਾਂਧੀ ਦੀ ਪ੍ਰਸਿੱਧੀ ਮਈ 2014- 16, ਮਈ 2017- 09 ਜਨਵਰੀ 2018- 20 ਅਤੇ ਹੁਣ 24 ਫੀਸਦੀ ਹੈ। ਜਿਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਸਿੱਧੀ ਘਟੀ ਹੈ, ਉਥੇ ਹੀ ਕਾਂਗਰਸ ਮੁਖੀ ਰਾਹੁਲ ਗਾਂਧੀ ਵੱਧ ਹਰਮਨ ਪਿਆਰੇ ਹੋਏ ਹਨ।

ਸਰਵੇਖਣ ਮੁਤਾਬਕ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਦਾ ਗਠਜੋੜ ਭਾਜਪਾ ਨੂੰ ਕਰੜੀ ਚੁਣੌਤੀ ਦੇਵੇਗਾ। ਇਥੇ ਬੀ.ਜੇ.ਪੀ. ਦੇ ਵੋਟ ਸ਼ੇਅਰ ਵਿਚ ਅੱਠ ਫੀਸਦੀ ਕਮੀ ਜਦ ਕਿ ਕਾਂਗਰਸ ਨੂੰ ਚਾਰ ਫੀਸਦੀ ਫਾਇਦਾ ਵੀ ਮਿਲੇਗਾ। ਸਰਵੇਖਣ ਦੇ ਅੰਕੜਿਆਂ ਮੁਤਾਬਕ ਜੇਕਰ ਅੱਜ ਲੋਕ ਸਭਾ ਚੋਣਾਂ ਹੁੰਦੀਆਂ ਹਨ ਤਾਂ ਸਮਾਜਵਾਦੀ ਪਾਰਟੀ ਨੂੰ ਸਭ ਤੋਂ ਵੱਧ ਫਾਇਦਾ ਮਿਲੇਗਾ। ਸਪਾ ਦਾ ਮੱਤ ਅਨੁਪਾਤ 27 ਫੀਸਦੀ, ਬਸਪਾ ਦਾ 19, ਬੀ.ਜੇ.ਪੀ. 35 ਤੇ ਕਾਂਗਰਸ 12 ਫੀਸਦੀ ਰਹਿਣ ਦੀ ਆਸ ਹੈ।

### ਰਾਜਸਥਾਨ 'ਚ ਭਾਜਪਾ ਉਤੇ ਸੰਕਟ

**ਨਵੀਂ ਦਿੱਲੀ:** ਇਸ ਸਾਲ ਦੇ ਅਖੀਰ ਵਿਚ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਰਵੇਖਣ ਮੁਤਾਬਕ ਆਉਣ ਵਾਲੀਆਂ ਚੋਣਾਂ ਵਿਚ ਰਾਜਸਥਾਨ ਵਿਚ ਵੋਟ ਸ਼ੇਅਰ ਦੇ ਮਾਮਲੇ ਵਿਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰ ਸਕਦੀ ਹੈ। ਕਾਂਗਰਸ ਦਾ ਵੋਟ ਸ਼ੇਅਰ 44 ਫੀਸਦੀ ਹੋਣ ਦੀ ਉਮੀਦ ਹੈ। ਇਸ ਦੇ ਨਾਲ ਹੀ ਭਾਜਪਾ 39 ਫੀਸਦੀ ਦੇ ਵੋਟ ਸ਼ੇਅਰ ਨਾਲ ਦੂਜੇ ਨੰਬਰ ਦੀ ਪਾਰਟੀ ਬਣ ਸਕਦੀ ਹੈ।

### ਇੰਜ ਹੋਇਆ ਸਰਵੇਖਣ

ਮੋਦੀ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਉਤੇ ਏ.ਬੀ.ਪੀ. ਨਿਊਜ਼ ਨੇ ਦੇਸ਼ ਦਾ ਮੂਡ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਰਵੇਖਣ 28 ਅਪਰੈਲ 2018 ਤੋਂ 17 ਮਈ 2018 ਦਰਮਿਆਨ ਕੀਤਾ ਗਿਆ ਹੈ। 19 ਸੂਬਿਆਂ ਵਿਚ 700 ਥਾਵਾਂ ਤੋਂ 175 ਵਿਧਾਨ ਸਭਾ ਸੀਟਾਂ ਉਤੇ ਜਾ ਕੇ 15,859 ਲੋਕਾਂ ਦੀ ਰਾਏ ਲੈਣ ਤੋਂ ਬਾਅਦ ਨਤੀਜੇ ਕੱਢੇ ਗਏ ਹਨ।

# ਮੋਦੀ ਵਿਰੋਧੀਆਂ ਦੀ ਲਾਮਬੰਦੀ ਲਈ ਮਮਤਾ ਨੇ ਫੜੀ ਸਰਗਰਮੀ

**ਕੋਲਕਾਤਾ:** ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਉੱਤਰ ਪ੍ਰਦੇਸ਼ 'ਚ ਮਾਇਆਵਤੀ-ਅਖਿਲੇਸ਼ ਨੂੰ ਇਕੱਠੇ ਕਰਨ ਦੇ ਨਾਲ ਹੀ ਕਰਨਾਟਕ ਵਿਚ 'ਚ 2014 ਤੋਂ ਪਹਿਲਾਂ ਵੀ ਉਨ੍ਹਾਂ ਦੀ ਸਰਕਾਰ ਸੀ। ਇਨ੍ਹਾਂ 'ਚੋਂ ਵੀ ਗੋਆ ਵਿਚ ਉਸ ਨੂੰ ਬਹੁਮਤ ਨਹੀਂ ਮਿਲਿਆ। ਭਾਜਪਾ ਦੀ ਉਤਰ ਪ੍ਰਦੇਸ਼ 'ਚ ਵੀ



ਕਾਂਗਰਸ-ਜੇ.ਡੀ. ਐਸ. ਨੂੰ ਨੇੜੇ ਲੈ ਕੇ ਆਉਣ, ਗੁਜਰਾਤ 'ਚ ਹਾਰਦਿਕ ਪਟੇਲ ਅਤੇ ਦੂਜੇ ਵਿਰੋਧੀਆਂ ਨੂੰ ਮੋਦੀ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਸ਼ਹਿ ਦੇਣ ਤੋਂ ਬਾਅਦ ਹੁਣ ਫੈਸਲਾ ਕੀਤਾ ਗਿਆ ਹੈ ਕਿ 2019 'ਚ ਮੋਦੀ ਨੂੰ ਸੱਤਾ ਤੋਂ ਬਾਹਰ ਕਰਨ ਲਈ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦਾ ਦੌਰਾ ਕਰ ਕੇ ਕੇਂਦਰ ਵੱਲੋਂ ਕੀਤੇ ਜਾ ਰਹੇ ਭੰਡੀ ਪ੍ਰਚਾਰ ਦਾ ਪਰਦਾਫਾਸ਼ ਕੀਤਾ ਜਾਵੇਗਾ।

ਤ੍ਰਿਣਮੂਲ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਮਮਤਾ ਦਾ ਮੰਨਣਾ ਹੈ ਕਿ ਮੋਦੀ ਵਿਰੋਧੀ ਗੱਠਜੋੜ ਇਕੱਠਾ ਹੈ ਅਤੇ ਖੇਤਰੀ ਫਰੰਟ ਨੂੰ ਮਜ਼ਬੂਤ ਕਰਨ ਦਾ ਇਹੋ ਸਭ ਤੋਂ ਵਧੀਆ ਮੌਕਾ ਹੈ। ਤ੍ਰਿਣਮੂਲ ਵੱਲੋਂ ਭਾਜਪਾ ਦੇ ਇਸ ਦਾਅਵੇ ਦੀ ਵੀ ਹਵਾ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿ ਸਾਰੇ ਰਾਜਾਂ 'ਚ ਪਾਰਟੀ ਦਾ ਬੋਲਬਾਲਾ ਹੈ। ਇਕ ਅਖਬਾਰ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਭਾਜਪਾ ਦੀ 29 ਰਾਜਾਂ ਵਿਚੋਂ ਸਿਰਫ 10 ਰਾਜਾਂ ਵਿਚ ਸਰਕਾਰ ਹੈ ਅਤੇ ਇਨ੍ਹਾਂ ਵਿਚੋਂ 6 ਹਾਲਤ ਮਾੜੀ ਹੋਈ ਹੈ। ਇਸ ਦੇ ਨਾਲ ਹੀ ਬੰਗਾਲ, ਪੰਜਾਬ, ਕੇਰਲ, ਤੇਲੰਗਾਨਾ, ਦਿੱਲੀ ਸਮੇਤ ਇਹੋ ਜਿਹੇ 10 ਰਾਜ ਵੀ ਹਨ, ਜਿਥੇ ਭਾਜਪਾ ਦੀਆਂ 10 ਸੀਟਾਂ ਵੀ ਨਹੀਂ ਹਨ।

## ਕਾਂਗਰਸ ਨੇ ਲੋਕਾਂ ਤੋਂ ਮੰਗਿਆ ਚੰਦਾ

**ਨਵੀਂ ਦਿੱਲੀ:** ਆਰਥਿਕ ਤੰਗੀ ਨਾਲ ਜੂਝ ਰਹੀ ਕਾਂਗਰਸ ਪਾਰਟੀ ਨੇ ਆਮ ਲੋਕਾਂ ਤੋਂ ਚੰਦਾ ਮੰਗਿਆ ਹੈ। ਪਾਰਟੀ ਨੇ ਆਪਣੇ ਅਧਿਕਾਰਕ ਟਵਿੱਟਰ ਤੋਂ 'ਲੋਕਤੰਤਰ ਨੂੰ ਬਚਾਉਣ ਲਈ ਮਦਦ' ਦੀ ਅਪੀਲ ਕਰਦਿਆਂ ਚੰਦੇ ਦੇ ਫਾਰਮ ਦਾ ਲਿੰਕ ਜਨਤਾ ਨਾਲ ਸਾਂਝਾ ਕੀਤਾ ਹੈ। ਇਸ ਤੋਂ ਪਹਿਲਾਂ ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਫੰਡ ਦੀ ਕਮੀ ਸਬੰਧੀ ਛਪੀ ਇਕ ਰਿਪੋਰਟ ਉਤੇ ਪ੍ਰਤੀਕਿਰਿਆ ਕਰਦਿਆਂ ਕਿਹਾ ਸੀ ਕਿ ਕਾਂਗਰਸ ਨੂੰ ਫੰਡ ਦੀ ਕਮੀ ਨੂੰ ਸਵੀਕਾਰ ਕਰਨ ਵਿਚ ਸ਼ਰਮਿੰਦਾ ਨਹੀਂ ਹੋਣਾ ਚਾਹੀਦਾ।

ਟਵਿੱਟਰ ਉਤੇ ਸਰਗਰਮ ਰਹਿਣ ਵਾਲੇ ਥਰੂਰ ਨੇ ਇਹ ਵੀ ਕਿਹਾ ਕਿ ਸਾਨੂੰ ਉਨ੍ਹਾਂ ਚਿੰਤਾਵਾਨ ਨਾਗਰਿਕਾਂ ਦੀ ਮਦਦ ਲੈਣੀ ਚਾਹੀਦੀ ਹੈ ਤਾਂ ਜੋ ਭਾਜਪਾ ਦੇ ਧਨ-ਬਲ ਦਾ ਮੁਕਾਬਲਾ ਕੀਤਾ ਜਾ ਸਕੇ। ਥਰੂਰ ਨੇ ਭਾਜਪਾ ਦੇ ਸੱਤਾ ਵਿਚ ਹੋਣ ਨੂੰ ਵੱਧ ਚੰਦਾ ਮਿਲਣ ਦਾ ਕਾਰਨ ਦੱਸਿਆ। ਉਸ ਨੇ ਕਿਹਾ ਕਿ ਕਰਨਾਟਕ 'ਚ ਕਾਂਗਰਸ ਦੇ ਜ਼ਿਆਦਾਤਰ ਉਮੀਦਵਾਰਾਂ ਨੇ ਆਪਣੇ ਖਰਚੇ ਉਤੇ ਚੋਣ ਲੜੀ। ਇਕ ਮਾਮਲੇ 'ਚ ਪਾਰਟੀ ਨੇ ਜਨਤਾ ਤੋਂ ਚੰਦਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜੋ ਕਾਮਯਾਬ ਰਹੀ।

ਹੁਣ ਇਸ ਕੋਸ਼ਿਸ਼ ਨੂੰ ਰਾਸ਼ਟਰੀ ਪੱਧਰ ਉਤੇ ਅਜ਼ਮਾਉਣ ਲਈ ਕਾਂਗਰਸ ਨੇ ਜਨਤਾ ਤੋਂ ਮਦਦ ਦੀ ਅਪੀਲ ਕੀਤੀ ਹੈ। ਚੰਦੇ 'ਚ ਮਦਦ ਨੂੰ ਭਾਰਤ ਲਈ ਯੋਗਦਾਨ ਦੱਸਦਿਆਂ ਕਾਂਗਰਸ ਨੇ ਕਿਹਾ ਕਿ ਪਾਰਟੀ ਨੂੰ ਤੁਹਾਡੀ ਹਮਾਇਤ ਅਤੇ ਮਦਦ ਚਾਹੀਦੀ ਹੈ, ਨਾਲ ਹੀ ਲਿਖਿਆ ਕਿ 70 ਸਾਲ ਪੁਰਾਣੇ ਲੋਕਤੰਤਰ ਨੂੰ ਬਚਾਉਣ ਲਈ ਆਪਣਾ ਯੋਗਦਾਨ ਦੇ ਕੇ ਮਦਦ ਕਰੋ।

# ਕਰਨਾਟਕ: ਜੇਡੀ (ਐਸ)-ਕਾਂਗਰਸ ਨੇ ਖਦੇੜੀ ਭਾਜਪਾ

**ਬੰਗਲੌਰ:** ਕਰਨਾਟਕ ਵਿਚ ਜੇਡੀ (ਐਸ)-ਕਾਂਗਰਸ ਸਰਕਾਰ ਨੇ ਵਿਧਾਨ ਸਭਾ ਵਿਚ ਮੁਕਾਬਲੇ ਤੋਂ ਬਿਨਾਂ ਹੀ ਭਰੋਸੇ ਦੀ ਵੋਟ ਜਿੱਤ ਲਈ ਹੈ, ਕਿਉਂਕਿ ਭਾਜਪਾ ਵਿਧਾਇਕਾਂ ਨੇ ਵੋਟਿੰਗ ਤੋਂ ਪਹਿਲਾਂ ਸਦਨ ਤੋਂ ਵਾਕਆਊਟ ਕਰ ਦਿੱਤਾ। ਇਸ ਦੇ ਨਾਲ ਹੀ ਸੂਬੇ ਵਿਚ ਵਿਧਾਨ ਸਭਾ ਚੋਣਾਂ ਵਿਚ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਕਾਰਨ ਪੈਦਾ ਹੋਏ ਸਿਆਸੀ ਨਾਟਕ ਦਾ ਪਰਦਾ ਡਿੱਗ ਗਿਆ।

ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਭਾਜਪਾ ਦੇ ਬੀ.ਐਸ. ਯੇਡੀਯੁਰੱਪਾ ਨੇ ਹਾਕਮ ਗੱਠਜੋੜ ਉਤੇ ਜ਼ੋਰਦਾਰ ਹੱਲਾ ਬੋਲਦਿਆਂ ਇਸ ਨੂੰ 'ਨਾਪਾਕ' ਕਰਾਰ ਦਿੱਤਾ। ਫਿਰ ਉਹ ਆਪਣੇ ਵਿਧਾਇਕਾਂ ਸਣੇ ਵਾਕਆਊਟ ਕਰ ਗਏ, ਜਿਸ ਕਾਰਨ 58 ਸਾਲਾ ਸ੍ਰੀ ਕੁਮਾਰਸਵਾਮੀ ਨੂੰ ਬਹੁਮਤ ਸਾਬਤ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਈ। ਸਪੀਕਰ ਕੇ.ਆਰ. ਰਮੇਸ਼ ਕੁਮਾਰ ਨੇ ਭਰੋਸੇ ਦੇ ਮਤੇ ਨੂੰ ਜ਼ਬਾਨੀ ਵੋਟ ਰਾਹੀਂ ਪਾਸ ਐਲਾਨ ਦਿੱਤਾ।



ਸ੍ਰੀ ਕੁਮਾਰਸਵਾਮੀ ਨੇ ਭਾਜਪਾ ਦੇ ਵਾਕਆਊਟ ਨੂੰ ਅਸਲੀਅਤ ਤੋਂ 'ਮੂੰਹ ਲੁਕਾਉਣ' ਦੇ ਤੁੱਲ ਕਰਾਰ ਦਿੱਤਾ।

ਭਾਜਪਾ ਵੱਲੋਂ ਵਿਧਾਨ ਸਭਾ ਵਿਚ ਆਪਣੀ ਹਾਰ ਮੰਨ ਲੈਣ ਦੀ ਗੱਲ ਤਾਂ ਉਦੋਂ ਹੀ ਜ਼ਾਹਰ ਹੋ ਗਈ ਸੀ ਜਦੋਂ ਇਸ ਨੇ ਸਪੀਕਰ ਦੇ ਅਹੁਦੇ ਲਈ ਆਪਣੇ ਉਮੀਦਵਾਰ ਸੁਰੇਸ਼ ਕੁਮਾਰ ਦਾ ਨਾਂ ਪਹਿਲਾਂ ਹੀ ਵਾਪਸ ਲੈ ਲਿਆ, ਜਿਸ ਕਾਰਨ ਕਾਂਗਰਸ ਦੇ ਰਮੇਸ਼ ਕੁਮਾਰ ਬਿਨਾਂ ਮੁਕਾਬਲਾ ਸਪੀਕਰ ਚੁਣੇ ਗਏ। ਹਾਕਮ ਗੱਠਜੋੜ ਕੁੱਲ 224 ਮੈਂਬਰਾਂ ਵਾਲੇ ਸਦਨ ਦੇ ਅਸਲ 221 ਮੈਂਬਰਾਂ ਵਿਚੋਂ 117 ਵਿਧਾਇਕਾਂ ਦੀ ਹਮਾਇਤ ਦਾ ਦਾਅਵਾ ਕਰ ਰਿਹਾ ਹੈ। ਇਨ੍ਹਾਂ ਵਿਚੋਂ 78 ਵਿਧਾਇਕ ਕਾਂਗਰਸ ਦੇ, 36 ਜੇਡੀ (ਐਸ) ਤੇ ਇਕ ਬਹੁਜਨ ਸਮਾਜ ਪਾਰਟੀ ਦਾ ਹੈ।

ਸਦਨ ਵਿਚ ਆਪਣੇ ਭਰੋਸੇ ਦਾ ਮਤਾ ਪੇਸ਼ ਕਰਦਿਆਂ ਸ੍ਰੀ ਕੁਮਾਰਸਵਾਮੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਪਣਾ ਪੰਜ ਸਾਲਾ ਕਾਰਜਕਾਲ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਤੋਂ ਸੁਚੇਤ ਹਨ ਕਿ ਉਨ੍ਹਾਂ ਦੀ ਸਰਕਾਰ ਬਹੁਗਿਣਤੀ ਸਰਕਾਰ ਨਹੀਂ ਹੈ, ਪਰ ਉਨ੍ਹਾਂ ਇਸ ਸਮੇਂ 'ਇਕ ਨਵੀਂ ਤਰ੍ਹਾਂ ਦੀ' ਕੁਲੀਸ਼ਨ ਸਰਕਾਰ ਦੇਣ ਦਾ ਵਾਅਦਾ ਕੀਤਾ, ਜੋ ਦੇਸ਼ ਭਰ ਲਈ ਮਿਸਾਲ ਬਣੇਗੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੱਗ ਲਾਹੁਣ ਦੀ ਸ਼ਰਤ ਕਰ ਕੇ ਸਿੱਖ ਨੇ ਛੱਡਿਆ ਫਰਾਂਸ

**ਚੰਡੀਗੜ੍ਹ:** 25 ਸਾਲ ਪਹਿਲਾਂ ਬਿਹਤਰ ਰੁਜ਼ਗਾਰ ਲਈ ਫਰਾਂਸ ਗਏ ਅੰਬਾਲਾ ਦੇ ਸਿੱਖ ਰਣਜੀਤ ਸਿੰਘ (82) ਭਾਰਤ ਵਾਪਸ ਆ ਗਏ ਹਨ। ਫਰਾਂਸ ਵਿਚ ਰਣਜੀਤ ਸਿੰਘ ਨੂੰ ਆਪਣੇ ਸ਼ਨਾਖਤੀ ਕਾਰਡ ਦੇ ਨਵੀਨੀਕਰਨ ਲਈ ਪੱਗ ਲਾਹ



ਕੇ ਫੋਟੋ ਖਿਚਵਾਉਣ ਲਈ ਕਿਹਾ ਗਿਆ ਸੀ। ਇਸ ਲਈ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਤੇ ਇਸ ਬਗਾਵਤ ਲਈ ਉਨ੍ਹਾਂ ਨੂੰ ਖਾਮਿਆਜ਼ਾ ਵੀ ਭੁਗਤਣਾ ਪਿਆ।

ਫਰਾਂਸ ਵੱਲੋਂ ਉਨ੍ਹਾਂ ਨੂੰ ਮਿਲਣ ਵਾਲੇ ਗੁਜ਼ਾਰਾ ਭੱਤੇ ਉਤੇ ਰੋਕ ਲਾ ਦਿੱਤੀ ਗਈ। ਤਕਰੀਬਨ ਦੋ ਦਹਾਕੇ ਫਰਾਂਸੀਸੀ ਅਧਿਕਾਰੀਆਂ ਨਾਲ ਲੜਾਈ ਤੋਂ ਬਾਅਦ ਰਣਜੀਤ ਸਿੰਘ ਆਪਣੇ ਪੁੱਤਰ ਨਾਲ ਭਾਰਤ ਵਾਪਸ ਆਏ। ਹੁਣ ਆਪਣੇ ਛੋਟੇ ਪੁੱਤਰ ਨਾਲ ਪਠਾਨਕੋਟ ਵਿਚ ਰਹਿਣਗੇ।

ਰਣਜੀਤ ਸਿੱਖ ਮਾਰਚ 1991 ਵਿਚ ਫਰਾਂਸ ਗਏ ਸਨ। ਉਨ੍ਹਾਂ ਨੂੰ ਪਹਿਲੀ ਵਾਰ 1993 ਵਿਚ ਪੱਗ ਸਣੇ ਆਈ ਕਾਰਡ ਜਾਰੀ ਕੀਤਾ ਗਿਆ ਸੀ ਤੇ 2001 ਵਿਚ ਇਸ ਨੂੰ ਰੀਨਿਊ ਕਰਾਉਣਾ ਪੈਣਾ ਸੀ। ਇਸ ਵਾਰ ਫਰਾਂਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਬਗੈਰ ਪੱਗ ਦੇ ਆਪਣੀ ਫੋਟੋ ਦੇਣ ਲਈ ਕਿਹਾ ਜਿਸ ਲਈ ਰਣਜੀਤ ਸਿੰਘ ਨੇ ਇਨਕਾਰ ਕਰ ਦਿੱਤਾ। ਕੁਝ ਸਾਲਾਂ ਬਾਅਦ ਫਰਾਂਸ ਦੀ ਸਰਕਾਰ ਨੇ ਉਨ੍ਹਾਂ ਨੂੰ ਮਿਲਣ ਵਾਲੇ ਸਮਾਜਿਕ ਸੁਰੱਖਿਆ ਭੱਤੇ ਉਤੇ ਵੀ ਰੋਕ ਲਾ ਦਿੱਤੀ।

ਰਣਜੀਤ ਸਿੰਘ ਨੇ ਫਰਾਂਸ ਸਰਕਾਰ ਦੇ ਖਿਲਾਫ਼ ਪ੍ਰਸ਼ਾਸਨਿਕ ਟ੍ਰਿਬਿਊਨਲ ਵਿਚ ਕੇਸ ਦਰਜ ਕੀਤਾ। ਇਸ ਪਿੱਛੋਂ ਉਹ ਯੂਰਪ ਦੇ ਮਨੁੱਖੀ ਅਧਿਕਾਰ ਕੋਰਟ ਵਿਚ ਮਾਮਲਾ ਲੈ ਕੇ ਗਏ ਜਿਥੇ ਉਨ੍ਹਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ। ਅਖੀਰ ਉਨ੍ਹਾਂ ਫੋਟੋ ਖਿਚਵਾਉਣ ਸਮੇਂ ਪੱਗ ਉਤੇ ਪਾਬੰਦੀ ਦੇ ਕਾਨੂੰਨ ਵਿਰੁੱਧ ਸੰਯੁਕਤ ਰਾਸ਼ਟਰ ਦਾ ਰੁਖ਼ ਅਖਤਿਆਰ ਕੀਤਾ। ਸੰਯੁਕਤ ਰਾਸ਼ਟਰ ਨੇ ਸਿੱਟਾ ਕੱਢਿਆ ਕਿ ਫਰਾਂਸ ਨੇ ਰਣਜੀਤ ਸਿੰਘ ਦਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਕੀਤੀ। ਇਸ ਫੈਸਲੇ ਦੇ 6 ਸਾਲ ਬਾਅਦ ਤੱਕ ਵੀ ਫਰਾਂਸ ਦੀ ਸਰਕਾਰ ਨੇ ਉਨ੍ਹਾਂ ਨੂੰ ਭੱਤਾ ਨਹੀਂ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਆਈਆਂ।

# ਗੁਰਮੀਤ ਪਿੰਕੀ 'ਤੇ ਕਾਂਗਰਸ ਸਰਕਾਰ ਵੀ ਮਿਹਰਬਾਨ

**ਚੰਡੀਗੜ੍ਹ:** ਪੰਜਾਬ ਪੁਲਿਸ ਦਾ ਵਿਵਾਦਤ 'ਇੰਸਪੈਕਟਰ' ਗੁਰਮੀਤ ਸਿੰਘ ਉਰਫ ਪਿੰਕੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਸਰਕਾਰ ਦਾ ਅਸ਼ੀਰਵਾਦ ਹਾਸਲ ਕਰ ਕੇ ਵੱਡੀ ਰਾਹਤ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ ਹੈ। ਡੀ.ਜੀ.ਪੀ. ਵੱਲੋਂ ਕੀਤੇ ਤਾਜ਼ਾ ਹੁਕਮਾਂ ਮੁਤਾਬਕ ਇਸ ਵਿਵਾਦਤ ਇੰਸਪੈਕਟਰ ਦੀ ਬਰਖਾਸਤਗੀ ਨੂੰ ਪਹਿਲਾਂ ਜ਼ਬਰੀ ਸੇਵਾ ਮੁਕਤੀ ਅਤੇ ਹੁਣ ਸਧਾਰਨ ਸੇਵਾ ਮੁਕਤੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਦੋਵਾਂ ਸਰਕਾਰਾਂ ਦੀ ਇਸ ਮਿਹਰਬਾਨੀ ਨਾਲ ਪਿੰਕੀ ਨੂੰ ਹੁਣ ਪੈਨਸ਼ਨ ਅਤੇ ਸੇਵਾ ਮੁਕਤੀ ਦੇ ਹੋਰ ਲਾਭ ਦਿੱਤੇ ਜਾ ਸਕਦੇ ਹਨ।

ਪੰਜਾਬ ਪੁਲਿਸ ਵੱਲੋਂ ਜਾਰੀ ਤਾਜ਼ਾ ਹੁਕਮਾਂ ਵਿਚ ਪਿੰਕੀ ਵੱਲੋਂ ਅਤਿਵਾਦ ਦੇ ਸਮੇਂ ਦੌਰਾਨ ਨਿਭਾਈਆਂ ਗਈਆਂ ਚੰਗੀਆਂ ਸੇਵਾਵਾਂ ਦੇ ਮੱਦੇਨਜ਼ਰ ਅਪੀਲ ਮੰਨਦਿਆਂ ਰਾਹਤ ਦੇਣ ਦਾ ਦਾਅਵਾ ਕੀਤਾ ਗਿਆ ਹੈ। ਇਸ ਰਾਹਤ ਦਾ ਅਹਿਮ ਪਹਿਲੂ ਇਹ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਨਤੀਜਾ ਆਉਣ ਤੋਂ ਇਕ ਦਿਨ ਪਹਿਲਾਂ 9 ਮਾਰਚ, 2017 ਨੂੰ ਗੁਰਮੀਤ ਪਿੰਕੀ ਦੀ ਬਰਖਾਸਤਗੀ ਨੂੰ ਜਬਰੀ ਸੇਵਾ ਮੁਕਤੀ ਵਿਚ ਤਬਦੀਲ ਕੀਤਾ ਗਿਆ। 10 ਮਾਰਚ 2017 ਨੂੰ ਆਏ ਨਤੀਜਿਆਂ ਮਗਰੋਂ ਸੂਬੇ 'ਚ ਸੱਤਾ ਤਬਦੀਲੀ ਹੋ ਗਈ ਸੀ। ਇਸ ਤਰ੍ਹਾਂ ਨਾਲ ਬਾਦਲ ਸਰਕਾਰ ਨੇ ਆਪਣੇ ਅੰਤਲੇ ਦਿਨਾਂ ਦੌਰਾਨ ਇਸ ਵਿਵਾਦਤ ਪੁਲਿਸ ਕਰਮਚਾਰੀ ਨੂੰ ਵੱਡੀ ਰਾਹਤ ਦਿੱਤੀ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਲੰਘੀ 16 ਮਈ ਨੂੰ ਨਵੇਂ ਹੁਕਮ ਜਾਰੀ ਕਰਦਿਆਂ ਪਿੰਕੀ ਨੂੰ ਸੇਵਾ ਮੁਕਤੀ ਤੇ ਪੈਨਸ਼ਨ ਦੇ ਲਾਭ ਲੈਣ ਦੇ ਯੋਗ ਬਣਾ ਦਿੱਤਾ ਹੈ।

# ਸੈਲਾਨੀਆਂ ਦਾ ਪਸੰਦੀਦਾ ਸਥਾਨ ਬਣਿਆ ਬੰਗਲਾ ਸਾਹਿਬ

**ਨਵੀਂ ਦਿੱਲੀ:** ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ ਪਵਿੱਤਰ ਛੋਹ ਪ੍ਰਾਪਤ ਗੁਰਦੁਆਰਾ ਬੰਗਲਾ ਸਾਹਿਬ ਕੌਮਾਂਤਰੀ ਸੈਲਾਨੀਆਂ ਦਾ ਪਸੰਦੀਦਾ ਸਥਾਨ ਬਣ ਚੁੱਕਾ ਹੈ। ਇਸ ਸਾਲ ਹੁਣ ਤੱਕ ਤਕਰੀਬਨ 6 ਲੱਖ ਕੌਮਾਂਤਰੀ ਸੈਲਾਨੀ ਇਸ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ। ਸਾਲ 2017 ਦੌਰਾਨ ਕਰੀਬ 12 ਲੱਖ ਕੌਮਾਂਤਰੀ ਸੈਲਾਨੀਆਂ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਸਨ। ਇਕ ਸਰਵੇਖਣ ਦੌਰਾਨ ਸਾਹਮਣੇ ਆਇਆ ਕਿ ਗੁਰਦੁਆਰਾ ਬੰਗਲਾ ਸਾਹਿਬ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਗਿਆ ਤੇ ਇਥੇ ਦਿੱਲੀ, ਐਨ.ਸੀ.ਆਰ. ਤੇ ਦੇਸ਼ ਦੇ ਹੋਰ ਹਿੱਸਿਆਂ ਤੋਂ ਵੀ ਸੰਗਤ ਜੁੜਦੀ ਹੈ, ਖਾਸ ਕਰ ਕੇ ਐਤਵਾਰ ਨੂੰ ਇਥੇ ਖਾਸੀ ਭੀੜ ਰਹਿੰਦੀ ਹੈ। ਵਿਦੇਸ਼ੀ ਸੈਲਾਨੀਆਂ ਵੱਲੋਂ ਇਥੋਂ ਦੇ ਸਵੱਛ ਤੇ ਸ਼ਾਤ ਵਾਤਾਵਰਨ, ਅਧਿਆਤਮਕ ਅਹਿਸਾਸ ਤੇ ਧਾਰਮਿਕ ਅਤੇ ਇਤਿਹਾਸਕ ਪ੍ਰਸੰਗ ਨੂੰ ਚੰਗਾ ਸਮਝਿਆ ਜਾਂਦਾ ਹੈ।

ਦਿੱਲੀ ਕਮੇਟੀ ਵੱਲੋਂ ਇਥੇ ਵਿਦੇਸ਼ੀ ਸੈਲਾਨੀਆਂ ਲਈ ਸੂਚਨਾ ਕੇਂਦਰ ਸਥਾਪਤ ਕੀਤਾ ਹੋਇਆ ਹੈ ਜਿਥੇ ਉਨ੍ਹਾਂ ਨੂੰ 10 ਵਿਦੇਸ਼ੀ ਭਾਸ਼ਾਵਾਂ ਸਣੇ ਅੰਗਰੇਜ਼ੀ ਵਿਚ ਧਾਰਮਿਕ ਸਾਹਿਤ ਵੀ ਦਿੱਤਾ ਜਾਂਦਾ ਹੈ। ਇਸ ਸਾਲ ਤਕਰੀਬਨ ਇਕ ਲੱਖ ਦਾ ਸਾਹਿਤ ਮੁਫਤ ਵੰਡਿਆ ਜਾ ਚੁੱਕਾ ਹੈ। ਮਨਪ੍ਰੀਤ ਸਿੰਘ ਸਣੇ 7 ਦੁਭਾਸ਼ੀਏ ਵਿਦੇਸ਼ੀ ਸੈਲਾਨੀਆਂ ਨੂੰ ਸਿੱਖੀ ਫਲਸਫੇ ਤੇ ਰਵਾਇਤਾਂ ਬਾਰੇ ਜਾਣਕਾਰੀ ਦਿੰਦੇ ਹਨ। ਵਿਦੇਸ਼ੀ ਸੈਲਾਨੀ 15 ਤੋਂ 25 ਜਾਂ 30 ਦੇ ਸਮੂਹ ਵਿਚ ਆਉਂਦੇ ਹਨ।

ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਚੇਅਰਮੈਨ ਪਦਮ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਦੇ ਯਤਨਾਂ ਸਦਕਾ ਇਥੇ ਮਲਟੀਮੀਡੀਆ ਅਜਾਇਬ ਘਰ ਸਥਾਪਤ ਕੀਤਾ ਗਿਆ ਸੀ ਜਿਸ ਨੂੰ ਦੇਖਣ ਵਾਲਿਆਂ ਬਾਰੇ ਰੋਜ਼ਾਨਾ ਅੰਕੜੇ ਇਕੱਠੇ ਕੀਤੇ ਜਾਂਦੇ ਹਨ।

# ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨਾਲ ਸੈਲਫੀ ਲੈ ਸਕਣਗੇ ਸੈਲਾਨੀ

**ਚੰਡੀਗੜ੍ਹ:** ਹੁਸੈਨੀਵਾਲਾ ਸਥਿਤ ਬੀ.ਐਸ.ਐਫ. ਦੇ ਅਜਾਇਬਘਰ ਵਿਚ ਆਉਣ ਵਾਲੇ ਸੈਲਾਨੀ ਹੁਣ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਸਹੀ ਢੰਗ ਨਾਲ ਦੇਖ ਸਕਣਗੇ ਤੇ ਇਸ ਨਾਲ ਸੈਲਫੀ ਵੀ ਖਿੱਚ ਸਕਣਗੇ ਕਿਉਂਕਿ ਬੀ.ਐਸ.ਐਫ. ਵੱਲੋਂ ਸ਼ਹੀਦ ਦੇ ਪਿਸਤੌਲ ਨੂੰ ਮੌਜੂਦਾ ਛੋਟੇ ਬਕਸੇ ਦੀ ਥਾਂ ਹੁਣ ਨਵੇਂ ਬਕਸੇ ਵਿਚ ਰੱਖਿਆ ਜਾਵੇਗਾ।

ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੇ ਡਾਇਰੈਕਟਰ ਜਨਰਲ ਕੇ.ਕੇ. ਸ਼ਰਮਾ ਨੇ ਦੱਸਿਆ ਕਿ ਅਜਾਇਬਘਰ 'ਚ ਸ਼ਹੀਦ ਦਾ ਪਿਸਤੌਲ ਇਸ ਢੰਗ ਨਾਲ ਰੱਖਿਆ ਜਾਵੇਗਾ ਕਿ ਇਥੇ ਆਉਣ ਵਾਲੇ ਲੋਕ ਇਸ ਨੂੰ ਸਹੀ ਢੰਗ ਨਾਲ ਦੇਖ ਸਕਣ ਤੇ ਇਸ ਨਾਲ ਸੈਲਫੀ ਵੀ ਖਿੱਚ ਸਕਣ। ਉਨ੍ਹਾਂ ਬੀ.ਐਸ.ਐਫ. ਦੇ ਪੰਜਾਬ ਫਰੰਟੀਅਰ ਦੇ ਆਈ.ਜੀ. ਨੂੰ ਇਸ ਸਬੰਧੀ ਸਖਤ ਹਦਾਇਤ ਕਰਦਿਆਂ ਕਿਹਾ ਕਿ ਸ਼ਹੀਦ ਦੇ ਪਿਸਤੌਲ ਨੂੰ ਸੀ.ਸੀ.ਟੀ.ਵੀ. ਕੈਮਰਿਆਂ ਦੀ ਨਿਗਰਾਨੀ ਹੇਠ ਰੱਖਿਆ ਜਾਵੇ। ਇਸ ਪਿਸਤੌਲ ਦਾ ਬਕਸਾ ਨਾ-ਟੁੱਟਣਯੋਗ ਕੱਚ ਦਾ ਬਣਿਆ ਹੋਵੇ ਤੇ ਇਸ ਦੀ ਪੂਰੀ ਸੁਰੱਖਿਆ ਕੀਤੀ ਜਾਵੇ।

ਇਸ ਸਮੇਂ ਇਹ ਪਿਸਤੌਲ ਕੱਚ ਤੇ ਐਲੂਮੀਨੀਅਮ ਦੀਆਂ ਗਰਿੱਲਾਂ ਨਾਲ ਬਣੇ ਬਕਸੇ ਵਿਚ ਰੱਖਿਆ ਹੋਇਆ ਹੈ। ਇਥੇ ਆਉਣ ਵਾਲੇ ਸੈਲਾਨੀਆਂ, ਜਿਨ੍ਹਾਂ 'ਚ ਇਤਿਹਾਸਕਾਰ ਤੇ ਮੀਡੀਆ ਕਰਮੀ ਵੀ ਸ਼ਾਮਲ ਹਨ, ਨੇ ਕਈ ਵਾਰ ਮੰਗ ਕੀਤੀ ਸੀ ਕਿ ਇਸ ਪਿਸਤੌਲ ਨੂੰ ਸਹੀ ਢੰਗ ਨਾਲ ਪ੍ਰਦਰਸ਼ਿਤ ਕੀਤਾ ਜਾਵੇ। ਜ਼ਿਕਰਯੋਗ ਹੈ ਇਹ ਉਹ ਪਿਸਤੌਲ ਹੈ ਜਿਸ ਨਾਲ ਸ਼ਹੀਦ ਭਗਤ ਸਿੰਘ ਨੇ 17 ਦਸੰਬਰ 1928 ਨੂੰ ਬਰਤਾਨਵੀ ਪੁਲਿਸ ਅਫਸਰ ਜੇਪੀ ਸਾਂਡਰਸ ਨੂੰ ਗੋਲੀ ਮਾਰੀ ਸੀ।

# ਦਰਬਾਰ ਸਾਹਿਬ ਨਤਮਸਤਕ ਹੋਏ ਗੇਂਦਬਾਜ਼ ਬ੍ਰੈਟ ਲੀ

**ਅੰਮ੍ਰਿਤਸਰ:** ਆਸਟਰੇਲੀਆ ਦੇ ਤੇਜ਼ ਗੇਂਦਬਾਜ਼ ਬ੍ਰੈਟ ਲੀ ਗੁਰੂ ਨਗਰੀ ਦੇ ਦੋ ਦਿਨਾਂ ਦੌਰੇ ਉਤੇ ਆਏ। ਪਹਿਲੇ ਦਿਨ ਬ੍ਰੈਟ ਲੀ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਬੋਲਣ ਤੇ ਸੁਣਨ ਤੋਂ ਅਸਮਰੱਥ ਬੱਚਿਆਂ ਨੂੰ ਮਿਲਣ ਲਈ ਗਏ। ਦੂਜੇ ਦਿਨ ਉਹ ਦਸਤਾਰ ਸਜਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ।

ਦਰਬਾਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬ੍ਰੈਟ ਲੀ ਨੇ ਸਭ ਤੋਂ ਪਹਿਲਾਂ ਸਤਿ ਸ੍ਰੀ ਅਕਾਲ ਬੁਲਾਈ। ਇਸ ਤੋਂ ਬਾਅਦ ਲੀ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਘਰ ਆ ਕੇ ਅਦਭੁਤ ਆਨੰਦ ਦੀ ਪ੍ਰਾਪਤੀ ਹੋਈ। ਲੀ ਨੇ ਕਿਹਾ ਕਿ ਪੰਜਾਬ ਦੇ ਲੋਕ ਬਾਹਰੋਂ ਆਉਣ ਵਾਲਿਆਂ ਦਾ ਖੁੱਲ੍ਹਦਿਲੀ ਨਾਲ ਸਵਾਗਤ ਕਰਦੇ ਹਨ। ਗੇਂਦਬਾਜ਼ ਨੇ ਪੰਜਾਬੀ ਖਾਣੇ ਦੀ ਰੱਜ ਕੇ ਸ਼ਲਾਘਾ ਕੀਤੀ। ਹਾਲਾਂਕਿ, ਕ੍ਰਿਕਟ ਜਗਤ ਨਾਲ ਜੁੜੇ ਸਵਾਲਾਂ ਬਾਰੇ ਉਨ੍ਹਾਂ ਚੁੱਪ ਹੀ ਧਾਰੀ ਰੱਖੀ।

# ਢੱਡਰੀਆਂ ਵਾਲੇ ਤੇ ਟਕਸਾਲ ਵਿਚਲਾ ਵਿਵਾਦ ਹੋਰ ਉਲਝਿਆ

*(ਸਫਾ ਇਕ ਦੀ ਬਾਕੀ)*

ਸਾਹਿਬਾਨ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਚੁੱਪ ਵੱਟੀ ਹੋਈ ਹੈ, ਹਾਲਾਂਕਿ ਸੰਤ ਸਮਾਜ ਨੇ ਟਕਸਾਲ ਦੇ ਹੱਕ ਵਿਚ ਖੜ੍ਹਦਿਆਂ ਮੁੱਖ ਮੰਤਰੀ ਨੂੰ ਸਿੱਖਾਂ ਦੇ ਮਸਲਿਆਂ ਵਿਚ ਦਖਲ ਨਾ ਦੇਣ ਦੀ ਨਸੀਹਤ ਦਿੱਤੀ ਹੈ। ਇਸੇ ਦੌਰਾਨ ਟਕਸਾਲ ਪ੍ਰਚਾਰਕ ਦੀਆਂ ਧਮਕੀਆਂ ਤੋਂ ਆਪਣੇ ਆਪ ਨੂੰ ਵੱਖ ਕਰਨ ਵਿਚ ਰੁੱਝਾ ਹੋਇਆ ਹੈ। ਦੱਸ ਦਈਏ ਕਿ ਦੋ ਸਾਲ ਪਹਿਲਾਂ ਢੱਡਰੀਆਂ ਵਾਲੇ 'ਤੇ ਜਾਨਲੇਵਾ ਹਮਲਾ ਹੋਇਆ ਸੀ। ਇਸ ਹਮਲੇ ਪਿੱਛੇ ਦਮਦਮੀ ਟਕਸਾਲ ਦਾ ਹੱਥ ਹੋਣ ਦਾ ਪਤਾ ਲੱਗਾ ਸੀ। ਉਸ ਸਮੇਂ ਸੂਬੇ ਵਿਚ ਅਕਾਲੀਆਂ ਦੀ ਸਰਕਾਰ ਸੀ, ਜਿਸ ਕਾਰਨ ਇਸ ਮਾਮਲੇ ਨੂੰ ਰਫਾ ਦਫਾ ਕਰਨ 'ਤੇ ਹੀ ਜ਼ੋਰ ਦਿੱਤਾ ਗਿਆ। ਇਸ ਪਿੱਛੋਂ ਢੱਡਰੀਆਂ ਵਾਲੇ ਦੇ ਦੀਵਾਨਾਂ ਨੂੰ ਲੈ ਕੇ ਕਾਫੀ ਵਾਰ ਵਿਵਾਦ ਹੋਇਆ।

ਅਕਾਲ ਤਖਤ ਦੇ ਜਥੇਦਾਰ ਦੇ ਦਖਲ ਕਾਰਨ ਢੱਡਰੀਆਂ ਵਾਲੇ ਨੂੰ ਕਈ ਵਾਰ ਆਪਣੇ ਦੀਵਾਨ ਐਨ ਮੌਕੇ 'ਤੇ ਰੱਦ ਕਰਨੇ ਪਏ। ਢੱਡਰੀਆਂ ਵਾਲੇ 'ਤੇ ਸੰਗਤ ਨੂੰ ਗੁੰਮਰਾਹ ਕਰਨ ਦੇ ਦੋਸ਼ ਲੱਗਦੇ ਆਏ ਹਨ। ਇਸ ਤੋਂ ਪਹਿਲਾਂ ਵੀ ਕਈ ਟਕਸਾਲ ਆਗੂ ਇਸ ਪ੍ਰਚਾਰਕ ਦਾ ਖੁੱਲ੍ਹ ਕੇ ਵਿਰੋਧ ਕਰ ਚੁੱਕੇ ਹਨ। ਹੁਣ ਸੋਸ਼ਲ ਮੀਡੀਆ 'ਤੇ ਇਸ ਵਿਵਾਦ ਦੇ ਹੱਲ ਦੀ ਥਾਂ ਤਲਖ, ਉਕਸਾਊ ਤੇ ਧਮਕੀ ਭਰੇ ਦਿੱਤੇ ਭਾਸ਼ਣ ਨੇ ਟਕਸਾਲ ਨੂੰ ਵੀ ਕਸੂਤੀ ਸਥਿਤੀ 'ਚ ਫਸਾ ਦਿੱਤਾ ਹੈ ਤੇ ਜੂਨ ਮਹੀਨੇ ਦੇ ਘੱਲੂਘਾਰਾ ਹਫਤੇ ਤੋਂ ਪਹਿਲਾਂ ਹੀ ਇਸ ਵੀਡੀਓ ਨੇ ਪੰਥਕ ਮਾਹੌਲ ਨੂੰ ਵੀ ਭਖਾ ਦਿੱਤਾ ਹੈ। ਮੁੱਖ ਮੰਤਰੀ ਵੱਲੋਂ ਇਸ ਬਾਰੇ ਲਏ ਗਏ ਸਖਤ ਨੋਟਿਸ ਤੋਂ ਬਾਅਦ ਹੁਣ ਭਾਵੇਂ ਟਕਸਾਲ ਕੈਪਟਨ ਅਮਰਿੰਦਰ ਸਿੰਘ ਦਾ ਤਾਂ ਵਿਰੋਧ ਕਰ ਰਹੀ ਹੈ, ਪਰ ਉਸ ਵੱਲੋਂ ਆਪਣੇ ਮੁੱਖ ਬੁਲਾਰੇ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨ ਤੋਂ ਪੂਰੀ ਤਰ੍ਹਾਂ ਟਾਲਾ ਵੱਟਿਆ ਜਾ ਰਿਹਾ ਹੈ।

## ਪੁਰਾਣੇ ਨਿਯਮਾਂ ਤਹਿਤ ਹੀ ਪਾਕਿ ਜਾਣਗੇ ਸਿੱਖ ਜਥੇ

*(ਸਫਾ ਇਕ ਦੀ ਬਾਕੀ)*

17 ਜੂਨ ਨੂੰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਜਥਾ 9 ਜੂਨ ਤੋਂ 18 ਜੂਨ ਤੱਕ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਭੇਜਿਆ ਜਾਵੇਗਾ। ਵੇਰਵਿਆਂ ਮੁਤਾਬਕ ਜਥੇ ਨਾਲ ਜਾਣ ਵਾਸਤੇ 118 ਸਿੱਖ ਸ਼ਰਧਾਲੂਆਂ ਵੱਲੋਂ ਬਿਨੈ ਪੱਤਰ ਦਿੱਤੇ ਗਏ ਸਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਅੱਧ ਅਧੂਰੇ ਬਿਨੈ ਪੱਤਰ ਤੇ ਪਾਸਪੋਰਟ ਵਾਲੇ ਸ਼ਰਧਾਲੂਆਂ ਨੂੰ ਛੱਡ ਕੇ ਲਗਭਗ 81 ਸ਼ਰਧਾਲੂਆਂ ਦੇ ਨਾਂ ਵੀਜ਼ੇ ਵਾਸਤੇ ਭੇਜੇ ਗਏ ਹਨ।

## ਹਾਫ ਡੋਮ ਤੋਂ ਡਿੱਗ ਕੇ ਭਾਰਤੀ ਨਾਗਰਿਕ ਦੀ ਮੌਤ

**ਨਿਊ ਯਾਰਕ:** ਇਥੋਂ ਦੇ ਮਸ਼ਹੂਰ ਯੋਸੀਮਾਈਟ ਨੈਸ਼ਨਲ ਪਾਰਕ ਵਿਚ ਟਰਾਇਲ ਦੌਰਾਨ ਹਾਫ ਡੋਮ ਉਤੇ ਚੜ੍ਹਦੇ ਸਮੇਂ ਇਕ ਭਾਰਤੀ ਦੀ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਡਿੱਗ ਕੇ ਮੌਤ ਹੋ ਗਈ। ਨਿਊ ਯਾਰਕ ਸਿਟੀ ਵਿਚ ਰਹਿਣ ਵਾਲੇ ਆਸ਼ੀਸ਼ ਪੇਨੂਗੋਂਡਾ ਇਥੇ ਦੇ ਮਸ਼ਹੂਰ ਪਾਰਕ ਵਿਚ ਆਪਣੇ ਸਾਥੀਆਂ ਨਾਲ ਪਾਰਕ ਦੇ ਉਤਰੀ ਪਾਸੇ ਵੱਲੋਂ ਹਾਫ ਡੋਮ ਉਤੇ ਚੜ੍ਹ ਰਿਹਾ ਸੀ ਕਿ ਰੱਸੀਆਂ ਤੋਂ ਉਸ ਦਾ ਪੈਰ ਤਿਲਕ ਗਿਆ ਤੇ ਉਹ ਮੌਤ ਦੇ ਮੂੰਹ ਜਾ ਪਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸੀ.ਬੀ.ਐਸ.ਈ: ਬਾਰ੍ਹਵੀਂ ਦੀ ਪ੍ਰੀਖਿਆ 'ਚ ਕੁੜੀਆਂ ਨੇ ਮਾਰੀ ਬਾਜ਼ੀ

**ਨਵੀਂ ਦਿੱਲੀ:** ਸੀ.ਬੀ.ਐਸ.ਈ. 12ਵੀਂ ਕਲਾਸ ਦੇ ਨਤੀਜਿਆਂ ਵਿਚ ਕੁੜੀਆਂ ਨੇ ਬਾਜ਼ੀ ਮਾਰ ਲਈ। ਨੋਇਡਾ ਦੀ ਕੁੜੀ ਮੇਘਨਾ ਸ੍ਰੀਵਾਸਤਵਾ 500 ਵਿਚੋਂ 499 ਅੰਕ ਲੈ ਕੇ ਅੱਵਲ ਰਹੀ। ਓਵਰਆਲ ਪਾਸ ਪ੍ਰਤੀਸ਼ਤਤਾ 83.01 ਫੀਸਦੀ ਰਹੀ ਜੋ ਪਿਛਲੇ ਸਾਲ 82.02 ਫੀਸਦੀ ਸੀ। ਕੁੜੀਆਂ ਦੀ ਪਾਸ ਪ੍ਰਤੀਸ਼ਤਤਾ 88.31 ਫੀਸਦੀ ਜਦਕਿ ਮੁੰਡਿਆਂ ਦੀ ਪਾਸ ਪ੍ਰਤੀਸ਼ਤਤਾ 78.99 ਫੀਸਦੀ ਰਹੀ।

ਐਸ. ਏ. ਜੇ. ਸਕੂਲ ਵਸੁੰਧਰਾ, ਗਾਜ਼ੀਆਬਾਦ ਦੀ ਅਨੁਸ਼ਕਾ ਚੰਦਰਾ ਨੇ 498 ਅੰਕ ਲੈ ਕੇ ਦੂਜਾ ਸਥਾਨ ਤੇ ਨੀਰਜਾ ਮੋਦੀ ਸਕੂਲ ਜੈਪੁਰ ਦੀ ਵਿਦਿਆਰਥਣ ਚਾਹਤ ਬੋਧਰਾਜ 497 ਅੰਕ ਲੈ ਕੇ ਤੀਜੇ ਸਥਾਨ 'ਤੇ ਆਈ। ਚੇਨੱਈ ਵਿਚ 93.87 ਤੇ ਦਿੱਲੀ ਵਿਚ 89 ਫੀਸਦੀ ਰਿਹਾ। ਸਹਾਇਤਾ ਪ੍ਰਾਪਤ ਸਕੂਲਾਂ ਦਾ ਨਤੀਜਾ 84.88 ਫੀਸਦੀ, ਸਰਕਾਰੀ ਸਕੂਲਾਂ ਦਾ ਨਤੀਜਾ 84.39 ਫੀਸਦੀ, ਜਵਾਹਰ ਨਵੋਦਿਆ ਸਕੂਲਾਂ ਦਾ ਨਤੀਜਾ 97.7 ਫੀਸਦੀ, ਕੇਂਦਰੀ ਵਿਦਿਆਲਿਆਂ ਦਾ 97.78 ਫੀਸਦੀ ਨਤੀਜਾ ਰਿਹਾ। ਕੁੱਲ 2914 ਦਿਵਯਾਂਗ ਵਿਦਿਆਰਥੀ ਪ੍ਰੀਖਿਆ ਵਿਚ ਬੈਠੇ। 12 ਹਜ਼ਾਰ 737 ਵਿਦਿਆਰਥੀਆਂ ਨੇ 95 ਫੀਸਦੀ ਤੋਂ ਵਧੇਰੇ ਅੰਕ ਹਾਸਲ ਕੀਤੇ ਤੇ 72599 ਵਿਦਿਆਰਥੀਆਂ ਨੇ 90% ਅੰਕ ਹਾਸਲ ਕੀਤੇ।

ਸਟੈਪ ਬਾਇ ਸਟੈਪ ਸਕੂਲ, ਨੋਇਡਾ ਦੀ ਵਿਦਿਆਰਥਣ ਮੇਘਨਾ ਨੇ ਅੰਗਰੇਜ਼ੀ ਕੋਰ ਵਿਚ 99 ਜਦਕਿ ਸਾਇਕੋਲੋਜੀ, ਹਿਸਟਰੀ, ਜੌਗਰਾਫੀ ਤੇ ਇਕੋਨੌਮਿਕਸ ਵਿਚ 100-100 ਅੰਕ ਹਾਸਲ ਕੀਤੇ। ਉਸ ਨੇ ਆਪਣੀ ਸਫਲਤਾ ਦਾ ਸਿਹਰਾ ਸਕੂਲ ਅਤੇ ਮਾਪਿਆਂ ਨੂੰ ਦਿੰਦਿਆਂ ਕਿਹਾ ਕਿ ਉਸ ਨੇ ਪ੍ਰੀਖਿਆ ਦੀ ਸਫਲਤਾ ਲਈ ਕੋਈ ਵੱਖਰਾ ਢੰਗ ਨਹੀਂ ਅਪਣਾਇਆ, ਸਗੋਂ ਆਪਣੀ ਰੋਜ਼ਾਨਾ ਨੇਮਬੱਧ ਪੜ੍ਹਾਈ ਕਰਦੀ ਰਹੀ ਸੀ, ਪਰ ਉਸ ਨੇ ਹਰ ਵਿਸ਼ੇ ਨੂੰ ਪੂਰੀ ਗਹਿਰਾਈ ਨਾਲ ਪੜ੍ਹਨ ਦੀ ਕੋਸ਼ਿਸ਼ ਕੀਤੀ। ਇਸ ਵਾਰ 91818 ਵਿਦਿਆਰਥੀਆਂ ਦੀ ਕੰਪਾਰਟਮੈਂਟ ਆਈ ਹੈ। ਤਕਰੀਬਨ 11 ਲੱਖ ਵਿਦਿਆਰਥੀ ਪ੍ਰੀਖਿਆ ਲਈ ਰਜਿਸਟਰ ਕੀਤੇ ਗਏ ਸਨ। ਇਸ ਵਾਰ ਬਾਰ੍ਹਵੀਂ ਦੀ ਪ੍ਰੀਖਿਆ ਪੇਪਰ ਲੀਕ ਕਾਂਡ ਕਾਰਨ ਸੁਰਖੀਆਂ ਵਿਚ ਆਈ ਸੀ ਤੇ 25 ਅਪਰੈਲ ਨੂੰ ਇਕੋਨੌਮਿਕਸ ਦਾ ਦੁਬਾਰਾ ਪੇਪਰ ਲਿਆ ਗਿਆ ਸੀ।

## ਪੰਜਾਬ ਦੀ ਆਸਥਾ ਨੇ ਕੌਮੀ ਪੱਧਰ 'ਤੇ ਮੱਲੀ ਤੀਜੀ ਥਾਂ

**ਲੁਧਿਆਣਾ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਵੱਲੋਂ ਐਲਾਨੇ ਬਾਰ੍ਹਵੀਂ ਦੇ ਨਤੀਜੇ ਵਿਚੋਂ ਲੁਧਿਆਣਾ ਦੇ ਬੀ.ਸੀ.ਐਮ. ਆਰੀਆ ਮਾਡਲ ਸਕੂਲ ਦੀ ਵਿਦਿਆਰਥਣ ਆਸਥਾ ਬਾਂਬਾ ਨੇ ਆਰਟਸ ਗਰੁੱਪ ਵਿਚੋਂ ਕੌਮੀ ਪੱਧਰ ਉਤੇ ਤੀਜਾ ਸਥਾਨ ਪ੍ਰਾਪਤ ਕਰ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਉਸ ਨੇ 99.4 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਆਸਥਾ ਬਾਂਬਾ ਦਾ ਕਹਿਣਾ ਹੈ ਕਿ ਸੱਤ ਸਾਲ ਪਹਿਲਾਂ ਕੌਮੀ ਪੱਧਰ ਉਤੇ ਚੰਗੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੀ ਇਸ ਸਕੂਲ ਦੀ ਸ਼ਿਵਾਨੀ ਸੂਦ ਹੀ ਉਸ ਦੀ ਪ੍ਰੇਰਨਾ ਸ੍ਰੋਤ ਹੈ।



## ਵੱਖਵਾਦੀ ਆਗੂ ਸ਼ਬੀਰ ਸ਼ਾਹ ਦੀ ਧੀ ਨੇ ਕੀਤਾ ਟੌਪ


**ਸ੍ਰੀਨਗਰ:** ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜੇ ਵਿਚੋਂ ਵੱਖਵਾਦੀ ਆਗੂ ਸ਼ਬੀਰ ਸ਼ਾਹ ਦੀ ਧੀ ਸ਼ਮਾ ਸ਼ਬੀਰ ਨੇ ਜੰਮੂ ਕਸ਼ਮੀਰ ਸੂਬੇ ਵਿਚੋਂ ਟੌਪ ਕੀਤਾ ਹੈ। ਸਮਾ ਸ਼ਬੀਰ ਨੇ 97.8 ਫੀਸਦੀ ਅੰਕ ਹਾਸਲ ਕੀਤੇ ਹਨ ਤੇ ਉਹ ਜੰਮੂ ਕਸ਼ਮੀਰ ਦੀ ਡੈਮੋਕਰੈਟਿਕ ਫਰੀਡਮ ਪਾਰਟੀ ਦੇ ਮੁਖੀ ਸ਼ਬੀਰ ਸ਼ਾਹ ਦੀ ਧੀ ਜੋ ਇਸ ਸਮੇਂ ਤਿਹਾੜ ਜੇਲ੍ਹ 'ਚ ਬੰਦ ਹੈ।

# ਪੰਜਾਬ ਸਰਕਾਰ ਦੀ ਢਿੱਲ ਕਾਰਨ ਲੱਗਾ ਚੰਡੀਗੜ੍ਹ 'ਤੇ ਹੱਕ ਨੂੰ ਖੋਰਾ

**ਚੰਡੀਗੜ੍ਹ:** ਪੰਜਾਬ ਵਿਚ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਢਿੱਲ ਕਾਰਨ ਹੀ ਸੂਬੇ ਦੇ ਚੰਡੀਗੜ੍ਹ 'ਤੇ ਹੱਕ ਨੂੰ ਖੋਰਾ ਲੱਗਾ ਹੈ। ਯੂਟੀ ਪ੍ਰਸ਼ਾਸਨ ਨੇ ਚੰਡੀਗੜ੍ਹ ਦੇ ਡੀ.ਐਸ.ਪੀਜ਼. ਨੂੰ ਹੋਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਮਿਲਾਉਣ ਦੀ ਤਿਆਰੀ ਕਰ ਲਈ ਹੈ। ਦੱਸ ਦਈਏ ਕਿ ਪੰਜਾਬ ਪੁਨਰਗਠਨ ਐਕਟ-1966 ਤਹਿਤ ਚੰਡੀਗੜ੍ਹ ਨੂੰ ਆਰਜ਼ੀ ਤੌਰ ਉਤੇ ਕੇਂਦਰ ਸ਼ਾਸਤ ਪ੍ਰਦੇਸ਼ (ਯੂਟੀ) ਬਣਾਇਆ ਗਿਆ ਹੈ ਅਤੇ ਇਸ ਤਹਿਤ ਭਾਰਤ ਸਰਕਾਰ ਜਾਂ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਅਤੇ ਹਰਿਆਣਾ ਦੀ ਸਹਿਮਤੀ ਲਏ ਬਿਨਾਂ ਮੌਜੂਦਾ ਨਿਯਮਾਂ ਨਾਲ ਛੇੜਛਾੜ ਨਹੀਂ ਕਰ ਸਕਦਾ। ਜੇਕਰ ਦਾਨਿਪਸ ਕੇਡਰ ਵਿਚ ਚੰਡੀਗੜ੍ਹ ਦੇ ਡੀ.ਐਸ.ਪੀਜ਼. ਮਰਜ਼ ਹੋ ਗਏ ਤਾਂ ਸਿੱਧੇ ਰੂਪ ਵਿਚ ਪੰਜਾਬ ਤੇ ਹਰਿਆਣਾ ਦੇ ਡੀ.ਐਸ.ਪੀਜ਼. ਨੂੰ ਚੰਡੀਗੜ੍ਹ ਪੁਲਿਸ ਵਿਚੋਂ ਪੂਰੀ ਤਰ੍ਹਾਂ ਨਿਕਾਲਾ ਮਿਲ ਜਾਵੇਗਾ ਜਦਕਿ ਪੁਨਰਗਠਨ ਐਕਟ ਤਹਿਤ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਦਾ ਕ੍ਰਮਵਾਰ 60 ਫੀਸਦ ਤੇ 40 ਫੀਸਦ ਡੈਪੂਟੇਸ਼ਨ ਕੋਟਾ ਨਿਰਧਾਰਤ ਹੈ।

ਇਸ ਐਕਟ ਤਹਿਤ ਚੰਡੀਗੜ੍ਹ ਦਾ ਯੂਟੀ ਦਰਜਾ ਆਰਜ਼ੀ ਹੋਣ ਕਾਰਨ ਇਥੋਂ ਦੇ ਮੌਜੂਦਾ ਨਿਯਮਾਂ ਨਾਲ ਛੇੜਛਾੜ ਕਰਨਾ ਸੰਭਵ ਹੀ ਨਹੀਂ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਮੁੱਦੇ ਉਪਰ ਮਹਿਜ਼ ਬਿਆਨ ਦੇਣ ਤੋਂ ਬਾਅਦ ਇਸ ਸਬੰਧੀ ਆਪਣਾ ਇਤਰਾਜ਼ ਲਿਖਤੀ ਤੌਰ ਉਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀਪੀ ਸਿੰਘ ਬਦਨੌਰ ਕੋਲ ਨਾ ਭੇਜਣ ਕਾਰਨ ਸਥਾਨਕ ਲਾਬੀ ਡੀ.ਐਸ.ਪੀਜ਼. ਨੂੰ ਜਲਦ ਤੋਂ ਜਲਦ ਦਾਨਿਪਸ ਕੇਡਰ ਵਿਚ ਮਿਲਾਉਣ ਲਈ ਪੱਬਾਂ ਭਾਰ ਹੋਈ ਪਈ ਹੈ।

ਚੰਡੀਗੜ੍ਹ ਪੁਲਿਸ ਵੱਲੋਂ ਇਥੋਂ ਦੇ 23 ਡੀ.ਐਸ.ਪੀਜ਼. ਨੂੰ ਦਿੱਲੀ, ਅੰਡੇਮਾਨ ਤੇ ਨਿਕੋਬਾਰ, ਲਕਸ਼ਦੀਪ, ਦਮਨ ਤੇ ਦਿਉ ਅਤੇ ਦਾਦਰਾ ਨਗਰ ਹਵੇਲੀ ਪੁਲਿਸ ਸਰਵਿਸਿਜ਼ (ਦਾਨਿਪਸ) ਵਿਚ ਮਿਲਾਉਣ ਲਈ 19 ਮਈ ਤੱਕ ਇਸ ਤਜਵੀਜ਼ ਉਪਰ ਪੁਲਿਸ ਮੁਲਾਜ਼ਮਾਂ ਦੇ ਇਤਰਾਜ਼ ਮੰਗਣ ਦੀ ਰਸਮੀ ਪ੍ਰਕਿਰਿਆ ਨੂੰ ਮੁਕੰਮਲ ਕਰ ਲਿਆ



ਹੈ। ਹੁਣ ਪ੍ਰਸ਼ਾਸਨ ਵੱਲੋਂ ਡੀ.ਐਸ.ਪੀਜ਼. ਨੂੰ ਦਾਨਿਪਸ ਕੇਡਰ ਵਿਚ ਮਰਜ਼ ਕਰਨ ਲਈ 4 ਜੂਨ ਤੱਕ ਇਹ ਮਾਮਲਾ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਕੈਪਟਨ ਅਤੇ ਸ੍ਰੀ ਬਾਦਲ ਨੇ ਇਕ ਸੁਰ ਹੁੰਦਿਆਂ ਕਿਹਾ ਸੀ ਕਿ ਪ੍ਰਸ਼ਾਸਨ, ਚੰਡੀਗੜ੍ਹ ਉਪਰ ਪੰਜਾਬ ਦੇ ਹੱਕ ਨੂੰ ਖੋਰਾ ਲਾਉਣ ਦਾ ਸਾਜ਼ਿਸ਼ ਘੜ ਰਿਹਾ ਹੈ ਪਰ ਸਰਕਾਰ ਨੇ ਇਸ ਮੁੱਦੇ ਨੂੰ ਬਾਹਲੀ ਗੰਭੀਰਤਾ ਨਾਲ ਨਹੀਂ ਲਿਆ ਤੇ ਬਿਆਨਬਾਜ਼ੀ ਨਾਲ ਹੀ ਬੁੱਤਾ ਸਾਰ ਦਿੱਤਾ।

# ਰਾਮ ਰਹੀਮ ਵੀ ਪੰਚਕੂਲਾ ਹਿੰਸਾ ਵਾਲੇ ਮਾਮਲੇ ਦੇ ਲਪੇਟੇ ਵਿਚ

**ਚੰਡੀਗੜ੍ਹ:** ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਹੇਠ ਸਜ਼ਾਯਾਫਤਾ ਰਾਮ ਰਹੀਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੁੱਛਿਆ ਹੈ ਕਿ ਉਸ ਵਿਰੁੱਧ ਪੰਚਕੂਲਾ ਹਿੰਸਾ ਦੀ ਵਿਉਂਤਬੰਦੀ ਬਣਾਉਣ ਦੇ ਲੱਗੇ ਦੋਸ਼ਾਂ ਬਾਰੇ ਕੀ ਕਹਿਣਾ ਹੈ। ਸਰਕਾਰ ਨੂੰ ਵੀ ਇਸ ਤੱਥ ਉਤੇ ਜਵਾਬ ਦੇਣਾ



ਪਵੇਗਾ। ਰਾਮ ਰਹੀਮ 'ਤੇ ਦਾਇਰ ਇਕ ਅਰਜ਼ੀ ਵਿਚ ਦੋਸ਼ ਲਾਇਆ ਗਿਆ ਹੈ ਕਿ ਪੰਚਕੂਲਾ ਹਿੰਸਾ ਤੇ ਹਿੰਸਾ ਪਿਛੋਂ ਡੇਰੇ 'ਚੋਂ ਗਾਇਬ ਹੋਈ ਵੱਡੀ ਰਕਮ ਤੇ ਸਬੂਤ ਮਿਟਾਉਣ ਪਿੱਛੇ ਰਾਮ ਰਹੀਮ ਤੇ ਉਸ ਦੇ ਪਰਿਵਾਰਕ ਮੈਂਬਰਾਂ ਦਾ ਹੱਥ ਹੈ ਤੇ ਇਹ ਕੰਮ ਇਨ੍ਹਾਂ ਤੋਂ ਬਿਨਾ ਨਹੀਂ ਹੋ ਸਕਦਾ ਸੀ।

ਇਸ ਦੋਸ਼ ਨਾਲ ਮੰਗ ਕੀਤੀ ਗਈ ਸੀ ਕਿ ਰਾਮ ਰਹੀਮ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਪੰਚਕੂਲਾ ਹਿੰਸਾ ਤੇ ਹੋਰ ਦੋ ਦੋਸ਼ਾਂ ਸਦਕਾ ਮੁੱਖ ਮਾਮਲੇ ਵਿਚ ਸਾਜਿਸ਼ਕਰਤਾ ਦੇ ਤੌਰ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸੇ ਉਤੇ ਹਾਈ ਕੋਰਟ ਨੇ ਸਰਕਾਰ ਤੇ ਰਾਮ ਰਹੀਮ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ, ਪਰ ਜਵਾਬ ਨਾ ਆਉਣ 'ਤੇ ਮੁੜ ਜਵਾਬ ਦਾਖਲ ਕਰਨ ਲਈ ਕਿਹਾ ਹੈ।

## ਭਗੌੜੇ ਪ੍ਰਬੰਧਕਾਂ 'ਤੇ ਵੱਡੇ ਇਨਾਮ

**ਸਿਰਸਾ:** ਡੇਰਾ ਸਿਰਸਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਮਗਰੋਂ ਸਿਰਸਾ ਤੇ ਪੰਚਕੂਲਾ 'ਚ ਹੋਈ ਸਾੜ ਫੂਕ ਦੇ ਮਾਮਲੇ 'ਚ ਹੁਣ ਸਿਰਸਾ ਪੁਲਿਸ ਦੀ ਐਸ.ਆਈ.ਟੀ. ਨੇ ਡੇਰਾ ਪ੍ਰਬੰਧਕ ਕਮੇਟੀ ਦੇ ਵਾਈਸ ਚੇਅਰਮੈਨ ਡਾ. ਪੀ.ਆਰ. ਨੈਨ ਸਮੇਤ ਚਾਰ ਜਣਿਆਂ ਉਤੇ 1-1 ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਪੰਚਕੂਲਾ ਪੁਲਿਸ ਦੀ ਐਸ.ਆਈ.ਟੀ. ਪਹਿਲਾਂ ਹੀ ਡੇਰੇ ਦੇ ਬੁਲਾਰੇ ਡਾ. ਆਦਿਤਿਆ ਇੰਸਾ 'ਤੇ 5 ਲੱਖ ਰੁਪਏ ਦਾ ਇਨਾਮ ਐਲਾਨ ਕਰ ਚੁੱਕੀ ਹੈ। ਪੀ.ਆਰ. ਨੈਨ ਤੋਂ ਇਲਾਵਾ ਡੇਰਾ ਪ੍ਰਬੰਧਕ ਕਮੇਟੀ ਦੀ ਖਜ਼ਾਨਚੀ ਬੇਅੰਤ ਕੌਰ, ਨਵੀਨ ਉਰਫ ਗੋਬੀ ਤੇ ਅਭਿਜੀਤ ਉਰਫ ਬਬਲੂ ਉਤੇ ਵੀ 1-1 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ।

# ਸਿੱਧੂ ਨੇ ਪਤਨੀ ਤੇ ਪੁੱਤਰ ਨੂੰ ਦਿੱਤੇ ਅਹੁਦੇ ਠੁਕਰਾਏ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਪਤਨੀ ਤੇ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਤੇ ਪੁੱਤਰ ਕਰਨ ਸਿੱਧੂ ਨੂੰ ਕੈਪਟਨ ਸਰਕਾਰ ਵੱਲੋਂ ਦਿੱਤੇ ਗਏ ਅਹੁਦਿਆਂ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਡਾ. ਸਿੱਧੂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਗੋਦਾਮ ਨਿਗਮ ਤੇ ਕਰਨ ਸਿੱਧੂ ਨੂੰ ਐਡਵੋਕੇਟ ਜਨਰਲ ਦੇ ਦਫਤਰ ਵਿਚ ਸਹਾਇਕ ਐਡਵੋਕੇਟ ਜਨਰਲ ਦੇ ਅਹੁਦੇ ਉਤੇ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਦੋਵੇਂ ਜਣੇ (ਪਤਨੀ ਤੇ ਪੁੱਤਰ) ਇਨ੍ਹਾਂ ਅਹੁਦਿਆਂ ਉਤੇ ਕੰਮ ਨਹੀਂ ਕਰਨਗੇ।

ਸ੍ਰੀ ਸਿੱਧੂ ਨੇ ਇਨ੍ਹਾਂ ਨਿਯੁਕਤੀਆਂ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਰਿਵਾਰਕ ਤੌਰ ਉਤੇ ਲਿਆ ਗਿਆ ਫੈਸਲਾ ਹੈ। ਰਾਜ ਸਰਕਾਰ 'ਚ ਨਿਯੁਕਤੀਆਂ ਹਾਸਲ ਕਰਨ ਵਾਲੇ ਦੋਵਾਂ ਪਰਿਵਾਰਕ ਮੈਂਬਰਾਂ ਨੇ ਇਕੋ ਸੁਰ ਵਿਚ ਕਿਹਾ ਹੈ ਕਿ ਜੇਕਰ ਇਨ੍ਹਾਂ ਨਿਯੁਕਤੀਆਂ ਨਾਲ ਸਿੱਧੂ ਪਰਿਵਾਰ ਉਤੇ ਕੁਨਬਾਪ੍ਰਸਤੀ ਦੇ ਦੋਸ਼ ਲੱਗਦੇ ਹਨ ਤਾਂ ਉਹ ਇਹ ਜ਼ਿੰਮੇਵਾਰੀ ਨਹੀਂ ਸਾਂਭਣਗੇ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਸਾਰੇ ਮੈਂਬਰ ਪੰਜਾਬ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਗੇ। ਨਵਜੋਤ ਸਿੰਘ ਸਿੱਧੂ ਦੇ ਇਸ ਫੈਸਲੇ ਨਾਲ ਕੈਪਟਨ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਖਾਸ ਕਰ ਕੇ ਬਾਦਲ ਪਰਿਵਾਰ ਨੂੰ ਵੱਡਾ ਝਟਕਾ ਲੱਗਿਆ ਹੈ ਕਿਉਂਕਿ ਬਿਕਰਮ ਸਿੰਘ



ਮਜੀਠੀਆ ਅਤੇ ਹੋਰਨਾਂ ਨੇ ਇਸ ਮੁੱਦੇ ਉਤੇ ਸ੍ਰੀ ਸਿੱਧੂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ।

ਸ੍ਰੀ ਸਿੱਧੂ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਕੁਝ ਸਿਆਸੀ ਵਿਰੋਧੀਆਂ ਨੇ ਉਨ੍ਹਾਂ ਨੂੰ ਜੇਲ੍ਹ ਭੇਜਣ ਦੀਆਂ ਵਿਉਂਤਾਂ ਬਣਾਈਆਂ ਪਰ ਕਿਸੇ ਨੂੰ ਵੀ ਸਫਲਤਾ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਉਨ੍ਹਾਂ ਸਿਆਸਤ ਨੂੰ ਧੰਦੇ ਵਾਂਗ ਨਹੀਂ ਅਪਨਾਇਆ ਤੇ ਨਾ ਹੀ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਅਹੁਦਿਆਂ ਦੀ ਭੁੱਖ ਹੈ। ਉਨ੍ਹਾਂ ਕਿਹਾ ਕਿ ਤਾਜ਼ਾ ਫੈਸਲਾ ਸਿਰਫ ਉਨ੍ਹਾਂ ਦਾ ਨਹੀਂ, ਬਲਕਿ ਪਤਨੀ ਅਤੇ ਪੁੱਤਰ ਦਾ ਹੀ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਸਾਰੇ ਪਰਿਵਾਰਕ ਮੈਂਬਰ ਪੇਸ਼ੇਵਰ ਹਨ। ਕੋਈ ਵਪਾਰ ਜਾਂ ਜ਼ਮੀਨ ਜਾਇਦਾਦ ਨਹੀਂ ਹੈ। ਸਿਆਸਤ ਵਿਚ ਆਉਣ ਤੋਂ ਬਾਅਦ ਉਨ੍ਹਾਂ ਕੋਈ ਜਾਇਦਾਦ ਨਹੀਂ ਬਣਾਈ ਸਿਰਫ ਅੰਮ੍ਰਿਤਸਰ ਤੇ ਦਿੱਲੀ ਵਿਚ ਘਰ ਹੀ ਬਣਾਏ ਹਨ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਲਈ ਉਨ੍ਹਾਂ 2014 ਵਿਚ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਛੱਡ ਕੇ ਹਰਿਆਣਾ ਜਾਂ ਦਿੱਲੀ ਤੋਂ ਚੋਣ ਲੜਨ ਲਈ ਨਾਂਹ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਉਨ੍ਹਾਂ ਲੋਕ ਸਭਾ ਅਤੇ ਰਾਜ ਸਭਾ ਦੀ ਮੈਂਬਰੀ ਤੋਂ ਵੀ ਅਸਤੀਫਾ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਤਕਰੀਬਨ ਇਕ ਮਹੀਨਾ ਪਹਿਲਾਂ ਪੰਜਾਬ ਗੋਦਾਮ ਨਿਗਮ ਦੀ ਚੇਅਰਪਰਸਨ ਨਿਯੁਕਤ ਕੀਤਾ ਸੀ ਤੇ ਦੋ ਦਿਨ ਪਹਿਲਾਂ ਹੀ ਐਡਵੋਕੇਟ ਜਨਰਲ ਦੇ ਦਫਤਰ ਵਿਚ ਸ੍ਰੀ ਸਿੱਧੂ ਦੇ ਵਕੀਲ ਪੁੱਤਰ ਕਰਨ ਸਿੱਧੂ ਨੂੰ ਸਹਾਇਕ ਐਡਵੋਕੇਟ ਜਨਰਲ ਦੇ ਅਹੁਦੇ ਉਤੇ ਨਿਯੁਕਤ ਕੀਤਾ ਸੀ।

# ਗੰਨਾ ਕਾਸ਼ਤਕਾਰਾਂ ਨੂੰ ਮੁੜ ਖੱਜਲ ਕਰਨ ਲੱਗੀਆਂ ਖੰਡ ਮਿੱਲਾਂ

**ਵਰਸੋਲਾ:** ਪੰਜਾਬ ਸਰਕਾਰ ਦੇ ਦਾਅਵਿਆਂ ਦੇ ਉਲਟ ਇਸ ਵਾਰ ਵੀ ਸੂਬੇ ਦੇ ਗੰਨਾਂ ਕਾਸ਼ਤਕਾਰਾਂ ਦੀਆਂ 918 ਕਰੋੜ 50 ਲੱਖ ਰੁਪਏ ਦੀਆਂ ਅਦਾਇਗੀਆਂ ਖੰਡ ਮਿੱਲਾਂ ਵੱਲੋਂ ਰੁਕਣ ਕਾਰਨ ਕਿਸਾਨਾਂ ਵਿਚ ਨਿਰਾਸ਼ਾ ਹੈ। ਪੰਜਾਬ ਵਿਚ ਚੱਲ ਰਹੀਆਂ ਸਹਿਕਾਰੀ ਤੇ ਪ੍ਰਾਈਵੇਟ ਕੁੱਲ 16 ਖੰਡ ਮਿੱਲਾਂ ਵਿਚੋਂ ਸਿਰਫ ਅਮਲੋਹ ਮਿੱਲ (ਪ੍ਰਾਈਵੇਟ) ਨੇ ਹੀ ਗੰਨਾ ਕਾਸ਼ਤਕਾਰਾਂ ਨੂੰ ਪੂਰੀ ਅਦਾਇਗੀ ਕੀਤੀ ਹੈ ਜਦਕਿ ਬਾਕੀ ਖੰਡ ਮਿੱਲਾਂ ਤੋਂ ਅਦਾਇਗੀਆਂ ਲੈਣ ਲਈ ਵੱਡੀ ਗਿਣਤੀ 'ਚ ਗੰਨਾ ਕਾਸ਼ਤਕਾਰ ਕਿਸਾਨਾਂ ਨੂੰ ਰੋਜ਼ਾਨਾ ਚੱਕਰ ਲਾਉਣੇ ਪੈ ਰਹੇ ਹਨ।

ਪੰਜਾਬ ਵਿਚ ਕੁੱਲ 16 ਖੰਡ ਮਿੱਲਾਂ ਹਨ ਜਿਨ੍ਹਾਂ ਵਿਚੋਂ ਪਨਿਆੜ (ਗੁਰਦਾਸਪੁਰ), ਬਟਾਲਾ, ਅਜਨਾਲਾ, ਫਾਜ਼ਿਲਕਾ, ਨਕੋਦਰ, ਭੋਗਪੁਰ, ਨਵਾਂ ਸ਼ਹਿਰ, ਮੋਰਿੰਡਾ ਤੇ ਬੁੱਢੇਵਾਲ ਸਹਿਕਾਰੀ ਹਨ ਜਦਕਿ ਬੁੱਟਰ ਸਿਵੀਆ, ਧੂਰੀ, ਫਗਵਾੜਾ, ਦਸੂਹਾ, ਮੁਕੇਰੀਆਂ, ਅਮਲੋਹ ਤੇ ਕੀੜੀ ਅਫਗਾਨਾ ਵਿਚ ਚੱਲ ਰਹੀਆਂ 7 ਮਿੱਲਾਂ ਪ੍ਰਾਈਵੇਟ ਹਨ। ਇਹ ਸਾਰੀਆਂ ਹੀ ਮਿੱਲਾਂ ਪਿੜਾਈ ਸੀਜ਼ਨ ਖਤਮ ਹੋਣ ਕਾਰਨ ਤਕਰੀਬਨ 1 ਮਹੀਨੇ ਤੋਂ ਬੰਦ ਹੋ ਚੁੱਕੀਆਂ ਹਨ। ਪ੍ਰਾਈਵੇਟ ਖੰਡ ਮਿੱਲਾਂ ਵੱਲ 576 ਕਰੋੜ 46 ਲੱਖ ਤੇ ਸਹਿਕਾਰੀ ਖੰਡ ਮਿੱਲਾਂ ਵੱਲ 342.049 ਕਰੋੜ ਦੀਆਂ ਅਦਾਇਗੀਆਂ ਰੁਕੀਆਂ ਹਨ। ਇਨ੍ਹਾਂ ਵਿਚੋਂ ਬੁੱਟਰ ਸੀਵੀਆਂ ਮਿੱਲ ਵੱਲ 161.00, ਫਗਵਾੜਾ ਵੱਲ 129.10, ਕੀੜੀ ਵੱਲ 101.36, ਮੁਕੇਰੀਆਂ ਵੱਲ 95.00, ਦਸੂਹਾ ਵੱਲ 63.00 ਤੇ ਧੂਰੀ ਵੱਲ 27.00 ਕਰੋੜ ਰੁਪਏ ਦੀਆਂ ਅਦਾਇਗੀਆਂ ਰੁਕੀਆਂ ਹਨ ਜਦਕਿ ਇਨ੍ਹਾਂ ਪ੍ਰਾਈਵੇਟ ਮਿੱਲਾਂ ਵਿਚੋਂ ਸਿਰਫ ਅਮਲੋਹ ਮਿੱਲ ਨੇ ਹੀ ਸਾਰੀ ਅਦਾਇਗੀ ਗੰਨਾ ਕਾਸ਼ਤਕਾਰਾਂ ਨੂੰ ਕੀਤੀ ਹੈ।

ਇਸੇ ਤਰ੍ਹਾਂ ਸਹਿਕਾਰੀ ਖੰਡ ਮਿੱਲਾਂ ਵਿਚੋਂ ਅਜਨਾਲਾ ਮਿੱਲ ਵੱਲ 49.00, ਬਟਾਲਾ ਵੱਲ 22.53, ਭੋਗਪੁਰ ਵੱਲ 24.00, ਬੁੱਢੇਵਾਲ ਵੱਲ 35.88, ਪਨਿਆੜ (ਗੁਰਦਾਸਪੁਰ) ਵੱਲ 44.11, ਨਵਾਂ ਸ਼ਹਿਰ ਵੱਲ 42.00, ਫਾਜ਼ਿਲਕਾ ਵੱਲ 31.109, ਨਕੋਦਰ ਵੱਲ 39.40 ਅਤੇ ਮੋਰਿੰਡਾ ਵੱਲ 54.02 ਕਰੋੜ ਦੀਆਂ ਅਦਾਇਗੀਆਂ ਰੁਕੀਆਂ ਹਨ ਜਦਕਿ ਨਿਯਮਾਂ ਅਨੁਸਾਰ ਕਿਸਾਨਾਂ ਨੂੰ ਇਹ ਅਦਾਇਗੀਆਂ ਗੰਨਾ ਤੋਲੇ ਜਾਣ ਦੇ 14 ਦਿਨਾਂ ਦੇ ਅੰਦਰ-ਅੰਦਰ ਖੰਡ ਮਿੱਲਾਂ ਵੱਲੋਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਹਰ ਵਾਰ ਖੰਡ ਮਿੱਲਾਂ ਵੱਲੋਂ ਇਨ੍ਹਾਂ ਨਿਯਮਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਗੰਨਾਂ ਕਾਸ਼ਤਕਾਰਾਂ ਦੀਆਂ ਕਰੋੜਾਂ ਰੁਪਏ ਦੀਆਂ ਅਦਾਇਗੀਆਂ ਰੋਕ ਲਈਆਂ ਜਾਂਦੀਆਂ ਹਨ।

## ਪਾਕਿ 'ਚ ਹਿੰਦੂ ਵਿਧਵਾਵਾਂ ਨੂੰ ਵਿਆਹ ਦੀ ਖੁੱਲ੍ਹ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਦੀ ਅਸੈਂਬਲੀ ਨੇ ਹਿੰਦੂ ਵਿਧਵਾਵਾਂ ਨੂੰ ਮੁੜ ਵਿਆਹ ਕਰਾਉਣ ਦੀ ਖੁੱਲ੍ਹ ਦਿੰਦੇ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਅਸੈਂਬਲੀ ਵਿਚ ਬਿੱਲ ਪਾਕਿਸਤਾਨ ਮੁਸਲਿਮ ਲੀਗ ਦੇ ਨੰਦ ਕੁਮਾਰ ਗੋਕਲਾਨੀ ਨੇ ਰੱਖਿਆ ਸੀ। ਗੋਕਲਾਨੀ ਨੇ ਬਿੱਲ ਪੇਸ਼ ਕਰਦਿਆਂ ਕਿਹਾ ਸੀ ਕਿ ਸਮਾਜ ਦੀਆਂ ਪੁਰਾਣੀਆਂ ਤੇ ਸਮਾਂ ਵਿਹਾ ਚੁੱਕੀਆਂ ਰਵਾਇਤਾਂ ਤੇ ਪ੍ਰਥਾਵਾਂ ਕਰ ਕੇ ਹਿੰਦੂ ਭਾਈਚਾਰੇ ਖਾਸ ਕਰਕੇ ਵਿਧਵਾਵਾਂ ਨੂੰ ਮੁਸ਼ਕਲਾਂ ਹੰਢਾਉਣੀਆਂ ਪੈਂਦੀਆਂ ਹਨ। ਬਿੱਲ ਮੁਤਾਬਕ ਹਿੰਦੂ ਵਿਧਵਾਵਾਂ ਆਪਣੇ ਪਤੀ ਦੀ ਮੌਤ ਤੋਂ ਛੇ ਮਹੀਨਿਆਂ ਮਗਰੋਂ ਮੁੜ ਵਿਆਹ ਕਰਵਾ ਸਕਣਗੀਆਂ।

# ਹਰਿਆਣਾ ਚੋਣਾਂ 'ਚ ਇਕੱਲੇ ਹੀ ਮੋਰਚਾ ਸੰਭਾਲਣਗੇ ਅਕਾਲੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਸਿੱਖਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਵਿੱਖ ਵਿਚ ਹਰਿਆਣਾ ਵਿਚ ਆਜ਼ਾਦ ਤੌਰ ਉਤੇ ਚੋਣਾਂ ਲੜੀਆਂ



ਜਾਣਗੀਆਂ। ਉਹ ਇਥੇ ਹਰਿਆਣਾ ਦੇ ਯਮੁਨਾ ਨਗਰ ਵਿਚ ਕਿਲ੍ਹਾ ਲੋਹਗੜ੍ਹ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਤ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਕਿਲ੍ਹਾ ਲੋਹਗੜ੍ਹ ਦੇ ਸਥਾਪਨਾ ਦਿਵਸ ਨੂੰ ਸਮਰਪਤ ਸਮਾਗਮ ਕਰਾਇਆ ਗਿਆ ਸੀ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸਾਬਕਾ ਉਪ ਮੁੱਖ ਮੰਤਰੀ ਨੇ ਹਰਿਆਣਾ ਦੇ ਸਿੱਖਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਿਤ ਕਰਦਿਆਂ ਆਖਿਆ ਕਿ ਉਹ ਇਕਜੁੱਟ ਹੋ ਕੇ ਸੂਬੇ ਵਿਚ ਸਿੱਖਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਭਵਿੱਖ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਜ਼ਾਦ ਤੌਰ ਉਤੇ ਲੜੀਆਂ ਜਾਣਗੀਆਂ। ਦੱਸਣਯੋਗ ਹੈ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ ਭਾਈਵਾਲੀ ਹੈ, ਪਰ ਹਰਿਆਣਾ ਵਿਚ ਚੌਟਾਲਾ ਪਰਿਵਾਰ ਨਾਲ ਸਾਂਝ ਹੋਣ ਕਾਰਨ ਭਾਜਪਾ ਨਾਲ ਦੂਰੀ ਬਣੀ ਹੋਈ ਹੈ।

ਸਮਾਗਮ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਿਲ੍ਹਾ ਲੋਹਗੜ੍ਹ ਦਾ ਸਥਾਪਨਾ ਦਿਵਸ ਸਬੰਧੀ ਸਮਾਗਮ ਹਰ ਸਾਲ ਵੱਡੇ ਪੱਧਰ ਉਤੇ ਮਨਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਇਥੇ ਦਸ ਏਕੜ ਰਕਬੇ ਵਿਚ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ, ਜਿਸ ਦੀ ਚਾਰਦੀਵਾਰੀ ਦਾ ਕੰਮ ਵੀ ਛੇਤੀ ਸ਼ੁਰੂ ਕਰਵਾਇਆ ਜਾਵੇਗਾ।

# ਲੋੜਵੰਦ ਪਰਿਵਾਰਾਂ ਨੂੰ ਸਹੂਲਤਾਂ ਦੀ ਥਾਂ ਧੱਕੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲਗਭਗ 14 ਸਕੀਮਾਂ ਇਕੱਠੀਆਂ ਕਰ ਕੇ ਗਰੀਬਾਂ ਨੂੰ ਲਾਭ ਦੇਣ ਲਈ ਚਲਾਈ 'ਮਹਾਤਮਾ ਗਾਂਧੀ ਸਰਬੱਤ



ਵਿਕਾਸ ਯੋਜਨਾ' ਅਧੀਨ ਬਹੁਤ ਸਾਰੇ ਗਰੀਬ ਪਰਿਵਾਰ ਲਿਆਂਦੇ ਹੀ ਨਹੀਂ ਗਏ ਹਨ। ਮੁਲਾਜ਼ਮਾਂ ਵੱਲੋਂ ਕੀਤੇ ਸਰਵੇਖਣ ਦੇ ਬਾਵਜੂਦ ਅਜਿਹੇ ਲੋਕ ਦਰ ਦਰ ਧੱਕੇ ਖਾ ਰਹੇ ਹਨ। ਅਸਲ ਵਿਚ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਗ੍ਰਾਮ ਸਭਾਵਾਂ ਦੇ ਵਿਸ਼ੇਸ਼ ਇਜਲਾਸ ਬੁਲਾ ਕੇ ਕਰਨੀ ਹੁੰਦੀ ਹੈ, ਪਰ ਸੂਬੇ ਵਿਚ ਇਜਲਾਸ ਬੁਲਾਉਣ ਦਾ ਰਿਵਾਜ ਹੀ ਨਹੀਂ ਹੈ।

ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਰਵੇਖਣ ਮੁਕੰਮਲ ਹੋ ਚੁੱਕੇ ਹਨ। ਡਿਪਟੀ ਕਮਿਸ਼ਨਰਾਂ ਨੇ ਕਈ ਪਿੰਡਾਂ ਦਾ ਕਲੱਸਟਰ ਬਣਾ ਕੇ ਤਿੰਨ-ਤਿੰਨ ਮੈਂਬਰੀ ਕਮੇਟੀਆਂ ਬਣਾਈਆਂ ਸਨ, ਇਨ੍ਹਾਂ ਵਿਚ ਹਰ ਪਿੰਡ ਦਾ ਇਕ ਸਮਾਜ ਸੇਵੀ ਵੀ ਸ਼ਾਮਲ ਕੀਤਾ ਗਿਆ ਸੀ। ਬਹੁਤ ਸਾਰੇ ਪਿੰਡਾਂ ਦੇ ਲੋਕਾਂ ਨੂੰ ਅਜਿਹੇ ਸਰਵੇਖਣ ਦੀ ਜਾਣਕਾਰੀ ਹੀ ਨਹੀਂ ਹੈ। ਪਟਿਆਲਾ ਜ਼ਿਲ੍ਹੇ ਦੇ ਪਿੰਡ ਕੈਦੂਪੁਰ ਦੇ ਗਰੀਬ ਪਰਿਵਾਰਾਂ ਲਈ ਪੰਜ ਮਰਲੇ ਦੇ ਪਲਾਟਾਂ ਸਬੰਧੀ ਬਾਕਾਇਦਾ ਗ੍ਰਾਮ ਸਭਾ ਕਰ ਕੇ ਮਤਾ ਪਾ ਕੇ ਦਿੱਤਾ ਹੋਇਆ ਹੈ, ਪਰ ਦੂਜੇ ਸਾਲ ਵੀ ਕੋਈ ਕਾਰਵਾਈ ਨਹੀਂ ਹੋਈ। ਖ਼ੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਸੈਂਕੜੇ ਪਰਿਵਾਰਾਂ ਦੀਆਂ ਵਿਧਵਾਵਾਂ ਅਤੇ ਬੇਸਹਾਰਾ ਬੱਚਿਆਂ ਦੀਆਂ ਪੈਨਸ਼ਨਾਂ ਵੀ ਮਹੀਨਿਆਂ ਤੋਂ ਨਹੀਂ ਲੱਗ ਰਹੀਆਂ ਹਨ।

ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਰਬੱਤ ਵਿਕਾਸ ਯੋਜਨਾ ਦੇ ਲਾਭਪਾਤਰੀਆਂ ਦੀ ਸਾਲਾਨਾ ਆਮਦਨ 60 ਹਜ਼ਾਰ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਢਾਈ ਏਕੜ ਤੋਂ ਵੱਧ ਜ਼ਮੀਨ ਨਹੀਂ ਹੋਣੀ ਚਾਹੀਦੀ। ਲਾਭਪਾਤਰੀਆਂ ਦੀ ਨਿਸ਼ਾਨਦੇਹੀ ਲਈ ਡਿਪਟੀ ਕਮਿਸ਼ਨਰ ਵੱਲੋਂ ਪਿੰਡ ਪੱਧਰੀ ਕਮੇਟੀ ਬਣਾਈ ਜਾਂਦੀ ਹੈ। ਲਾਭਪਾਤਰੀਆਂ ਦੀ ਨਿਸ਼ਾਨਦੇਹੀ ਤੋਂ ਬਾਅਦ ਸਬੰਧਤ ਕਮੇਟੀ ਹਰ ਪਿੰਡ ਵਿਚ ਗ੍ਰਾਮ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਂਦੀ ਹੈ।

# ਪੰਜਾਬੀ 'ਵਰਸਿਟੀ ਵੱਲੋਂ ਸਰੀ ਦੇ ਪੰਜਾਬ ਭਵਨ ਨਾਲ ਸਮਝੌਤਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਰੀ (ਕੈਨੇਡਾ) ਵਿਚ ਸਥਾਪਤ ਅਦਾਰੇ 'ਪੰਜਾਬ ਭਵਨ ਕੈਨੇਡਾ' ਨਾਲ ਸਮਝੌਤਾ ਕੀਤਾ ਗਿਆ ਹੈ, ਜਿਸ ਤਹਿਤ ਇਹ ਦੋਵੇਂ ਅਦਾਰੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਪ੍ਰਸਾਰ ਲਈ ਪ੍ਰੋਗਰਾਮਾਂ ਦਾ ਆਦਾਨ-ਪ੍ਰਦਾਨ ਕਰਨਗੇ।

ਇਸ ਸਬੰਧੀ ਐਮਓਯੂ ਉਤੇ ਦੋਹਾਂ ਅਦਾਰਿਆਂ ਦੇ ਨੁਮਾਇੰਦਿਆਂ ਵੱਲੋਂ ਦਸਤਖਤ ਕੀਤੇ ਗਏ ਹਨ। ਇਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਵਾਈਸ ਚਾਂਸਲਰ ਡਾ. ਬੀ.ਐਸ. ਘੁੰਮਣ ਤੋਂ ਇਲਾਵਾ ਡੀਨ ਅਕਾਦਮਿਕ ਡਾ. ਜੀ.ਐਸ. ਬੱਤਰਾ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਾਮਲਿਆਂ ਸਬੰਧੀ ਡਾਇਰੈਕਟਰ ਪ੍ਰੋ. ਲਖਵਿੰਦਰ ਸਿੰਘ ਵੱਲੋਂ ਦਸਤਖ਼ਤ ਕੀਤੇ ਗਏ ਹਨ।

ਪੰਜਾਬ ਭਵਨ ਕੈਨੇਡਾ ਵੱਲੋਂ ਸੰਸਥਾ ਦੇ ਮੋਢੀ ਪ੍ਰਧਾਨ ਸੁੱਖੀ ਬਾਠ ਵੱਲੋਂ ਇਸ ਸਮਝੌਤੇ 'ਤੇ ਸਹੀ ਪਾਈ ਗਈ। ਇਸ ਮੌਕੇ ਵਾਈਸ ਚਾਂਸਲਰ ਡਾ. ਬੀ. ਐਸ ਘੁੰਮਣ ਨੇ ਕਿਹਾ ਕਿ ਇਨ੍ਹਾਂ ਦੋਹਾਂ ਅਦਾਰਿਆਂ ਦਰਮਿਆਨ ਸਮਝੌਤੇ ਦਾ ਮੁੱਖ ਮਕਸਦ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਪ੍ਰਸਾਰ ਕਰਨਾ ਅਤੇ ਇਸ ਨੂੰ ਪ੍ਰਫੁੱਲਿਤ ਕਰਨਾ ਹੈ।

# ਸੇਮ ਸਮੱਸਿਆ ਵਾਲਾ ਪ੍ਰਾਜੈਕਟ ਫੰਡਾਂ ਦੀ ਤੋਟ 'ਚ ਉਲਝਿਆ

**ਚੰਡੀਗੜ੍ਹ:** ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿਚ 2014 ਦੌਰਾਨ ਕੇਂਦਰ ਦੇ ਸਹਿਯੋਗ ਨਾਲ ਸ਼ੁਰੂ ਹੋਏ ਸੇਮ ਦੀ ਸਮੱਸਿਆ ਨਾਲ ਨਜਿੱਠਣ ਲਈ ਪ੍ਰੋਜੈਕਟ 'ਤੇ ਫੰਡਾਂ ਦੀ ਘਾਟ ਦੇ ਬੱਦਲ ਮੰਡਰਾ ਰਹੇ ਹਨ। ਇਸ ਪ੍ਰੋਜੈਕਟ ਸਬੰਧੀ 75 ਫੀਸਦੀ ਕੰਮ ਪੂਰਾ ਹੋ ਚੁੱਕਾ ਹੈ, ਪਰ 25 ਫੀਸਦੀ ਕੰਮ ਪੂਰਾ ਕਰਨ ਵਿਚ ਫੰਡਾਂ ਦੀ ਘਾਟ ਰੋੜਾ ਬਣ ਰਹੀ ਹੈ। ਇਸ ਸਬੰਧੀ ਖੁਲਾਸਾ ਪੰਜਾਬ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਵੱਲੋਂ ਸਬੰਧਤ ਵਿਭਾਗ ਤੋਂ ਮੰਗੀ ਜਾਣਕਾਰੀ ਵਿਚ ਹੋਇਆ ਹੈ।

ਜਾਣਕਾਰੀ ਅਨੁਸਾਰ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਨੇ ਪੁੱਛਿਆ ਸੀ ਕਿ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਸੇਮ ਨਾਲ ਕਿੰਨਾ ਖੇਤਰ ਘਿਰਿਆ ਹੈ ਤੇ ਇਸ ਨੂੰ ਸੁਧਾਰਨ ਲਈ ਅਜੇ ਹੋਰ ਕਿੰਨੇ ਫੰਡ ਦੀ ਜ਼ਰੂਰਤ ਹੈ ਦੱਸਿਆ ਜਾਵੇ। ਕਮੇਟੀ ਨੂੰ ਦਿੱਤੇ ਜਵਾਬ ਵਿਚ ਸਿੰਚਾਈ ਵਿਭਾਗ ਨੇ ਦੱਸਿਆ ਕਿ ਸਾਲ 2014 ਵਿਚ ਕੇਂਦਰੀ



ਸਹਿਯੋਗ ਨਾਲ ਇਕ ਪ੍ਰੋਜੈਕਟ ਤਿਆਰ ਕੀਤਾ ਗਿਆ ਸੀ, ਜਿਸ ਵਿਚ ਫੰਡ ਦਾ 75 ਫੀਸਦੀ ਹਿੱਸਾ ਕੇਂਦਰ ਤੇ 25 ਫੀਸਦੀ ਹਿੱਸਾ ਰਾਜ ਸਰਕਾਰ ਦਾ ਸੀ ਤੇ ਕੁੱਲ 960 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਵਿਚ ਹੁਣ ਤੱਕ 585 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਇਸ ਦੌਰਾਨ 60 ਹਜ਼ਾਰ ਹੈਕਟੇਅਰ ਸੇਮ ਵਾਲੇ ਖੇਤਰ ਦੀ ਪਛਾਣ ਕਰ ਕੇ ਉਸ ਵਿਚੋਂ 40 ਹਜ਼ਾਰ ਹੈਕਟੇਅਰ ਖੇਤਰ ਨੂੰ ਰਿਕਲੇਮ ਕਰਦੇ ਹੋਏ ਉਥੇ ਪਾਣੀ ਨੂੰ 3 ਫੁੱਟ ਤੱਕ ਲਿਆਂਦਾ ਗਿਆ ਹੈ ਤੇ ਪੂਰੇ ਖੇਤਰ ਵਿਚ ਫਸਲ ਲੱਗਣੀ ਵੀ ਸ਼ੁਰੂ ਹੋ ਗਈ ਹੈ। ਸੇਮ ਵਾਲੇ ਖੇਤਰ ਵਿਚੋਂ ਪਾਣੀ ਦੀ ਨਿਕਾਸੀ ਅੰਡਰ ਗਰਾਊਂਡ ਪਾਈਪਾਂ ਜ਼ਰੀਏ ਤੇ ਲਿਫਟ ਇਰੀਗੇਸ਼ਨ ਰਾਹੀਂ ਕੀਤੀ ਗਈ ਹੈ ਤੇ ਬਾਕੀ ਰਹਿੰਦੇ ਕੰਮ ਲਈ 280 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਤੇ 95 ਕਰੋੜ ਰੁਪਏ ਰਾਜ ਸਰਕਾਰ ਤੋਂ ਮਿਲਣੇ ਬਾਕੀ ਹਨ, ਜਿਸ ਮਗਰੋਂ ਹੀ ਪ੍ਰੋਜੈਕਟ ਸਿਰੇ ਚੜ੍ਹ ਸਕੇਗਾ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਕਈ ਬੈਠਕਾਂ ਵੀ ਹੋ ਚੁੱਕੀਆਂ ਹਨ, ਜਿਸ ਦੇ ਬਾਵਜੂਦ ਵਿਭਾਗ ਨੂੰ ਬਾਕੀ ਪੈਸਾ ਨਹੀਂ ਮਿਲਿਆ ਹੈ। ਪ੍ਰੋਜੈਕਟ ਤਹਿਤ ਅਜੇ ਵੀ 20 ਹਜ਼ਾਰ ਏਕੜ ਜ਼ਮੀਨ ਉਤੇ ਕੰਮ ਕੀਤਾ ਜਾਣਾ ਬਾਕੀ ਹੈ।

ਪਤਾ ਲੱਗਾ ਹੈ ਕਿ ਛੇ ਮਹੀਨੇ ਪਹਿਲਾਂ ਨੀਤੀ ਕਮਿਸ਼ਨ ਨੇ ਇਕ ਇੰਟਰ-ਮਨਿਸਟਰੀਅਲ ਕਮੇਟੀ ਦਾ ਗਠਨ ਕੀਤਾ ਸੀ ਤੇ ਇਸ ਕਮੇਟੀ ਨੇ ਸਬੰਧਤ ਖੇਤਰ ਦਾ ਦੌਰਾ ਕਰ ਕੇ ਰਿਪੋਰਟ ਤਿਆਰ ਕੀਤੀ ਸੀ।

ਦੱਸਿਆ ਜਾ ਰਿਹਾ ਹੈ ਕਿ ਉਕਤ ਕਮੇਟੀ ਵੱਲੋਂ ਇਹ ਰਿਪੋਰਟ ਹੁਣ ਨੀਤੀ ਕਮਿਸ਼ਨ ਨੂੰ ਦਿੱਤੀ ਵੀ ਜਾ ਚੁੱਕੀ ਹੈ। ਸਿੰਚਾਈ ਵਿਭਾਗ ਦੇ ਨੁਮਾਇੰਦੇ ਅਨੁਸਾਰ ਨੀਤੀ ਕਮਿਸ਼ਨ ਨਾਲ ਇਸ ਮੁੱਦੇ ਉਤੇ ਗੱਲਬਾਤ ਵੀ ਜਾਰੀ ਹੈ ਤੇ ਵਿਭਾਗ ਦੇ ਸਕੱਤਰ ਵੱਲੋਂ ਵੀ ਆਪਣੇ ਪੱਧਰ ਉਤੇ ਪੱਤਰ ਲਿਖੇ ਗਏ ਹਨ।

# ਪੌਣੇ ਦੋ ਸੌ ਕਿਸਾਨਾਂ 'ਤੇ ਲਟਕੀ ਚੈੱਕ ਬਾਊਂਸ ਦੀ ਤਲਵਾਰ

**ਬਠਿੰਡਾ:** ਨਰਮਾ ਪੱਟੀ ਦੇ ਤਕਰੀਬਨ ਪੌਣੇ ਦੋ ਸੌ ਕਿਸਾਨਾਂ ਉਤੇ ਚੈੱਕ ਬਾਊਂਸ ਹੋਣ ਦੀ ਤਲਵਾਰ ਲਟਕੀ ਹੈ, ਜਿਨ੍ਹਾਂ ਨੂੰ ਸਹਿਕਾਰੀ ਬੈਂਕਾਂ ਨੇ ਘੇਰ ਲਿਆ ਹੈ। ਰਾਮਪੁਰਾ ਫੂਲ ਇਲਾਕੇ ਦੇ




ਦੋ ਕਿਸਾਨਾਂ ਨੂੰ ਚੈੱਕ ਬਾਊਂਸ ਦੇ ਕੇਸਾਂ ਵਿਚ ਜ਼ਮਾਨਤ ਕਰਾਉਣੀ ਪਈ ਹੈ। ਨਰਮਾ ਪੱਟੀ ਵਿਚ ਤਕਰੀਬਨ ਦਰਜਨ ਅਦਾਲਤਾਂ ਵਿਚ 172 ਕਿਸਾਨ ਚੈੱਕ ਬਾਊਂਸ ਕੇਸਾਂ ਵਿਚ ਉਲਝੇ ਹੋਏ ਹਨ। ਇਨ੍ਹਾਂ ਨੂੰ ਜੇਲ੍ਹ ਜਾਣ ਦਾ ਡਰ ਬਣਿਆ ਹੋਇਆ ਹੈ। ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ ਇਨ੍ਹਾਂ ਅਦਾਲਤੀ ਕੇਸਾਂ ਵਿਚ ਦਰਜਨਾਂ ਵਕੀਲਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਮਾਲੀ ਤੌਰ ਉਤੇ ਟੁੱਟੇ ਕਿਸਾਨ ਮਾਨਸਿਕ ਪਰੇਸ਼ਾਨੀ ਵਿਚੋਂ ਲੰਘ ਰਹੇ ਹਨ।

ਵੇਰਵਿਆਂ ਅਨੁਸਾਰ ਨਰਮਾ ਪੱਟੀ ਵਿਚ ਸਭ ਤੋਂ ਜ਼ਿਆਦਾ ਚੈੱਕ ਬਾਊਂਸ ਦੇ ਕੇਸ ਮਲੋਟ ਅਦਾਲਤ ਵਿਚ ਚੱਲ ਰਹੇ ਹਨ ਅਤੇ ਮੁਕਤਸਰ ਦੀ ਕੇਂਦਰੀ ਸਹਿਕਾਰੀ ਬੈਂਕ ਨੇ ਕਰਜ਼ਾਈ ਕਿਸਾਨਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਜਦੋਂ 32 ਕਿਸਾਨਾਂ ਤੋਂ ਪੈਸਾ ਨਾ ਮੋੜਿਆ ਜਾ ਸਕਿਆ ਤਾਂ ਕੇਂਦਰੀ ਸਹਿਕਾਰੀ ਬੈਂਕ ਨੇ ਮਲੋਟ ਅਦਾਲਤ ਵਿਚ ਚੈੱਕ ਬਾਊਂਸ ਦੇ ਕੇਸ ਪਾ ਦਿੱਤੇ। ਜਲਾਲਾਬਾਦ ਅਦਾਲਤ ਵਿਚ 20 ਕਿਸਾਨਾਂ ਖਿਲਾਫ 'ਚੈੱਕ ਬਾਊਂਸ' ਦੇ ਕੇਸ ਚੱਲ ਰਹੇ ਹਨ ਅਤੇ ਕੇਂਦਰੀ ਸਹਿਕਾਰੀ ਬੈਂਕ ਨੇ ਇਹ ਕੇਸ ਪਾਏ ਹਨ।

ਬਹੁਤੇ ਕਿਸਾਨਾਂ ਨੇ ਇਨ੍ਹਾਂ ਫੈਸਲਿਆਂ ਖਿਲਾਫ ਉਚ ਅਦਾਲਤ ਵਿਚ ਅਪੀਲਾਂ ਵੀ ਦਾਇਰ ਕੀਤੀਆਂ ਹਨ। ਇਸੇ ਤਰ੍ਹਾਂ ਰਾਮਪੁਰਾ ਫੂਲ ਅਦਾਲਤ ਵਿਚ ਇਸ ਵੇਲੇ 16 ਕੇਸ ਚੈੱਕ ਬਾਊਂਸ ਦੇ ਪੈਂਡਿੰਗ ਪਏ ਹਨ ਅਤੇ ਇਨ੍ਹਾਂ ਅਦਾਲਤਾਂ ਵਿਚੋਂ ਦੋ ਕਿਸਾਨਾਂ ਨੂੰ ਜ਼ਮਾਨਤ ਵੀ ਕਰਾਉਣੀ ਪਈ ਹੈ। ਅਬੋਹਰ ਅਦਾਲਤ ਵਿਚ ਚੈੱਕ ਬਾਊਂਸ ਦੇ ਕਰੀਬ ਡੇਢ ਦਰਜਨ ਕੇਸ ਚੱਲ ਰਹੇ ਹਨ ਜਦੋਂਕਿ ਜੈਤੋ ਅਦਾਲਤ ਵਿਚ 14 ਕਿਸਾਨਾਂ ਨੂੰ ਚੈੱਕ ਬਾਊਂਸ ਦੇ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤੇ ਕਿਸਾਨ ਅਦਾਲਤੀ ਨੋਟਿਸ ਮਗਰੋਂ ਵਸੂਲੀ ਤਾਰ ਵੀ ਗਏ ਹਨ।

# ਸ਼ਹੀਦੀ ਗੈਲਰੀ ਸਥਾਪਤ ਕਰਨ ਦਾ ਕਾਰਜ ਅਧਵਾਟੇ ਲਟਕਿਆ

**ਅੰਮ੍ਰਿਤਸਰ:** 34 ਵਰ੍ਹੇ ਪਹਿਲਾਂ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵਾਪਰੇ ਘੱਲੂਘਾਰੇ ਦੌਰਾਨ ਭਾਰਤੀ ਫੌਜ ਹੱਥੋਂ ਸ਼ਹੀਦ ਹੋਏ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੇ ਹੋਰ ਸ਼ਹੀਦਾਂ ਸਿੰਘ-ਸਿੰਘਣੀਆਂ ਦੀ ਯਾਦ 'ਚ ਦਮਦਮੀ ਟਕਸਾਲ ਵੱਲੋਂ ਪਿਛਲੇ ਵਰ੍ਹੇ ਸ਼ਹੀਦੀ ਗੈਲਰੀ ਸਥਾਪਤ ਕਰਨ ਦੀ ਕਾਰ ਸੇਵਾ ਦਾ ਕਾਰਜ 11 ਮਹੀਨੇ ਬੀਤਣ ਬਾਅਦ ਵੀ ਅਰੰਭ ਨਹੀਂ ਹੋ ਸਕਿਆ ਹੈ।

ਇਸ ਸ਼ਹੀਦੀ ਗੈਲਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਨਿਸ਼ਾਨ ਸਾਹਿਬ ਨੇੜੇ ਤੇ ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਹੇਠਲੀ ਬੇਸਮੈਂਟ ਵਿਚ ਬਣਾ ਕੇ ਇਥੇ ਘੱਲੂਘਾਰੇ ਦੌਰਾਨ ਸ਼ਹੀਦ ਹੋਣ ਵਾਲੇ ਸਿੰਘਾਂ ਦੀਆਂ ਤਸਵੀਰਾਂ ਲਗਾਉਣ ਲਈ ਦਮਦਮੀ ਟਕਸਾਲ ਵੱਲੋਂ ਇਹ ਸੇਵਾ ਸ਼੍ਰੋਮਣੀ ਕਮੇਟੀ ਕੋਲੋਂ ਮੰਗ ਕੇ ਲਈ ਗਈ ਸੀ ਤੇ ਇਸ ਨੂੰ ਇਕ ਵਰ੍ਹੇ ਦੌਰਾਨ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਸੀ।

ਇਸ ਸ਼ਹੀਦੀ ਗੈਲਰੀ ਦੇ ਮੁਕੰਮਲ ਨਾ ਹੋਣ ਕਾਰਨ ਦਮਦਮੀ ਟਕਸਾਲ ਤੇ ਸ਼੍ਰੋਮਣੀ ਕਮੇਟੀ ਦੋਵੇਂ ਖਾਮੋਸ਼ ਹਨ, ਪਰ ਇਸ ਸਬੰਧੀ ਪੁੱਛੇ ਜਾਣ 'ਤੇ ਟਕਸਾਲ ਦਾ ਪ੍ਰਤੀਕ੍ਰਮ ਸੀ ਕਿ ਇਸ ਬਾਰੇ ਯੋਜਨਾ ਅੰਤਿਮ ਪੜਾਅ ਉਤੇ ਹੈ ਤੇ ਜਲਦੀ ਹੀ ਇਹ ਗੈਲਰੀ ਤਿਆਰ ਹੋ ਜਾਵੇਗੀ, ਪਰ ਇਸ ਗੈਲਰੀ ਦੀ ਕਾਰ ਸੇਵਾ ਨੇ ਮੁਕੰਮਲ ਤਾਂ ਕੀ ਹੋਣਾ ਸੀ, ਅਜੇ ਤੱਕ ਇਹ ਸੇਵਾ ਆਰੰਭ ਹੀ ਨਹੀਂ ਹੋ ਸਕੀ। ਇਸ ਦਾ ਕਾਰਨ ਇਸ ਦੀ ਛੱਤ ਤੋਂ ਹੇਠਾਂ ਸਲਾਬ ਦਾ ਆਉਣਾ ਮੰਨਿਆ ਜਾ ਰਿਹਾ ਹੈ, ਜਿਸ ਕਾਰਨ ਇਸ ਦੀ ਛੱਤ 'ਤੇ ਲੱਗੀ ਫਾਲਸਸੀਲਿੰਗ ਖਰਾਬ ਹੋ ਚੁੱਕੀ ਹੈ।

ਅਰੰਭਤਾ ਤੋਂ ਕੁਝ ਹਫਤੇ ਬਾਅਦ ਤੱਕ ਇਸ ਦੀਆਂ ਦੀਵਾਰਾਂ 'ਤੇ ਟਾਈਲਾਂ ਜ਼ਰੂਰ ਲਗਾ ਦਿੱਤੀਆਂ ਗਈਆਂ ਸਨ, ਪਰ ਇਸ ਦੀਆਂ ਛੱਤਾਂ ਤੋਂ ਲੀਕੇਜ ਦੀ ਮੁਰੰਮਤ ਤੇ ਹੇਠਾਂ ਫਰਸ਼ ਲਗਾਉਣ ਦਾ ਕੰਮ ਅਜੇ ਤੱਕ ਸ਼ੁਰੂ ਨਹੀਂ ਹੋਇਆ। ਪਤਾ ਲੱਗਾ ਹੈ ਕਿ ਟਕਸਾਲ ਵੱਲੋਂ ਇਸ ਗੈਲਰੀ ਲਈ ਅਜੇ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਤੇ ਵੇਰਵੇ ਵੀ ਹਾਲੇ ਪੂਰੀ ਤਰ੍ਹਾਂ ਇਕੱਤਰ ਨਹੀਂ ਕੀਤੇ ਗਏ।

# ਕਰਜ਼ ਮੁਆਫੀ ਦੇ ਨਾਂ ਉਤੇ ਕਿਸਾਨਾਂ ਨਾਲ ਮਜ਼ਾਕ

**ਬਠਿੰਡਾ:** ਪੰਜਾਬ ਸਰਕਾਰ ਦੀ ਕਰਜ਼ਾ ਰਾਹਤ ਸਕੀਮ ਕਿਸਾਨਾਂ ਲਈ ਮਜ਼ਾਕ ਬਣ ਕੇ ਰਹਿ ਗਈ ਹੈ। ਕਿਸਾਨਾਂ ਨੂੰ ਕਰਜ਼ ਮੁਆਫੀ ਦੇ ਨਾਂ ਉਤੇ ਮਹਿਜ਼ 2, 9, 13, 23, 27, 33 ਰੁਪਏ ਦੇ ਚੈੱਕ ਦਿੱਤੇ ਜਾ ਰਹੇ ਹਨ। ਦਰਅਸਲ, ਕਰਜ਼ ਮੁਆਫੀ ਦੇ ਦੂਜੇ ਗੇੜ ਵਿਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ। ਪਤਾ ਲੱਗਾ ਹੈ ਕਿ ਵੱਡੀ ਗਿਣਤੀ ਲਾਭਪਾਤਰੀਆਂ ਨੂੰ ਰਾਹਤ ਵਜੋਂ ਮਹਿਜ਼ 2, 9, 13, 23, 27, 33 ਰੁਪਏ ਵਰਗੀਆਂ 'ਰਕਮਾਂ' ਹੀ ਮਿਲਣ ਵਾਲੀਆਂ ਹਨ। ਉਂਜ ਕਈ ਰਸੂਖਵਾਨ ਕਿਸਾਨਾਂ ਨੂੰ ਇਕ-ਦੋ ਲੱਖ ਰੁਪਏ ਦੀ ਮੁਆਫੀ ਲਈ ਚੁਣਿਆ ਗਿਆ ਹੈ। ਕੋਟਲੀ ਅਬਲੂ ਦੇ ਜਸਪਾਲ ਸਿੰਘ, ਜੋ 1999 ਵਿਚ ਚਲਾਣਾ ਕਰ ਗਿਆ ਸੀ, ਨੂੰ ਮਹਿਜ਼ 2 ਰੁਪਏ ਮਿਲਣਗੇ।

ਇਸ ਬਾਰੇ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਅਜਿਹਾ ਕਿਸੇ ਕਲਰਕੀ ਗਲਤੀ ਕਾਰਨ ਹੋ ਸਕਦਾ ਹੈ। ਲੋੜ ਪੈਣ ਉਤੇ ਸੂਚੀ ਸੋਧੀ ਜਾ ਸਕਦੀ ਹੈ। ਸੂਤਰਾਂ ਮੁਤਾਬਕ ਉਸ ਸਿਰ 1.4 ਲੱਖ ਰੁਪਏ ਕਰਜ਼ ਹੈ। ਗੁਰੂਸਰ ਦੇ ਬਲਜੀਤ ਸਿੰਘ ਦੀ ਮਹਿਜ਼ 13 ਰੁਪਏ, ਭੁੱਟੀਵਾਲੇ ਦੇ ਕਰਤਾਰ ਸਿੰਘ ਦੀ 9 ਰੁਪਏ, ਕੋਟਲੀ ਅਬਲੂ ਦੇ ਗੁਰਮੇਲ ਸਿੰਘ ਦੀ 23 ਰੁਪਏ ਰਾਹਤ ਲਈ ਚੋਣ ਹੋਈ ਹੈ।

—ਬਿਆਸ ਦੇ ਪਾਣੀ ਨੂੰ ਪਲੀਤ ਕਰਨ ਦਾ ਮਾਮਲਾ—

# ਐਨ.ਜੀ.ਟੀ. ਦੀ ਝਾੜ ਪਿੱਛੋਂ ਜਾਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੀ ਝਾੜ ਪਿੱਛੋਂ ਆਖਰਕਾਰ ਕੈਪਟਨ ਸਰਕਾਰ ਬਿਆਸ ਦਰਿਆ ਨੂੰ ਪਲੀਤ ਕਰਨ ਵਾਲੀ ਖੰਡ ਮਿੱਲ ਖਿਲਾਫ ਸਖਤੀ ਕਰਨ ਲਈ ਤਿਆਰੀ ਹੋ ਗਈ ਹੈ। ਸਰਕਾਰ ਨੇ ਬਿਆਸ ਦਰਿਆ ਦਾ ਪਾਣੀ ਜ਼ਹਿਰੀਲਾ ਕਰਨ ਵਾਲੀ ਚੱਢਾ ਸ਼ੂਗਰ ਮਿੱਲ ਨੂੰ ਪੰਜ ਕਰੋੜ ਰੁਪਏ ਜੁਰਮਾਨਾ ਕੀਤਾ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਇਹ ਮਿੱਲ ਅਜੇ ਬੰਦ ਰਹੇਗੀ ਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਬਿਨਾਂ ਮਿੱਲ ਨੂੰ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਕੈਪਟਨ ਅਮਰਿੰਦਰ ਸਿੰਘ ਨੇ ਵਾਤਾਵਰਣ ਮੰਤਰੀ ਓ.ਪੀ. ਸੋਨੀ ਦੀ ਅਗਵਾਈ ਹੇਠ ਇਕ ਕਮੇਟੀ ਦਾ ਗਠਨ ਕੀਤਾ ਹੈ, ਜੋ ਸੂਬੇ ਵਿਚ ਦਰਿਆਵਾਂ ਦੀ ਸਫਾਈ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸੁਝਾਅ ਦੇਵੇਗੀ। ਕਮੇਟੀ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਵੀ ਸੁਝਾਅ ਦੇਣ ਲਈ ਕਿਹਾ ਹੈ। ਕਮੇਟੀ 10 ਦਿਨਾਂ ਵਿਚ ਰਿਪੋਰਟ ਸੌਂਪੇਗੀ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਮਿੱਲ ਨੇ ਵਾਟਰ (ਪ੍ਰੀਵੈਂਸ਼ਨ ਐਂਡ ਕੰਟਰੋਲ ਆਫ ਪਲਿਊਸ਼ਨ) ਐਕਟ, ਈਸਟ ਪੰਜਾਬ ਮੋਲਾਸਿਸ (ਕੰਟਰੋਲ) ਐਕਟ-1948 ਅਤੇ ਫੈਕਟਰੀਜ਼ ਐਕਟ-1948 ਦੀ ਉਲੰਘਣਾ ਕੀਤੀ।

ਮੁੱਖ ਮੰਤਰੀ ਨੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਐਮਡੀ ਨੂੰ ਲੁਧਿਆਣਾ ਦੇ ਬੁੱਢੇ ਨਾਲੇ ਦੀ ਸਫਾਈ ਸਬੰਧੀ ਵਿਸਥਾਰਤ ਰਿਪੋਰਟ ਦੇਣ ਉਦਯੋਗਿਕ ਇਕਾਈਆਂ ਵੱਲੋਂ ਇਸ ਵਿਚ ਸੁੱਟੀ ਰਹੀ ਰਹਿੰਦ-ਖੂੰਹਦ ਤੇ ਜਲੰਧਰ ਜ਼ਿਲ੍ਹੇ ਵਿਚ ਕਾਲਾ



ਸੰਘਿਆ ਡਰੇਨ ਵਿਚ ਚਮੜਾ ਉਦਯੋਗ ਦੀ ਰਹਿੰਦ-ਖੂੰਹਦ ਪੈਣ ਨਾਲ ਫੈਲ ਰਹੇ ਪ੍ਰਦੂਸ਼ਣ ਦੀ ਘੋਖ ਉਤੇ ਵੀ ਜ਼ੋਰ ਦਿੱਤਾ। ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਦੀ ਵਿਆਪਕ ਪੱਧਰ ਉਤੇ ਸਫਾਈ ਲਈ ਸਮਾਂ ਬੱਧ ਕਾਰਜ ਯੋਜਨਾ ਤਿਆਰ ਫੈਸਲਾ ਵੀ ਕੀਤਾ ਗਿਆ।

ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਸੁਖਪਾਲ ਸਿੰਘ ਖਹਿਰਾ ਵੱਲੋਂ ਮੁਲਜ਼ਮਾਂ ਖਿਲਾਫ ਢਿੱਲ ਦੀ ਸ਼ਿਕਾਇਤ ਕੌਮੀ ਗ੍ਰੀਨ ਟ੍ਰਿਬਿਊਨਲ ਕੋਲ ਕੀਤੀ ਸੀ। ਜਿਸ ਪਿੱਛੋਂ ਟ੍ਰਿਬਿਊਨਲ ਨੇ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ।

ਜ਼ਿਕਰਯੋਗ ਹੈ ਕਿ ਮਿੱਲ ਵੱਲੋਂ ਬਿਆਸ ਦਰਿਆ ਵਿਚ ਸੀਰਾ ਛੱਡਣ ਕਾਰਨ ਵੱਡੀ ਤਦਾਦ 'ਚ ਮੱਛੀਆਂ ਮਰ ਗਈਆਂ ਹਨ ਤੇ ਘੜਿਆਲ, ਡੌਲਫਿਨ ਆਦਿ ਵਰਗੀਆਂ ਵਿਸ਼ੇਸ਼ ਪ੍ਰਜਾਤੀਆਂ ਨੂੰ ਵੀ ਖਤਰੇ ਵਿਚ ਪਾ ਦਿੱਤਾ ਹੈ। ਹਰੀਕੇ ਪੱਤਣ ਜਿਥੇ ਬਿਆਸ ਅਤੇ ਸਤਲੁਜ ਦਰਿਆ ਆਪਸ ਵਿਚ ਮਿਲਦੇ ਹਨ, ਇਥੋਂ ਪੰਜਾਬ ਦੇ ਦੱਖਣੀ ਇਲਾਕੇ ਅਤੇ ਰਾਜਸਥਾਨ ਵਾਸਤੇ ਸਿੰਜਾਈ ਅਤੇ ਪੀਣ ਲਈ ਪਾਣੀ ਦੀ ਵਿਵਸਥਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਵਿਚੋਂ ਨਿਕਲਦੀ ਸਰਹਿੰਦ ਨਹਿਰ ਮਾਲਵਾ ਦੇ ਮਾਨਸਾ, ਮੁਕਤਸਰ, ਫਰੀਦਕੋਟ, ਬਠਿੰਡਾ ਆਦਿ ਜ਼ਿਲ੍ਹਿਆਂ ਨੂੰ ਸਿੰਜਾਈ ਅਤੇ ਪੀਣ ਵਾਸਤੇ ਪਾਣੀ ਮੁਹੱਈਆ ਕਰਵਾਉਂਦੀ ਹੈ, ਉਥੇ ਹੀ ਰਾਜਸਥਾਨ ਫੀਡਰ ਰਾਜਸਥਾਨ ਸੂਬੇ ਨੂੰ ਪਾਣੀ ਮੁਹੱਈਆ ਕਰਵਾਉਂਦੀ ਹੈ। ਇਸ ਕਾਰਨ ਮਿੱਲ ਪ੍ਰਬੰਧਕਾਂ ਦੀ ਇਹ ਗਲਤੀ ਮਨੁੱਖੀ ਜਾਨਾਂ ਲਈ ਵੀ ਖਤਰਾ ਬਣ ਗਈ ਸੀ।

# ਭਗਵੰਤ ਮਾਨ ਦੀ 'ਆਪ' ਦੀ ਪ੍ਰਧਾਨਗੀ ਤੋਂ ਤੌਬਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਸੰਸਦ ਮੈਂਬਰ ਭਗਵੰਤ ਮਾਨ ਨੇ ਹਾਈਕਮਾਂਡ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਅਸਤੀਫਾ ਪ੍ਰਵਾਨ



ਕਰ ਕੇ ਕਿਸੇ ਹੋਰ ਆਗੂ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ।

ਕੁਝ ਦਿਨਾਂ ਦੇ ਵਿਦੇਸ਼ ਦੌਰੇ ਤੋਂ ਪਰਤੇ ਸ੍ਰੀ ਮਾਨ ਨੇ ਕਿਹਾ ਕਿ ਉਹ 'ਆਪ' ਦੀ ਟਿਕਟ ਤੋਂ ਹੀ ਸਾਲ 2019 ਦੀ ਲੋਕ ਸਭਾ ਚੋਣ ਆਪਣੇ ਪੁਰਾਣੇ ਹਲਕੇ ਸੰਗਰੂਰ ਤੋਂ ਹੀ ਲੜਨਗੇ ਅਤੇ ਪਿਛਲੇ ਰਿਕਾਰਡ ਨੂੰ ਤੋੜਨਗੇ।

ਸ੍ਰੀ ਮਾਨ ਨੇ ਕਿਹਾ ਕਿ ਉਹ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਅਤੇ ਗੁਰਪ੍ਰੀਤ ਘੁੱਗੀ ਦੀ ਪ੍ਰਧਾਨਗੀ ਹੇਠ ਵੀ ਕੰਮ ਕਰ ਚੁੱਕੇ ਹਨ ਅਤੇ ਹੁਣ ਵੀ ਪਾਰਟੀ ਜਿਸ ਨੂੰ ਵੀ ਪ੍ਰਧਾਨ ਬਣਾਏਗੀ, ਉਹ ਪੂਰੀ ਸਮਰਪਣ ਭਾਵਨਾ ਨਾਲ ਉਸ ਦੀ ਅਗਵਾਈ ਹੇਠ ਹਰ ਜ਼ਿੰਮੇਵਾਰੀ ਨਿਭਾਉਣਗੇ। ਦੱਸਣਯੋਗ ਹੈ ਕਿ ਪਿਛਲੇ ਸਮੇਂ ਤੋਂ ਸ੍ਰੀ ਮਾਨ ਦੇ ਸੰਗਰੂਰ ਦੀ ਥਾਂ ਬਠਿੰਡਾ ਤੋਂ ਚੋਣ ਲੜਨ ਅਤੇ ਹੋਰ ਪਾਰਟੀ ਵਿਚ ਸ਼ਾਮਲ ਹੋਣ ਦੀ ਚਰਚਾ ਚੱਲਦੀ ਆ ਰਹੀ ਸੀ। ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਪੰਜਾਬ ਦੇ ਲੋਕਾਂ ਕੋਲ ਇਹ ਸੁਨੇਹਾ ਪਹੁੰਚਾਉਣਾ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਅੰਦਰੂਨੀ ਤੌਰ 'ਤੇ ਇਕ ਹੋ ਕੇ ਵਾਰੋ-ਵਾਰੀ ਪੰਜਾਬ ਨੂੰ ਲੁੱਟ ਰਹੇ ਹਨ ਅਤੇ ਉਹ ਇਹ ਜ਼ਿੰਮੇਵਾਰੀ 'ਆਪ' ਦੇ ਪਲੇਟਫਾਰਮ ਤੋਂ ਬੇਰੋਕ ਨਿਭਾਉਂਦੇ ਰਹਿਣਗੇ।

# ਫੂਲਕਾ ਨੂੰ 'ਆਪ' ਦੇ ਕਾਂਗਰਸ ਨਾਲ ਹੱਥ ਮਿਲਾਉਣ 'ਤੇ ਇਤਰਾਜ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮੋਦੀ ਦੇ 'ਜੇਤੂ ਰੱਥ' ਨੂੰ ਰੋਕਣ ਲਈ ਕਾਂਗਰਸ ਦੀ ਸ਼ਮੂਲੀਅਤ ਵਾਲੇ ਉਭਰ ਰਹੇ ਸਿਆਸੀ ਗੱਠਜੋੜ ਨਾਲ ਹੱਥ ਮਿਲਾਉਣ ਦੇ ਯਤਨਾਂ ਵਿਰੁੱਧ ਪਾਰਟੀ ਦੇ ਅੰਦਰੋਂ ਹੀ ਵਿਰੋਧ ਉਠਣ ਲੱਗਾ ਹੈ। ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਆਖ ਦਿੱਤਾ ਹੈ ਕਿ 'ਆਪ' ਵੱਲੋਂ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਵਿਚ ਸ਼ਾਮਲ ਹੋਣ ਉਤੇ ਉਹ ਪਾਰਟੀ ਤੋਂ ਅਸਤੀਫਾ ਦੇ ਦੇਣਗੇ। ਉਂਜ ਪੰਜਾਬ ਦੇ ਬਹੁਤੇ ਵਿਧਾਇਕ ਅਤੇ ਲੀਡਰਸ਼ਿਪ ਨੂੰ ਇਸ ਉਤੇ ਕੋਈ ਇਤਰਾਜ਼ ਨਹੀਂ ਜਾਪਦਾ।

ਸ੍ਰੀ ਫੂਲਕਾ ਨੇ ਆਖਿਆ ਕਿ ਉਹ ਕਿਸੇ ਵੀ ਕੀਮਤ ਉਤੇ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਵਿਚ ਸ਼ਾਮਲ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮਿਸ਼ਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਹੈ। ਜੇ ਉਹ ਕਾਂਗਰਸ ਨਾਲ ਸਿਆਸੀ



ਹੱਥ ਮਿਲਾਉਂਦੇ ਹਨ ਤਾਂ ਇਸ ਦਾ ਸਿੱਧਾ 'ਕਾਂਗਰਸ ਨੂੰ ਕਤਲੇਆਮ ਲਈ ਮੁਆਫ ਕਰਨਾ' ਹੋਵੇਗਾ। ਉਹ ਘੱਟੋ-ਘੱਟ ਇਸ ਜ਼ਿੰਦਗੀ ਵਿਚ ਉਹ ਕਾਂਗਰਸ ਨਾਲ ਸਾਂਝ ਨਹੀਂ ਪਾ ਸਕਦੇ।

ਪਹਿਲਾਂ ਸ੍ਰੀ ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਵੀ ਇਹ ਕਹਿ ਕੇ ਅਸਤੀਫਾ ਦੇ ਦਿੱਤਾ ਸੀ ਕਿ ਉਹ ਸਿੱਖ ਕਤਲੇਆਮ ਦੇ ਕੇਸ ਦੀ ਪੈਰਵੀ ਨੂੰ ਪਹਿਲ ਦੇਣਾ ਚਾਹੁੰਦੇ ਹਨ। ਉਨ੍ਹਾਂ 'ਆਪ' ਦੀਆਂ ਸਿਆਸੀ ਸਰਗਰਮੀਆਂ ਤੋਂ ਵੀ ਲੰਮੇ ਸਮੇਂ ਤੋਂ ਫਾਸਲਾ ਬਣਾਇਆ ਹੋਇਆ ਹੈ। ਉਨ੍ਹਾਂ ਆਪਣੇ ਆਪ ਨੂੰ ਆਪਣੇ ਵਿਧਾਨ ਸਭਾ ਹਲਕਾ ਦਾਖਾ ਤੱਕ ਹੀ ਸੀਮਤ ਰਖਿਆ ਹੈ। ਸੂਤਰਾਂ ਅਨੁਸਾਰ ਉਂਜ ਪੰਜਾਬ ਦੇ ਬਹੁਤੇ 'ਆਪ' ਵਿਧਾਇਕਾਂ ਅਤੇ ਲੀਡਰਸ਼ਿਪ ਨੂੰ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਨਾਲ ਸਾਂਝ ਪਾਉਣ ਵਿਚ ਇਤਰਾਜ਼ ਨਹੀਂ ਜਾਪਦਾ। ਪਾਰਟੀ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਇਕੱਲੇ ਤੌਰ ਉਤੇ ਮੋਦੀ ਨੂੰ ਰੋਕਣਾ ਔਖਾ ਹੈ। ਜੇ ਪਾਰਟੀ ਨੂੰ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਨਾਲ ਸਿਆਸੀ ਸਾਂਝ ਦੀ ਲੋੜ ਜਾਪਦੀ ਹੈ ਤਾਂ ਇਸ ਲਈ ਕੋਈ ਹਰਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗੱਠਜੋੜ ਵਿਚ ਸ਼ਮੂਲੀਅਤ ਬਾਵਜੂਦ ਪਾਰਟੀ ਨੂੰ ਆਪਣੇ ਅਸੂਲਾਂ ਤੇ ਵਿਚਾਰਧਾਰਾ ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ। ਗੌਰਤਲਬ ਹੈ ਕਿ ਸ੍ਰੀ ਕੇਜਰੀਵਾਲ ਲੰਮੇ ਸਮੇਂ ਤੋਂ ਕੌਮੀ ਪੱਧਰ ਉਤੇ ਭਾਜਪਾ ਵਿਰੁੱਧ ਸਾਂਝਾ ਗੱਠਜੋੜ ਬਣਾਉਣ ਲਈ ਸਰਗਰਮ ਹਨ। ਉਹ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀਆਂ ਸਿਆਸੀ ਸਰਗਰਮੀਆਂ ਦਾ ਕਈ ਵਾਰ ਹਿੱਸਾ ਵੀ ਬਣ ਚੁੱਕੇ ਹਨ।

# ਕਿਸਾਨ ਤੋਂ ਪੈਸੇ ਲੁੱਟ ਕੇ ਭੱਜਦਾ ਅਕਾਲੀ ਆਗੂ ਕਾਬੂ

**ਮਾਨਸਾ:** ਪੁਲਿਸ ਨੇ ਇਕ ਅਕਾਲੀ ਆਗੂ ਅਤੇ ਉਸ ਦੇ ਸਾਥੀ ਨੂੰ ਕਿਸਾਨ ਤੋਂ ਤਿੰਨ ਲੱਖ ਰੁਪਏ ਖੋਹ ਕੇ ਫਰਾਰ ਹੋਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਆਗੂ ਪਰਗਟ ਸਿੰਘ ਖੀਵਾ ਬਲਾਕ ਸਮਿਤੀ ਭੀਖੀ ਦਾ ਚੇਅਰਮੈਨ ਵੀ ਹੈ। ਘਟਨਾ ਵਾਪਰਨ ਪਿੱਛੋਂ ਖੀਵਾ ਤੇ ਉਸ ਦੇ ਸਾਥੀ ਅਮਰਜੀਤ ਸਿੰਘ ਨੂੰ ਲੋਕਾਂ ਨੇ ਕੁਟਾਪਾ ਚਾੜ੍ਹ ਦਿੱਤਾ।

ਵੇਰਵਿਆਂ ਮੁਤਾਬਕ ਪਿੰਡ ਭੰਮੇ ਕਲਾਂ ਵਾਸੀ ਜੱਗ ਸਿੰਘ ਨੇ ਮਾਨਸਾ ਦੇ ਇਕ ਬੈਂਕ ਵਿਚੋਂ 3 ਲੱਖ ਰੁਪਏ ਕਢਵਾਏ ਸਨ। ਇਸ ਦੌਰਾਨ ਜਦ ਉਹ ਪੈਸਿਆਂ ਵਾਲਾ ਬੈਗ ਲੈ ਕੇ ਤੁਰਿਆ ਤਾਂ ਸਿਵਲ ਹਸਪਤਾਲ ਨੇੜੇ ਸਕੌਡਾ ਗੱਡੀ ਵਿਚ ਸਵਾਰ ਦੋ ਵਿਅਕਤੀਆਂ ਨੇ ਉਸ ਕੋਲੋਂ ਬੈਗ ਖੋਹ ਲਿਆ ਤੇ ਫਰਾਰ ਹੋ ਗਏ। ਕਿਸਾਨ ਵੱਲੋਂ ਘਟਨਾ ਦੀ ਜਾਣਕਾਰੀ ਨੇੜੇ ਹੀ ਤਾਇਨਾਤ ਟ੍ਰੈਫਿਕ ਪੁਲਿਸ ਦੇ ਹੌਲਦਾਰ ਨੂੰ ਦੇਣ ਮਗਰੋਂ ਉਨ੍ਹਾਂ ਕਾਰ ਸਵਾਰਾਂ ਪਿੱਛੇ ਮੋਟਰਸਾਈਕਲ ਲਾ ਲਿਆ। ਉਨ੍ਹਾਂ ਕਾਰ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਥੋੜ੍ਹਾ ਅੱਗ ਜਾ ਕੇ ਕਾਰ ਦਾ ਟਾਇਰ ਫਟ ਗਿਆ ਤੇ ਅਗਿਉਂ ਹੋਰ ਵਾਹਨ ਆਉਣ ਉਤੇ ਪੁਲਿਸ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਇਸ ਦੌਰਾਨ ਪੁਲਿਸ ਨੇ ਲੁੱਟੀ ਹੋਈ ਤਿੰਨ ਲੱਖ ਦੀ ਰਕਮ ਵੀ ਬਰਾਮਦ ਕੀਤੀ ਹੈ। ਉਨ੍ਹਾਂ ਦੀ ਸਕੌਡਾ ਕਾਰ ਵਿਚੋਂ ਪੁਲਿਸ ਨੇ ਨਿਹੰਗਾਂ ਦੇ ਦੋ ਚੋਲੇ, ਸੁੱਕੀ ਅਤੇ ਪੀਸੀ ਹੋਈ ਲਾਲ ਮਿਰਚ ਦਾ ਪਾਊਡਰ ਬਰਾਮਦ ਕਰਨ ਦਾ ਵੀ ਦਾਅਵਾ ਕੀਤਾ ਹੈ।

## ਅਕਾਲੀ ਦਲ ਨੇ ਪਰਗਟ ਸਿੰਘ ਤੋਂ ਪਾਸਾ ਵੱਟਿਆ

**ਮਾਨਸਾ:** ਇਹ ਮਾਮਲਾ ਭਖਣ ਤੋਂ ਬਾਅਦ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਬਲਾਕ ਸਮਿਤੀ ਭੀਖੀ ਦੇ ਚੇਅਰਮੈਨ ਪਰਗਟ ਸਿੰਘ ਦਾ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜਦੋਂਕਿ ਸੋਸ਼ਲ ਮੀਡੀਆ ਉਤੇ ਪਰਗਟ ਸਿੰਘ ਦੀਆਂ ਅਕਾਲੀ ਨੇਤਾਵਾਂ ਨਾਲ ਤਸਵੀਰਾਂ ਚਰਚਾ ਵਿਚ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਆਗੂ ਸਟੇਜਾਂ 'ਤੇ ਅਕਾਲੀ ਦਲ ਦੇ ਵੱਡੇ ਆਗੂਆਂ ਨਾਲ ਅਕਸਰ ਸਰਗਰਮ ਰਹਿੰਦਾ ਸੀ।

# ਮਹਾਨ ਕੋਸ਼ ਦੀ ਛਪਾਈ ਦਾ ਕੰਮ ਲਟਕਿਆ

**ਪਟਿਆਲਾ:** ਭਾਈ ਕਾਹਨ ਸਿੰਘ ਨਾਭਾ ਰਚਿਤ ਸਿੱਖ ਧਰਮ ਦਾ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ ਦੇ ਪੁਸਤਕ ਭੰਡਾਰ ਵਿਚੋਂ ਖਤਮ ਹੋਏ 3 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਇਸ ਦੀ ਪੁਨਰ ਛਪਾਈ ਦੇ ਯਤਨ ਅੱਧ ਵਿਚਾਲੇ ਹੀ ਲਟਕ ਰਹੇ ਹਨ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ




ਕੋਸ਼ ਦੇ 8 ਐਡੀਸ਼ਨ ਛਪ ਚੁੱਕੇ ਹਨ, ਪਰ ਇਸ ਦੇ 9ਵੇਂ ਐਡੀਸ਼ਨ ਦੀ ਛਪਾਈ 'ਚ ਦੇਰੀ ਹੋਣ ਕਰ ਕੇ ਇਸ ਕੋਸ਼ ਦੀ ਮੰਗ ਲਗਾਤਾਰ ਵਧਦੀ ਜਾ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਇਸ ਕੋਸ਼ ਨੂੰ ਛਾਪਣ ਦੀਆਂ ਆਸਾਂ ਨੂੰ ਅਜੇ ਤੱਕ ਬੂਰ ਨਹੀਂ ਪਿਆ ਤੇ ਸਿੱਖ ਧਰਮ ਦੇ ਐਨਸਾਈਕਲੋਪੀਡੀਆ ਮੰਨੇ ਜਾਂਦੇ ਕੋਸ਼ ਦੀ ਛਪਾਈ ਲਈ ਮਨਜ਼ੂਰੀ ਤੇ ਪੈਸਾ ਹੁਣ ਤੱਕ ਵਿਭਾਗ ਨੂੰ ਨਹੀਂ ਮਿਲ ਸਕਿਆ, ਜਿਸ ਕਾਰਨ ਇਸ ਦੀ ਛਪਾਈ ਦਾ ਕਾਰਜ ਵਿਭਾਗੀ ਮਨਜ਼ੂਰੀਆਂ ਕਾਰਨ ਅੱਧ ਵਿਚਾਲੇ ਲਟਕਿਆ ਪਿਆ ਹੈ।

# ਨਵੰਬਰ 84 ਦੇ ਉਜੜੇ ਪਰਿਵਾਰਾਂ ਨੂੰ ਸਰਕਾਰੀ ਝਟਕਾ

**ਜਲੰਧਰ:** ਨਵੰਬਰ 84 ਵਿਚ ਉਜਾੜੇ ਦਾ ਸ਼ਿਕਾਰ ਹੋਏ ਸਿੱਖ ਪਰਿਵਾਰਾਂ ਨੂੰ ਸਰਕਾਰ ਨੇ ਇਕ ਵਾਰ ਮੁੜ ਝਟਕਾ ਦਿੱਤਾ ਹੈ। ਪੰਜਾਬ ਸਰਕਾਰ ਨੇ 1986, 2001 ਤੇ ਫਿਰ 2010 ਵਿਚ ਉਜਾੜੇ ਦੇ ਸ਼ਿਕਾਰ ਸਿੱਖਾਂ ਨੂੰ ਲਾਲ ਕਾਰਡ ਜਾਰੀ ਕੀਤੇ ਸਨ ਤੇ ਲਾਲ ਕਾਰਡ ਧਾਰਕਾਂ ਨੂੰ




ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ 2-2 ਲੱਖ ਰੁਪਏ ਦੀ ਪੁਨਰਵਾਸ ਗ੍ਰਾਂਟ ਦੇ ਨਾਲ ਮਕਾਨ ਤੇ ਕੁਝ ਹੋਰ ਸਹੂਲਤਾਂ ਵੀ ਦਿੱਤੀਆਂ ਸਨ ਪਰ ਹੁਣ ਸਰਕਾਰ ਨੇ 170 ਲਾਲ ਕਾਰਡ ਰੱਦ ਕਰ ਕੇ ਉਨ੍ਹਾਂ ਨੂੰ ਪੁਨਰਵਾਸ ਲਈ ਮਿਲੇ 2-2 ਲੱਖ ਰੁਪਏ ਵਾਪਸ ਕਰਨ, ਮਕਾਨ ਖਾਲੀ ਕਰਨ ਤੇ ਹੋਰ ਸਹੂਲਤਾਂ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ ਗਏ।

ਇਨ੍ਹਾਂ ਹੁਕਮਾਂ ਦੀਆਂ ਕਾਪੀਆਂ ਪੱਤਰਕਾਰਾਂ ਨੂੰ ਦਿਖਾਉਂਦਿਆਂ ਸਿੱਖ ਦੰਗਾ ਪੀੜਤ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਤੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਦੀ ਅਗਵਾਈ 'ਚ ਆਇਆਂ ਸਿੱਖ ਬੀਬੀਆਂ ਤੇ ਮਰਦਾਂ ਨੇ ਭਰੇ ਮਨਾਂ ਨਾਲ ਕਿਹਾ ਕਿ ਕਾਂਗਰਸ ਸਰਕਾਰ ਨੇ ਪਹਿਲਾਂ ਉਨ੍ਹਾਂ ਨੂੰ ਉਜਾੜਿਆ ਤੇ ਲੁੱਟਿਆ-ਪੁੱਟਿਆ ਤੇ ਤਿੰਨ ਦਹਾਕਿਆਂ ਬਾਅਦ ਜਦ ਅਸੀਂ ਆਪਣੀਆਂ ਭੈੜੀਆਂ ਯਾਦਾਂ ਮਨਾਂ 'ਚ ਲੈ ਕੇ ਜੀਵਨ ਬਸਰ ਕਰ ਰਹੇ ਸੀ ਤਾਂ ਸਾਨੂੰ ਮੁੜ ਉਜਾੜਨ ਦੀ ਬਦਲਾ ਲਊ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕਈ ਬੀਬੀਆਂ ਤੇ ਬਜ਼ੁਰਗਾਂ ਨੇ ਅੱਥਰੂ ਵਹਾਉਂਦਿਆਂ ਕਿਹਾ ਕਿ ਸਰਕਾਰ ਸਾਨੂੰ ਜ਼ਲੀਲ ਕਰਨ ਦੀ ਬਜਾਏ ਜ਼ਹਿਰ ਦੇ ਦੇਵੇ। ਅਸੀਂ ਉਹ ਵੀ ਪੀਣ ਲਈ ਤਿਆਰ ਹਾਂ।

# ਨਾਰਾਜ਼ ਵਿਧਾਇਕਾਂ ਨੂੰ ਚੇਅਰਮੈਨੀਆਂ ਨਾਲ ਖੁਸ਼ ਕਰਨ ਦੀ ਤਿਆਰੀ

**ਚੰਡੀਗੜ੍ਹ:** ਸ਼ਾਹਕੋਟ ਦੀ ਜ਼ਿਮਨੀ ਚੋਣ ਤੋਂ ਬਾਅਦ ਨਾਰਾਜ਼ ਕਾਂਗਰਸੀ ਵਿਧਾਇਕਾਂ ਵਿਚੋਂ ਤਕਰੀਬਨ ਪੌਣੀ ਦਰਜਨ ਨੂੰ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾ ਕੇ ਸ਼ਾਂਤ ਕੀਤੇ ਜਾਣ ਦੀ ਸੰਭਾਵਨਾ ਬਣ ਗਈ ਹੈ। ਪੰਜਾਬ ਵਜ਼ਾਰਤ ਵਿਚ ਵਾਧਾ ਕੀਤੇ ਜਾਣ ਸਮੇਂ ਕੁਝ ਸੀਨੀਅਰ ਵਿਧਾਇਕ ਵਜ਼ਾਰਤ ਤੋਂ ਬਾਹਰ ਰਹਿ ਗਏ ਸਨ ਤੇ ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਵੀ ਬਣਦੇ ਅਨੁਪਾਤ ਅਨੁਸਾਰ ਨੁਮਾਇੰਦਗੀ ਨਹੀਂ ਸੀ ਮਿਲ ਸਕੀ।

ਵਜ਼ਾਰਤ ਵਿਚ ਵਾਧੇ ਤੋਂ ਬਾਅਦ ਅਨੁਸੂਚਿਤ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਧਾਇਕ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਮਿਲੇ ਸਨ ਤੇ ਵਜ਼ਾਰਤ ਵਿਚ ਬਣਦਾ ਸਥਾਨ ਨਾ ਦੇਣ ਵਿਰੁੱਧ ਆਪਣੀ ਨਰਾਜ਼ਗੀ ਕਾਂਗਰਸ ਪ੍ਰਧਾਨ ਨਾਲ ਸਾਂਝੀ ਕੀਤੀ ਸੀ। ਇਸ ਤੋਂ ਬਾਅਦ ਤਿੰਨ ਸੀਨੀਅਰ ਵਿਧਾਇਕ ਰਾਕੇਸ਼ ਪਾਂਡੇ, ਰਣਦੀਪ ਸਿੰਘ ਨਾਭਾ ਅਤੇ ਅਮਰੀਕ ਸਿੰਘ ਢਿੱਲੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਮਿਲੇ ਸਨ ਤੇ ਵਜ਼ਾਰਤ ਵਿਚ ਵਾਧੇ ਸਮੇਂ ਉਨ੍ਹਾਂ ਦੀ ਸੀਨੀਆਰਤਾ ਨੂੰ ਅਣਗੌਲਿਆ ਕੀਤੇ ਜਾਣ ਦਾ ਮਸਲਾ ਉਠਾਇਆ ਸੀ।

ਇਸ ਵੇਲੇ ਪੰਜਾਬ ਵਜ਼ਾਰਤ ਵਿਚ ਕੋਈ ਵੀ ਸੀਟ ਖਾਲੀ ਨਹੀਂ ਹੈ ਤੇ ਇਸ ਲਈ ਹੋਰ ਕਿਸੇ ਵਿਧਾਇਕ ਨੂੰ ਮੰਤਰੀ ਨਹੀਂ ਬਣਾਇਆ ਜਾ ਸਕਦਾ। ਨਰਾਜ਼ ਵਿਧਾਇਕਾਂ ਨੂੰ ਕੇਵਲ ਉਨ੍ਹਾਂ ਬੋਰਡਾਂ ਅਤੇ ਨਿਗਮਾਂ ਵਿਚ ਹੀ ਐਡਜਸਟ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਚੇਅਰਮੈਨ ਦੇ ਅਹੁਦੇ ਨੂੰ ਲਾਭ ਦਾ ਅਹੁਦਾ ਨਹੀਂ ਮੰਨਿਆ ਜਾਂਦਾ।

# ਜੱਸੀ ਕਤਲ ਕਾਂਡ: ਹਵਾਲਗੀ 'ਚ ਨਾਕਾਮੀ ਦੀ ਪੜਤਾਲ ਸ਼ੁਰੂ

**ਚੰਡੀਗੜ੍ਹ:** ਆਲਮੀ ਤੌਰ ਉਤੇ ਚਰਚਾ ਦਾ ਵਿਸ਼ਾ ਬਣੇ ਜੱਸੀ ਕਤਲ ਕਾਂਡ ਦੇ ਦੋ ਦੋਸ਼ੀਆਂ ਦੀ ਹਵਾਲਗੀ ਹਾਸਲ ਕਰਨ ਵਿਚ ਪੰਜਾਬ ਪੁਲਿਸ ਨਾਕਾਮ ਰਹੀ ਸੀ। ਇਸ ਤੋਂ ਮਹੀਨਿਆਂ ਬਾਅਦ ਮਲਕੀਅਤ ਕੌਰ ਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਦੀ ਸਪੁਰਦਗੀ ਹਾਸਲ ਕਰਨ ਲਈ ਕੈਨੇਡਾ ਗਈ ਸੀ ਤਾਂ ਕਿ ਉਨ੍ਹਾਂ ਨੂੰ ਕਤਲ ਦੀ ਸਾਜਿਸ਼ ਦੇ ਦੋਸ਼ਾਂ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਭਾਰਤ ਲਿਆਂਦਾ ਜਾ ਸਕੇ। 20 ਸਤੰਬਰ ਨੂੰ ਇਸ ਟੀਮ ਨੇ ਦੋਵਾਂ ਦੋਸ਼ੀਆਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਸੀ ਤੇ ਟੀਮ ਜਹਾਜ਼ ਵਿਚ ਸਵਾਰ ਵੀ ਹੋ ਗਈ ਸੀ ਪਰ ਭਾਰਤ ਲਈ ਰਵਾਨਾ ਹੋਣ ਤੋਂ ਐਨ ਪਹਿਲਾਂ ਕੈਨੇਡੀਅਨ ਅਧਿਕਾਰੀਆਂ ਨੇ ਉਥੋਂ ਦੇ ਨਿਆਂ ਮੰਤਰਾਲੇ ਦੇ ਹੁਕਮਾਂ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਜਹਾਜ਼ ਵਿਚੋਂ ਉਤਾਰ ਲਿਆ ਸੀ।



ਹੁਣ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਇਸ ਨਾਕਾਮੀ ਦੇ ਕਾਰਨਾਂ ਦੀ ਘੋਖ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ।

ਸੂਤਰਾਂ ਨੇ ਖੁਲਾਸਾ ਕੀਤਾ ਕਿ ਮੰਤਰਾਲਾ ਇਹ ਜਾਣਨਾ ਚਾਹੁੰਦਾ ਹੈ ਕਿ ਕੀ ਹਵਾਲਗੀ ਦੀ ਕੋਸ਼ਿਸ਼ 'ਚ ਨਾਕਾਮੀ ਲਈ ਕੋਈ ਪੁਲਿਸ ਅਧਿਕਾਰੀ ਹੀ ਜ਼ਿੰਮੇਵਾਰ ਸੀ। ਕੈਨੇਡਾ ਤੋਂ ਮਿਲੀਆਂ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੇਸ ਦੇ ਦੋਸ਼ੀਆਂ ਦੇ ਰਿਸ਼ਤੇਦਾਰਾਂ ਨੇ ਨਿਆਂ ਮੰਤਰਾਲੇ ਕੋਈ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਦੋਵੇਂ ਦੋਸ਼ੀਆਂ ਨੂੰ ਭਾਰਤ ਲਿਜਾਣ ਦੀ ਪੇਸ਼ਕਦਮੀ ਬਾਰੇ ਕੋਈ ਇਤਲਾਹ ਨਹੀਂ ਦਿੱਤੀ ਗਈ ਸੀ।

ਪਿਛਲੇ ਸਾਲ ਸਤੰਬਰ ਮਹੀਨੇ ਪੰਜਾਬ ਪੁਲਿਸ ਦੀ ਇਕ ਟੀਮ ਮਕਤੂਲ ਜੱਸੀ ਦੀ ਮਾਂ

## ਰਾਣਾ ਅਯੂਬ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ

**ਨਿਊ ਯਾਰਕ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਮਾਹਿਰਾਂ ਦੇ ਇਕ ਗਰੁੱਪ ਨੇ ਪੱਤਰਕਾਰ ਰਾਣਾ ਅਯੂਬ ਨੂੰ ਧਮਕੀਆਂ ਦੇਣ ਉਤੇ ਚਿੰਤਾ ਜ਼ਾਹਰ ਕੀਤੀ ਹੈ ਤੇ ਭਾਰਤ ਸਰਕਾਰ ਨੂੰ ਉਸ ਦੀ ਸੁਰੱਖਿਆ ਲਈ ਫੌਰੀ ਕਦਮ ਚੁੱਕਣ ਅਤੇ ਉਸ ਨੂੰ ਮਿਲ ਰਹੀਆਂ ਧਮਕੀਆਂ ਦੀ ਜਲਦੀ ਵਿਆਪਕ ਜਾਂਚ ਕਰਾਉਣ ਲਈ ਕਿਹਾ ਹੈ। ਯੂਐਨ ਮਾਹਿਰਾਂ ਨੇ ਕਿਹਾ ਕਿ ਅਸੀਂ ਬਹੁਤ ਹੀ ਚਿੰਤਤ ਹਾਂ ਕਿ ਧਮਕੀਆਂ ਮਿਲਣ ਤੋਂ ਬਾਅਦ ਰਾਣਾ ਅਯੂਬ ਦੀ ਜਾਨ ਨੂੰ ਗੰਭੀਰ ਖਤਰਾ ਹੈ। ਅਯੂਬ ਇਕ ਸੁਤੰਤਰ ਪੱਤਰਕਾਰ ਤੇ ਲੇਖਕਾ ਹੈ ਜਿਸ ਨੇ ਸਰਕਾਰੀ ਅਫਸਰਾਂ ਵੱਲੋਂ ਕੀਤੇ ਅਪਰਾਧਾਂ ਦੀ ਜਾਂਚ ਕਰ ਕੇ ਸਿੱਟੇ ਸਾਹਮਣੇ ਲਿਆਂਦੇ ਸੀ। ਇਨ੍ਹਾਂ ਮਾਹਿਰਾਂ ਜਿਨ੍ਹਾਂ ਵਿਚ ਐਗਨਿਸ ਕੈਲਾਮਾਰਡ, ਮਾਈਕਲ ਫੌਰਸਟ, ਡੇਵਿਡ ਕੇਅ ਤੇ ਅਹਿਮਦ ਸ਼ਾਹੀਦ ਸ਼ਾਮਲ ਹਨ, ਨੇ ਭਾਰਤੀ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦਾ ਚੇਤਾ ਕਰਾਇਆ ਜਿਸ ਨੂੰ ਉਸ ਦੇ ਕੰਮ ਕਰ ਕੇ ਇਸ ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਸਨ।

## ਐਨ.ਆਰ.ਆਈ. ਕਤਲ ਕੇਸ 'ਚ ਦੋ ਨੂੰ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਐਨ.ਆਰ.ਆਈ. ਦੇ ਕਤਲ ਦੇ ਦੋਸ਼ ਹੇਠ ਦੋ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੁਲਿਸ ਕੇਸ ਅਨੁਸਾਰ ਗੁਰਪਿਆਰ ਸਿੰਘ ਵਾਸੀ ਪਿੰਡ ਬਨਭੌਰੀ ਵੱਲੋਂ 7 ਜਨਵਰੀ 2016 ਨੂੰ ਪੁਲਿਸ ਥਾਣਾ ਅਮਰਗੜ੍ਹ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਅਮਰੀਕਾ ਰਹਿੰਦਾ ਮਾਮਾ ਹਰਦੀਪ ਸਿੰਘ ਅਮਰਗੜ੍ਹ ਤੋਂ ਲਾਪਤਾ ਹੈ। ਪੁਲਿਸ ਵੱਲੋਂ ਕੇਸ ਸਬੰਧੀ ਬਾਗੜੀਆਂ ਨੇੜਿਉਂ ਕ੍ਰਿਸ਼ਨ ਕੁਮਾਰ, ਜਗਪ੍ਰੀਤ ਸਿੰਘ, ਅੰਮ੍ਰਿਤ ਪਾਲ ਅਤੇ ਸੁਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਬੰਦਿਆਂ ਵੱਲੋਂ ਹਰਦੀਪ ਸਿੰਘ ਨੂੰ ਭਾਦਸੋਂ ਨੇੜੇ ਭਾਖੜਾ ਨਹਿਰ ਵਿਚ ਸੁੱਟ ਦਿੱਤਾ ਗਿਆ ਸੀ। ਸੁਣਵਾਈ ਮੁਕੰਮਲ ਹੋਣ ਉਤੇ ਅਦਾਲਤ ਨੇ ਕ੍ਰਿਸ਼ਨ ਕੁਮਾਰ ਅਤੇ ਜਗਤਪ੍ਰੀਤ ਸਿੰਘ ਨੂੰ ਉਮਰ ਕੈਦ ਤੇ 50-50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ ਜਦੋਂਕਿ ਬਾਕੀਆਂ ਨੂੰ ਬਰੀ ਕਰ ਦਿੱਤਾ।

# ਕੌਮਾਂਤਰੀ ਪੱਧਰ 'ਤੇ ਉਭਰੇਗੀ ਠਠਿਆਰਾਂ ਦੀ ਭਾਂਡੇ ਬਣਾਉਣ ਦੀ ਕਲਾ

**ਜੰਡਿਆਲਾ ਗੁਰੂ:** ਜੰਡਿਆਲਾ ਗੁਰੂ ਵਿਚ ਪੀੜ੍ਹੀਆਂ ਤੋਂ ਭਾਂਡੇ ਬਣਾਉਂਦੇ ਠਠਿਆਰਾਂ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਯੂਨੈਸਕੋ (ਯੂਨਾਈਟਡ ਨੇਸ਼ਨਸ ਐਜੂਕੇਸ਼ਨਲ, ਸਾਇੰਟਿਫਿਕ ਤੇ ਕਲਚਰਲ ਆਰਗੇਨਾਈਜ਼ੇਸ਼ਨ) ਨੇ ਜੰਡਿਆਲਾ ਗੁਰੂ ਦੀ ਇਸ ਕਲਾ ਨੂੰ ਵਿਸ਼ਵ ਪੱਧਰ ਉਤੇ ਉਤਸ਼ਾਹਿਤ ਕਰਨ ਦਾ ਐਲਾਨ ਕਰ ਦਿੱਤਾ। ਇਸ ਸਬੰਧੀ ਜੰਡਿਆਲਾ ਗੁਰੂ 'ਚ ਕਰਵਾਏ ਸਮਾਗਮ ਵਿਚ ਸਭਿਆਚਾਰਕ ਤੇ ਪੁਰਾਤਤਵ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਯੂਨੈਸਕੋ ਦੇ ਇਸ ਐਲਾਨ ਦਾ ਸਵਾਗਤ ਕਰਦੇ ਕਿਹਾ ਕਿ ਇਸ ਫੈਸਲੇ ਨਾਲ ਆਖਰੀ ਸਾਹ ਲੈ ਰਹੀ ਭਾਂਡੇ ਬਣਾਉਣ ਦੀ ਕਲਾ 'ਚ ਨਵੀਂ ਜਾਨ ਪਈ ਹੈ।

ਉਨ੍ਹਾਂ ਦੱਸਿਆ ਕਿ ਇਸ ਫੈਸਲੇ ਨਾਲ ਅੰਤਰਰਾਸ਼ਟਰੀ ਪੱਧਰ ਉਤੇ ਜੰਡਿਆਲਾ ਗੁਰੂ ਦੇ ਠਠਿਆਰਾਂ ਵੱਲੋਂ ਤਿਆਰ ਕੀਤੇ ਜਾਂਦੇ ਭਾਂਡੇ ਆਪਣੀ ਪਛਾਣ ਬਣਾ ਸਕਣਗੇ ਤੇ ਇਸ ਦਾ ਆਰਥਿਕ ਲਾਭ ਇਹ ਕੰਮ ਕਰਨ ਵਾਲੇ ਪਰਿਵਾਰਾਂ ਨੂੰ ਮਿਲੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਵਿਚ ਜੰਡਿਆਲਾ ਗੁਰੂ ਹੀ ਅਜਿਹਾ ਕਸਬਾ ਹੈ, ਜਿਥੋਂ ਦੀ ਸਥਾਨਕ ਕਲਾ ਨੂੰ ਯੂਨੈਸਕੋ ਨੇ ਮਾਨਤਾ ਦਿੱਤੀ ਹੈ ਤੇ ਉਤਸ਼ਾਹਿਤ ਕਰਨ ਲਈ ਰਾਜ਼ੀ ਹੋਈ ਹੈ। ਸਿੱਧੂ ਨੇ ਇਸ ਮੌਕੇ ਜਿਥੇ ਜੰਡਿਆਲਾ ਗੁਰੂ ਦੇ ਸੀਵਰੇਜ ਨੂੰ ਪੂਰਾ ਕਰਨ ਲਈ 3 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਉਥੇ ਇਹ ਵੀ ਐਲਾਨ ਕੀਤਾ ਕਿ ਇਨ੍ਹਾਂ ਠਠਿਆਰਾਂ ਦੀ ਆਰਥਿਕ ਸਹਾਇਤਾ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇਕ ਫੰਡ ਵਿਕਸਤ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ ਹਰ ਸਾਲ ਇਸ ਫੰਡ 'ਚ 10 ਲੱਖ ਰੁਪਏ ਦੀ ਸਹਾਇਤਾ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਫੰਡ ਦੀ ਵਰਤੋਂ ਇਸ ਕਲਾ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤੀ ਜਾਵੇਗੀ।

ਉਨ੍ਹਾਂ ਠਠਿਆਰਾਂ ਵੱਲੋਂ ਤਿਆਰ ਕੀਤੇ ਭਾਂਡੇ ਵੇਚਣ ਲਈ ਅੰਮ੍ਰਿਤਸਰ ਦੇ ਕਿਲ੍ਹਾ ਗੋਬਿੰਦਗੜ੍ਹ ਤੇ ਟਾਊਨ ਹਾਲ ਵਿਖੇ ਇਕ-ਇਕ ਦੁਕਾਨ ਮੁਫਤ ਦੇਣ ਦਾ ਐਲਾਨ ਵੀ ਕੀਤਾ। ਸਿੱਧੂ ਨੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ ਉਤੇ ਇਸ ਕਲਾ ਨੂੰ ਉਤਸ਼ਾਹਿਤ ਕਰਨ ਲਈ ਦੁਬਈ ਵਿਖੇ ਲੱਗਣ ਵਾਲੇ ਅੰਤਰਰਾਸ਼ਟਰੀ ਮੇਲੇ (ਗਲੋਬਲ ਫੈਸਟੀਵਲ ਦੁਬਈ) 'ਚ ਇਨ੍ਹਾਂ ਠਠਿਆਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।

# ਗੁੰਡਾ ਟੈਕਸ: ਜੋਜੋ ਨੇ ਬਾਦਲਾਂ ਤੇ ਮਜੀਠੀਆ ਨੂੰ ਘੇਰਿਆ

**ਬਠਿੰਡਾ:** ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਉਰਫ ਜੋਜੋ ਨੇ ਮਾਣਹਾਨੀ ਦੇ ਮਾਮਲੇ ਵਿਚ ਸੀਨੀਅਰ ਅਕਾਲੀ ਆਗੂਆਂ ਨੂੰ ਕਾਨੂੰਨੀ ਨੋਟਿਸ ਭੇਜੇ ਹਨ। ਜੈਜੀਤ ਜੌਹਲ ਉਰਫ ਜੋਜੋ ਨੇ ਬਠਿੰਡਾ ਰਿਫਾਈਨਰੀ ਦੇ 'ਗੁੰਡਾ ਟੈਕਸ' ਵਿਚ ਨਾਮ ਉਛਾਲੀ ਦੇ ਮਾਮਲੇ ਸਬੰਧੀ ਬਾਦਲਾਂ ਅਤੇ ਮਜੀਠੀਏ ਨੂੰ ਅਦਾਲਤ ਵਿਚ ਟੱਕਰਨ ਦੀ ਚਿਤਾਵਨੀ ਦਿੱਤੀ ਹੈ।

ਜੈਜੀਤ ਜੋਜੋ ਦੇ ਜੁਆਬੀ ਹਮਲੇ ਮਗਰੋਂ ਹੁਣ ਪਿੰਡ ਬਾਦਲ ਦੇ ਸਿਆਸੀ ਸ਼ਰੀਕਾਂ ਵਿਚ ਜੰਗ ਹੋਰ ਭਖਣ ਦੇ ਆਸਾਰ ਬਣ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਜੈਜੀਤ ਜੌਹਲ ਨੇ ਸ਼ਾਹਕੋਟ ਦੀ ਜ਼ਿਮਨੀ ਚੋਣ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਵਿਧਾਇਕ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਪੰਜਾਬੀ ਚੈਨਲ ਦੇ ਪ੍ਰਬੰਧਕ ਰਵਿੰਦਰ ਨਰਾਇਣ ਨੂੰ ਮਾਣਹਾਨੀ ਮਾਮਲੇ ਵਿਚ ਕਾਨੂੰਨੀ ਨੋਟਿਸ ਭੇਜੇ ਹਨ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਨ੍ਹਾਂ ਆਗੂਆਂ ਨੇ ਰਿਫਾਈਨਰੀ ਦੇ ਗੁੰਡਾ



ਟੈਕਸ ਮਾਮਲੇ ਵਿਚ ਸਭ ਤੋਂ ਵੱਧ ਨਿਸ਼ਾਨੇ ਉਤੇ ਜੋਜੋ ਨੂੰ ਰੱਖਿਆ ਸੀ। ਜੋਜੋ ਨੇ ਆਖਿਆ ਕਿ ਅਕਾਲੀ ਦਲ ਦੀਆਂ ਰੈਲੀਆਂ ਵਿਚ ਉਸ ਦਾ ਨਾਮ ਗੁੰਡਾ ਟੈਕਸ ਨਾਲ ਜੋੜਿਆ ਗਿਆ ਜਦੋਂਕਿ ਉਸ ਦਾ ਇਸ ਮਾਮਲੇ ਨਾਲ ਕੋਈ ਵਾਹ-ਵਾਸਤਾ ਨਹੀਂ।

# ਚੰਗੀਆਂ ਸਿਹਤ ਸਹੂਲਤਾਂ ਦੇਣ ਵਿਚ ਭਾਰਤ ਪੱਛੜਿਆ

**ਨਵੀਂ ਦਿੱਲੀ:** ਵਿਸ਼ਵ ਦੇ 195 ਦੇਸ਼ਾਂ ਵੱਲੋਂ ਨਾਗਰਿਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਾਮਲੇ ਵਿਚ ਭਾਰਤ ਦਾ 145ਵਾਂ ਸਥਾਨ ਹੈ। ਭਾਰਤ ਇਸ ਮਾਮਲੇ ਵਿਚ ਆਪਣੇ ਗੁਆਂਢੀ ਮੁਲਕ ਬੰਗਲਾਦੇਸ਼ (133), ਸ੍ਰੀਲੰਕਾ (71), ਭੂਟਾਨ (134) ਤੇ ਚੀਨ (71) ਆਦਿ ਤੋਂ ਵੀ ਪਿੱਛੇ ਹੈ। 1990 ਵਿਚ ਜਿਥੇ ਇਸ ਮਾਮਲੇ ਵਿਚ ਭਾਰਤ ਦੀ ਰੈਂਕਿੰਗ 24.7 ਸੀ ਤੇ 2016 ਵਿਚ ਇਸ ਵਿਚ 16 ਦਰਜੇ ਦਾ ਹੀ ਸੁਧਾਰ ਹੋਇਆ ਹੈ।

ਗਲੋਬਲ ਬੁਰਡੇਨ ਆਫ ਡਿਜ਼ੀਜ਼ ਸਟੱਡੀ ਦੀ ਇਸ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਹਾਲਾਂਕਿ ਭਾਰਤ ਨੇ ਆਪਣੀਆਂ ਸਿਹਤ ਸੇਵਾਵਾਂ ਵਿਚ ਕਾਫੀ ਸੁਧਾਰ ਕੀਤਾ ਹੈ ਪਰ ਇਸ ਪਾਸੇ ਅਜੇ ਬੜਾ ਕੁਝ ਕਰਨ ਦੀ ਲੋੜ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਗੋਆ ਤੇ ਕੇਰਲਾ ਨੇ 2016 ਵਿਚ ਸਭ ਤੋਂ ਵੱਧ ਸਕੋਰ ਹਾਸਲ ਕੀਤਾ ਹੈ। ਇਸ ਦੇ ਉਲਟ ਅਸਾਮ ਤੇ ਉਤਰ ਪ੍ਰਦੇਸ਼ ਦੇ ਅੰਕ ਸਭ ਤੋਂ ਘੱਟ ਰਹੇ। ਖੋਜ ਵਿਚ ਦੱਸਿਆ ਗਿਆ ਹੈ ਕਿ ਭਾਰਤ ਨੇ ਟਿਊਬਰਕਲੋਸਿਸ (ਟੀਬੀ), ਦਿਲ ਦੀਆਂ ਬਿਮਾਰੀਆਂ, ਸਟ੍ਰੋਕ, ਪੁਰਸ਼ ਅੰਡਕੋਸ਼ ਦਾ ਕੈਂਸਰ, ਪੇਟ ਦਾ ਕੈਂਸਰ ਤੇ ਗੁਰਦਿਆਂ ਦੇ ਰੋਗਾਂ ਦੇ ਇਲਾਜ ਨੂੰ ਸਹੀ ਤਰੀਕੇ ਨਾਲ ਮਰੀਜ਼ਾਂ ਤੱਕ ਨਹੀਂ ਪਹੁੰਚਾਇਆ।

ਇਸ ਸੂਚੀ ਵਿਚ ਪਹਿਲੀਆਂ ਪੰਜ ਥਾਂਵਾਂ ਉਤੇ ਆਈਸਲੈਂਡ (97.1 ਅੰਕ), ਨਾਰਵੇ (96.6 ਅੰਕ), ਨੀਦਰਲੈਂਡ (96.1 ਅੰਕ), ਲਕਸਮਬਰਗ (96.0 ਅੰਕ) ਤੇ ਫਿਨਲੈਂਡ ਤੇ ਆਸਟਰੇਲੀਆ (ਦੋਵਾਂ ਦੇ 95.9 ਅੰਕ) ਵਰਗੇ ਦੇਸ਼ ਆਏ ਹਨ।

## ਆਵਾਰਾ ਕੁੱਤਿਆਂ ਨੇ ਲਈ ਬਜ਼ੁਰਗ ਦੀ ਜਾਨ

**ਬਠਿੰਡਾ:** ਬਠਿੰਡਾ ਜਿਲ੍ਹੇ ਦੇ ਪਿੰਡ ਕੋਟਭਾਰਾ ਵਿਚ 70 ਸਾਲਾ ਬਜ਼ੁਰਗ ਦੀ ਆਵਾਰਾ ਕੁੱਤਿਆਂ ਨੇ ਜਾਨ ਲੈ ਲਈ। ਸਾਰੀ ਰਾਤ ਆਵਾਰਾ ਕੁੱਤੇ ਬਜ਼ੁਰਗ ਨੂੰ ਨੋਚਦੇ ਰਹੇ ਅਤੇ ਉਸ ਦੀ ਲਾਸ਼ ਨੂੰ ਗਲੀਆਂ 'ਚ ਘੜੀਸਦੇ ਰਹੇ। ਬਜ਼ੁਰਗ ਛੋਟੂ ਸਿੰਘ ਕਾਫੀ ਸਮੇਂ ਤੋਂ ਮਾਨਸਿਕ ਤੌਰ ਉਤੇ ਪਰੇਸ਼ਾਨ ਸੀ ਅਤੇ ਰਾਤ ਉਹ ਆਖਰੀ ਸਮੇਂ ਪਿੰਡ ਦੇ ਗੁਰੂ ਘਰ ਲਾਗੇ ਬੈਠਾ ਦੇਖਿਆ ਗਿਆ।

ਰਾਤ ਨੂੰ ਵਾਪਰੀ ਘਟਨਾ ਤੋਂ ਪੂਰਾ ਪਿੰਡ ਬੇਖਬਰ ਰਿਹਾ। ਅਗਲੇ ਦਿਨ ਜਦੋਂ ਲੋਕ ਤੜਕਸਾਰ ਗੁਰੂ ਘਰ ਮੱਥਾ ਟੇਕਣ ਜਾ ਰਹੇ ਸਨ ਤਾਂ ਉਨ੍ਹਾਂ ਦੀ ਨਜ਼ਰ ਗਲੀ ਵਿਚ ਬਜ਼ੁਰਗ ਦੀ ਖਾਧੀ ਹੋਈ ਲਾਸ਼ ਉਤੇ ਪਈ। ਬੇਪਛਾਣ ਹੋਈ ਲਾਸ਼ ਦੀ ਸ਼ਨਾਖਤ ਕਰਨੀ ਵੀ ਔਖੀ ਜਾਪਦੀ ਸੀ। ਮ੍ਰਿਤਕ ਬਜ਼ੁਰਗ ਦੇ ਪੋਤਰੇ ਕੁਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਨੇ ਭਾਰਤੀ ਫੌਜ ਵਿਚ ਸੇਵਾ ਨਿਭਾਈ ਸੀ ਪਰ ਮਾਨਸਿਕ ਪਰੇਸ਼ਾਨੀ ਕਰ ਕੇ ਉਸ ਦੇ ਹੱਥੋਂ ਫੌਜ ਦੀ ਨੌਕਰੀ ਚਲੀ ਗਈ ਸੀ।

## ਮਿਸੀਸਾਗਾ ਦੇ ਭਾਰਤੀ ਰੈਸਤਰਾਂ 'ਚ ਬੰਬ ਧਮਾਕਾ

**ਟੋਰਾਂਟੋ:** ਕੈਨੇਡਾ ਦੇ ਓਨਟਾਰੀਓ ਸੂਬੇ ਵਿਚ ਟੋਰਾਂਟੋ ਨੇੜਲੇ ਸ਼ਹਿਰ ਮਿਸੀਸਾਗਾ ਦੇ ਮਸ਼ਹੂਰ ਭਾਰਤੀ ਰੈਸਤਰਾਂ 'ਬੰਬੇ ਭੇਲ' ਵਿਚ ਹੋਏ ਬੰਬ ਧਮਾਕੇ ਵਿਚ 15 ਲੋਕ ਜ਼ਖਮੀ ਹੋ ਗਏ। ਇਹ ਘਟਨਾ ਰਾਤ ਕਰੀਬ ਸਾਢੇ ਦਸ ਵਜੇ ਵਾਪਰੀ ਅਤੇ ਪੁਲਿਸ ਨੂੰ ਮੌਕੇ ਉਤੇ ਕਿਸੇ ਨੇ ਬੰਬ ਧਮਾਕੇ ਦੀ ਜਾਣਕਾਰੀ ਫੋਨ ਕਰ ਕੇ ਦਿੱਤੀ।

ਪੁਲਿਸ ਹੁਣ ਇਸ ਘਟਨਾ ਪਿੱਛੇ ਦੋ ਸ਼ੱਕੀ ਵਿਅਕਤੀਆਂ ਦੀ ਤਲਾਸ਼ ਵਿਚ ਜੁਟੀ ਹੋਈ ਹੈ, ਜਿਨ੍ਹਾਂ ਨੇ ਗਿਣੀ ਮਿਥੀ ਸਾਜ਼ਿਸ਼ ਤਹਿਤ ਕਿਸੇ ਧਮਾਕਾਖੇਜ਼ ਯੰਤਰ ਨਾਲ ਧਮਾਕਾ ਕਰ ਕੇ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਇਆ ਹੈ। ਦੋਵੇਂ ਸ਼ੱਕੀ ਵਿਅਕਤੀ ਧਮਾਕਾਖੇਜ਼ ਵਸਤੂ ਫਿੱਟ ਕਰ ਕੇ ਮੌਕੇ ਤੋਂ ਫਰਾਰ ਹੋ ਗਏ ਦੱਸੇ ਜਾਂਦੇ ਹਨ। ਇਨ੍ਹਾਂ ਵਿਚੋਂ ਇਕ ਕਰੀਬ ਛੇ ਫੁੱਟ ਲੰਬਾ ਅਤੇ 20 ਸਾਲ ਦੇ ਕਰੀਬ ਦੱਸਿਆ ਗਿਆ ਹੈ। ਪੀਲ ਰਿਜਨਲ ਪੁਲਿਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਅਤੇ ਹੋਰ ਸੂਤਰਾਂ ਤੋਂ ਛਾਣਬੀਣ ਕਰ ਰਹੀ ਹੈ ਅਤੇ ਪੁਲਿਸ ਨੇ ਸਾਰਾ ਪਲਾਜ਼ਾ ਸੀਲ ਕਰ ਦਿੱਤਾ ਹੈ।

# ਗਰਮੀ ਨਾਲ ਨਜਿੱਠਣ ਲਈ ਦੇਵਤੇ ਖੁਸ਼ ਕਰੇਗੀ ਭਾਜਪਾ

**ਅਹਿਮਦਾਬਾਦ:** ਗਰਮੀ ਨਾਲ ਨਜਿੱਠਣ ਤੇ ਚੰਗੇ ਮੀਂਹ ਲਈ ਗੁਜਰਾਤ ਸਰਕਾਰ ਨੇ ਸੂਬੇ ਦੇ 33 ਜਿਲ੍ਹਿਆਂ ਵਿਚ 44 ਥਾਂਵਾਂ ਉਤੇ ਯੱਗ ਕਰਾਉਣ ਦਾ ਫੈਸਲਾ ਕੀਤਾ ਹੈ। 'ਟਾਈਮਜ਼ ਆਫ ਇੰਡੀਆ' ਦੀ ਖਬਰ ਮੁਤਾਬਕ ਬੀ.ਜੇ.ਪੀ. ਦੀ ਵਿਜੈ ਰੁਪਾਣੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ 31 ਮਈ ਨੂੰ 33 ਜਿਲ੍ਹਿਆਂ ਵਿਚ 'ਪਰਜਾਨਿਆ ਯੱਗ' ਕਰਾਇਆ ਜਾਵੇਗਾ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਉਹ ਮੀਂਹ ਦੇ ਦੇਵਤਾ ਖੁਸ਼ ਕਰਨਗੇ ਜਿਸ ਨਾਲ ਸੂਬੇ ਵਿਚ ਮੀਂਹ ਪਵੇਗਾ।

ਯੱਗ ਕਰਨ ਦਾ ਫੈਸਲਾ ਕੈਬਨਿਟ ਮੀਟਿੰਗ ਵਿਚ ਕੀਤਾ ਗਿਆ। ਉਪ ਮੁੱਖ ਮੰਤਰੀ ਨਿਤਿਨ ਪਟੇਲ ਨੇ ਕਿਹਾ ਕਿ ਭਗਵਾਨ ਤੋਂ ਚੰਗੇ ਮਾਨਸੂਨ ਦੀ ਕਾਮਨਾ ਲਈ ਸਰਕਾਰ ਨੇ 31 ਮਈ ਨੂੰ ਯੱਗ ਕਰਾਉਣ ਦਾ ਫੈਸਲਾ ਕੀਤਾ ਹੈ। ਯੱਗ 41 ਥਾਂਵਾਂ ਉਤੇ ਕੀਤਾ ਜਾਵੇਗਾ ਤੇ ਇਸ ਪਿੱਛੋਂ ਲੋਕਾਂ ਨੂੰ ਪ੍ਰਸ਼ਾਦ ਵੀ ਵੰਡਿਆ ਜਾਵੇਗਾ।

ਮੁੱਖ ਮੰਤਰੀ ਵਿਜੈ ਰੁਪਾਣੀ ਸਣੇ ਰਾਜ ਮੰਤਰੀ ਤੇ ਹੋਰ ਸੀਨੀਅਰ ਅਧਿਕਾਰੀ ਇਸ ਯੱਗ ਵਿਚ ਸ਼ਾਮਲ ਹੋਣਗੇ। ਯੱਗ ਪਿੱਛੋਂ ਜਨਤਕ ਮੀਟਿੰਗ ਕੀਤੀ ਜਾਵੇਗੀ।

ਗੁਜਰਾਤ ਵਿਚ ਇਸ ਸਮੇਂ ਪਾਣੀ ਦੀ ਵੱਡੀ ਸਮੱਸਿਆ ਚੱਲ ਰਹੀ ਹੈ। ਇਸ ਵੇਲੇ ਸੂਬੇ ਦੇ 204 ਬੰਨ੍ਹਾਂ ਵਿਚ ਸਿਰਫ 29 ਫੀਸਦੀ ਪਾਣੀ ਹੀ ਬਚਿਆ ਹੈ। ਬੰਨ੍ਹਾਂ ਦੀ ਕੁੱਲ ਸਮਰਥਾ 25,227 ਮਿਲੀਅਨ ਕਿਊਬਿਕ ਮੀਟਰ ਹੈ। ਜੇ ਪਾਣੀ ਦੀ ਸਮੱਸਿਆ ਦਾ ਜਲਦੀ ਹੱਲ ਨਹੀਂ ਕੀਤਾ ਗਿਆ ਤਾਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਬੀ.ਜੇ.ਪੀ. ਸਰਕਾਰ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦੱਸਿਆ ਜਾਂਦਾ ਹੈ ਕਿ ਇਸੇ ਸਾਲ ਮਾਰਚ ਮਹੀਨੇ ਮੇਰਠ ਵਿਚ ਪ੍ਰਦੂਸ਼ਣ ਰੋਕਣ ਲਈ 350 ਬਾਹਮਣਾਂ ਨੇ 500 ਕੁੰਤਲ ਦੀਆਂ ਲੱਕੜਾਂ ਨਾਲ ਯੱਗ ਕੀਤਾ ਸੀ। ਯੱਗ ਵਿਚ 500 ਕੁੰਤਲ ਅੰਬ ਦੀਆਂ ਲੱਕੜਾਂ ਸਾੜੀਆਂ ਗਈਆਂ। ਇੰਨੀ ਵੱਡੀ ਗਿਣਤੀ ਵਿਚ ਲੱਕੜਾਂ ਸਾੜਨਾ ਵਾਤਾਵਰਣ ਲਈ ਬੇਹੱਦ ਹਾਨੀਕਾਰਕ ਹੈ ਪਰ ਉਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦਾ ਦਖਲ ਦੇਣੋਂ ਸਾਫ ਇਨਕਾਰ ਕਰ ਦਿੱਤਾ ਸੀ।

## ਭਾਰਤੀ ਨੌਜਵਾਨ ਦੇ ਕਾਤਲ ਨੂੰ ਉਮਰ ਕੈਦ


**ਆਕਲੈਂਡ:** ਨੇਪੀਅਰ ਦੇ ਮਾਟਾਹੋਰੂਆ ਰੋਡ ਦੇ ਕੰਢਿਉਂ ਬੀਤੇ ਵਰ੍ਹੇ 18 ਦਸੰਬਰ ਨੂੰ ਮਿਲੀ ਭਾਰਤੀ ਮੂਲ ਦੇ ਸੰਦੀਪ ਧੀਮਾਨ ਦੀ ਲਾਸ਼ ਦੇ ਮਾਮਲੇ ਵਿਚ ਅਦਾਲਤ ਵੱਲੋਂ ਇਕ ਨੌਜਵਾਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਸੰਦੀਪ ਧੀਮਾਨ ਦਾ ਕਤਲ ਕਰਨ ਦੇ ਦੋਸ਼ ਹੇਠ 17 ਸਾਲ ਦੇ ਸ਼ੋਨ ਕ੍ਰੋਰੀਆ ਨੂੰ ਗ੍ਰਿਫਤਾਰ ਕਰ ਕੇ ਨੇਪੀਅਰ ਹਾਈ ਕੋਰਟ ਵਿਚ ਪੇਸ਼ ਕੀਤਾ ਗਿਆ ਸੀ। ਉਸ ਖਿਲਾਫ਼ ਹਿੰਸਕ ਲੁੱਟ ਦੀ ਵਾਰਦਾਤ ਅਤੇ ਕਤਲ ਕਰਨ ਦੇ ਦੋਸ਼ ਦਾਇਰ ਕੀਤੇ ਗਏ ਸਨ।

ਇਸ ਘਟਨਾ ਵਿਚ ਸ਼ੋਨ ਦੀ 17 ਸਾਲਾ ਮਹਿਲਾ ਮਿੱਤਰ ਵੀ ਸ਼ਾਮਲ ਸੀ, ਜਿਸ ਦਾ ਨਾਮ ਗੁਪਤ ਰੱਖਿਆ ਗਿਆ ਹੈ। ਉਸ ਖਿਲਾਫ਼ ਵੀ ਕਤਲ ਕਰਨ ਤੇ ਹਿੰਸਕ ਲੁੱਟ ਦੀ ਵਾਰਦਾਤ ਕਰਨ ਦੇ ਦੋਸ਼ ਦਾਇਰ ਕੀਤੇ ਗਏ ਸਨ।

# ਵਿਦਿਆਰਥੀਆਂ ਦੇ ਸਵਾਲਾਂ ਅੱਗੇ ਲਾਜਵਾਬ ਹੋਈ ਨਿੱਕੀ ਹੇਲੀ


**ਹਿਊਸਟਨ:** ਸੰਯੁਕਤ ਰਾਸ਼ਟਰ ਵਿਚ ਅਮਰੀਕੀ ਅੰਬੈਸਡਰ ਨਿੱਕੀ ਹੇਲੀ ਨੂੰ ਹਿਊਸਟਨ ਦੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਦੌਰਾਨ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਵਿਦਿਆਰਥੀਆਂ ਵੱਲੋਂ ਗਾਜ਼ਾ ਵਿਚ ਹਿੰਸਾ ਤੇ ਫਲਸਤੀਨੀਆਂ ਉਪਰ ਆਪਣਾ ਸਟੈਂਡ ਸਪੱਸ਼ਟ ਕਰਨ ਬਾਰੇ ਤਿੱਖੇ ਸਵਾਲ ਕੀਤੇ ਗਏ, ਜਿਸ ਉਤੇ ਉਹ ਲਾਜਵਾਬ ਹੋ ਗਈ।



ਇਸ ਘਟਨਾਕ੍ਰਮ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਵੀ ਹੋ ਗਈ, ਜਿਸ ਵਿਚ ਵਿਦਿਆਰਥੀਆਂ ਨੇ ਫਲਸਤੀਨੀ ਝੰਡੇ ਫੜੇ ਹੋਏ ਸਨ। ਹੇਲੀ ਨੇ ਇਸ ਸਬੰਧੀ ਖਾਸ ਟਿੱਪਣੀ ਨਾ ਕਰਦਿਆਂ ਆਪਣੇ ਰੁੱਝੇ ਹੋਣ ਦੀ ਗੱਲ ਆਖ ਕੇ ਪੱਲਾ ਛੁਡਾ ਲਿਆ। ਵਿਖਾਵਾਕਾਰੀਆਂ ਨੇ ਨਿੱਕੀ ਹੈਲੇ ਉਤੇ ਕਤਲੋਗਾਰਤ ਨੂੰ ਲੁਕਾਉਣ ਦੇ ਇਲਜ਼ਾਮ ਲਾਏ। ਹੇਲੀ ਟੈਕਸਾਸ ਵਿਚ ਲੀਡਰਸ਼ਿਪ ਸਨਮੁਖ ਆਲਮੀ ਚੁਣੌਤੀਆਂ ਬਾਰੇ ਸਮਾਗਮ ਦੌਰਾਨ ਬੋਲ ਰਹੀ ਸੀ, ਜਦੋਂ ਇਹ ਘਟਨਾ ਵਾਪਰੀ।

# ਲੋਕ ਸਭਾ ਚੋਣਾਂ: ਭਾਜਪਾ ਅਤੇ ਵਿਰੋਧੀ ਧਿਰਾਂ ਦੀ ਪਹੁੰਚ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤੇ ਦਿਨੀਂ ਜਦੋਂ ਸਾਰੇ ਲੋਕਾਂ ਦਾ ਧਿਆਨ ਕਰਨਾਟਕ ਦੇ ਸੱਤਾ ਸੰਘਰਸ਼ ਵੱਲ ਸੀ, ਉਨ੍ਹਾਂ ਦਿਨਾਂ ਵਿਚ ਅਸੀਂ ਅਗਲੇ ਸਾਲ ਦੇ ਮਈ ਮਹੀਨੇ ਹੋਣ ਵਾਲੇ ਇਸ ਦੇਸ਼ ਦੀ ਕੌਮੀ ਸੱਤਾ ਦੇ ਸੰਘਰਸ਼ ਬਾਰੇ ਸੋਚਦੇ ਪਏ ਸਾਂ। ਛੱਬੀ ਮਈ ਨੂੰ ਜਦੋਂ ਇਸ ਦੇਸ਼ ਵਿਚ ਚਾਰ ਸਾਲ ਪਹਿਲਾਂ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਸੱਤਾ ਸੰਭਾਲੀ ਤੇ ਆਪਣੇ ਆਪ ਨੂੰ 'ਪ੍ਰਧਾਨ ਸੇਵਕ' ਕਿਹਾ ਸੀ, ਉਸ ਨੇ ਦੇਸ਼ ਵਾਸੀਆਂ ਨਾਲ ਕੁਝ ਵਾਅਦੇ ਕੀਤੇ ਸਨ, ਜਿਨ੍ਹਾਂ ਵਿਚੋਂ ਘੱਟੋ-ਘੱਟ ਇੱਕ ਵਾਅਦਾ ਉਨ੍ਹਾਂ ਨੇ ਖੁਦ ਹੀ ਬਾਅਦ ਵਿਚ 'ਚੋਣ ਜੁਮਲਾ' ਮੰਨ ਲਿਆ ਤੇ ਉਸ ਦੀ ਗੱਲ ਕਰਨੀ ਛੱਡ ਦਿੱਤੀ ਸੀ।

ਕੁਝ ਹੋਰ ਵਾਅਦੇ ਵੀ ਉਸ ਵੇਲੇ ਕੀਤੇ ਗਏ ਸਨ, ਜਿਨ੍ਹਾਂ ਉਤੇ ਕੋਈ ਕੰਮ ਕਦੇ ਵੀ ਨਹੀਂ ਸੀ ਹੋਇਆ ਤੇ ਉਨ੍ਹਾਂ ਦੀ ਚਰਚਾ ਵੀ ਨਹੀਂ ਹੁੰਦੀ, ਪਰ ਲੋਕ ਸਭਾ ਚੋਣਾਂ ਫਿਰ ਆਉਣ ਵਾਲੀਆਂ ਹਨ। ਦਿਨ ਦੇ ਅੱਠ ਪਹਿਰਾਂ ਵਾਂਗ ਪਾਰਲੀਮੈਂਟ ਦੇ ਪੰਜ ਸਾਲਾਂ ਨੂੰ ਪੰਜ ਪਹਿਰ ਗਿਣਿਆ ਜਾਵੇ ਤਾਂ ਇਸ ਸਰਕਾਰ ਦਾ ਆਖਰੀ ਪਹਿਰ ਸ਼ੁਰੂ ਹੋ ਚੁਕਾ ਹੈ। ਦੇਸ਼ ਵੱਡਾ ਹੋਣ ਕਰ ਕੇ ਵੋਟਾਂ ਇੱਕੋ ਦਿਨ ਨਹੀਂ ਪੈਂਦੀਆਂ ਤੇ ਕਰੀਬ ਦੋ ਮਹੀਨੇ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਕਾਰਨ ਪਿਛਲੀ ਵਾਰ ਸਾਡੇ ਪੰਜਾਬ ਵਿਚ ਜਿਵੇਂ ਅਪਰੈਲ ਵਿਚ ਪੈ ਗਈਆਂ ਸਨ, ਇਸ ਵਾਰ ਉਹ ਕੁਝ ਹੋਣਾ ਹੋਵੇ ਤਾਂ ਇਥੇ ਚੋਣਾਂ ਹੋਣ ਵਿਚ ਮਸਾਂ ਦਸ ਮਹੀਨੇ ਬਾਕੀ ਮੰਨਣੇ ਚਾਹੀਦੇ ਹਨ ਅਤੇ ਉਨ੍ਹਾਂ ਵਿਚੋਂ ਵੀ ਚੋਣ ਜ਼ਾਬਤੇ ਦਾ ਇੱਕ ਮਹੀਨਾ ਕੱਢ ਦਿਓ ਤਾਂ ਸਿਰਫ ਪੌਣਾ ਸਾਲ ਬਾਕੀ ਰਹਿ ਜਾਂਦਾ ਹੈ, ਜਿਸ ਵਿਚ ਇਸ ਰਾਜ ਦੀ ਸਰਕਾਰ ਨੂੰ ਵੀ ਓਦਾਂ ਹੀ ਭਾਜੜ ਪੈਣੀ ਹੈ, ਜਿਵੇਂ ਕੇਂਦਰ ਵਾਲਿਆਂ ਨੂੰ ਪੈਣ ਵਾਲੀ ਹੈ।

ਕਰਨਾਟਕ ਦੇ ਸੱਤਾ ਸੰਘਰਸ਼ ਤੋਂ ਬਾਅਦ ਵਿਰੋਧੀ ਧਿਰ ਦੀਆਂ ਸਿਆਸੀ ਪਾਰਟੀਆਂ ਕਹਿ ਰਹੀਆਂ ਹਨ ਕਿ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਭਾਜਪਾ ਵਿਰੁਧ ਸਾਂਝੇ ਫਰੰਟ ਦੀ ਨੀਂਹ ਬੰਗਲੂਰੂ ਤੋਂ ਰੱਖੀ ਗਈ ਹੈ ਅਤੇ ਭਾਜਪਾ ਦੇ ਪੈਰ ਨਹੀਂ ਲੱਗਣ ਦਿੱਤੇ ਜਾਣਗੇ। ਕਹਿਣ ਨੂੰ ਇਹ ਗੱਲ ਜਿੰਨੀ ਸੌਖੀ ਜਾਪਦੀ ਹੈ, ਅਮਲ ਵਿਚ ਉਸ ਤਰ੍ਹਾਂ ਨਹੀਂ ਰਹਿਣ ਲੱਗੀ। ਮਮਤਾ ਬੈਨਰਜੀ ਤੇ ਸੀਤਾ ਰਾਮ ਯੇਚੁਰੀ ਬੰਗਲੂਰੂ ਵਿਚ ਇਕੱਠੇ ਹੋ ਸਕਦੇ ਹਨ, ਪੱਛਮੀ ਬੰਗਾਲ 'ਚ ਸਾਂਝ ਪੈਣ ਵਾਲੇ ਆਸਾਰ ਅਜੇ ਨਹੀਂ ਬਣ ਸਕੇ ਤੇ ਅੱਗੋਂ ਬਣਦੇ ਨਹੀਂ ਜਾਪਦੇ।

ਅਰਵਿੰਦ ਕੇਜਰੀਵਾਲ ਤੇ ਰਾਹੁਲ ਗਾਂਧੀ ਬੰਗਲੂਰੂ ਵਿਚ ਇਕੱਠੇ ਹੋ ਸਕਦੇ ਹਨ, ਦਿੱਲੀ ਵਿਚ ਦੋਵਾਂ ਧਿਰਾਂ ਅੱਗੇ ਕਈ ਮੁਸ਼ਕਿਲਾਂ ਹਨ। ਆਮ ਆਦਮੀ ਪਾਰਟੀ ਵਿਚੋਂ ਇਹ ਬੋਲ ਸੁਣੇ ਜਾਣ ਲੱਗ ਪਏ ਹਨ ਕਿ ਜੇ ਇਸ ਪਾਰਟੀ ਨੇ ਕਾਂਗਰਸ ਨਾਲ ਸਿੱਧੀ ਜਾਂ ਟੇਢੀ ਕੋਈ ਵੀ ਸਾਂਝ ਪਾਈ ਤਾਂ ਐਚ. ਐਸ. ਫੂਲਕਾ ਦੀ ਪਹਿਲ ਹੋਵੇਗੀ ਤੇ ਹੋਰ ਪਤਾ ਨਹੀਂ ਕਿੰਨੇ ਜਣੇ ਕਿਹੜੇ ਪਾਸੇ ਨੂੰ ਤੁਰਨ ਲੱਗ ਪੈਣਗੇ।



ਦੂਜੇ ਪਾਸੇ ਭਾਜਪਾ ਲੀਡਰ ਅਜੇ ਤੱਕ ਹਵਾਈ ਕਿਲ੍ਹੇ ਉਸਾਰਨ ਤੇ ਪ੍ਰਚਾਰਨ ਤੋਂ ਨਹੀਂ ਹਟੇ। ਕਰਨਾਟਕ ਵਿਚ ਉਹ ਭਰੋਸੇ ਦਾ ਵੋਟ ਲੈਣ ਵਾਸਤੇ ਵਿਧਾਨ ਸਭਾ ਦੇ ਮੈਂਬਰ ਸੀਟਾਂ ਉਤੇ ਬੈਠਣ ਤੱਕ ਇਹ ਕਹੀ ਜਾਂਦੇ ਸਨ ਕਿ ਉਨ੍ਹਾਂ ਕੋਲ ਬਹੁ-ਮਤ ਹੈ, ਪਰ ਜਦੋਂ ਮਤਾ ਪੇਸ਼ ਕੀਤਾ ਗਿਆ ਤਾਂ ਬਹੁ-ਮੱਤ ਦਾ ਗੁਬਾਰਾ ਫਟ ਗਿਆ ਸੀ। ਇਸ ਦੇ ਬਾਵਜੂਦ ਉਨ੍ਹਾਂ ਦੇ ਕੋਲ ਇਹੋ ਜਿਹੀ ਫੌਜ ਬਥੇਰੀ ਹੈ, ਜੋ ਇੱਕੋ ਗੱਲ ਕਹੀ ਜਾਂਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੇਤੂ ਰੱਥ ਵਧਦਾ ਜਾਂਦਾ ਹੈ ਅਤੇ ਉਸ ਨੂੰ ਕੋਈ ਤਾਕਤ ਰੋਕ ਨਹੀਂ ਸਕੀ, ਤੇ ਰੋਕ ਵੀ ਨਹੀਂ ਸਕੇਗੀ। ਹਕੀਕਤਾਂ ਇਸ ਦਾਅਵੇ ਨੂੰ ਕਿਸੇ ਤਰ੍ਹਾਂ ਵੀ ਸਹੀ ਸਾਬਤ ਨਹੀਂ ਕਰਦੀਆਂ। ਜੇਤੂ ਰੱਥ ਦੇ ਦਾਅਵੇ ਕਰਨ ਵਾਲੀ ਭਾਜਪਾ ਚਾਰ ਸਾਲ ਪਹਿਲਾਂ ਲੋਕ ਸਭਾ ਚੋਣਾਂ ਵਿਚ 282 ਸੀਟਾਂ ਜਿੱਤਣ ਪਿੱਛੋਂ ਪਾਰਲੀਮੈਂਟ ਵਿਚ ਪਹੁੰਚੀ ਸੀ ਤੇ ਚਾਰ ਸਾਲਾਂ ਵਿਚ ਉਸ ਦੀਆਂ ਸੀਟਾਂ ਵਧਣ ਦੀ ਥਾਂ ਇਸ ਵਕਤ ਘਟ ਕੇ 274 ਰਹਿ ਗਈਆਂ ਹਨ। ਬਾਕੀ ਅੱਠ ਸੀਟਾਂ ਕਿੱਥੇ ਗਈਆਂ, ਇਸ ਦਾ ਚੇਤਾ ਕਰਨ ਨੂੰ ਉਹ ਲੋਕ ਤਿਆਰ ਨਹੀਂ।

ਸੱਚਾਈ ਇਹ ਹੈ ਕਿ ਜਿਸ ਵੀ ਸੀਟ ਲਈ ਕਦੇ ਉਪ ਚੋਣ ਹੋਈ, ਕੋਈ ਵਿਰਲੀ ਸੀਟ ਜਿੱਤੀ ਹੋਵੇਗੀ, ਬਾਕੀ ਸਭ ਥਾਂਈਂ ਹਾਰ ਪੱਲੇ ਪੈਂਦੀ ਰਹੀ ਹੈ। ਬਿਹਾਰ ਵਿਚ ਉਹ ਲੋਕ ਸਭਾ ਦੀਆਂ ਬੱਤੀ ਸੀਟਾਂ ਜਿੱਤਣ ਦੇ ਬਾਅਦ ਵਿਧਾਨ ਸਭਾ ਚੋਣਾਂ ਵਿਚ ਗਏ ਤਾਂ ਇਸੇ ਹਿਸਾਬ ਨਾਲ 180 ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ, ਪਰ ਜਦੋਂ ਨਤੀਜਾ ਆਇਆ ਤਾਂ ਪਿਛਲੀ ਵਾਰੀ ਦੀਆਂ 91 ਸੀਟਾਂ ਤੋਂ ਘਟ ਕੇ 58 ਉਤੇ ਆਣ ਡਿੱਗੇ ਸਨ। ਗੁਜਰਾਤ ਵਾਲਾ ਪੱਕਾ ਕਿਲ੍ਹਾ ਮੰਨ ਕੇ ਭਾਜਪਾ ਇਹ ਦਾਅਵਾ ਕਰਦੀ ਸੀ ਕਿ ਪਿਛਲੀ ਵਾਰ 115 ਸੀਟਾਂ ਜਿੱਤੀਆਂ ਸਨ, ਮੋਦੀ ਸਾਹਿਬ ਦੇ ਪ੍ਰਧਾਨ ਮੰਤਰੀ ਬਣ ਜਾਣ ਦੇ ਬਾਅਦ ਇਹ ਵਧ ਕੇ 150 ਹੋਣਗੀਆਂ। ਨਤੀਜੇ ਆਏ ਤਾਂ ਘਟ ਕੇ 99 ਸੀਟਾਂ ਰਹਿ ਗਈਆਂ ਸਨ।

ਇਸੇ ਤਰ੍ਹਾਂ ਬਾਕੀ ਰਾਜਾਂ ਦਾ ਲੇਖਾ-ਜੋਖਾ ਕਰਦੇ ਜਾਈਏ ਤਾਂ ਇਸ ਪਾਰਟੀ ਦੇ ਦਾਅਵਿਆਂ ਅਤੇ ਹਕੀਕਤਾਂ ਦਾ ਪਾੜਾ ਸਾਫ ਨਜ਼ਰ ਆਈ ਜਾਂਦਾ ਹੈ। ਰਾਜਾਂ ਵਿਚ ਸਰਕਾਰਾਂ ਜ਼ਰੂਰ ਵਧਾ ਲਈਆਂ ਹਨ, ਪਰ ਉਹ ਆਮ ਕਰ ਕੇ ਦੂਜੀਆਂ ਪਾਰਟੀਆਂ ਦੇ ਆਗੂਆਂ ਤੋਂ ਦਲ-ਬਦਲੀਆਂ ਕਰਵਾ ਕੇ ਬਣਾਈਆਂ ਹਨ ਤੇ ਘੱਟੋ-ਘੱਟ ਤਿੰਨ ਥਾਂਈਂ ਰਾਜ ਦੀ ਕਮਾਨ ਵੀ ਕਾਂਗਰਸ ਵਿਚੋਂ ਆਏ ਫਸਲੀ ਬਟੇਰਿਆਂ ਦੇ ਹੱਥ ਫੜਾਉਣੀ ਪੈ ਗਈ ਹੈ।

ਕਿਉਂਕਿ ਆਮ ਰਿਵਾਜ ਸੀਟਾਂ ਤੇ ਸਰਕਾਰਾਂ ਗਿਣਨ ਦਾ ਹੈ, ਇਸ ਲਈ ਪਿਛਲੇ ਚਾਰ ਸਾਲਾਂ ਵਿਚ ਇਹ ਗੱਲ ਕਿਸੇ ਨੂੰ ਯਾਦ ਨਹੀਂ ਕਿ ਮੋਦੀ ਸਾਹਿਬ ਨੇ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ ਗਏ। ਮਿਸਾਲ ਵਜੋਂ ਜਦੋਂ ਕਿਸੇ ਨੂੰ ਪੁੱਛਿਆ ਜਾਵੇ ਤਾਂ ਉਹ ਹਰ ਨਾਗਰਿਕ ਦੇ ਬੈਂਕ ਵਾਲੇ ਖਾਤੇ ਵਿਚ ਤਿੰਨ-ਤਿੰਨ ਲੱਖ ਰੁਪਏ ਦੀ ਗੱਲ ਕਰਨ ਤੱਕ ਸੀਮਤ ਹੋ ਜਾਂਦਾ ਹੈ। ਇਸ ਤੋਂ ਵੱਡਾ ਇੱਕ ਦਾਅਵਾ ਨਰਿੰਦਰ ਮੋਦੀ ਨੇ ਇਹ ਕਹਿ ਕੇ ਕੀਤਾ ਸੀ ਕਿ ਜਦੋਂ ਇਹ ਸੁਣਨ ਨੂੰ ਮਿਲਦਾ ਹੈ ਕਿ ਪਾਰਲੀਮੈਂਟ ਦੇ ਤੀਸਰਾ ਹਿੱਸਾ ਮੈਂਬਰਾਂ ਉਤੇ ਕੇਸ ਚੱਲੀ ਜਾਂਦੇ ਹਨ ਤਾਂ ਸ਼ਰਮ ਆਉਂਦੀ ਹੈ, ਮੇਰੀ ਸਰਕਾਰ ਇੱਕ ਸਾਲ ਦੇ ਅੰਦਰ ਇਨ੍ਹਾਂ ਕੇਸਾਂ ਦਾ ਨਿਪਟਾਰਾ ਕਰਵਾ ਦੇਵੇਗੀ। ਜਿਹੜੇ ਲੀਡਰ ਦੋਸ਼ੀ ਨਿਕਲੇ, ਉਹ ਜੇਲ੍ਹ ਭੇਜਣ ਮਗਰੋਂ ਬਾਕੀ ਸਾਰਿਆਂ ਨੂੰ ਕੇਸਾਂ ਦੇ ਦਾਗੀ ਹੋਣ ਵਾਲੀ ਦਿੱਖ ਤੋਂ ਮੁਕਤ ਕਰਵਾ ਦਿੱਤਾ ਜਾਵੇਗਾ।

ਚਾਰ ਸਾਲ ਲੰਘ ਗਏ ਹਨ। ਇਨ੍ਹਾਂ ਚਾਰ ਸਾਲਾਂ ਵਿਚ ਇਹ ਕੇਸ ਨਿਪਟਾਉਣੇ ਇੱਕ ਪਾਸੇ, ਅਜੇ ਤੱਕ ਇਸ ਕੰਮ ਲਈ ਕੋਈ ਵਿਸ਼ੇਸ਼ ਖੇਚਲ ਵੀ ਅਰੰਭ ਕੀਤੀ ਨਹੀਂ ਸੁਣੀ ਗਈ। ਲੋਕਾਂ ਦੇ ਖਾਤੇ ਵਿਚ ਪੈਸੇ ਜਾਣ ਵਾਲੀ ਗੱਲ ਤਾਂ 'ਚੋਣ ਜੁਮਲਾ' ਸੀ, ਪਰ ਵਿਦੇਸ਼ ਵਿਚ ਪਿਆ ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਵੀ ਕੀਤਾ ਗਿਆ ਸੀ, ਉਹ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ।

ਇਸ ਕਰ ਕੇ ਜਦੋਂ ਇਸ ਵਕਤ ਪਾਰਲੀਮੈਂਟ ਦਾ ਆਖਰੀ ਸਾਲ ਸ਼ੁਰੂ ਹੋ ਚੁਕਾ ਹੈ, ਜਦੋਂ ਭਾਜਪਾ ਆਗੂ ਇਹ ਕਹਿੰਦੇ ਹਨ ਤੇ ਉਨ੍ਹਾਂ ਦੇ ਪੱਖ ਵਾਲੇ ਸਰਵੇਖਣ ਉਨ੍ਹਾਂ ਨੂੰ ਜਿੱਤਿਆ ਪਿਆ ਦੱਸਦੇ ਹਨ, ਅਸੀਂ ਇਹ ਕਹਿਣਾ ਠੀਕ ਸਮਝਦੇ ਹਾਂ ਕਿ ਇਹ ਕੰਮ ਇਸ ਤਰ੍ਹਾਂ ਦਾ ਸੁਖਾਲਾ ਨਹੀਂ। ਦਜੇ ਪਾਸੇ ਵਿਰੋਧੀ ਧਿਰ ਜਿਹੜੇ ਸੁਫਨੇ ਵਿਖਾ ਰਹੀ ਹੈ, ਉਨ੍ਹਾਂ ਨੂੰ ਵੀ ਅਮਲ ਵਿਚ ਆਉਣ ਵਿਚ ਕਈ ਮੁਸ਼ਕਿਲਾਂ ਪੇਸ਼ ਆਉਣਗੀਆਂ। ਹਾਲ ਦੀ ਘੜੀ ਸਿਰਫ ਸੁਫਨੇ ਲੈਣ ਦਾ ਦੌਰ ਹੈ। ਜਿਹੜੇ ਲੋਕਾਂ ਨੇ ਅੰਤਿਮ ਨਿਰਣਾ ਦੇਣਾ ਹੈ, ਉਹ ਏਨਾ ਪਹਿਲਾਂ ਨਹੀਂ ਸੋਚਦੇ ਹੁੰਦੇ। ਵਕਤ ਆਏ ਤੋਂ ਆਪਣੀ ਸੋਚ ਮੁਤਾਬਕ ਇੱਕ ਜਾਂ ਦੂਜੀ ਧਿਰ ਬਾਰੇ ਨਿਰਣਾ ਦੇਣ ਵਾਲੇ ਆਮ ਲੋਕ ਇਨ੍ਹਾਂ ਸਭ ਦੇ ਦਾਅਵੇ ਸੁਣ ਕੇ ਹੱਸ ਛੱਡਦੇ ਹਨ।

# ਸ਼ਰਮ ਆਤੀ ਹੈ ਮਗਰ ਯਹਿ ਕਹਿਣਾ ਹੋਗਾ...

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਸਾਲ 1987 ਦੀ ਗੱਲ ਹੈ, ਜਦੋਂ ਮੈਨੂੰ ਕਲਕੱਤੇ ਤੋਂ ਜਲੰਧਰੋਂ ਛਪਦੇ ਰੋਜ਼ਾਨਾ ਅਖਬਾਰ 'ਅਜੀਤ' ਲਈ ਇਸ਼ਤਿਹਾਰਾਂ ਦਾ ਕੰਮ ਕਰਨ ਦਾ ਮੌਕਾ ਮਿਲਿਆ। ਉਸ ਵੇਲੇ ਕਲਕੱਤੇ ਦੀ ਇਸ਼ਤਿਹਾਰ ਮਾਰਕਿਟ ਵਿਚ ਜਲੰਧਰ ਤੋਂ ਛਪਦੀ ਹਿੰਦੀ ਅਖਬਾਰ 'ਪੰਜਾਬ ਕੇਸਰੀ' ਦਾ ਪੂਰਾ ਦਬਦਬਾ ਸੀ। ਮੈਂ ਜਿਸ ਵੀ ਇਸ਼ਤਿਹਾਰ ਏਜੰਸੀ ਵਿਚ ਇਸ਼ਤਿਹਾਰ ਲਈ ਜਾਣਾ, ਉਨ੍ਹਾਂ ਦਾ ਇੱਕ ਹੀ ਜਵਾਬ ਹੁੰਦਾ ਕਿ ਅਸੀਂ ਪੰਜਾਬ ਨੂੰ ਕਵਰ ਕਰਨ ਲਈ 'ਪੰਜਾਬ ਕੇਸਰੀ' ਅਖਬਾਰ ਲੈਂਦੇ ਹਾਂ। ਕਲਕੱਤੇ ਦੀਆਂ ਵੱਡੀਆਂ ਐਡ ਏਜੰਸੀਆਂ, ਜਿਥੋਂ ਵੱਡੀ ਗਿਣਤੀ ਵਿਚ ਇਸ਼ਤਿਹਾਰ ਰਿਲੀਜ਼ ਹੁੰਦੇ ਸਨ, ਹਰ ਥਾਂ ਲਗਭਗ ਇਹੋ ਸਥਿਤੀ ਸੀ।

ਇਹ ਕਿੰਨੇ ਵੱਡੇ ਅਨਿਆਂ ਵਾਲੀ ਗੱਲ ਸੀ ਕਿ ਪੰਜਾਬ ਜਿੱਥੇ ਪੰਜਾਬੀ ਭਾਸ਼ਾ ਬੋਲੀ ਜਾਂਦੀ ਐ, ਉਥੇ ਪੰਜਾਬੀਆਂ ਨੂੰ ਇਸ਼ਤਿਹਾਰ ਹਿੰਦੀ ਵਿਚ ਪਰੋਸੇ ਜਾਂਦੇ ਹਨ। ਜਦੋਂ ਕਿ ਇੰਡੀਆ ਦੇ ਬਾਕੀ ਸੂਬਿਆਂ ਵਿਚ ਇਸ਼ਤਿਹਾਰ ਉਥੋ ਬੋਲੀ ਜਾਂਦੀ ਸਥਾਨਕ ਭਾਸ਼ਾ ਵਿਚ ਰਿਲੀਜ਼ ਹੁੰਦੇ ਸਨ। ਜਿਵੇਂ ਕਿ ਪੱਛਮੀ ਬੰਗਾਲ ਤੋਂ ਬੰਗਾਲੀ ਭਾਸ਼ਾ ਦੇ ਇਸ਼ਤਿਹਾਰ 'ਆਨੰਦ ਬਾਜ਼ਾਰ ਪੱਤਰਿਕਾ', ਕੇਰਲ ਤੋਂ ਮਲਿਆਲਮ ਵਿਚ 'ਮਲਿਆਲਮ ਮਨੋਰਮਾ', ਤਾਮਿਲਨਾਡੂ ਤੋਂ ਤਮਿਲ ਦੇ 'ਥਾਂਤੀ', ਆਂਧਰਾ ਪ੍ਰਦੇਸ਼ ਤੋਂ ਤੇਲਗੂ ਦੇ 'ਇਨਾਡੂ', ਕਰਨਾਟਕ ਦੀ ਕੰਨੜ ਭਾਸ਼ਾ ਦੇ 'ਪਰਜਾਵਾਣੀ', ਗੁਜਰਾਤ ਤੋਂ 'ਗੁਜਰਾਤ ਸਮਾਚਾਰ', ਮਹਾਰਾਸ਼ਟਰ ਤੋਂ ਮਰਾਠੀ ਅਖਬਾਰ 'ਸਾਕਾਲ' ਤੇ 'ਲੋਕਸੱਤਾ', ਉੜੀਸਾ ਤੋਂ 'ਸਮਾਜ' ਅਤੇ ਹਿੰਦੀ ਬੈਲਟ ਕਵਰ ਕਰਨ ਲਈ ਯੂ. ਪੀ. ਤੋਂ 'ਜਾਗਰਣ', 'ਆਜ', 'ਅਮਰ ਉਜਾਲਾ', ਬਿਹਾਰ ਤੋਂ 'ਆਰੀਆ ਵ੍ਰਤ', ਰਾਜਸਥਾਨ ਤੋਂ 'ਰਾਜਸਥਾਨ ਪੱਤਰਿਕਾ', ਮੱਧ ਪ੍ਰਦੇਸ਼ ਤੋਂ 'ਦੈਨਿਕ ਭਾਸ਼ਕਰ', 'ਨਵ ਭਾਰਤ', 'ਨਈ ਦੁਨੀਆ', 'ਦੇਸ਼ ਬੰਧੂ' ਅਤੇ ਦਿੱਲੀ ਤੋਂ ਛਪਦੀਆਂ 'ਨਵ ਭਾਰਤ ਟਾਈਮਜ਼' ਅਤੇ 'ਹਿੰਦੁਸਤਾਨ' ਆਦਿ ਮੁੱਖ ਅਖਬਾਰਾਂ ਤੋਂ ਇਲਾਵਾ ਹਰ ਸਟੇਟ ਵਿਚ ਦੂਜੇ ਤੇ ਤੀਜੇ ਦਰਜੇ ਦੀਆਂ ਅਖਬਾਰਾਂ ਵਿਚ ਇਸ਼ਤਿਹਾਰ ਰਿਲੀਜ਼ ਹੋਇਆ ਕਰਦੇ ਸਨ। ਇਥੋਂ ਤੱਕ ਕਿ ਆਸਾਮ ਸੂਬੇ ਨੂੰ ਕਵਰ ਕਰਨ ਲਈ 'ਦੈਨਿਕ ਅਸਮ' ਅਖਬਾਰ ਵਿਚ ਵੀ ਇਸ਼ਤਿਹਾਰ ਜਾਰੀ ਹੁੰਦੇ ਸਨ, ਭਾਵੇਂ ਕਿ ਅਸਮੀਆ ਭਾਸ਼ਾ ਤੇ ਬੰਗਲਾ ਦੀ ਲਿਪੀ ਤੇ ਬੋਲਚਾਲ ਵਿਚ ਕਾਫੀ ਸਮਾਨਤਾ ਹੈ ਅਤੇ ਕਲਕੱਤੇ ਤੋਂ ਪ੍ਰਕਾਸ਼ਿਤ ਹੁੰਦੀ 'ਆਨੰਦ ਬਾਜ਼ਾਰ ਪੱਤਰਿਕਾ' ਤੇ ਦੂਜੀਆਂ ਅਖਬਾਰਾਂ ਬਹੁਤ ਵੱਡੀ ਗਿਣਤੀ ਵਿਚ ਵਿਕਦੀਆਂ ਸਨ।

ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਨੂੰ ਪਿੱਛੇ ਕਰਕੇ ਉਥੇ ਹਿੰਦੀ ਭਾਸ਼ਾ ਦੀ 'ਪੰਜਾਬ ਕੇਸਰੀ' ਨੂੰ ਮਾਨਤਾ ਪ੍ਰਾਪਤ ਸੀ। ਬੜਾ ਗੁੱਸਾ ਆਇਆ ਕਰਨਾ ਕਿ ਇਹ ਸਭ ਕੀ ਹੋ ਰਿਹਾ ਏ। ਮੈਂ ਬੜੀ ਸੋਚ ਵਿਚਾਰ ਤੋਂ ਬਾਅਦ ਇਸ ਨਤੀਜੇ 'ਤੇ ਪੁੱਜਾ ਕਿ ਹੁਣ ਇਨ੍ਹਾਂ ਐਡ ਏਜੰਸੀਆਂ ਨਾਲ ਤੱਥਾਂ ਦੇ ਆਧਾਰ 'ਤੇ ਲੜਨਾ ਪੈਣਾ ਹੈ। ਉਸ ਵਕਤ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਇੰਡੀਆ ਦੇ ਸਾਰੇ ਕਹਿੰਦੇ ਕਹਾਉਂਦੇ ਰਾਜਾਂ ਤੋਂ ਕਿਤੇ ਵੱਧ ਹੁੰਦੀ ਸੀ, ਜਿਸ ਨੂੰ ਮੈਂ 'ਅਜੀਤ' ਲਈ ਇਸ਼ਤਿਹਾਰਾਂ ਦੀ ਜੰਗ ਵਿਚ 'ਬ੍ਰਹਮ ਅਸਤਰ' ਵਜੋਂ ਵਰਤਣ ਦਾ ਫੈਸਲਾ ਕੀਤਾ।

ਇਸ ਤੋਂ ਇਲਾਵਾ ਮੇਰੇ ਤਰਕਸ਼ ਵਿਚ ਹੋਰ ਬਹੁਤ ਸਾਰੇ ਤੀਰ ਸਨ ਜੋ ਉਸ ਵੇਲੇ ਮਾਰਕਿਟਿੰਗ ਕਰਨ ਵੇਲੇ ਕੰਪਨੀਆਂ ਦੇ ਵਿਚਾਰ ਗੋਚਰੇ ਹੁੰਦੇ ਸਨ, ਜਿਵੇਂ ਕਿ ਪੰਜਾਬ ਉਸ ਵਕਤ ਇੰਡੀਆ ਦੀ ਨੰਬਰ ਵਨ ਸਟੇਟ ਹੋਣ ਤੋਂ ਇਲਾਵਾ ਪੰਜਾਬ ਪ੍ਰਤੀ ਵਿਅਕਤੀ ਫਸਲ ਉਤਪਾਦਨ, ਦੁਧ ਉਤਪਾਦਨ, ਕਪਾਹ ਉਤਪਾਦਨ, ਖੁਸ਼ਹਾਲੀ ਆਦਿ ਵਿਚ ਮੋਹਰੀ ਸੀ। ਸਭ ਤੋਂ ਵੱਧ ਪ੍ਰਤੀ ਜੀਅ ਆਮਦਨ ਹੋਣ ਕਰਕੇ ਪੰਜਾਬੀਆਂ ਦੀ ਖਰੀਦ ਸ਼ਕਤੀ ਦੇ ਮੁੱਦੇ 'ਤੇ ਵੀ ਪੰਜਾਬ ਦੀ ਝੰਡੀ ਸੀ। ਇਨ੍ਹਾਂ ਸਾਰੇ ਤੱਥਾਂ ਨੂੰ ਤਰਤੀਬ ਦੇ ਕੇ ਮੈਂ ਫਿਰ ਐਡ ਏਜੰਸੀਆਂ ਨਾਲ ਉਨ੍ਹਾਂ ਦੀ ਭਾਸ਼ਾ ਵਿਚ ਹੀ ਮੁਹਿੰਮ ਸ਼ੁਰੂ ਕੀਤੀ। ਮੇਰਾ ਉਨ੍ਹਾਂ ਨੂੰ ਇਕ ਹੀ ਸਵਾਲ ਹੁੰਦਾ ਕਿ ਪੰਜਾਬ ਨੰਬਰ ਵਨ ਸਟੇਟ ਹੋਣ ਦੇ ਨਾਲ ਪੰਜਾਬੀ ਭਾਸ਼ਾ ਬੋਲੇ ਜਾਣ ਵਾਲਾ ਸੂਬਾ ਹੈ। ਤੁਸੀਂ ਜਦੋਂ ਕਿ ਬਾਕੀ ਸਟੇਟਾਂ ਵਿਚ ਉਥੇ ਬੋਲੀ ਜਾਂਦੀ ਭਾਸ਼ਾ ਵਿਚ ਇਸ਼ਤਿਹਾਰ ਰਿਲੀਜ਼ ਕਰਦੇ ਹੋ ਤਾਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਅਖਬਾਰ ਵਿਚ ਵਿਗਿਆਪਨ ਕਿਉਂ ਨਹੀਂ?

ਪੰਜਾਬ ਕੇਸਰੀ ਦਾ ਉਸ ਵੇਲੇ ਇੰਡੀਆ ਦੀ ਐਡ ਮਾਰਕੀਟ ਵਿਚ ਪੂਰਾ ਦਬਦਬਾ ਸੀ। ਐਡ ਏਜੰਸੀਆਂ ਨੂੰ ਪੰਜਾਬ ਕੇਸਰੀ ਤੋਂ ਇਲਾਵਾ ਹੋਰ ਕੋਈ ਅਖਬਾਰ ਦਿਸਦੀ ਹੀ ਨਹੀਂ ਸੀ। ਮੇਰੇ ਪੰਜਾਬ ਵਾਸਤੇ ਪੰਜਾਬੀ ਅਖਬਾਰ ਦੇ ਨੁਕਤੇ 'ਤੇ ਏਜੰਸੀਆਂ ਦਾ ਜੁਆਬ ਹੁੰਦਾ ਸੀ ਕਿ ਅਸੀਂ ਸਰਵੇ ਕਰਵਾਇਆ ਹੈ ਅਤੇ ਉਸ ਦੇ ਆਧਾਰ 'ਤੇ ਹੀ ਅਸੀਂ ਪੰਜਾਬ ਕੇਸਰੀ ਅਖਬਾਰ ਵਿਚ ਐਡ ਦਿੰਦੇ ਹਾਂ। ਮੇਰਾ ਉਤਰ ਹੁੰਦਾ, ਪੰਜਾਬ ਵਿਚ ਖੁਸ਼ਹਾਲੀ ਹਰੀ ਕ੍ਰਾਂਤੀ ਦੀ ਹੈ ਅਤੇ ਇਹ ਖੁਸ਼ਹਾਲ ਹਰੀ ਕ੍ਰਾਂਤੀ ਵਾਲੇ ਲੋਕ ਪਿੰਡਾਂ ਵਿਚ ਰਹਿੰਦੇ ਹਨ ਤੇ ਉਹ ਸਿਰਫ ਪੰਜਾਬੀ ਹੀ ਪੜ੍ਹਨੀ ਜਾਣਦੇ ਹਨ। ਸ਼ਹਿਰਾਂ ਵਿਚ ਤਾਂ ਬਾਬੂ ਜਾਂ ਮਜਦੂਰ ਵਰਗ ਹੀ ਰਹਿੰਦਾ ਹੈ। ਇਨ੍ਹਾਂ ਦੀ ਖਰੀਦ ਸ਼ਕਤੀ ਆਮਦਨ ਦੇ ਹਿਸਾਬ ਨਾਲ ਘੱਟ ਹੈ ਜਦਕਿ ਪਿੰਡਾਂ ਦੇ ਲੋਕਾਂ ਦੀ ਖਰੀਦ ਸ਼ਕਤੀ ਸ਼ਹਿਰੀਆਂ ਤੋਂ ਕਿਤੇ ਵੱਧ ਏ। ਉਸ ਵਕਤ ਪੰਜਾਬ ਹਰ ਮੁਹਾਜ 'ਤੇ ਚਮਕਦਾ ਸਿਤਾਰਾ ਹੁੰਦਾ ਸੀ। ਮੈਂ ਅਜੀਤ ਅਖਬਾਰ ਦੀ ਮੈਰਿਟ, ਪੰਜਾਬ ਦੇ ਸ਼ਾਨਦਾਰ ਅਤੇ ਸ਼ਾਨੌਮੱਤੀ ਕਾਰਗੁਜ਼ਾਰੀ ਕਰਕੇ ਸਥਾਪਤ ਕਰ ਸਕਿਆ ਸੀ।

ਪੰਜਾਬ ਦੇ ਮੌਜੂਦਾ ਦੌਰ ਬਾਰੇ ਤਾਂ ਸੋਚ ਕੇ ਹੀ ਤਰੇਲੀਆਂ ਆਉਣ ਲੱਗ ਪੈਂਦੀਆਂ ਹਨ। ਉਹ

## ਚਲਦੇ ਚਲਦੇ

ਵੀ ਕੀ ਸਮਾਂ ਸੀ ਜਦੋਂ ਪੰਜਾਬ ਅਤੇ ਪੰਜਾਬੀਆਂ ਦਾ ਆਪਣਾ ਹੀ ਟੌਹਰ ਹੁੰਦਾ ਸੀ। ਪੰਜਾਬ ਹੁਣ ਹਰ ਮਾੜੇ ਕੰਮ ਵਿਚ ਝੰਡੇ ਗੱਡਦਾ ਜਾ ਰਿਹਾ ਹੈ। ਪੰਜਾਬ ਚਮਕਣ ਦੀ ਥਾਂ ਬੁਝਦਾ ਹੀ ਜਾ ਰਿਹਾ ਏ। ਪੰਜਾਬ ਦੇ ਵਾਰਸ ਵੀ ਹੁਣ ਤਾਂ ਲੱਗਦਾ ਏ ਜਿਵੇਂ ਦਿਲ ਛੱਡਦੇ ਜਾ ਰਹੇ ਹਨ। ਹਰ ਪੰਜਾਬ ਪ੍ਰੇਮੀ ਬੇਵੱਸ ਲੱਗ ਰਿਹਾ ਏ। ਲੀਡਰ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ ਸਿਰਫ ਪਰਿਵਾਰ, ਰਿਸ਼ਤੇਦਾਰ ਅਤੇ ਮੁਲਾਹਜ਼ੇਦਾਰਾਂ ਨੂੰ ਹੀ ਖੁਸ਼ ਕਰਨ ਵਿਚ ਰੁੱਝੇ ਹੋਏ ਹਨ। ਪੰਜਾਬੀ ਇੰਨੇ ਨਿਰਾਸ਼ ਹੋ ਗਏ ਹਨ ਕਿ ਉਹ ਸਮਰੱਥ ਗੁਰੂ ਸਾਹਿਬਾਨ ਤੋਂ ਪਰੇ ਜਾ ਕੇ ਅਖੌਤੀ ਸੰਤਾਂ, ਬਾਬਿਆਂ ਅਤੇ ਗੱਗੜ ਗਿਆਨੀਆਂ ਦੀ ਸ਼ਰਨ ਵਿਚ ਜਾ ਰਹੇ ਹਨ। ਵਾਹਿਗੁਰੂ ਕੀ ਉਹ ਪਹਿਲਾਂ ਵਾਲੀ ਮੇਰੇ ਪੰਜਾਬ ਦੀ ਪੁਰਾਣੀ ਆਨ ਤੇ ਸ਼ਾਨ ਬਹਾਲ ਹੋਵੇਗੀ!

ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
21-22

ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਡੇਅਟਨ, ਓਹਾਇਓ ਵਿਚ ਇੰਡੀਅਨ ਰੈਸਟੋਰੈਂਟ 'ਕੱਰੀ ਐਂਡ ਗਰਿੱਲ' ਲਈ ਤਜਰਬੇਕਾਰ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਰਿਹਾਇਸ਼ ਮੁਫਤ, ਵਧੀਆ ਤਨਖਾਹ
ਸੰਪਰਕ ਕਰੋ, ਮਿਸਟਰ ਵਰਮਾ
ਫੋਨ: 937-626-9854
21-22

ਪੰਜਾਬ ਟਾਈਮਜ਼

*ਸਨਿਚਰਵਾਰ, 2 ਜੂਨ 2018*

## ਸਸਤੀ ਸਿਆਸਤ ਦਾ ਕੁਹਜ

ਜੂਨ ਮਹੀਨਾ ਚੜ੍ਹ ਆਇਆ ਹੈ ਅਤੇ ਵਾਤਾਵਰਨ ਅੰਦਰ ਲੋਹੜੇ ਦੀ ਤਪਸ਼ ਘੁਲ ਰਹੀ ਹੈ। ਦਿਨ ਤਾਂ ਕੀ, ਰਾਤਾਂ ਨੂੰ ਵੀ ਅੱਗ ਵਰ੍ਹ ਰਹੀ ਹੈ। ਚਾਰ ਸੌ ਦੋ ਸਾਲ ਪਹਿਲਾਂ ਇਹੀ ਦਿਨ ਸਨ ਜਦੋਂ ਪੰਜਵੇਂ ਪਾਤਸ਼ਾਹ ਨੇ ਹਰ ਤਪਸ਼ ਨੂੰ ਝੱਲਦਿਆਂ ਸਿਦਕ ਅਤੇ ਸਿਰੜ ਦਾ ਉਹ ਮਰਹੱਲਾ ਪਾਰ ਕੀਤਾ ਜਿਸ ਦਾ ਜ਼ਿਕਰ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ। ਸਦਾ ਸਦਾ ਲਈ ਮਿਸਾਲ ਬਣ ਗਈ ਇਸ ਸ਼ਹੀਦੀ ਦੇ ਅਰਥ ਬਹੁਤ ਗਹਿਰੇ ਹਨ। ਇਨ੍ਹਾਂ ਅਰਥਾਂ ਦੇ ਅਗਾਂਹ ਅਰਥਾਂ ਦੀ ਕਨਸੋਅ ਇਨ੍ਹੀਂ ਦਿਨੀਂ ਲਗਦੀਆਂ ਛਬੀਲਾਂ ਤੋਂ ਮਿਲਦੀ ਹੈ। ਆਪੋ-ਆਪਣੇ ਥਾਂਈਂ ਕਿੰਨੇ ਜਿਊੜੇ ਤਪ ਰਹੇ ਹਿਰਦਿਆਂ ਨੂੰ ਠਾਰਨ ਲਈ ਸੇਵਾ ਕਮਾਉਂਦੇ ਹਨ। ਇਹੀ ਉਹ ਦਿਨ ਸਨ ਜਦੋਂ ਤਕਰੀਬਨ ਸਾਢੇ ਤਿੰਨ ਦਹਾਕੇ ਪਹਿਲਾਂ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਚੁਰਾਸੀ ਵਾਲਾ ਸਾਕਾ ਹੋਇਆ। ਇਸ ਸਾਕੇ ਨੂੰ ਇੰਨਾ ਲੰਮਾ ਸਮਾਂ ਹੋ ਜਾਣ ਦੇ ਬਾਵਜੂਦ ਸਿੱਖ ਮਨਾਂ ਅੰਦਰ ਇਸ ਸਾਕੇ ਦੇ ਜ਼ਖਮ ਅਜੇ ਵੀ ਅੱਲੇ ਪਏ ਹਨ। ਬਿਨਾ ਸ਼ੱਕ, ਉਸ ਵੇਲੇ ਪੈਦਾ ਹੋਏ ਹਾਲਾਤ ਦੀਆਂ ਬਹੁਤ ਸਾਰੀਆਂ ਫਰੋਲੀਆਂ ਤੇ ਅਣਫਰੋਲੀਆਂ ਪਰਤਾਂ ਹਨ ਅਤੇ ਹਰ ਪਰਤ ਦੀ ਆਪੋ-ਆਪਣੀ ਵਿਆਖਿਆ ਹੋਵੇਗੀ ਪਰ ਇਕ ਤੱਥ ਨਿਰਮਲ ਤੇ ਨਿੱਤਰੇ ਪਾਣੀਆਂ ਵਾਂਗ ਸਾਫ ਹੈ ਕਿ ਉਸ ਵਕਤ ਸਿਆਸਤ ਦਾ ਕੁਹਜ ਹਰ ਪਾਸੇ ਕਾਠੀ ਪਾ ਕੇ ਬੈਠ ਗਿਆ ਸੀ ਅਤੇ ਸਿਆਸੀ ਕੁਹਜ ਦੀ ਇਸ ਕਾਠੀ ਦਾ ਖਮਿਆਜ਼ਾ ਜਿਊੜੇ ਅੱਜ ਵੀ ਭੁਗਤ ਰਹੇ ਹਨ। ਇਨ੍ਹਾਂ ਸਾਢੇ ਤਿੰਨ ਦਹਾਕਿਆਂ ਦੇ ਸਿਆਸੀ ਅਤੇ ਧਾਰਮਿਕ ਹਾਲਾਤ ਉਤੇ ਨਿਗ੍ਹਾ ਮਾਰੀਏ ਤਾਂ ਤੰਦ-ਤਾਣੀ ਵਿਚ ਕੋਈ ਸਿਫਤੀ ਤਬਦੀਲੀ ਘੱਟ ਹੀ ਨਜ਼ਰੀ ਪੈਂਦੀ ਹੈ। ਜੇ ਇਹ ਵੀ ਕਹਿ ਲਿਆ ਜਾਵੇ ਕਿ ਤਬਦੀਲੀ ਹੋਈ ਹੀ ਨਹੀਂ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ; ਸਗੋਂ ਸਿਆਸਤ ਅਤੇ ਧਾਰਮਿਕ ਪ੍ਰਸੰਗਾਂ ਦੀ ਇਹ ਤਾਣੀ ਹੋਰ ਉਲਝੀ ਜਾਪਦੀ ਹੈ। ਸ਼ਾਇਦ ਇਸੇ ਕਰ ਕੇ ਹੀ ਇੰਨਾ ਸਮਾਂ ਗੁਜ਼ਰ ਜਾਣ ਅਤੇ ਬਹੁਤ ਕੁਝ ਹੋਣ-ਬੀਤਣ ਦੇ ਬਾਵਜੂਦ ਜਿਊੜਿਆਂ ਦੇ ਮਨਾਂ ਅੰਦਰ ਠਾਰ ਅਜੇ ਵੀ ਨਹੀਂ ਪਈ ਹੈ। ਅਸਲ ਵਿਚ ਇਹ ਕੋਈ ਘਟਨਾ ਨਹੀਂ ਸੀ ਬਲਕਿ ਵਿਸ਼ਵਾਸ ਨੂੰ ਲੱਗੀ ਚੋਟ ਸੀ ਜੋ ਅੱਜ ਤੱਕ ਚਸਕ ਰਹੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਘਟਨਾ ਵਾਪਰੀ ਜਿਸ ਦਾ ਸਿੱਧਾ ਸਬੰਧ ਭਾਵੇਂ ਤਪਦੇ ਹਿਰਦਿਆਂ ਜਾਂ ਸਿਆਸਤ ਦੀ ਉਲਝੀ ਹੋਈ ਤਾਣੀ ਨਾਲ ਨਹੀਂ ਪਰ ਤੰਦਾਂ ਇਨ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਜੁੜੀਆਂ ਹੋਈਆਂ ਹਨ। ਫੈਕਟਰੀ ਵਿਚੋਂ ਛੱਡੇ ਜ਼ਹਿਰੀਲੇ ਮਵਾਦ ਨੇ ਦਰਿਆ ਅੰਦਰਲੇ ਜੀਵਨ ਨੂੰ ਤਹਿਸ-ਨਹਿਸ ਕਰ ਦਿੱਤਾ। ਇਹ ਉਹੀ ਪਾਣੀ ਹੈ ਜਿਨ੍ਹਾਂ ਉਤੇ ਸਿਆਸਤ ਖੂਬ ਭਖਦੀ ਰਹੀ ਹੈ। ਇਸ ਵਾਰ ਪਾਣੀਆਂ ਅੰਦਰ ਜ਼ਹਿਰ ਘੋਲ ਦਿੱਤਾ ਗਿਆ ਪਰ ਕਿਸੇ ਪਾਸੇ ਬਹੁਤੀ ਹਿਲਜੁਲ ਨਹੀਂ ਹੋਈ। ਸਰਕਾਰ ਨੇ ਇਸ ਨੂੰ ਮਾਮੂਲੀ ਜਿਹਾ ਮਸਲਾ ਬਣਾ ਦਿੱਤਾ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਪਹਿਲਾਂ ਖੁਦਕੁਸ਼ੀਆਂ ਅਤੇ ਨਸ਼ਿਆਂ ਦੇ ਮਾਮਲੇ ਬਣਾ ਦਿੱਤੇ ਗਏ। ਹੁਣ ਕਾਗਜ਼ਾਂ ਵਿਚ ਇਹ ਘਟਨਾ ਸਿਰਫ 'ਹਾਦਸਾ' ਹੈ। ਉਂਜ, ਇਸ ਇਕ ਹੀ ਘਟਨਾ ਨੇ ਪ੍ਰਸ਼ਾਸਨ ਅਤੇ ਸਿਆਸੀ ਲੀਡਰਸ਼ਿਪ ਦੀ ਪੋਲ ਖੋਲ੍ਹ ਦਿੱਤੀ। ਪੰਜਾਬ ਭਰ ਵਿਚ ਹੋਰ ਕਿੰਨੀਆਂ ਫੈਕਟਰੀਆਂ ਹਨ ਜਿਹੜੀਆਂ ਇਸੇ ਤਰ੍ਹਾਂ ਪਾਣੀ ਨੂੰ ਪਲੀਤ ਕਰ ਰਹੀਆਂ ਹਨ। ਅੱਜ ਪੰਜਾਬ ਦਾ ਪਾਣੀ ਪਲੀਤ ਹੈ, ਆਏ ਦਿਨ ਘਟ ਵੀ ਰਿਹਾ ਹੈ, ਵਿਗਿਆਨੀ ਪਾਣੀ ਦੀ ਹੋਣ ਵਾਲੀ ਕਿੱਲਤ ਦੇ ਮੱਦੇਨਜ਼ਰ ਸੂਬੇ ਦੇ ਬੰਜਰ ਹੋ ਜਾਣ ਦੀ ਭਵਿੱਖਵਾਣੀ ਵੀ ਕਰ ਰਹੇ ਹਨ ਪਰ ਸੌੜੇ ਸਿਆਸੀ ਹਿਤਾਂ ਨੇ ਅੱਖਾਂ ਅਤੇ ਕੰਨ ਬੰਦ ਕੀਤੇ ਹੋਏ ਹਨ।

ਇਹ ਤਾਂ ਹੋਇਆ ਸਰਕਾਰ ਦਾ ਮਾਮਲਾ ਪਰ ਸਿੱਖ ਸੰਸਥਾਵਾਂ ਦਾ ਮਾਮਲਾ ਤਾਂ ਹੁਣ ਹੋਰ ਵੀ ਭਿਆਨਕ ਰੁਖ ਅਖਤਿਆਰ ਕਰ ਗਿਆ ਹੈ। ਇਨ੍ਹਾਂ ਸੰਸਥਾਵਾਂ ਉਤੇ ਜਿਸ ਤਰ੍ਹਾਂ ਸਿਆਸਤ ਦਾ ਕਬਜ਼ਾ ਹੋਇਆ ਪਿਆ ਹੈ, ਉਸ ਤੋਂ ਹੁਣ ਇਹ ਬਹਿਸ ਵੀ ਛਿੜ ਪਈ ਹੈ ਕਿ 21ਵੀਂ ਸਦੀ ਦੇ ਇਸ ਯੁੱਗ ਅੰਦਰ ਧਰਮ ਸਿਆਸਤ ਉਤੇ ਕੁੰਡਾ ਲਗਾ ਵੀ ਸਕਦਾ ਹੈ ਜਾਂ ਨਹੀਂ? ਸਿੱਖ ਭਾਈਚਾਰੇ ਅੰਦਰ ਮੀਰੀ-ਪੀਰੀ ਦੇ ਸੰਕਲਪ ਦੀ ਮਾਨਤਾ ਹੈ। ਇਸ ਦੀ ਵਿਆਖਿਆ ਧਰਮ ਅਤੇ ਸਿਆਸਤ ਦੇ ਨਾਲ ਨਾਲ ਚੱਲਣ ਵਜੋਂ ਕੀਤੀ ਜਾਂਦੀ ਹੈ। ਇਸ ਸੰਕਲਪ ਦਾ ਸਿਖਰ ਸਿਆਸਤ ਨੂੰ ਧਰਮ ਦੇ ਕੁੰਡੇ ਤਹਿਤ ਚਲਾਉਣ ਦੀ ਹੈ ਪਰ ਅੱਜ ਦੇ ਸਮੇਂ ਦੌਰਾਨ ਧਰਮ ਅਤੇ ਸਿਆਸਤ ਦਾ ਇਹ ਰਿਸ਼ਤਾ ਐਨ ਉਲਟ ਗਿਆ ਹੈ, ਭਾਵ ਹੁਣ ਸਿਆਸੀ ਲੀਡਰਸ਼ਿਪ ਧਰਮ ਦੇ ਓਹਲੇ ਹੇਠ ਆਪਣੀ ਸਿਆਸਤ ਦਾ ਚਾਰਾ ਇਕੱਠਾ ਕਰਦੀ ਹੈ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਵਰਗੀ ਜੁਝਾਰੂ ਜਥੇਬੰਦੀ ਅੱਜ ਸਿਰਫ ਇਕ ਪਰਿਵਾਰ ਦੀ ਮਲਕੀਅਤ ਹੋ ਨਿਬੜੀ ਹੈ। ਸਿੱਖ ਸੰਸਥਾਵਾਂ ਨੂੰ ਲੱਗਿਆ ਖੋਰਾ ਕਿਤੇ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ ਅਤੇ ਮੁਲਕ ਦੀ ਕੇਂਦਰੀ ਸੱਤਾ ਇਸ ਖੋਰੇ ਨੂੰ ਆਏ ਦਿਨ ਜ਼ਰਬ ਦੇਈ ਜਾਂਦੀ ਹੈ ਪਰ ਅਕਾਲੀ ਦਲ ਦੇ ਲੀਡਰ, ਕੇਂਦਰੀ ਸੱਤਾ ਵਿਚ ਸਿਰਫ ਇਕ ਵਜ਼ੀਰੀ ਬਦਲੇ ਖਾਮੋਸ਼ੀ ਧਾਰ ਕੇ ਬੈਠੇ ਹਨ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਉਤੇ ਛਬੀਲਾਂ ਲਾ ਕੇ ਅਸੀਂ ਤਪਸ਼ ਨੂੰ ਠਾਰਨ ਦਾ ਆਹਰ ਕਰਦੇ ਹਾਂ। ਚੁਰਾਸੀ ਦੇ ਸਾਕੇ ਦੀ ਚੀਸ ਘਟਾਉਣ ਲਈ ਰੋਸ ਮਨਾਉਂਦੇ ਹਾਂ, ਪਰ ਸਿੱਖ ਸੰਸਥਾਵਾਂ ਨੂੰ ਢਾਹ ਲਾਉਣ ਵਾਲੀ ਸਸਤੀ ਸਿਆਸਤ ਕਰਨ ਵਾਲਿਆਂ ਖਿਲਾਫ ਰੋਸ ਕਦੋਂ ਮਨਾਉਣਾ ਹੈ? ਇਸ ਸਸਤੀ ਸਿਆਸਤ ਕਾਰਨ ਸੱਚਮੁੱਚ ਹਿਰਦੇ ਮੱਚੇ ਪਏ ਹਨ। ਪੰਜਾਬ ਇਨ੍ਹਾਂ ਹਿਰਦਿਆਂ ਨੂੰ ਠਾਰਨ ਵਾਲੀ ਸਿਆਸਤ ਦੀ ਉਡੀਕ ਚਿਰਾਂ ਤੋਂ ਕਰ ਰਿਹਾ ਹੈ ਪਰ ਅਜੇ ਤੱਕ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਪੈਂਦੀ। ਕਦੀ-ਕਦਾਈਂ ਕਿਤੇ ਕਿਤੇ ਕੋਈ ਚਿਣਗ ਮਘਦੀ ਦਿਸਦੀ ਤਾਂ ਹੈ ਪਰ ਇਸ ਦਾ ਵਿਤ ਇੰਨਾ ਛੋਟਾ ਅਤੇ ਥੋੜ੍ਹ-ਚਿਰਾ ਹੁੰਦਾ ਹੈ ਕਿ ਅੱਜ ਦੇ ਕੁਹਜ ਅੱਗੇ ਇਸ ਦੀ ਕੋਈ ਵੁਕਅਤ ਨਹੀਂ ਲਗਦੀ। ਸੂਬੇ ਦੇ ਸਮੁੱਚੇ ਹਾਲਾਤ ਵਿਚ ਆਈ ਇਹ ਖੜੋਤ ਤੋੜਨ ਲਈ ਸਭ ਤੋਂ ਪਹਿਲਾਂ ਤਾਂ ਵਿਚਾਰ ਸਾਣ ਉਤੇ ਲੱਗਣੇ ਚਾਹੀਦੇ ਹਨ। ਇਸ ਅਮਲ ਨਾਲ ਮਸਲੇ ਵੀ ਉਭਰ ਕੇ ਸਾਹਮਣੇ ਆ ਜਾਣਗੇ ਅਤੇ ਸੱਚ ਦਾ ਨਿਤਾਰਾ ਵੀ ਹੋ ਸਕੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਸਿਲਸਿਲਾ-ਏ-ਲੋਕ ਰਾਜ!*

ਹੱਥ ਮਲਦਿਆਂ ਵੋਟਾਂ ਤੋਂ ਬਾਅਦ ਲੋਕੀਂ, ਰੀਝਾਂ ਦਿਲਾਂ ਦੇ ਵਿਚ ਦਫਨਾਏ ਲੈਂਦੇ।
ਵਾਂਗ ਮੱਛੀਆਂ ਲੋਕਾਂ ਨੂੰ ਸਮਝ ਕੇ ਤੇ, ਹਾਕਮ ਨਵਾਂ ਕੋਈ ਜਾਲ ਵਿਛਾਏ ਲੈਂਦੇ।
ਗੁਨਾਹਗਾਰਾਂ ਨੂੰ ਤੁੰਨ੍ਹਾਂਗੇ ਜੇਲ੍ਹ ਅੰਦਰ, ਤੱਤੇ ਲਾਰਿਆਂ ਨਾਲ ਵਰਚਾਏ ਲੈਂਦੇ।
ਜਾਂਦੇ ਉਲਝ ਫਜ਼ੂਲ ਜਿਹੇ ਮਸਲਿਆਂ 'ਤੇ, ਮੁੱਦੇ ਅਸਲ ਜੋ ਦਿਲੋਂ ਭੁਲਾਏ ਲੈਂਦੇ।
ਉਪ ਚੋਣ ਵਿਚ ਵਾਂਗ ਕਠਪੁਤਲੀਆਂ ਦੇ, ਅਫਸਰਸ਼ਾਹੀ ਤੋਂ 'ਨਾਚ' ਨਚਾਏ ਲੈਂਦੇ।
ਦੇਖ ਵੀਡੀਓ 'ਗਰਮ ਜਿਹੀ' ਮੰਤਰੀ ਦੀ, ਦੀਵੇ ਆਸ ਦੇ ਲੋਕ ਜਗਾਏ ਲੈਂਦੇ!

# ਵਿੱਦਿਆ, ਭਗਵੇ ਬ੍ਰਿਗੇਡ ਦਾ ਏਜੰਡਾ ਅਤੇ ਦਹਿਸ਼ਤਪਸੰਦੀ

*ਹਿੰਦੂ ਰਾਸ਼ਟਰਵਾਦੀ ਆਰ.ਐਸ.ਐਸ. ਦੀ ਅਗਵਾਈ ਹੇਠ ਭਗਵਾ ਬ੍ਰਿਗੇਡ, ਭਾਰਤ ਦੇ ਵੱਖ ਵੱਖ ਅਦਾਰਿਆਂ ਉਤੇ ਆਪਣਾ ਅਸਰ ਛੱਡ ਰਹੀ ਹੈ। ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਜਿਥੋਂ ਮੁਖਾਲਫਤ ਦੀ ਆਵਾਜ਼ ਬੁਲੰਦ ਹੁੰਦੀ ਰਹੀ ਹੈ, ਵਿਚ ਹੁਣ ਇਕ ਨਵਾਂ ਸੈਂਟਰ ਖੋਲ੍ਹਿਆ ਜਾ ਰਿਹਾ ਹੈ ਜਿਸ ਵਿਚ 'ਇਸਲਾਮੀ ਦਹਿਸ਼ਤਪਸੰਦੀ' ਨਾਂ ਹੇਠ ਕੋਰਸ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਸੰਜੀਦਾ ਵਿਦਵਾਨਾਂ ਨੇ ਇਸ ਕੋਰਸ ਦੇ ਨਾਮਕਰਨ ਉਤੇ ਇਤਰਾਜ਼ ਕਰਦਿਆਂ ਇਸ ਨੂੰ ਮੁਸਲਮਾਨਾਂ ਖਿਲਾਫ ਕੂੜ ਪ੍ਰਚਾਰ ਗਰਦਾਨਿਆ ਹੈ। ਪੱਤਰਕਾਰ ਜਸਵੀਰ ਸਮਰ ਨੇ ਇਸ ਮਸਲੇ ਬਾਰੇ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਜਸਵੀਰ ਸਮਰ

ਦਿੱਲੀ ਵਾਲੀ ਜੇ.ਐਨ.ਯੂ. ਇਕ ਵਾਰ ਫਿਰ ਚਰਚਾ ਵਿਚ ਹੈ। ਮਸਲਾ ਅਤੇ ਮੁੱਦਾ ਫਿਰ ਉਹੀ ਹੈ: ਭਗਵਾ ਬ੍ਰਿਗੇਡ ਵੱਲੋਂ ਇਸ ਸੰਸਥਾ ਅੰਦਰਲੇ ਜਮਹੂਰੀ ਢਾਂਚੇ ਨੂੰ ਤਹਿਸ-ਨਹਿਸ ਕਰ ਕੇ ਆਪਣਾ ਰੰਗ ਗੂੜ੍ਹਾ ਕਰਨਾ। ਜੱਗ ਜਾਣਦਾ ਹੈ ਕਿ ਇਸ ਬ੍ਰਿਗੇਡ ਨੇ ਮੁਲਕ ਦੀ ਹਰ ਸੰਸਥਾ ਅਤੇ ਸਮਾਜ ਦੇ ਭਗਵੇਂਕਰਨ ਦੇ ਨਾਲ ਨਾਲ ਘੱਟ ਗਿਣਤੀਆਂ, ਖਾਸ ਕਰ ਕੇ ਮੁਸਲਮਾਨਾਂ ਖਿਲਾਫ਼ ਨਫਰਤ ਅਤੇ ਕੂੜ ਪ੍ਰਚਾਰ ਵਾਲਾ ਮੁਹਾਜ਼ ਚਿਰੋਕਣਾ ਖੋਲ੍ਹਿਆ ਹੋਇਆ ਹੈ। ਇਸੇ ਲੜੀ ਤਹਿਤ ਹੁਣ ਜੇ.ਐਨ.ਯੂ. ਵਿਚ 'ਸੈਂਟਰ ਫੌਰ ਨੈਸ਼ਨਲ ਸਕਿਉਰਿਟੀ ਸਟੱਡੀਜ਼' ਕਾਇਮ ਕਰਨਾ ਅਤੇ ਇਸ ਸੈਂਟਰ ਵਿਚ ਇਸਲਾਮੀ ਦਹਿਸ਼ਤਪਸੰਦੀ (ਇਸਲਾਮਿਕ ਟੈਰਰਿਜ਼ਮ) ਦੇ ਨਾਂ ਹੇਠ ਬਾਕਾਇਦਾ ਕੋਰਸ ਸ਼ੁਰੂ ਕਰਨ ਦੀ ਤਜਵੀਜ਼ ਲਿਆਂਦੀ ਗਈ ਹੈ। ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਵਿਚ ਇਸ ਕੋਰਸ ਨੂੰ ਹਰੀ ਝੰਡੀ ਮਿਲ ਜਾਣ ਦੀਆਂ ਖਬਰਾਂ ਹਨ; ਹਾਲਾਂਕਿ ਬ੍ਰਿਗੇਡ-ਪੱਖੀ ਕੁਝ ਪ੍ਰੋਫੈਸਰਾਂ ਨੇ ਇਨ੍ਹਾਂ ਨੂੰ ਜਾਅਲੀ ਖਬਰਾਂ ਆਖ ਕੇ ਮਸਲੇ ਉਤੇ ਮਿੱਟੀ ਪਾਉਣ ਦਾ ਯਤਨ ਕੀਤਾ ਹੈ। ਜੇ.ਐਨ.ਯੂ. ਟੀਚਰਜ਼ ਐਸੋਸੀਏਸ਼ਨ ਦੇ ਆਗੂ ਸੁਧੀਰ ਕੇ. ਸੂਤਰ ਜੋ ਇਸ ਮੀਟਿੰਗ ਵਿਚ ਮੌਜੂਦ ਸਨ, ਦਾ ਖੁਲਾਸਾ ਹੈ ਕਿ ਮੀਟਿੰਗ ਵਿਚ ਇਹ ਕੋਰਸ ਸ਼ੁਰੂ ਕਰਨ ਦਾ ਮਸਲਾ ਬਾਕਾਇਦਾ ਵਿਚਾਰਿਆ ਗਿਆ ਹੈ। ਇਸ ਦੀ ਪੁਸ਼ਟੀ ਅਕਾਦਮਿਕ ਕੌਂਸਲ ਦੇ ਇਕ ਹੋਰ ਮੈਂਬਰ ਅਸ਼ਵਿਨੀ ਮਹਾਪਾਤਰ ਜੋ ਇਹ ਕੋਰਸ ਇਸੇ ਨਾਂ ਹੇਠ ਸ਼ੁਰੂ ਕਰਨ ਦੇ ਹੱਕ ਵਿਚ ਹਨ, ਨੇ ਵੀ ਕੀਤੀ ਹੈ। ਅਕਾਦਮਿਕ ਹਲਕਿਆਂ ਵਿਚ ਅਸ਼ਵਿਨੀ ਮਹਾਪਾਤਰ ਵੱਖ ਵੱਖ ਮਸਲਿਆਂ ਉਤੇ ਬ੍ਰਿਗੇਡ ਦਾ ਪੱਖ ਲੈਣ ਲਈ ਜਾਣੇ ਜਾਂਦੇ ਹਨ। ਹੁਣ ਵੀ ਉਨ੍ਹਾਂ ਸੁਝਾਅ ਦਿੱਤਾ ਹੈ ਕਿ ਕੋਰਸ ਦਾ ਨਾਂ 'ਇਸਲਾਮਿਕ ਟੈਰਰਿਜ਼ਮ' ਦੀ ਥਾਂ 'ਇਸਲਾਮਿਸਟ ਟੈਰਰਿਜ਼ਮ' ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ: "ਇਹ ਸ਼ਬਦ ਉਨ੍ਹਾਂ ਲੋਕਾਂ (ਇਸਲਾਮਿਸਟ) ਲਈ ਹੁਣ ਆਮ ਵਰਤਿਆ ਜਾਂਦਾ ਹੈ ਜਿਹੜੇ ਇਸਲਾਮ ਨੂੰ ਖਾਸ ਮਕਸਦ ਲਈ ਵਰਤ ਰਹੇ ਹਨ।" ਇਹ ਮਹਿਜ਼ ਸ਼ਬਦਾਂ ਦਾ ਹੀ ਹੇਰ-ਫੇਰ ਹੈ। ਅਸਲ ਨੁਕਤਾ ਨਿਸ਼ਾਨੇ ਉਤੇ ਰੱਖੀ ਇਸ ਘੱਟ ਗਿਣਤੀ ਦੇ ਖਿਲਾਫ਼ ਮਾਹੌਲ ਬੰਨ੍ਹਣਾ ਹੈ।

ਜਿਸ ਤਰ੍ਹਾਂ ਆਸ ਵੀ ਸੀ, ਸੰਜੀਦਾ ਅਤੇ ਸੁਘੜ ਹਲਕਿਆਂ ਵੱਲੋਂ ਯੂਨੀਵਰਸਿਟੀ ਦੀ ਇਸ ਤਜਵੀਜ਼ ਦੀ ਤੁਰੰਤ ਤੇ ਤਿੱਖੀ ਮੁਖਾਲਫਤ ਹੋਈ ਹੈ। ਜੇ.ਐਨ.ਯੂ. ਵਿਦਿਆਰਥੀ ਕੌਂਸਲ ਦੀ ਪ੍ਰਧਾਨ ਗੀਤਾ ਕੁਮਾਰੀ ਨੇ ਕੋਰਸ ਦੇ ਨਾਮਕਰਨ ਦੀ ਇਸ ਪੇਸ਼ਕਦਮੀ ਦਾ ਸਖਤ ਨੋਟਿਸ ਲਿਆ ਹੈ। ਉਧਰ, ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜ਼ਫਰ-ਉਲ-ਇਸਲਾਮ ਖਾਨ ਨੇ ਇਸ ਮਸਲੇ 'ਤੇ ਆਪੇ ਕਾਰਵਾਈ ਕਰਦਿਆਂ ਯੂਨੀਵਰਸਿਟੀ ਦੇ ਰਜਿਸਟਰਾਰ ਤੋਂ ਜਵਾਬ ਮੰਗ ਲਿਆ ਹੈ। ਜਮਾਤ-ਏ-ਹਿੰਦ ਨੇ ਵੀ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ ਅਤੇ ਸਰਕਾਰ ਤੋਂ ਦਖਲ ਮੰਗਿਆ ਹੈ। ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਕੁਝ ਹੋਰ ਵਿਦਵਾਨਾਂ ਨੇ ਵੀ ਯੂਨੀਵਰਸਿਟੀ ਦੀ ਇਸ ਕਾਰਵਾਈ 'ਤੇ ਸਵਾਲਾਂ ਦੀ ਵਾਛੜ ਕੀਤੀ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਨੇ ਕੇਂਦਰੀ ਮਨੁੱਖੀ ਵਸੀਲੇ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੂੰ ਖਤ ਲਿਖਿਆ ਹੈ ਕਿ ਕੋਰਸ ਦਾ ਨਾਮਕਰਨ ਮੁਲਕ ਦੀ ਧਰਮ ਨਿਰਪੱਖ ਰਹਿਤ ਉਤੇ ਸਿੱਧਾ ਹਮਲਾ ਹੈ। ਕੋਈ ਵੀ ਬਹਿਸ ਜਾਂ ਪੜ੍ਹਾਈ ਕਿਸੇ ਖਾਸ ਧਰਮ ਨਾਲ ਜੋੜ ਕੇ ਕਰਨ ਦੀ ਥਾਂ, ਗੱਲ ਸਿੱਧੀ ਦਹਿਸ਼ਤਪਸੰਦੀ ਬਾਬਤ ਹੋਣੀ ਚਾਹੀਦੀ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਓਲਡ ਬੁਆਏਜ਼ ਐਸੋਸੀਏਸ਼ਨ ਦੇ ਪ੍ਰਧਾਨ ਇਰਸ਼ਾਦ ਅਹਿਮਦ ਨੇ ਇਸਲਾਮ ਨੂੰ ਦਹਿਸ਼ਤਪਸੰਦੀ ਨਾਲ ਜੋੜਨ ਦੀ ਕਵਾਇਦ ਨੂੰ ਬੇਹੱਦ ਖਤਰਨਾਕ ਗਰਦਾਨਦਿਆਂ ਸਵਾਲ ਰੱਖਿਆ ਹੈ ਕਿ ਫਿਰ ਉਲਫਾ, ਬੋਡੋ, ਅਭਿਨਵ ਭਾਰਤ ਆਦਿ ਦੀਆਂ ਕਾਰਵਾਈਆਂ ਨੂੰ ਕਿਸ ਖਾਨੇ ਵਿਚ ਰੱਖਿਆ ਜਾਵੇਗਾ? ਹੋਰ ਤਾਂ ਹੋਰ, ਮੋਦੀ-ਪੱਖੀ 'ਫੋਰਮ ਫੌਰ ਮੁਸਲਿਮ ਸਟੱਡੀਜ਼ ਅਨੈਲਸਿਸ' ਜਿਸ ਦਾ ਮੁਖੀ ਜਾਸਿਮ ਮੁਹੰਮਦ ਖੁਦ ਨੂੰ ਮੋਦੀ-ਭਗਤ ਕਹਿਲਵਾ ਕੇ ਮਾਣ ਮਹਿਸੂਸ ਕਰਦਾ ਹੈ, ਨੇ ਵੀ ਕੋਰਸ ਦੇ ਨਾਮਕਰਨ 'ਤੇ ਇਤਰਾਜ਼ ਕੀਤਾ ਹੈ।

ਇਸੇ ਪ੍ਰਸੰਗ ਵਿਚ 'ਸੈਂਟਰ ਫੌਰ ਹਿਸਟੋਰੀਕਲ ਸਟੱਡੀਜ਼' ਦੇ ਪੀਐਚ.ਡੀ. ਦੇ ਵਿਦਿਆਰਥੀ ਅਭੈ ਕੁਮਾਰ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਜੋ ਜੇ.ਐਨ.ਯੂ. ਦੇ ਵਿਜ਼ਿਟਰ ਵੀ ਹਨ, ਨੂੰ ਖਤ ਲਿਖਿਆ ਹੈ ਅਤੇ ਉਨ੍ਹਾਂ ਖਦਸ਼ਿਆਂ ਬਾਰੇ ਖਬਰਦਾਰ ਕੀਤਾ ਹੈ ਜਿਹੜੇ ਇਸ ਨਵੇਂ ਕੋਰਸ ਦੇ ਧਰਮ ਆਧਾਰਿਤ ਖਾਸ ਨਾਂ ਕਰ ਕੇ ਸਮਾਜ ਵਿਚ ਵੰਡੀਆਂ ਦਾ ਸਬੱਬ ਬਣ ਸਕਦੇ ਹਨ। ਆਪਣੇ ਖਤ ਵਿਚ ਅਭੈ ਕੁਮਾਰ ਨੇ ਇਸਲਾਮ ਦੇ ਬਰਾਬਰੀ ਦੇ ਖਿਆਲਾਤ ਦਾ ਉਚੇਚਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਭਾਰਤੀ ਸਮਾਜ ਅੰਦਰ ਨਾਸੂਰ ਬਣੇ ਪਏ ਜਾਤ ਢਾਂਚੇ ਨੂੰ ਤਕੜਾ ਖੋਰਾ ਲਾਇਆ ਸੀ। ਇਸ ਨਾਲ ਦਲਿਤਾਂ ਅਤੇ ਹੋਰ ਕਥਿਤ ਨੀਵੀਆਂ ਜਾਤਾਂ ਨੂੰ ਕੁਝ ਸਾਹ ਆਇਆ ਸੀ ਜਿਹੜਾ ਮਨੂ ਸਿਮਰਤੀ ਦੇ ਆਧਾਰ ਉਤੇ ਹੋਈ ਕਥਿਤ ਜਾਤ-ਵੰਡ ਨੇ ਸਦੀਆਂ ਤੋਂ ਬਹੁਤ ਬੁਰੀ ਤਰ੍ਹਾਂ ਬੰਦ ਕੀਤਾ ਹੋਇਆ ਸੀ। ਅਭੈ ਕੁਮਾਰ ਨੇ ਜਾਮੀਆ ਮਿਲੀਆ ਇਸਲਾਮੀਆ ਦੀ ਕਾਇਮੀ ਨਾਲ ਜੁੜੇ ਉਘੇ ਇਤਿਹਾਸਕਾਰ ਸੁਲੇਮਾਨ ਨਾਦਵੀ (1884-1953) ਦਾ ਵੇਰਵਾ ਵੀ ਲਿਖਿਆ ਹੈ। ਨੋਟ ਕਰਨ ਵਾਲੀ ਗੱਲ ਵਿਚੋਂ ਇਹ ਹੈ ਕਿ ਇਸਲਾਮ ਦੀ ਆਮਦ ਤੋਂ ਪਹਿਲਾਂ ਕਥਿਤ ਨੀਵੀਆਂ ਜਾਤਾਂ ਨੂੰ ਵਿੱਦਿਆ ਤੋਂ ਮਹਿਰੂਮ ਰੱਖਿਆ ਗਿਆ ਸੀ। ਇਸਲਾਮ ਦੇ ਬਰਾਬਰੀ ਵਾਲੇ ਅਸਰ ਤੋਂ ਬਾਅਦ ਹੀ ਦਲਿਤਾਂ ਨੂੰ ਅੱਖਰ ਗਿਆਨ ਮਿਲ ਸਕਿਆ ਸੀ।

ਦਰਅਸਲ, ਭਗਵਾ ਬ੍ਰਿਗੇਡ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਮੁਤਾਬਿਕ ਘੱਟ ਗਿਣਤੀਆਂ ਦਾ ਇਤਿਹਾਸ ਮੇਸਣ 'ਤੇ ਲੱਗਾ ਹੋਇਆ ਹੈ। ਖਾਸ ਨਿਸ਼ਾਨਾ ਫ਼ਿਲਹਾਲ ਮੁਸਲਮਾਨ ਹਨ। ਟੀਚਾ ਇਹ ਹੈ ਕਿ ਮੁਸਲਮਾਨਾਂ ਨੂੰ ਨਿਖੇੜ ਕੇ ਬਿਲੇ ਲਾਇਆ ਜਾਵੇ। ਇਹ ਨਿਖੇੜਾ ਇਨ੍ਹਾਂ ਨੂੰ ਦਹਿਸ਼ਤਪਸੰਦੀ ਗਰਦਾਨ ਕੇ ਸੁਖਾਲਾ ਹੋ ਸਕਦਾ ਹੈ। ਇਸ ਲਈ ਹਰ ਪੱਧਰ 'ਤੇ ਇਹ ਕਵਾਇਦ ਬਾਕਾਇਦਾ ਚੱਲ ਰਹੀ ਹੈ। ਨਹੀਂ ਤਾਂ ਤੱਥ ਅਤੇ ਰਿਕਾਰਡ ਇਹ ਹੈ ਕਿ ਕੌਮਾਂਤਰੀ ਪੱਧਰ 'ਤੇ ਅਜੇ ਤੱਕ ਦਹਿਸ਼ਤਪਸੰਦੀ ਦੀ ਅਜਿਹੀ ਕੋਈ ਪਰਿਭਾਸ਼ਾ ਬੰਨ੍ਹੀ ਨਹੀਂ ਜਾ ਸਕੀ ਹੈ ਜਿਸ ਨਾਲ ਸਾਰੇ ਜਣੇ ਸਹਿਮਤ ਹੋਣ। ਪਿਛਾਂਹ ਇਤਿਹਾਸ ਉਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਦਹਿਸ਼ਤਪਸੰਦੀ ਦੀ ਪਰਿਭਾਸ਼ਾ ਵੱਖ ਵੱਖ ਮੌਕਿਆਂ ਅਤੇ ਵਕਤਾਂ ਮੁਤਾਬਿਕ ਘੜੀ ਜਾਂਦੀ ਰਹੀ ਹੈ। ਦੂਰ ਕੀ ਜਾਣਾ ਹੈ, 1980ਵਿਆਂ ਵਿਚ ਇੰਦਰਾ ਗਾਂਧੀ ਅਤੇ ਉਸ ਦੀ ਪਾਰਟੀ ਨੇ ਸਿੱਖਾਂ ਨੂੰ ਦਹਿਸ਼ਤਪਸੰਦ ਗਰਦਾਨ ਸੁੱਟਿਆ ਸੀ।

ਇਨ੍ਹਾਂ ਔਖੇ-ਭਾਰੇ ਵਕਤਾਂ ਵਿਚ ਵਿਦਿਆਰਥੀ ਤੋਂ ਖਤ ਲੇਖਕ ਬਣਿਆ ਅਭੈ ਕੁਮਾਰ (ਉਸ ਨੇ ਲਿਖਿਆ ਹੈ ਕਿ ਹੁਣ ਜਦ ਉਸ ਨੂੰ ਆਪਣੇ ਹੋਰ ਸਾਰੇ ਕੰਮ-ਧੰਦੇ ਛੱਡ ਕੇ ਸਿਰਫ ਆਪਣਾ ਥੀਸਿਜ਼ ਲਿਖਣ ਦੇ ਕਾਰਜ ਵੱਲ ਧਿਆਨ ਲਾਉਣਾ ਚਾਹੀਦਾ ਹੈ, ਤਾਂ ਉਸ ਨੂੰ ਇਹ ਖਤ ਲਿਖਣਾ ਪੈ ਰਿਹਾ ਹੈ) ਇਸ ਤੋਂ ਵੀ ਦੋ ਕਦਮ ਅਗਾਂਹ ਜਾਂਦਾ ਹੈ ਅਤੇ ਅਮਰੀਕੀ ਵਿਦਵਾਨ ਸੈਮੂਅਲ ਹੰਟਿੰਗਟਨ ਦੇ 'ਸੱਭਿਆਤਾਵਾਂ ਦੇ ਭੇੜ' ਵਾਲੇ ਥੀਸਿਜ਼ ਦਾ ਭਾਰਤੀ ਪ੍ਰਸੰਗ ਬੰਨ੍ਹਦਾ ਹੈ। ਉਸ ਦਾ ਸਿੱਧਾ ਨਿਸ਼ਾਨਾ ਇਸਲਾਮ-ਫੋਬੀਆ ਤੋਂ ਪੀੜਤ ਭਗਵਾ ਬ੍ਰਿਗੇਡ ਹੀ ਹੈ। ਉਸ ਦਾ ਮਿਹਣਾ ਹੈ ਕਿ ਇਸ ਬ੍ਰਿਗੇਡ ਨੇ ਕਦੀ ਆਰਥਿਕ ਨਜ਼ਰੀਏ ਤੋਂ ਮੁਸਲਿਮ ਸਮਾਜ ਦੀ ਪੁਣਛਾਣ ਨਹੀਂ ਕੀਤੀ; ਬਸਤੀਵਾਦੀ, ਨਵ-ਬਸਤੀਵਾਦੀ ਅਤੇ ਪੂੰਜੀਵਾਦੀ ਨੁਕਤਾ-ਨਿਗ੍ਹਾ ਤੋਂ ਤਾਂ ਇਸ ਬਾਬਤ ਗੱਲ ਕਰਨੀ ਹੀ ਕੀ ਹੈ! ਉਂਜ, ਉਸ ਵੱਲੋਂ ਅਗਾਂਹ ਉਠਾਏ ਕੁਝ ਸਵਾਲ ਵਧੇਰੇ ਅਹਿਮ ਜਾਪਦੇ ਹਨ। ਇਨ੍ਹਾਂ ਸਵਾਲਾਂ ਦਾ ਸੰਸਾਰ-ਪ੍ਰਸੰਗ ਵੀ ਬੜਾ ਨਿੱਖਰਵਾਂ ਹੈ। ਸਵਾਲ ਹੈ: ਦਹਿਸ਼ਤੀ ਤਾਣੇ-ਬਾਣੇ ਤੋਂ ਖੱਟਦਾ ਭਲਾ ਕੌਣ ਹੈ? ਜੇ ਵਿਕਸਿਤ ਮੁਲਕ ਇਨ੍ਹਾਂ ਅਖੌਤੀ ਦਹਿਸ਼ਤਪਸੰਦਾਂ ਨੂੰ ਆਧੁਨਿਕ ਹਥਿਆਰ ਨਾ ਵੇਚਣ, ਤਾਂ ਕੀ ਇਹ ਇੰਨੇ ਘਾਤਕ/ਮਾਰੂ ਹੋ ਸਕਦੇ ਹਨ? ਜੇ ਸੰਚਾਰ ਦੇ ਆਧੁਨਿਕ ਸਾਧਨਾਂ ਉਤੇ ਇਨ੍ਹਾਂ ਹੀ ਮੁਲਕਾਂ ਦਾ ਕਬਜ਼ਾ ਹੈ, ਤਾਂ ਦਹਿਸ਼ਤਪਸੰਦਾਂ ਦੀ ਇਨ੍ਹਾਂ ਤੱਕ ਪਹੁੰਚ ਕਿਵੇਂ ਹੋ ਜਾਂਦੀ ਹੈ? ਕੀ ਅਮਨ-ਅਮਾਨ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਲਈ ਘਾਟੇ ਵਾਲਾ ਸੌਦਾ ਨਹੀਂ? (... ਤੇ ਇਹ ਸਾਰੀਆਂ ਕੰਪਨੀਆਂ ਵਿਕਸਿਤ ਮੁਲਕਾਂ ਵਿਚ ਹੀ ਹਨ)। 'ਦਹਿਸ਼ਤਪਸੰਦੀ' ਸਿਰਫ ਤੇ ਸਿਰਫ ਗ਼ੈਰ ਰਾਜਕੀ ਸੰਸਥਾਵਾਂ/ਜਥੇਬੰਦੀਆਂ ਜਾਂ ਸ਼ਖਸਾਂ ਤੱਕ ਹੀ ਸੀਮਿਤ ਕਿਉਂ ਹੈ? ਕੀ ਸਟੇਟ ਕਦੀ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਵਿਚ ਸ਼ਾਮਿਲ ਹੀ ਨਹੀਂ ਹੁੰਦਾ? ਕੀ ਸਟੇਟ ਟੈਰਰਿਜ਼ਮ ਦੀ ਮਾਰ ਗ਼ੈਰ ਰਾਜਕੀ ਜਥੇਬੰਦੀਆਂ ਦੀ ਮਾਰ ਤੋਂ ਕਿਤੇ ਜ਼ਿਆਦਾ ਵੱਧ ਨਹੀਂ ਹੁੰਦੀ, ਕਿਉਂਕਿ ਇਸ ਕੋਲ ਬਲ ਅਤੇ ਵਸੀਲੇ ਵਧੇਰੇ ਹੁੰਦੇ ਹਨ?

ਜ਼ਾਹਿਰ ਹੈ ਕਿ ਭਗਵਾ ਬ੍ਰਿਗੇਡ ਨੇ ਅਜਿਹੇ ਸਵਾਲ ਅਤੇ ਮਸਲੇ ਕਦੀ ਨਹੀਂ ਵਿਚਾਰਨੇ। ਇਸ ਦੇ ਮਸਲੇ ਅਤੇ ਏਜੰਡੇ ਹੋਰ ਹਨ। ਪਿਛਲੇ ਚਾਰ ਸਾਲ ਦੀਆਂ ਘਟਨਾਵਾਂ ਇਸ ਤੱਥ ਦੀ ਸ਼ਾਹਦੀ ਭਰਦੀਆਂ ਹਨ। ਮਸਲਾ ਗਊ ਮਾਸ ਜਾਂ ਜੇ.ਐਨ.ਯੂ. ਵਿਚ ਲੱਗੇ ਨਾਅਰਿਆਂ ਦਾ ਨਹੀਂ ਹੈ, ਮਸਲਾ ਉਸ ਜ਼ੁਬਾਨਬੰਦੀ ਦਾ ਹੈ ਜਿਸ ਬਾਰੇ ਸਮੁੱਚੇ ਮੁਲਕ ਵਿਚ ਹੌਲੀ ਹੌਲੀ ਮਾਹੌਲ ਬਣਾ ਦਿੱਤਾ ਗਿਆ ਹੈ ਅਤੇ ਲਗਾਤਾਰ ਹੋਰ ਬਣਾਇਆ ਜਾ ਰਿਹਾ ਹੈ।

ਗੌਲਣ ਵਾਲਾ ਮੁੱਦਾ ਇਹ ਵੀ ਹੈ ਕਿ ਜੇ.ਐਨ.ਯੂ. ਦੇ ਨਵੇਂ ਉਸਾਰੇ ਜਾਣ ਵਾਲੇ 'ਸੈਂਟਰ ਫੌਰ ਨੈਸ਼ਨਲ ਸਕਿਉਰਿਟੀ ਸਟੱਡੀਜ਼' ਵਿਚ ਹੋਰ ਕੀ ਕੁਝ ਪੜ੍ਹਾਏ ਜਾਣ ਦੀ ਤਜਵੀਜ਼ ਹੈ। ਇਸ ਸੈਂਟਰ ਵਿਚ 'ਇਸਲਾਮੀ ਦਹਿਸ਼ਤਪਸੰਦੀ' ਤੋਂ ਇਲਾਵਾ ਨਕਸਲਵਾਦ, ਵਿਦਰੋਹ/ਬਗਾਵਤ, ਆਬਾਦੀ ਵਿਚ ਲਗਾਤਾਰ ਆ ਰਹੀ ਤਬਦੀਲੀ (ਡੈਮੋਗ੍ਰਾਫਿਕ ਚੇਂਜ) ਆਦਿ ਕੋਰਸ ਵੀ ਕਰਵਾਏ ਜਾਣੇ ਹਨ। ਜ਼ਾਹਿਰ ਹੈ ਕਿ ਇਹ ਸੈਂਟਰ ਖੋਲ੍ਹੇ ਜਾਣ ਦੇ ਦਾਈਏ ਬਹੁਤ ਵੱਡੇ ਅਤੇ ਘਾਤਕ ਹਨ। ਜੇ.ਐਨ.ਯੂ.ਅਕਾਦਮਿਕ ਕੌਂਸਲ ਦੀ ਹਾਲੀਆ ਮੀਟਿੰਗ ਵਿਚ ਸ਼ਾਮਿਲ ਪ੍ਰੋਫੈਸਰਾਂ ਵਿਚੋਂ ਬਹੁਤਿਆਂ ਨੇ 'ਇਸਲਾਮੀ ਦਹਿਸ਼ਤਪਸੰਦੀ' ਬਾਰੇ ਜ਼ੋਰਦਾਰ ਇਤਰਾਜ਼ ਜਤਾਇਆ ਸੀ ਅਤੇ ਕਿਹਾ ਸੀ ਕਿ ਇਸ ਨੂੰ 'ਧਾਰਮਿਕ ਦਹਿਸ਼ਤਪਸੰਦੀ' (ਰਿਲੀਜੀਅਸ ਟੈਰਰਿਜ਼ਮ) ਦਾ ਵਰਤਾਰਾ ਆਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਤਰਕ ਇਹ ਸੀ ਕਿ ਦਹਿਸ਼ਤਪਸੰਦੀ ਨੂੰ ਕਿਸੇ ਇਕ ਧਰਮ ਨਾਲ ਜੋੜਨਾ ਜਾਇਜ਼ ਨਹੀਂ। ਭਗਵੇਂ ਵਿਦਵਾਨ ਅਜਿਹਾ ਕੋਈ ਕੋਰਸ ਸ਼ੁਰੂ ਕੀਤੇ ਜਾਣ ਤੋਂ ਫਿਲਹਾਲ ਇਨਕਾਰ ਕਰ ਰਹੇ ਹਨ ਅਤੇ ਇਹ ਵੀ ਕਹਿ ਰਹੇ ਹਨ ਕਿ ਕੋਈ ਵੀ ਕੋਰਸ ਆਰੰਭ ਕਰਨ ਤੋਂ ਪਹਿਲਾਂ ਇਸ ਸਬੰਧੀ ਆਏ ਸਾਰੇ ਸੁਝਾਅ ਵਿਚਾਰੇ ਜਾਣਗੇ ਪਰ ਬ੍ਰਿਗੇਡ ਦਾ ਰਿਕਾਰਡ ਦੱਸਦਾ ਹੈ ਕਿ ਅਜਿਹੇ ਮਾਮਲਿਆਂ ਵਿਚ ਬ੍ਰਿਗੇਡ ਨੇ ਆਪਣੀ ਮਰਜ਼ੀ ਹੀ ਚਲਾਈ ਹੈ। ਪਿਛਲੇ

*(ਬਾਕੀ ਅਗਲੇ ਸਫੇ 'ਤੇ)*

# ਆਦਮਖੋਰ 'ਵਿਕਾਸ' ਮਾਡਲ ਦਾ ਨਤੀਜਾ ਹੈ ਤੂਤੀਕੋਰੀਨ ਕਤਲੇਆਮ

22 ਮਈ ਨੂੰ ਤਾਮਿਲਨਾਡੂ ਦੇ ਸਮੁੰਦਰੀ ਕੰਢੇ ਉਪਰ ਵਸੇ ਕਸਬੇ ਤੂਤੀਕੋਰੀਨ ਵਿਚ ਪੁਲਿਸ ਨੇ ਜਲਿਆਂਵਾਲਾ ਬਾਗ਼ ਕਾਂਡ ਦੇ ਬੁੱਚੜ ਜਨਰਲ ਡਾਇਰ ਦੇ ਨਕਸ਼ੇ-ਕਦਮਾਂ ਉਪਰ ਚੱਲਦਿਆਂ ਸਿੱਧੀਆਂ ਗੋਲੀਆਂ ਮਾਰ ਕੇ 11 ਜਣਿਆਂ ਨੂੰ ਥਾਏਂ ਮਾਰ ਮੁਕਾਇਆ ਅਤੇ 50 ਦੇ ਕਰੀਬ ਲੋਕ ਗੰਭੀਰ ਫੱਟੜ ਕਰ ਦਿੱਤੇ। ਬਾਅਦ ਵਿਚ ਮਰਨ ਵਾਲਿਆਂ ਦੀ ਤਾਦਾਦ 13 ਹੋ ਗਈ ਹੈ। ਇਸ ਕਤਲੇਆਮ ਖਿਲਾਫ ਪੂਰੇ ਮੁਲਕ ਵਿਚ ਆਵਾਜ਼ ਉਠ ਖੜ੍ਹੀ ਹੋਈ। ਸਥਾਨਕ ਲੋਕ ਸਟਰਲਾਈਟ ਕੰਪਨੀ ਦੇ ਪਲਾਂਟ ਵੱਲੋਂ ਪੌਣਪਾਣੀ ਦੀ ਤਬਾਹੀ ਅਤੇ ਪਲਾਂਟ ਦੇ ਪ੍ਰਦੂਸ਼ਣ ਨਾਲ ਲੋਕਾਂ ਦੀ ਸਿਹਤ

**ਬੂਟਾ ਸਿੰਘ**
ਫੋਨ: +91-94634-74342

'ਤੇ ਪੈ ਰਹੇ ਮਾੜੇ ਅਸਰ ਵਿਰੁਧ ਦੋ ਦਹਾਕਿਆਂ ਤੋਂ ਲਗਾਤਾਰ ਆਵਾਜ਼ ਉਠਾ ਰਹੇ ਹਨ।

ਇਹ ਕੰਪਨੀ ਬਦਨਾਮ ਕਾਰਪੋਰੇਟ ਵੇਦਾਂਤ ਸਮੂਹ ਦੀ ਹੈ ਜਿਸ ਦਾ ਮਾਲਕ ਅਨਿਲ ਅਗਰਵਾਲ ਦੁਨੀਆ ਦੇ ਧਾਤ ਖਣਨ ਅਤੇ ਢਲਾਈ ਖੇਤਰ ਦੇ ਮੁੱਖ ਕਾਰੋਬਾਰੀਆਂ ਵਿਚੋਂ ਇਕ ਹੈ। ਇਹ ਸ਼ਖਸ ਬੇਸ਼ੁਮਾਰ ਲੁੱਟਮਾਰ ਨਾਲ ਬਟੋਰੇ ਸਰਮਾਏ ਵਿਚੋਂ ਨਿੱਕਾ ਜਿਹਾ ਹਿੱਸਾ 'ਕਾਰਪੋਰੇਟ-ਸੋਸ਼ਲ ਜ਼ਿੰਮੇਵਾਰੀ' ਦੇ ਪ੍ਰੋਜੈਕਟਾਂ ਉਪਰ ਖਰਚਣ (ਛੱਤੀਸਗੜ੍ਹ ਵਿਚ ਕੈਂਸਰ ਤੇ ਖੋਜ ਸੰਸਥਾ, ਉੜੀਸਾ ਵਿਚ 'ਵਰਲਡ ਕਲਾਸ, ਬਿਲੀਅਨ ਡਾਲਰ' ਯੂਨੀਵਰਸਿਟੀ ਬਣਾਉਣ ਦਾ ਐਲਾਨ, ਲਘੂ ਫਿਲਮਾਂ ਨੂੰ ਸਰਪ੍ਰਸਤੀ ਦੇਣ, ਜੈਪੁਰ ਸਾਹਿਤ ਮੇਲੇ ਦਾ ਲੰਡਨ ਐਡੀਸ਼ਨ ਕਰਵਾਉਣ ਅਤੇ ਐਨ.ਡੀ.ਟੀ.ਵੀ. ਦੀ ਮੁਹਿੰਮ 'ਸਾਡੀਆਂ ਧੀਆਂ: ਸਾਡਾ ਮਾਣ' ਇਸ ਦੀ ਨਾਇਕਾ ਪ੍ਰਿਅੰਕਾ ਚੋਪੜਾ ਹੈ) ਵਰਗੇ ਅਡੰਬਰ ਰਚਦਾ ਰਹਿੰਦਾ ਹੈ ਅਤੇ ਇਨ੍ਹਾਂ ਜ਼ਰੀਏ ਆਪਣੇ ਲਹੂ ਲਿੱਬੜੇ ਜਬਾੜਿਆਂ ਨੂੰ ਲੁਕੋਣ ਦੀ ਕੋਸ਼ਿਸ਼ ਕਰਦਾ ਹੈ। ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ 2013-14 ਵਿਚ ਮੋਦੀ ਦੀ ਚੋਣ ਮੁਹਿੰਮ ਲਈ ਫੰਡ ਦੇਣ ਵਾਲੇ ਮੁੱਖ ਕਾਰਪੋਰੇਟ ਦਾਨੀਆਂ ਵਿਚੋਂ ਵੇਦਾਂਤ ਇਕ ਸੀ। ਸਾਢੇ ਬਾਈ ਕਰੋੜ ਰੁਪਏ ਕਾਨੂੰਨੀ ਫੰਡ ਦੱਸਿਆ ਗਿਆ; ਕਿੰਨਾ ਗ਼ੈਰਕਾਨੂੰਨੀ ਫੰਡ ਦਿੱਤਾ ਗਿਆ, ਉਸ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ। 2015 ਵਿਚ ਮੋਦੀ ਦੀ ਇੰਗਲੈਂਡ ਫੇਰੀ ਸਮੇਂ ਫਰੰਟ ਪੇਜ ਇਸ਼ਤਿਹਾਰਬਾਜ਼ੀ ਵੀ ਇਸੇ ਵੇਦਾਂਤ ਸਮੂਹ ਨੇ ਕੀਤੀ ਸੀ।

ਅਗਰਵਾਲ ਨੇ 1979 ਵਿਚ ਤਾਂਬਾ ਕੰਪਨੀ ਖਰੀਦ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ ਅਤੇ ਉਸ ਦੀ ਕੰਪਨੀ ਲੰਡਨ ਵਿਚ ਸੂਚੀ ਦਰਜ ਹੋਣ ਵਾਲੀ ਪਹਿਲੀ ਕੰਪਨੀ ਸੀ। ਉਸ ਦੀ ਕਾਰੋਬਾਰੀ ਸਲਤਨਤ ਅਫਰੀਕਾ, ਆਇਰਲੈਂਡ ਅਤੇ ਆਸਟਰੇਲੀਆ ਤੱਕ ਫੈਲ ਚੁੱਕੀ ਹੈ। ਇਉਂ ਇਸ ਨੇ ਹਿੰਦੁਸਤਾਨੀ ਹਾਕਮਾਂ ਦੀ ਮਦਦ ਨਾਲ ਢਾਈ ਦਹਾਕਿਆਂ ਵਿਚ ਹਿੰਦੁਸਤਾਨ ਵਿਚ ਵੀ ਆਪਣਾ ਧਾੜਵੀ ਕਾਰੋਬਾਰ ਫੈਲਾ ਲਿਆ। ਇਹ ਸਮੂਹ ਹਰ ਥਾਂ ਹੀ ਆਪਣਾ ਪਲਾਂਟ ਲਗਾਉਂਦੇ ਵਕਤ ਇਸ ਕਦਰ ਮਨਮਾਨੀਆਂ ਕਰਦਾ ਹੈ ਕਿ ਸਥਾਨਕ ਲੋਕ ਵਿਆਪਕ ਪੱਧਰ 'ਤੇ ਵਾਤਾਵਰਣ ਪ੍ਰਦੂਸ਼ਣ ਦਾ ਸ਼ਿਕਾਰ ਹੁੰਦੇ ਹਨ।



ਇਹੀ ਵਜ੍ਹਾ ਹੈ, ਜਿਥੇ ਵੀ ਇਸ ਵਲੋਂ ਨਵੇਂ ਪ੍ਰੋਜੈਕਟ ਲਗਾਏ ਜਾਂਦੇ ਹਨ, ਉਥੇ ਇਸ ਦੀਆਂ ਧਾਂਦਲੀਆਂ ਤੋਂ ਸੁਚੇਤ ਵਾਤਾਵਰਣ ਕਾਰਕੁਨ ਇਸ ਦੇ ਧਾੜਵੀ ਪ੍ਰੋਜੈਕਟਾਂ ਦਾ ਵਿਰੋਧ ਸ਼ੁਰੂ ਕਰ ਦਿੰਦੇ ਹਨ। ਉੜੀਸਾ ਦੇ ਨਿਆਮਗਿਰੀ ਪਹਾੜਾਂ ਦੇ ਬਾਸ਼ਿੰਦੇ ਡੋਂਗਰੀਆ ਕੋਂਧ ਆਦਿਵਾਸੀਆਂ ਦੇ ਦਹਾਕਾ ਲੰਮੇ ਦ੍ਰਿੜ ਸੰਘਰਸ਼ ਨੇ ਵੇਦਾਂਤ ਸਮੂਹ ਨੂੰ ਉਸ ਇਲਾਕੇ ਵਿਚ ਲਗਾਇਆ ਜਾਣ ਵਾਲਾ ਬਾਕਸਾਈਟ ਪ੍ਰੋਜੈਕਟ ਵਾਪਸ ਲੈਣ ਲਈ ਮਜਬੂਰ ਕੀਤਾ। ਇਸ ਸੰਘਰਸ਼ ਨੇ ਕੌਮਾਂਤਰੀ ਪੱਧਰ 'ਤੇ ਧਿਆਨ ਖਿੱਚਿਆ। 2010 ਵਿਚ ਵਾਤਾਵਰਣ ਪ੍ਰੇਮੀ ਕਾਰਕੁਨਾਂ ਵਲੋਂ ਪ੍ਰਸਿਧ ਫਿਲਮ 'ਅਵਤਾਰ' ਦੇ ਪਾਤਰਾਂ ਦਾ ਰੂਪ ਧਾਰ ਕੇ ਲੰਡਨ ਵਿਚ ਪ੍ਰਦਰਸ਼ਨ ਕੀਤਾ ਗਿਆ। ਉਸੇ ਸਾਲ ਇਸ ਕਾਰਪੋਰੇਟ ਸਮੂਹ ਦਾ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦਾ ਮੁੱਦਾ ਉਠਣ 'ਤੇ ਚਰਚ ਆਫ ਇੰਗਲੈਂਡ ਵਲੋਂ ਵੇਦਾਂਤ ਵਿਚਲੇ ਆਪਣੇ 38 ਲੱਖ ਪੌਂਡ ਦੇ ਸ਼ੇਅਰ ਵਾਪਸ ਲੈ ਗਏ ਗਏ ਜੋ ਇਸ ਨੂੰ ਵੱਡੀ ਪਛਾੜ ਸੀ। ਇਸ ਤੋਂ ਪਹਿਲਾਂ 2007 ਵਿਚ ਨਾਰਵੇ ਨੇ ਵੀ ਵੇਦਾਂਤ ਵਿਚਲਾ ਆਪਣਾ 350 ਅਰਬ ਡਾਲਰ ਦਾ ਸੌਵਰੇਨ ਵੈਲਥ ਫੰਡ ਸ਼ੇਅਰ ਕੱਢ ਲਿਆ ਸੀ। ਆਖਿਰਕਾਰ ਹਿੰਦੁਸਤਾਨ ਸਰਕਾਰ ਨੂੰ ਉਹ ਵਾਤਾਵਰਣ ਕਲੀਰੈਂਸ ਵਾਪਸ ਲੈਣ ਪਈ ਜੋ ਇਸ ਨੇ ਨਿਆਮਗਿਰੀ ਪ੍ਰੋਜੈਕਟ ਨੂੰ ਦਿੱਤੀ ਹੋਈ ਸੀ ਅਤੇ ਸੁਪਰੀਮ ਕੋਰਟ ਨੂੰ ਡੋਂਗਰੀਆ ਕੋਂਧ ਲੋਕਾਂ ਦੇ ਪ੍ਰੋਜੈਕਟ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦੇ ਹੱਕ ਨੂੰ ਸਵੀਕਾਰ ਕਰਨਾ ਪਿਆ ਸੀ। ਇਸੇ ਤਰ੍ਹਾਂ ਲਾਂਜੀਗੜ੍ਹ (ਉੜੀਸਾ) ਦੇ ਐਲਮੀਨੀਅਮ ਅਤੇ ਬਾਕਸਾਈਟ ਪ੍ਰੋਜੈਕਟ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਵੇਦਾਂਤ ਨੂੰ ਜਾਂਬੀਆ ਵਿਚ ਵੀ ਪਛਾੜ ਦਾ ਸਾਹਮਣਾ ਕਰਨਾ ਪਿਆ। ਮਈ 2016 ਵਿਚ ਹਾਈ ਕੋਰਟ ਨੇ ਫੈਸਲਾ ਦਿੱਤਾ ਸੀ ਕਿ 1826 ਜਾਂਬੀਅਨ ਆਪਣੇ ਹਿਤਾਂ ਦੀ ਰਾਖੀ ਲਈ ਇੰਗਲੈਂਡ ਦੀਆਂ ਅਦਾਲਤਾਂ ਵਿਚ ਦਾਅਵਾ ਕਰ ਸਕਦੇ ਹਨ। ਇਸ ਖਿਲਾਫ਼ ਇਸ ਧਾੜਵੀ ਸਮੂਹ ਅਤੇ ਇਸ ਦੀ ਜਾਂਬੀਅਨ ਸਹਾਇਕ ਕੰਪਨੀ ਕੌਂਕੋਲਾ ਕੌਪਰ ਮਾਈਨਜ਼ ਨੇ ਜੋ ਅਪੀਲ ਕੀਤੀ, ਉਹ ਲੰਡਨ ਦੀ ਅਪੀਲੀ ਅਦਾਲਤ ਨੇ ਖਾਰਜ ਕਰ ਦਿੱਤੀ।

ਤੂਤੀਕੋਰੀਨ ਵਾਲਾ ਪਲਾਂਟ ਪਹਿਲਾਂ 1992 ਵਿਚ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਸੂਬਾ ਸਰਕਾਰ ਵਲੋਂ ਦਿੱਤੀ 500 ਏਕੜ ਜ਼ਮੀਨ ਉਪਰ ਲਗਾਇਆ ਗਿਆ ਸੀ। ਭਿਆਨਕ ਪ੍ਰਦੂਸ਼ਣ ਵਿਰੁਧ ਉਠੀ ਲੋਕ ਆਵਾਜ਼ ਦੇ ਦਬਾਓ ਹੇਠ ਸਰਕਾਰ ਨੂੰ ਕਮੇਟੀ ਬਣਾ ਕੇ ਇਸ ਦੀ ਜਾਂਚ ਕਰਾਉਣੀ ਪਈ ਸੀ ਅਤੇ ਉਸ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਪਲਾਂਟ ਰੱਦ ਕਰ ਦਿੱਤਾ ਗਿਆ ਸੀ। 1994 ਵਿਚ ਤਾਮਿਲਨਾਡੂ ਸਰਕਾਰ ਨੇ ਇਸ ਪਲਾਂਟ ਲਈ ਜ਼ਮੀਨ ਦੇ ਦਿੱਤੀ। ਇਨ੍ਹਾਂ ਪਲਾਂਟਾਂ ਦੀਆਂ ਜ਼ਹਿਰੀਲੀਆਂ ਗੈਸਾਂ ਅਤੇ ਖ਼ਤਰਨਾਕ ਰਸਾਇਣ ਆਲੇ-ਦੁਆਲੇ ਦੇ ਪੌਣਪਾਣੀ ਨੂੰ ਖ਼ਤਰਨਾਕ ਰੂਪ ਵਿਚ ਦੂਸ਼ਿਤ ਕਰਦੇ ਹਨ। ਧਰਤੀ ਹੇਠਲੇ ਪਾਣੀ ਵਿਚ ਜ਼ਹਿਰਾਂ ਘੁਲਣ ਨਾਲ ਇਹ ਪੀਣ ਯੋਗ ਨਹੀਂ ਰਹਿੰਦਾ। ਇਸੇ ਕਾਰਨ ਸਬੰਧਤ ਕਾਰਪੋਰੇਟ ਨਿਵੇਸ਼ਕਾਰਾਂ ਉਪਰ ਸ਼ਰਤ ਲਗਾਈ ਜਾਂਦੀ ਹੈ ਕਿ ਉਹ ਪੌਣਪਾਣੀ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਲੋੜੀਂਦੇ ਪ੍ਰਦੂਸ਼ਣ ਰੋਕੂ ਉਪਾਅ ਕਰਨਗੇ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਹਰਿਆ-ਭਰਿਆ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕਣਗੇ ਪਰ ਕਾਰਪੋਰੇਟ ਧੰਦੇਬਾਜ਼ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਨ੍ਹਾਂ ਸ਼ਰਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ। ਇਹੀ ਇਸ ਪ੍ਰੋਜੈਕਟ ਦੇ ਮਾਮਲੇ 'ਚ ਵਾਪਰਿਆ। ਅਜੇ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਇਸ ਨੂੰ ਰਸਮੀ ਮਨਜ਼ੂਰੀ ਵੀ ਨਹੀਂ ਸੀ ਦਿੱਤੀ ਗਈ ਅਤੇ ਵਾਤਾਵਰਣ ਉਪਰ ਅਸਰਾਂ ਦੇ ਅਨੁਮਾਨ ਦੀ ਰਿਪੋਰਟ ਵੀ ਅਜੇ ਨਹੀਂ ਆਈ ਸੀ ਕਿ ਸਰਕਾਰ ਨੇ ਉਸ ਤੋਂ ਪਹਿਲਾਂ ਹੀ ਜਨਵਰੀ 1995 'ਚ ਪਲਾਂਟ ਨੂੰ ਹਰੀ ਝੰਡੀ ਦੇ ਦਿੱਤੀ। ਇਹ ਪਲਾਂਟ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਮਿੱਥੇ ਨੇਮਾਂ ਦੀ ਘੋਰ ਉਲੰਘਣਾ ਕਰ ਕੇ ਲਗਾਇਆ ਗਿਆ। ਲੋਕ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗੇ ਪਰ ਸਰਕਾਰ ਨੇ ਕੰਪਨੀ ਨੂੰ ਕਲੀਨ ਚਿੱਟ ਦੇ ਦਿੱਤੀ।

ਇਸ ਤੋਂ ਬਾਅਦ ਮਾਮਲਾ ਮਦਰਾਸ ਹਾਈਕੋਰਟ ਵਿਚ ਪਹੁੰਚ ਗਿਆ। 1998 ਵਿਚ ਵਿਚ ਹਾਈਕੋਰਟ ਨੇ ਕੰਪਨੀਆਂ ਦੀਆਂ ਧਾਂਦਲੀਆਂ ਦੇ ਮੱਦੇਨਜ਼ਰ ਇਕ ਵਾਰ ਪਲਾਂਟ ਬੰਦ ਕਰਵਾ ਦਿੱਤਾ ਪਰ ਕੰਪਨੀ ਨੇ ਆਪਣਾ ਰਸੂਖ ਵਰਤ ਕੇ ਜਾਂਚ ਕਰਨ ਵਾਲੀ ਉਸੇ ਸੰਸਥਾ ਤੋਂ ਆਪਣੇ ਪੱਖ ਵਿਚ ਰਿਪੋਰਟ ਤਿਆਰ ਕਰਵਾ ਕੇ ਪਲਾਂਟ ਮੁੜ ਚਾਲੂ ਕਰਵਾ ਲਿਆ। ਹੁਣ ਇਸ ਕੰਪਨੀ ਨੇ ਸਰਕਾਰ ਦੀ ਮਿਲੀਭੁਗਤ ਨਾਲ ਪਲਾਂਟ ਦੀ ਪੈਦਾਵਾਰ ਵਧਾਉਣ ਲਈ ਹੋਰ ਵੀ ਵੱਡੇ ਪੈਮਾਨੇ 'ਤੇ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਪਲਾਂਟ ਦਾ ਵਿਸਤਾਰ ਕਰਨ ਦੀ ਯੋਜਨਾ ਬਣਾ ਲਈ। 2004 ਵਿਚ ਸੁਪਰੀਮ ਕੋਰਟ ਨੇ ਇਸ ਵਿਸਤਾਰ ਉਪਰ ਰੋਕ ਲਗਾ ਦਿੱਤੀ ਅਤੇ ਉਲੰਘਣਾਵਾਂ ਦੀ ਜਾਂਚ ਦੇ ਆਦੇਸ਼ ਦੇ ਦਿੱਤੇ। ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਵਿਚ ਥੋਕ ਬੇਨਿਯਮੀਆਂ ਸਾਹਮਣੇ ਆਈਆਂ। ਕੰਪਨੀ ਨੇ ਬਿਨਾ ਮਨਜ਼ੂਰੀ ਲਏ ਹੀ ਵਿਸਤਾਰ ਲਈ ਕਈ ਤਰ੍ਹਾਂ ਦੀਆਂ ਉਸਾਰੀਆਂ ਕਰ ਲਈਆਂ ਸਨ। ਸਰਕਾਰ ਨੇ ਕੰਪਨੀ ਦਾ ਸਾਥ ਦਿੱਤਾ ਅਤੇ ਗ਼ੈਰਕਾਨੂੰਨੀ ਵਿਸਤਾਰ ਨੂੰ ਮਨਜ਼ੂਰੀ ਦੇ ਦਿੱਤੀ।

ਇਸ ਦੇ ਖ਼ਿਲਾਫ਼ ਮਾਮਲਾ ਇਕ ਵਾਰ ਫਿਰ ਅਦਾਲਤ ਵਿਚ ਪਹੁੰਚ ਗਿਆ। 2010 ਵਿਚ ਮਦਰਾਸ ਹਾਈਕੋਰਟ ਨੇ ਪਲਾਂਟ ਬੰਦ ਕਰਨ ਦਾ ਆਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਮਾਰਚ 2013 ਵਿਚ ਕੰਪਨੀ ਨੂੰ 100 ਕਰੋੜ ਰੁਪਏ ਜੁਰਮਾਨਾ ਕੀਤਾ ਲੇਕਿਨ ਕੰਪਨੀ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਤੋਂ ਆਪਣੇ ਹੱਕ ਵਿਚ ਰਿਪੋਰਟ ਤਿਆਰ ਕਰਵਾ ਕੇ ਪਲਾਂਟ ਮੁੜ ਚਾਲੂ ਕਰ ਲਿਆ। ਇਸ ਤੋਂ ਬਾਅਦ ਕਈ ਵਾਰ ਗੈਸ ਲੀਕ ਹੋਈ, ਲੋਕ ਮਾਰੇ ਗਏ। ਪੀੜਤ ਲੋਕ ਲਗਾਤਾਰ ਵਿਰੋਧ ਕਰਦੇ ਰਹੇ, ਪਰ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਪਲਾਂਟ ਚਲਦਾ ਰਿਹਾ। ਇਸ ਸਾਲ ਕੰਪਨੀ ਵਲੋਂ ਪਲਾਂਟ ਦਾ ਹੋਰ ਵਿਸਤਾਰ ਕਰਨ ਦੇ ਮਨਸੂਬਿਆਂ ਨੂੰ ਰੋਕਣਾ ਲੋਕਾਂ ਲਈ ਜ਼ਿੰਦਗੀ ਦਾ ਸਵਾਲ ਬਣ ਗਿਆ ਅਤੇ ਪਹਿਲੇ ਦੋਨਾਂ ਪਲਾਂਟਾਂ ਨੂੰ ਬੰਦ ਕਰਨ ਦੀ ਮੰਗ ਫਿਰ ਜ਼ੋਰ ਫੜ ਗਈ।

2014 ਵਿਚ ਸੰਘ ਬ੍ਰਿਗੇਡ ਨੇ ਸੱਤਾ ਵਿਚ ਆ ਕੇ ਤੁਰੰਤ ਕਾਰਪੋਰੇਟ ਪ੍ਰੋਜੈਕਟਾਂ ਨੂੰ ਵੱਡੀ ਰਾਹਤ ਦਿੱਤੀ ਸੀ। ਦਸੰਬਰ 2014 ਵਿਚ ਮੋਦੀ ਸਰਕਾਰ ਨੇ ਗਰੀਨ ਰੈਗੂਲੇਸ਼ਨਜ਼ ਦੀ ਜੋ ਨਵੀਂ ਵਿਆਖਿਆ ਦਿੱਤੀ, ਉਹ ਪ੍ਰੋਜੈਕਟ ਲੱਗਣ ਨਾਲ ਪ੍ਰਭਾਵਤ ਹੋਣ ਵਾਲੇ ਇਲਾਕਿਆਂ ਦੇ ਲੋਕਾਂ ਦਾ ਪੱਖ ਜਨਤਕ ਤੌਰ 'ਤੇ ਸੁਣਨ ਤੋਂ ਬਿਨਾ ਹੀ ਪ੍ਰੋਜੈਕਟ ਲਗਾਉਣ ਦੀ ਖੁੱਲ੍ਹ ਸਰਮਾਏਦਾਰ ਕਾਰੋਬਾਰੀਆਂ ਨੂੰ ਦਿੰਦੀ ਸੀ। 'ਸਪਸ਼ਟੀਕਰਨ' ਦੇ ਨਾਂ ਹੇਠ ਤਤਕਾਲੀ ਵਾਤਾਵਰਣ ਮੰਤਰੀ ਦੇ ਹੁਕਮਾਂ ਨੇ ਲਟਕ ਰਹੇ ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰ ਦਿੱਤਾ। ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਭਾਵੇਂ ਇਸ ਖ਼ਿਲਾਫ਼ ਸਟੇਅ ਲੈਣ ਕਾਰਨ ਵਾਤਾਵਰਣ ਮੰਤਰਾਲੇ ਨੂੰ ਨਵੇਂ ਹੁਕਮ ਜਾਰੀ ਕਰਨੇ ਪਏ ਲੇਕਿਨ ਇਹ ਵੇਦਾਂਤ ਸਮੂਹ ਲਈ ਕੌਪਰ ਪਲਾਂਟ ਦੇ ਗ਼ੈਰਕਾਨੂੰਨੀ ਵਿਸਤਾਰ ਲਈ ਬਹੁਤ ਕਾਰਆਮਦ ਹਥਿਆਰ ਸੀ। ਇਸੇ ਦੌਰਾਨ ਮਾਰਚ 2015 ਵਿਚ ਵਾਤਾਵਰਣ ਮੰਤਰਾਲੇ ਵਲੋਂ ਵੇਦਾਂਤ ਦੀ ਵਾਤਾਵਰਣ ਕਲੀਰੈਂਸ ਦਸੰਬਰ 2018 ਤਕ ਵਧਾ ਦਿੱਤੀ ਗਈ। ਐਨੀ ਡੂੰਘੀ ਹੈ ਵੇਦਾਂਤ ਅਤੇ ਮੋਦੀ ਸਰਕਾਰ ਦੀ ਮਿਲੀਭੁਗਤ ਜਿਸ ਵਿਰੁਧ ਲੋਕ ਆਪਣੀ ਧਰਤੀ ਨੂੰ ਬਚਾਉਣ ਲਈ ਲੜ ਰਹੇ ਹਨ। ਇਹ ਹੈ ਵੇਦਾਂਤ ਦਾ ਖ਼ੂਨੀ ਚਿਹਰਾ ਜਿਸ ਦੇ ਮੁਖੀ ਅਗਰਵਾਲ ਨੇ 2014 ਵਿਚ ਐਲਾਨ ਕੀਤਾ ਸੀ ਕਿ ਉਹ ਆਪਣੀ ਦੌਲਤ ਦਾ 75 ਫ਼ੀਸਦ, ਯਾਨੀ ਤਕਰੀਬਨ 23000 ਕਰੋੜ ਰੁਪਏ, ਦਾਨ-ਪੁੰਨ ਦੇ ਕੰਮਾਂ ਉਪਰ ਖ਼ਰਚ ਕਰੇਗਾ। ਐਸੀ ਦਾਨ-ਪੁੰਨ ਕਰਨ ਵਾਲੀ ਕੰਪਨੀ ਦੀ ਸੇਵਾ ਲਈ ਤਾਮਿਲਨਾਡੂ ਦੀ ਪੂਰੀ ਸਰਕਾਰ ਪੂਰੀ ਤਨਦੇਹੀ ਨਾਲ ਇਸ ਦੀ ਨਿੱਜੀ ਫ਼ੌਜ ਵਜੋਂ ਕੰਮ ਕਰ ਰਹੀ ਹੈ ਜਿਸ ਨੂੰ ਆਪਣੇ ਹੀ ਲੋਕਾਂ ਨੂੰ ਲਾਸ਼ਾਂ ਦੇ ਢੇਰ ਵਿਚ ਬਦਲਣ ਤੋਂ ਵੀ ਗੁਰੇਜ਼ ਨਹੀਂ ਹੈ।

## ਵਿੱਦਿਆ, ਭਗਵੇ ਬ੍ਰਿਗੇਡ ਦਾ ਏਜੰਡਾ ਅਤੇ ਦਹਿਸ਼ਤਪਸੰਦੀ

*(ਪਿਛਲੇ ਸਫੇ ਦੀ ਬਾਕੀ)*

ਸਮੇਂ ਦੌਰਾਨ ਦਿੱਲੀ ਯੂਨੀਵਰਸਿਟੀ (ਦਿੱਲੀ) ਦੇ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਰੱਖਣ ਵਾਲੇ ਮਾਮਲੇ 'ਤੇ ਜੋ ਢੀਠਤਾਈ ਦਿਖਾਈ ਗਈ ਹੈ, ਉਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਇਨਕਾਰ ਫਿਲਹਾਲ ਰੱਫੜ ਵਧਣ ਤੋਂ ਰੋਕਣ ਲਈ ਹੀ ਹੈ। ਅੰਦਰੇ-ਅੰਦਰ ਅਜਿਹੀ ਤਜਵੀਜ਼ ਨੂੰ ਅਮਲ ਵਿਚ ਲਿਆਉਣ ਦੀ ਕਵਾਇਦ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਸ ਕਵਾਇਦ ਦੀ ਕਨਸੋਅ ਜੇ.ਐਨ.ਯੂ. ਦੇ 'ਸਕੂਲ ਔਫ ਆਰਟਸ ਐਂਡ ਅਸਥੈਟਿਕਸ' ਦੇ ਪ੍ਰੋਫੈਸਰ ਐਚ.ਐਸ. ਸ਼ਿਵ ਪ੍ਰਕਾਸ਼ ਦੇ 'ਵਾਇਰ' ਲਈ ਲਿਖੇ ਲੇਖ ਤੋਂ ਭਲੀਭਾਂਤ ਪੈ ਜਾਂਦੀ ਹੈ। ਪ੍ਰੋ. ਸ਼ਿਵ ਪ੍ਰਕਾਸ਼ ਅਕਾਦਮਿਕ ਕੌਂਸਲ ਦੀ ਸਬੰਧਤ ਮੀਟਿੰਗ ਵਿਚ ਸ਼ਾਮਲ ਸਨ। ਇਸ ਲੇਖ ਵਿਚ ਉਨ੍ਹਾਂ ਇਸੇ ਮੀਟਿੰਗ ਬਾਰੇ ਖ਼ੁਲਾਸਾ ਕੀਤਾ ਹੈ। ਇਸ ਖ਼ੁਲਾਸੇ ਤੋਂ ਰੱਤੀ ਭਰ ਵੀ ਭਰਮ-ਭੁਲੇਖਾ ਨਹੀਂ ਰਹਿ ਜਾਂਦਾ ਕਿ ਭਗਵਾ ਬ੍ਰਿਗੇਡ ਦੇ ਇਰਾਦੇ ਕੀ ਹਨ। ਆਪਣੇ ਲੇਖ ਦਾ ਅੰਤ ਉਨ੍ਹਾਂ 12ਵੀਂ ਸਦੀ ਦੌਰਾਨ ਭਗਤੀ ਲਹਿਰ ਨਾਲ ਜੁੜੇ ਕੰਨੜ ਸ਼ਾਇਰ ਬਾਸਵੰਨਾ ਦੀ ਇਕ ਰਚਨਾ ਦੀਆਂ ਇਨ੍ਹਾਂ ਸਤਰਾਂ ਨਾਲ ਕੀਤਾ ਹੈ:

ਜਦ ਵਾੜ ਖੇਤ ਨੂੰ ਖਾਏ
ਸੁਆਣੀ ਆਪਣੇ ਘਰ ਅੰਦਰ ਹੀ ਸੰਨ੍ਹਾਂ ਲਾਏ
ਮਾਂ ਦਾ ਦੁੱਧ ਜਦ ਜ਼ਹਿਰਾਂ ਵਾਲਾ ਕਹਿਰ ਕਮਾਏ
ਮੈਂ ਕਿਸ ਅੱਗੇ ਫਰਿਆਦ ਕਰਾਂ?

# ਧਨਾਢਾਂ ਦੇ ਗਦੈਲੇ ਹੇਠ ਦਬ ਗਿਆ ਕੀੜੀ ਅਫਗਾਨਾ ਕਾਂਡ

ਸਿਆਸਤਦਾਨਾਂ ਤੋਂ ਲੈ ਕੇ ਟ੍ਰਿਬਿਊਨਲਾਂ ਤੱਕ ਸਭ ਨੇ, ਇਥੋਂ ਤੱਕ ਕਿ ਇਕ ਸਾਬਕਾ ਗੈਂਗਸਟਰ ਨੇ ਵੀ, ਕੀੜੀ ਅਫ਼ਗਾਨਾ (ਗੁਰਦਾਸਪੁਰ) ਦੀ ਸ਼ਰਾਬ ਫੈਕਟਰੀ ਚੱਢਾ ਸ਼ੂਗਰ ਇੰਡਸਟ੍ਰੀਜ਼ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਜਲ ਜੀਵਨ ਨਾਲ ਕੀਤੇ ਵਿਸਾਹਘਾਤ ਅਤੇ ਲਿਆਂਦੀ ਆਫ਼ਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਸ ਘਟਨਾ ਨੂੰ "ਹਾਦਸਾ" ਗਰਦਾਨਣਾ ਅਤੇ ਜੁਰਮਾਨਾ ਭਰ ਕੇ ਗ਼ਲਤੀ ਸੁਧਾਰਨ ਬਾਰੇ ਆਖਣਾ ਅਸਲ

**ਕੁਲਜੀਤ ਬੈਂਸ**

ਵਿਚ ਲੋਕਾਂ ਦਾ ਧਿਆਨ ਹੋਰ ਪਾਸੇ ਲਾਉਣਾ ਹੈ। ਇਸ ਨਾਲ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਧਨਾਢਾਂ ਦਾ ਅਗਲਾ ਰਾਹ ਵੀ ਸੁਖਾਲਾ ਹੋ ਜਾਂਦਾ ਹੈ। ਖਾਨਾਪੂਰਤੀ ਵਜੋਂ ਕੁਝ ਜੂਨੀਅਰ ਮੁਲਾਜ਼ਮ ਮੁਅੱਤਲ ਕਰ ਦਿੱਤੇ ਗਏ ਅਤੇ ਲੋਕਾਂ ਨੂੰ ਜਚਾਉਣ ਦਾ ਯਤਨ ਕੀਤਾ ਹੈ ਕਿ ਜ਼ਿੰਮੇਵਾਰ ਲੋਕਾਂ ਖ਼ਿਲਾਫ਼ "ਕਾਨੂੰਨ ਤਹਿਤ ਕਾਰਵਾਈ" ਕਰ ਦਿੱਤੀ ਗਈ ਹੈ; ਹਾਲਾਂਕਿ ਜਲ ਜੀਵਨ ਨਾਲ ਸਬੰਧਤ ਮਾਹਿਰ ਆਖ ਰਹੇ ਹਨ ਕਿ ਜੋ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕਦੀ ਵੀ ਨਹੀਂ ਹੋ ਸਕਦੀ।

ਜਦੋਂ ਤੁਹਾਨੂੰ ਇਲਮ ਹੋਵੇ ਕਿ ਖ਼ਤਰਨਾਕ ਹਾਲਾਤ ਪੈਦਾ ਹੋ ਰਹੇ ਹਨ, ਤੇ ਤੁਸੀਂ ਇਨ੍ਹਾਂ ਨੂੰ ਵਧ ਲੈਣ ਦਿੰਦੇ ਹੋ (ਹਾਲਾਂਕਿ ਇਨ੍ਹਾਂ ਨੂੰ ਰੋਕਣਾ ਸੰਭਵ ਹੁੰਦਾ ਹੈ), ਤਾਂ ਇਸ ਦਾ ਅਗਾਂਹ ਨਤੀਜਾ ਫਿਰ ਆਫ਼ਤ ਦੇ ਰੂਪ ਵਿਚ ਹੀ ਨਿਕਲਦਾ ਹੈ। ਇਸ ਨੂੰ ਫਿਰ "ਹਾਦਸਾ" ਨਹੀਂ ਕਿਹਾ ਜਾ ਸਕਦਾ। ਇਹ ਜਾਣ-ਬੁਝ ਕੇ ਕੀਤਾ ਫ਼ੌਜਦਾਰੀ (ਕ੍ਰੀਮੀਨਲ) ਅਪਰਾਧ ਹੈ।

ਮਿੱਲ ਦੀਆਂ ਸਾਰੀਆਂ ਹੌਦੀਆਂ ਦੀ ਹਾਲਤ ਠੀਕ ਨਾ ਹੋਣ ਬਾਰੇ ਮਿੱਲ ਅਧਿਕਾਰੀਆਂ ਨੇ ਮਿੱਲ ਮਾਲਕਾਂ ਨੂੰ ਦੱਸਿਆ ਹੀ ਹੋਵੇਗਾ। ਸੀਰੇ ਦੀ ਮਿਕਦਾਰ ਇੰਨੀ ਜ਼ਿਆਦਾ ਸੀ ਕਿ ਇਸ ਨੂੰ ਸੰਭਾਲਿਆ ਨਹੀਂ ਸੀ ਜਾ ਸਕਦਾ ਜੋ ਕਾਫ਼ੀ ਸਮੇਂ ਤੋਂ ਜਮ੍ਹਾਂ ਹੋ ਰਿਹਾ ਸੀ। ਆਬਕਾਰੀ, ਪ੍ਰਦੂਸ਼ਣ, ਸਨਅਤ ਤੇ ਜ਼ਿਲ੍ਹਾ ਅਫ਼ਸਰਾਂ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਰੋਕਥਾਮ ਲਈ ਵੱਖ ਵੱਖ ਪੱਖਾਂ 'ਤੇ ਨਿਗ੍ਹਾ ਰੱਖਦੇ। ਪਰ ਕੁਝ ਵੀ ਨਹੀਂ ਹੋਇਆ। ਇਸ ਲਈ ਫ਼ੌਜਦਾਰੀ ਐਕਟ ਤਹਿਤ ਇਨ੍ਹਾਂ ਸਾਰਿਆਂ ਦਾ ਨਾਂ ਸਾਜ਼ਿਸ਼ਕਾਰਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਇਹ ਹੈ ਉਹ ਕਹਾਣੀ ਜੋ ਕਾਲਾ ਅਫ਼ਗਾਨਾ ਵਿਚ ਵਾਪਰੀ। ਇਸ ਤੋਂ ਅਗਲੇ ਹਫ਼ਤੇ ਜੋ ਕੁਝ ਵਾਪਰਿਆ, ਉਸ ਨੂੰ ਜੇ ਕਿਸੇ ਨੇ ਅਪਰਾਧ ਨਹੀਂ ਮੰਨਣਾ ਤਾਂ ਅਗਲੇ ਦੀ ਮਰਜ਼ੀ; ਪਰ ਇਹ ਕੋਈ ਘੱਟ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲੀ ਘਟਨਾ ਨਹੀਂ। ਇਸ "ਹਾਦਸੇ" ਤੋਂ ਅਗਲੇ ਹੀ ਦਿਨ ਡਿਪਟੀ ਕਮਿਸ਼ਨਰ (ਡੀਸੀ) ਨੇ ਐਲਾਨ ਕਰ ਦਿੱਤਾ ਕਿ ਬਿਆਸ ਦਰਿਆ ਦਾ ਪਾਣੀ ਮੱਛੀਆਂ ਲਈ ਸੁਰੱਖਿਅਤ ਹੈ ਪਰ ਦੋ ਦਿਨਾਂ ਬਾਅਦ ਹੀ ਫ਼ਰੀਦਕੋਟ ਵਿਚ ਮੋਈਆਂ ਮੱਛੀਆਂ ਨਾਲ ਨਹਿਰ ਭਰ ਗਈ। ਕਈ ਕਸਬਿਆਂ ਨੂੰ ਸਪਲਾਈ ਕੀਤਾ ਜਾ ਰਿਹਾ ਪਾਣੀ ਪ੍ਰਦੂਸ਼ਿਤ ਹੋ ਗਿਆ। ਲੱਗਦਾ ਸੀ ਜਿਵੇਂ ਸਭ ਅਫ਼ਸਰ ਅਤੇ ਸਿਆਸਤਦਾਨ 'ਆਫ਼ਤ ਮੁੱਕ ਗਈ' ਐਲਾਨਣ ਲਈ ਕਾਹਲੀ ਸਨ। ਵੱਖ ਵੱਖ ਲੈਬਾਰਟ੍ਰੀਜ਼ ਵੱਲੋਂ ਤੁਰਤ-ਫੁਰਤ ਕਲੀਨ ਚਿੱਟਾਂ ਵੀ ਆ ਗਈਆਂ ਪਰ ਸਭ ਨੂੰ ਸ਼ਰੇਆਮ ਦਿਖਾਈ ਦੇ ਰਿਹਾ ਸੀ: ਕਾਲਾ ਪਾਣੀ, ਮੋਈਆਂ-ਸੜੀਆਂ ਮੱਛੀਆਂ, ਬਿਮਾਰ ਲੋਕ।

ਇਸ ਘਟਨਾ ਨੇ ਪੰਜਾਬ ਦੇ ਪ੍ਰਦੂਸ਼ਿਤ ਪਾਣੀਆਂ ਦੇ ਵਿਸਾਰ ਦਿੱਤੇ ਗਏ ਮੁੱਦੇ ਨੂੰ ਇਕ ਵਾਰ ਫਿਰ ਚਰਚਾ ਵਿਚ ਲੈ ਆਂਦਾ ਹੈ। ਸ਼ਰਾਬ ਫੈਕਟਰੀਆਂ ਵੱਲੋਂ ਲਾਗਲੇ ਪਿੰਡਾਂ ਵਿਚ ਮਚਾਈ



ਤਬਾਹੀ ਅਤੇ ਕੀਤੇ ਜਾ ਰਹੇ ਉਜਾੜੇ ਬਾਰੇ ਰਿਪੋਰਟਾਂ ਛਪੀਆਂ ਹਨ ਪਰ ਵਧੇਰੇ ਫ਼ਿਕਰ ਵਾਲੀ ਗੱਲ ਇਹ ਹੈ ਕਿ ਇਕ ਤੋਂ ਬਾਅਦ ਇਕ ਅਫ਼ਸਰ ਇਹੀ ਕਹਿ ਰਿਹਾ ਹੈ ਕਿ ਕਿਤੇ ਕੋਈ ਗੜਬੜ ਨਹੀਂ ਹੈ, ਹਰ ਥਾਂ ਨੇਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਹੁਣ ਜਾਂ ਤਾਂ ਇਹ ਲੋਕ ਝੂਠ ਬੋਲ ਰਹੇ ਹਨ, ਜਾਂ ਨੇਮ ਹੀ ਇਸ ਤਰ੍ਹਾਂ ਦੇ ਹਨ ਜਿਹੜੇ ਪ੍ਰਦੂਸ਼ਣ ਦਾ ਕਾਰਨ ਬਣ ਰਹੇ ਹਨ। ਰਿਕਾਰਡਾਂ ਨੂੰ ਝੁਠਲਾਉਣਾ ਜਾਂ ਗ਼ਲਤਬਿਆਨੀ ਕਰਨਾ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਫ਼ਸਰਾਂ ਵੱਲੋਂ ਇਸ ਸਾਰੇ ਕੁਝ ਤੋਂ ਅੱਖਾਂ ਬੰਦ ਕਰਨ ਵਾਲਾ ਧੰਦਾ ਚਿਰਾਂ ਤੋਂ ਇੱਕ ਤਰ੍ਹਾਂ ਨਾਲ ਨੇਮ ਬਣਿਆ ਹੋਇਆ ਹੈ। ਸੂਬੇ ਦੇ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਵੱਡੇ ਸ਼ਹਿਰਾਂ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਸਨਅਤਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ ਹੈ। ਸੂਬੇ ਦੀ ਜਿੰਦ-ਪ੍ਰਾਣ, ਸਤਲੁਜ ਦਰਿਆ ਹੁਣ "ਦੁੱਖਾਂ ਦਾ ਦਰਿਆ" ਬਣ ਚੁੱਕਾ ਹੈ।

ਇਹ ਕਿਆਸਣਾ ਕੋਈ ਮੁਸ਼ਕਿਲ ਨਹੀਂ ਕਿ ਇਹ ਸਭ ਕੁਝ ਕਿਸ ਤਰ੍ਹਾਂ ਹੋਈ ਜਾਂਦਾ ਹੈ। ਸ਼ਰਾਬ ਫੈਕਟਰੀਆਂ ਦਾ ਸਭ ਤੋਂ ਵਿਲੱਖਣ ਗੁਣ ਇਨ੍ਹਾਂ ਦੀ ਮਾਲਕੀ ਹੈ। ਇਹ ਮਾਲਕ ਸਿਆਸਤਦਾਨਾਂ ਜਾਂ ਸਿਆਸੀ ਤੌਰ 'ਤੇ ਮਜ਼ਬੂਤ ਲੋਕਾਂ ਨੂੰ ਹੱਥ ਵਿਚ ਰੱਖਦੇ ਹਨ ਕਿਉਂਕਿ ਲਾਇਸੈਂਸ ਤੋਂ ਲੈ ਕੇ ਪਰਮਿਟ ਲੈਣ, ਤੇ ਫਿਰ ਕੱਚਾ ਮਾਲ ਖਰੀਦਣ ਤੇ ਪੈਦਾ ਕੀਤਾ ਮਾਲ ਵੇਚਣ ਤੱਕ ਦਾ ਸਾਰਾ ਕੁਝ ਸਰਕਾਰ ਦੇ ਕੰਟਰੋਲ ਹੇਠ ਹੈ। ਆਮ ਕਾਰੋਬਾਰੀ ਇਹ ਸਭ ਬੰਦੋਬਸਤ ਕਰ ਨਹੀਂ ਸਕਦਾ। ਇਸ ਧੰਦੇ ਵਿਚ ਬੇਸ਼ੁਮਾਰ ਪੈਸਾ ਲੱਗਿਆ ਹੋਇਆ ਹੈ ਅਤੇ ਇਸੇ ਕਰ ਕੇ ਪ੍ਰਦੂਸ਼ਣ ਰੋਕੂ ਨੇਮਾਂ ਦੀ ਉਲੰਘਣਾ ਬੱਸ ਮਾਮੂਲੀ ਜਿਹਾ ਮਸਲਾ ਜਾਪਦਾ ਹੈ। ਇਸ ਬੇਸ਼ੁਮਾਰ ਪੈਸੇ ਵਿਚੋਂ ਹੀ ਚੋਣ ਫੰਡ ਵੀ ਨਿਕਲਦੇ ਹਨ। ਇਉਂ ਪ੍ਰਦੂਸ਼ਣ ਕਰਵਾਉਣ ਵਾਲ ਅਕਸਰ ਨਰਮ ਪੈ ਜਾਂਦੇ ਹਨ।

ਕੀੜੀ ਅਫ਼ਗਾਨਾ ਕੇਸ ਦੇ ਸਿਲਸਿਲੇ ਵਿਚ ਜੋ ਪਹੁੰਚ ਅਪਨਾਈ ਗਈ ਅਤੇ ਜੋ ਸਜ਼ਾ ਦਿੱਤੀ ਗਈ, ਉਸ ਤੋਂ ਭਾਈ-ਭਤੀਜਾਵਾਦ ਤੇ ਲੰਗੋਟੀਆ ਪੂੰਜੀਵਾਦ ਦੀ ਸੜਿਹਾਂਦ ਸਾਹਮਣੇ ਆਈ ਹੈ। ਇਸ ਘਟਨਾ ਲਈ ਜ਼ਿੰਮੇਵਾਰ ਬੰਦੇ ਕੁਝ ਰਾਤਾਂ ਲਈ ਸੀਖਾਂ ਤੋਂ ਪਿੱਛੇ ਭੇਜੇ ਜਾਣੇ ਚਾਹੀਦੇ ਹਨ। ਜੇ ਕਾਨੂੰਨ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਤਾਂ ਇਸ ਬਾਰੇ ਤੁਰੰਤ ਨਜ਼ਰਸਾਨੀ ਹੋਣੀ ਚਾਹੀਦੀ ਹੈ।

# ਸਿੱਖ ਧਰਮ ਨਾਲ ਸਬੰਧਤ ਨਾਟਕ

***ਪ੍ਰੋ. ਲੋਕ ਨਾਥ ਨੇ ਉਘੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਟੀਮ ਵਿਚ ਵਾਹਵਾ ਸਮਾਂ ਕੰਮ ਕੀਤਾ। ਇਹ ਉਸ ਦੌਰ ਦੀਆਂ ਗੱਲਾਂ ਹਨ ਜਦੋਂ 1966 ਵਿਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ 300 ਸਾਲਾ ਪ੍ਰਕਾਸ਼ ਪੁਰਬ ਤੋਂ ਬਾਅਦ, 1969 ਵਿਚ ਪਹਿਲੇ ਪਾਤਸ਼ਾਹ ਗੁਰੂ ਨਾਨਕ ਦਾ 500 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਉਸ ਵੇਲੇ ਨਕਸਲੀ ਲਹਿਰ ਨੇ ਵੀ ਪੰਜਾਬ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਲੋਕ ਨਾਥ ਨੇ ਇਸ ਲੇਖ ਵਿਚ ਇਨ੍ਹਾਂ ਦੋਹਾਂ ਪ੍ਰਕਾਸ਼ ਪੁਰਬਾਂ ਦੌਰਾਨ ਗੁਰਸ਼ਰਨ ਸਿੰਘ ਵੱਲੋਂ ਖੇਡੇ ਨਾਟਕਾਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

1966 ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਦਾ 300 ਸਾਲਾ ਪ੍ਰਕਾਸ਼ ਉਤਸਵ ਆ ਗਿਆ। ਪੰਜਾਬ ਸਰਕਾਰ ਵਿਸ਼ੇਸ਼ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ 100 ਸਾਲਾ ਤੇ 200 ਸਾਲਾ ਪੁਰਬ ਲੰਘ ਚੁਕੇ ਸਨ। ਇਤਿਹਾਸ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਵੱਡੇ ਪੱਧਰ 'ਤੇ ਮਨਾਇਆ ਗਿਆ ਹੋਵੇ, ਇਸ ਦਾ ਵੇਰਵਾ ਘੱਟ ਹੀ ਮਿਲਦਾ ਹੈ। ਹਾਂ, ਧਾਰਮਿਕ ਪੱਧਰ 'ਤੇ ਜਿਵੇਂ ਹਰ ਸਾਲ ਗੁਰਦੁਆਰਿਆਂ ਵਿਚ ਮਨਾਏ ਜਾਂਦੇ ਹਨ, ਉਸ ਤਰ੍ਹਾਂ ਹੀ ਮਨਾਏ ਜਾਂਦੇ ਰਹੇ ਹੋਣਗੇ। ਐਤਕੀਂ ਆਜ਼ਾਦ ਭਾਰਤ (ਜੇ ਇਸ ਆਜ਼ਾਦੀ ਨੂੰ ਪੂਰਨ ਆਜ਼ਾਦੀ ਮੰਨ ਲਈਏ) ਵਿਚ



ਲੋਕ ਨਾਥ

ਪਹਿਲੀ ਵੇਰਾਂ ਕਿਸੇ ਮਹਾਂਪੁਰਖ/ਗੁਰੂ ਦਾ ਪ੍ਰਕਾਸ਼ ਉਤਸਵ ਮਨਾਇਆ ਜਾਣਾ ਸੀ। ਇਸ ਕਾਰਜ ਲਈ ਸਿੱਖ ਵਿਸ਼ੇਸ਼ ਤੌਰ 'ਤੇ ਬੜੇ ਉਤਸ਼ਾਹ ਵਿਚ ਸਨ।

ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਫਲਸਫੇ 'ਤੇ ਵੱਡਾ ਨਾਟਕ ਲਿਖਿਆ, 'ਸਭਿ ਕਿਛੁ ਹੋਤਿ ਉਪਾਇ।' ਨੌਵੇਂ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਵਿਚੋਂ ਇਹ ਨਾਮ ਲਿਆ ਗਿਆ। ਸਾਖੀਆਂ ਅਤੇ ਸਬੰਧਿਤ ਇਤਿਹਾਸਕ ਵੇਰਵਿਆਂ ਵਿਚੋਂ ਨਾਟਕ ਦੀ ਕਥਾ ਉਸਾਰੀ ਗਈ। ਮੈਨੂੰ ਤਾਂ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ (ਪੰਜਾਬੀ ਦੇ ਪਹਿਲੇ ਮੌਲਿਕ ਨਾਵਲ) ਦੀ ਕਥਾ ਵਿਚੋਂ ਵੀ ਪ੍ਰੇਰਨਾ ਲਈ ਪ੍ਰਤੀਤ ਹੁੰਦੀ ਹੈ।

ਫੁੱਲ ਉਹ ਨਾਟਕ ਲੇਖਕ ਸਨ ਜਿਨ੍ਹਾਂ ਸਿੱਖ ਧਰਮ ਬਾਰੇ ਨਾਟਕ ਲਿਖਣ ਦੀ ਪਹਿਲ ਕੀਤੀ। ਇਹ ਗੱਲ ਮੈਂ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਸਿੱਖ ਧਰਮ ਵਿਚ ਨਾਟਕ ਨੂੰ ਚੇਟਕ ਮੰਨਿਆ ਗਿਆ ਹੈ। ਸਿੱਖ ਧਰਮ ਵਿਚ ਨਾਇਕ ਨਾਲ ਸਬੰਧਤ ਨਾਟਕਾਂ ਦੇ ਲਿਖਣ ਜਾਂ ਉਨ੍ਹਾਂ ਦੀ ਪੇਸ਼ਕਾਰੀ ਦੀ ਮਨਾਹੀ ਹੈ। ਇਹ ਨਾਟਕ ਲਿਖ ਲਿਆ ਗਿਆ। ਹੁਣ ਇਸ ਨੂੰ ਮੰਚ 'ਤੇ ਪੇਸ਼ ਕਰਨ ਦੀ ਜ਼ਿੰਮੇਵਾਰੀ ਗੁਰਸ਼ਰਨ ਭਾਅ ਜੀ ਅਤੇ ਨਾਟਕ ਕਲਾ ਕੇਂਦਰ ਨੇ ਲੈ ਲਈ। ਇਹ ਪੇਸ਼ਕਾਰੀ ਸੌਖਾ ਤੇ ਸਹਿਜ ਕੰਮ ਨਹੀਂ ਸੀ। ਇਸ ਨੂੰ ਪੇਸ਼ ਕਰਨ ਤੋਂ ਪਹਿਲਾਂ ਸਿੱਖਾਂ ਦੀ ਸੰਸਥਾ ਸ਼੍ਰੋਮਣੀ ਕਮੇਟੀ ਤੋਂ ਆਗਿਆ ਲੈਣੀ ਜ਼ਰੂਰੀ ਸੀ। ਸੋ, ਪਹਿਲਾਂ ਸਿੱਖ ਬੁੱਧੀਜੀਵੀਆਂ/ਲੇਖਕਾਂ ਵਿਚ ਇਹ ਮਸਲਾ ਵਿਚਾਰਿਆ ਗਿਆ। ਨਾਟਕ ਦੀ ਸਕਰਿਪਟ ਸ਼੍ਰੋਮਣੀ ਕਮੇਟੀ ਦੇ ਆਗੂਆਂ ਨਾਲ ਵਿਚਾਰੀ ਗਈ। ਫੁੱਲ ਦੇ ਲਿਖੇ ਨਾਟਕ ਨਾਲ ਗੁਰਸ਼ਰਨ ਭਾਅ ਜੀ ਨੇ ਸਟੇਜ 'ਤੇ ਪੇਸ਼ ਕਰਨ ਵਾਲੀ ਸਕਰਿਪਟ ਮੁੜ ਲਿਖੀ। ਇਹ ਬਹੁਤ ਮੁਸ਼ਕਿਲ ਕਾਰਜ ਸੀ, ਪਰ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਆਗਿਆ ਮਿਲ ਗਈ। ਨੌਵੇਂ ਪਾਤਸ਼ਾਹ ਦੇ ਸ਼ਲੋਕ ਦੇ ਦੋ ਭਾਗਾਂ ਵਾਂਗ ਹੀ ਨਾਟਕ ਵਿਚ ਦੋ ਹਾਲਤਾਂ ਮੂਲ ਰੂਪ ਵਿਚ ਪੰਜਾਬੀ ਜਨ-ਜੀਵਨ ਨਾਲ ਜੋੜ ਕੇ ਪੇਸ਼ ਕਰਨ ਦਾ ਉਪਰਾਲਾ ਹੈ।

1. ਬਲੁ ਛੁਟਕਿਓ ਬੰਧਨ ਪੜੇ
ਕਛੂ ਨਾ ਹੋਤੁ ਉਪਾਇ
2. ਬਲੁ ਹੋਆ ਬੰਧਨ ਛੁਟੈ
ਸਭਿ ਕਿਛੁ ਹੋਤਿ ਉਪਾਇ

ਨਾਟਕ ਖੇਡਿਆ। ਇਹ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਦਿਨ ਸੀ। ਜ਼ਾਲਮ ਮੁਗਲ ਸਿਪਾਹ-ਸਲਾਰ ਦੇ ਪਾਤਰ ਦਾ ਰੋਲ ਸੁਖਦੇਵ ਪੰਡਤ ਕਰ ਰਿਹਾ ਸੀ। ਬਾਕੀ ਪਾਤਰ ਭਾਅ ਜੀ, ਭਾਬੀ ਜੀ, ਜਤਿੰਦਰ, ਬੁੱਧ ਸਿੰਘ, ਸੁਰੇਸ਼ ਪੰਡਤ ਤੇ ਹੋਰ ਸਾਰੇ ਸਨ। ਮੁਗਲ ਸੈਨਿਕ ਆਮ ਜਨਤਾ 'ਤੇ ਜ਼ੁਲਮ ਕਰਦੇ, ਧੀਆਂ-ਭੈਣਾਂ ਚੁੱਕ ਲੈ ਜਾਂਦੇ। ਅਜਿਹੇ ਦ੍ਰਿਸ਼ਾਂ ਵਿਚ ਜਦੋਂ ਸੁਖਦੇਵ ਨੇ ਮੰਚ 'ਤੇ ਐਂਟਰੀ ਲਈ ਅਤੇ ਖੌਫਨਾਕ ਹਾਸੇ ਨਾਲ ਮਾਸੂਮ ਲੜਕੀ ਵੱਲ ਦੇਖਿਆ ਤਾਂ ਅਚਾਨਕ ਦਰਸ਼ਕਾਂ ਵਿਚੋਂ ਪੂਰੀ ਤਰ੍ਹਾਂ ਸਜਿਆ ਫਬਿਆ ਨਿਹੰਗ ਸਿੰਘ ਬਰਛਾ ਲੈ ਕੇ ਸਟੇਜ 'ਤੇ ਚੜ੍ਹ ਗਿਆ। ਇਹ ਇੰਨਾ ਸਹਿਜ ਰੂਪ ਵਿਚ ਹੋਇਆ ਕਿ ਲੋਕਾਂ/ਦਰਸ਼ਕਾਂ ਲਈ ਇਹ ਐਂਟਰੀ ਨਾਟਕ ਦਾ ਹਿੱਸਾ ਹੀ ਜਾਪੀ ਪਰ ਕਲਾਕਾਰਾਂ ਨੇ ਬੜੀ ਹੁਸ਼ਿਆਰੀ ਨਾਲ ਉਸ ਨਿਹੰਗ ਸਿੰਘ ਉਪਰ ਕਾਬੂ ਪਾ ਲਿਆ। ਇਹ ਘਟਨਾ ਨਾਟਕ ਦੇ ਦਰਸ਼ਕਾਂ 'ਤੇ ਪ੍ਰਭਾਵ ਦੀ ਬਹੁਤ ਉਤਮ ਮਿਸਾਲ ਹੈ। ਇਹ ਨਾਟਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਪੇਸ਼ ਕੀਤੇ/ਖੇਡੇ ਨਾਟਕਾਂ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ।

ਉਪਰੰਤ 1969 ਵਿਚ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲ ਪ੍ਰਕਾਸ਼ ਉਤਸਵ ਆ ਗਿਆ। ਭਾਰਤ ਸਰਕਾਰ, ਪੰਜਾਬ ਸਰਕਾਰ, ਯੂਨੀਵਰਸਿਟੀਆਂ, ਸਿੱਖ ਜਨ ਸਮੂਹ ਵੱਲੋਂ ਇਸ ਨੂੰ ਜਿਸ ਉਤਸ਼ਾਹ ਨਾਲ ਮਨਾਇਆ ਗਿਆ, ਉਸ ਦੀ ਇਤਿਹਾਸ ਵਿਚ ਮਿਸਾਲ ਘੱਟ ਹੀ ਮਿਲਦੀ ਹੈ। ਗੁਰਦਿਆਲ ਸਿੰਘ ਫੁੱਲ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਸਮੇਂ ਨਾਲ ਸਬੰਧਤ ਵੱਡਾ ਨਾਟਕ 'ਜਿਨੁ ਸਚਿ ਪਲੈ ਹੋਇ' ਨਾਟਕ ਲਿਖਿਆ।



*ਨਾਟਕ ਦੇ ਇਕ ਦ੍ਰਿਸ਼ ਵਿਚ ਗੁਰਸ਼ਰਨ ਸਿੰਘ ਅਤੇ ਸਾਥੀ ਕਲਾਕਾਰ।*

ਇਹ ਨਾਟਕ ਵੀ ਸ਼੍ਰੋਮਣੀ ਕਮੇਟੀ ਵੱਲੋਂ ਵਿਚਾਰਿਆ ਗਿਆ। ਸਿੱਖ ਬੁੱਧੀਜੀਵੀਆਂ ਵੀ ਨਾਟਕ ਨੂੰ ਵਿਚਾਰਿਆ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਹੀ ਇਸ ਦੀ ਪੇਸ਼ਕਾਰੀ ਕੀਤੀ ਗਈ। ਇਸ ਵਿਚ ਦੋ ਬੱਚੇ ਪਾਤਰ ਹਨ, ਜੋ ਕਿਰਤੀ ਪਰਿਵਾਰ ਭਗਵਾਨ ਅਤੇ ਧੰਨ ਕੌਰ ਦੇ ਬੱਚੇ ਹਨ। ਇਸ ਨਾਟਕ ਵਿਚ ਸਾਰੀ ਗੱਲ ਭਗਵਾਨ ਦੇ ਕਿਰਤੀ ਜੀਵਨ, ਉਸ ਦੇ 'ਕਿਵੁ ਸਚਿਆਰਾ ਹੋਵੀਐ, ਕਿਵੁ ਕੂੜੈ ਤੁਟੈ ਪਾਲਿ' ਵਾਲੀ ਸਚਿਆਰ ਦੇ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਨਾਲ ਜੁੜਨ ਤੇ ਉਸ ਅਨੁਸਾਰ ਜੀਵਨ ਜੀਣ ਦੀਆਂ ਘਟਨਾਵਾਂ ਨੂੰ ਨਾਟਕ ਰਾਹੀਂ ਬਾਖੂਬੀ ਪੇਸ਼ ਕੀਤਾ ਗਿਆ। ਪਹਿਲਾਂ ਪਹਿਲ ਮੇਰਾ ਰੋਲ ਬੱਚੇ ਦਾ ਸੀ। ਨਾਟਕ ਬਹੁਤ ਸਫਲਤਾ ਨਾਲ ਅੰਮ੍ਰਿਤਸਰ ਓਪਨ ਏਅਰ ਥੀਏਟਰ ਵਿਚ ਖੇਡਿਆ ਗਿਆ। ਇਸ ਨਾਟਕੀ ਪੇਸ਼ਕਾਰੀ ਨੂੰ ਦੇਖਣ ਲਈ ਸਿੱਖ ਧਰਮ ਨਾਲ ਸਬੰਧਤ ਬਹੁਤ ਸਾਰੀਆਂ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਪੰਜਾਬ ਦੇ ਲੇਖਕ, ਰੰਗਮੰਚ ਨਾਲ ਸਬੰਧਤ ਲੋਕ ਹੁੰਮ-ਹੁਮਾ ਕੇ ਪਹੁੰਚੇ ਤੇ ਇਸ ਪੇਸ਼ਕਾਰੀ ਦੀ ਵੱਡੀ ਸਫਲਤਾ ਲਈ ਭਾਅ ਜੀ ਗੁਰਸ਼ਰਨ ਤੇ ਕਲਾ ਕੇਂਦਰ ਦੇ ਕਲਾਕਾਰਾਂ ਨੂੰ ਵਧਾਈ ਦਿੱਤੀ।

ਫਿਰ ਸ਼ੁਰੂ ਹੋਇਆ ਇਸ ਨਾਟਕ ਨੂੰ ਵੱਖ-ਵੱਖ ਸ਼ਹਿਰਾਂ, ਕਸਬਿਆਂ, ਯੂਨੀਵਰਸਿਟੀਆਂ/ਕਾਲਜਾਂ, ਗੁਰਦੁਆਰਿਆਂ ਤੇ ਸਭ ਤੋਂ ਵੱਧ ਪੰਜਾਬ ਦੇ ਪਿੰਡਾਂ ਵਿਚ ਪੇਸ਼ ਕਰਨ ਦਾ ਦੌਰ। ਇਸ ਇਤਿਹਾਸਕ ਕਾਲ ਖੰਡ (1969 ਤੋਂ) ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਿਚ ਇਤਿਹਾਸਕ ਤਬਦੀਲੀ ਆਉਣੀ ਸ਼ੁਰੂ ਹੋ ਗਈ। ਕੁਝ ਕਲਾਕਾਰ ਜੋ ਵਿਚਾਰਧਾਰਕ ਤੌਰ 'ਤੇ ਭਾਅ ਜੀ ਨਾਲ ਸਹਿਮਤ ਨਹੀਂ ਸਨ (ਮੇਰੀ ਜਾਣਕਾਰੀ ਮੁਤਾਬਕ ਰਾਜ ਕੁਮਾਰ, ਮਹਿਤਾ, ਚੋਪੜਾ, ਵਾਲੀਆ ਵਰਗੇ ਕਲਾਕਾਰ) ਨਾਟਕ ਕਲਾ ਕੇਂਦਰ ਤੋਂ ਵੱਖ ਹੋ ਗਏ। ਵੱਖ ਹੋਣ ਦਾ ਮਤਲਬ, ਉਨ੍ਹਾਂ ਨਾਟਕ ਖੇਡਣ ਨਾਲੋਂ ਆਪਣਾ ਸਬੰਧ ਤੋੜ ਲਿਆ। ਇਹ ਸਭ ਕੁਝ ਜਦੋਂ ਵਾਪਰ ਰਿਹਾ ਸੀ, ਮੈਂ ਨਿਜੀ ਤੌਰ 'ਤੇ ਨਾਟਕ ਕਲਾ ਕੇਂਦਰ ਨਾਲ ਵਧੇਰੇ ਜੁੜ ਰਿਹਾ ਸੀ। ਭਾਅ ਜੀ ਹੁਰਾਂ ਮੇਰੀਆਂ ਕਮਜ਼ੋਰੀਆ ਨੂੰ ਜਾਣ ਲਿਆ ਸੀ। ਮੇਰੇ ਝੂਠ ਬੋਲਣ, ਪੜ੍ਹਾਈ ਛੱਡਣ ਬਾਰੇ ਘਰ ਵਾਲਿਆਂ ਤੋਂ ਵਧੇਰੇ ਭਾਅ ਜੀ ਨੂੰ ਪਤਾ ਸੀ। ਮੈਂ ਹੌਲੀ-ਹੌਲੀ ਨਾਟਕ ਖੇਡਣ ਦੇ ਨਾਲ-ਨਾਲ ਰਾਜਨੀਤਕ ਸਰਗਰਮੀ ਵੱਲ ਵੀ ਸਰਗਰਮ ਹੋ ਗਿਆ ਸਾਂ। ਪਤਾ ਨਹੀਂ, ਇਹ ਮੇਰੀ ਮਜਬੂਰੀ ਸੀ ਜਾਂ ਭਾਅ ਜੀ ਦੇ ਨੇੜੇ ਹੋਣਾ ਤੇ 'ਜਿਨੁ ਸਚਿ ਪਲੈ ਹੋਇ' ਨਾਟਕ ਦੀ ਛੋਟੀ ਟੀਮ ਦਾ ਮੈਂਬਰ ਹੋਣ ਕਾਰਨ ਹੋ ਰਿਹਾ ਸੀ। ਮੈਂ ਭਾਅ ਜੀ ਕਾਰਨ ਅਮਰਜੀਤ ਚੰਦਨ, ਹਰਭਜਨ ਹਲਵਾਰਵੀ ਆਦਿ ਦੇ ਸੰਪਰਕ ਵਿਚ ਆ ਗਿਆ। ਨਾਟਕ ਖੇਡਦਾ-ਖੇਡਦਾ ਮੈਂ ਕਾਮਰੇਡ ਬਣ ਗਿਆ ਸਾਂ।

ਗੁਰਸ਼ਰਨ ਭਾਅ ਜੀ ਸ਼ੁਰੂ ਤੋਂ ਹੀ ਕਮਿਊਨਿਸਟ ਪਾਰਟੀ ਨਾਲ ਜੁੜੇ ਹੋਏ ਸਨ ਸਗੋਂ ਪਾਰਟੀ ਨਾਲੋਂ ਵਧੇਰੇ ਉਹ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜੇ ਹੋਏ ਸਨ। ਮੇਰੀ ਸਮਝ ਅਨੁਸਾਰ ਉਨ੍ਹਾਂ ਮਾਰਕਸਵਾਦੀ ਪ੍ਰਭਾਵ ਅਧੀਨ ਸੱਚੇ-ਸੁੱਚੇ ਕਾਮਰੇਡ ਦੇ ਜੀਵਨ ਨੂੰ ਪੂਰੀ ਜ਼ਿੰਦਗੀ ਜੀਵਿਆ। ਮੇਰੇ ਉਪਰ ਭਾਅ ਜੀ ਦੀ ਇਸ ਜੀਵਨ ਸ਼ੈਲੀ ਨੂੰ ਅਪਨਾਉਣ ਦਾ ਬਹੁਤ ਪ੍ਰਭਾਵ ਹੈ। ਉਹ ਮੇਰਾ ਆਦਰਸ਼ ਹਨ ਤੇ ਰਹਿਣਗੇ। ਭਾਅ ਜੀ ਕੋਲ ਨਕਸਲੀ ਮੂਵਮੈਂਟ ਨਾਲ ਜੁੜੇ ਕਾਮਰੇਡ ਆਉਂਦੇ, ਪੰਜਾਬ ਦੇ ਸਕੱਤਰ ਕਾਮਰੇਡ ਹਾਕਮ ਸਿੰਘ ਸਮਾਓਂ ਨੂੰ ਮੈਂ ਅੰਮ੍ਰਿਤਸਰ ਹੀ ਮਿਲਿਆ ਸਾਂ। ਬਜ਼ੁਰਗ ਲੇਖਕਾਂ ਵਿਚੋਂ ਹੰਸ ਰਾਜ ਰਹਿਬਰ ਵੀ ਇਕ ਵੇਰਾਂ ਅੰਮ੍ਰਿਤਸਰ ਆਏ। ਮੈਨੂੰ ਉਨ੍ਹਾਂ ਨਾਲ ਰਹਿਣ ਦਾ ਅਵਸਰ ਵੀ ਭਾਅ ਜੀ ਨੇ ਦਿੱਤਾ।

ਕੇਂਦਰ ਨਾਲ ਜੁੜੀ ਵੱਡੀ ਕਲਾਕਾਰ ਜਤਿੰਦਰ ਭੈਣ ਜੀ ਦਾ ਵੀ ਬਹੁਤ ਸਤਿਕਾਰ ਕਰਦੇ ਸਨ ਸਾਰੇ ਕਲਾਕਾਰ। ਉਨ੍ਹਾਂ ਦੇ ਪਤੀ ਸਨ ਸੁਰਿੰਦਰ, ਕਾਮਰੇਡ ਸੁਰਿੰਦਰ ਸਿੰਘ। ਉਹ ਪੁਰਾਣੇ ਕਾਮਰੇਡ ਸਨ ਤੇ ਤੇਜਾ ਸਿੰਘ ਸੁਤੰਤਰ ਹੋਰਾਂ ਨਾਲ ਕਿਸੇ ਸਮੇਂ ਰਹੇ ਸਨ। ਉਨ੍ਹਾਂ ਦਾ ਸਟੇਸ਼ਨ ਦੇ ਸਾਹਮਣੇ ਹੋਟਲ 'ਤੇ ਬੀਅਰ ਬਾਰ ਸੀ। ਅਕਸਰ ਜਦੋਂ ਕੋਈ ਕਾਮਰੇਡ ਆਉਂਦਾ ਤਾਂ ਭਾਅ ਜੀ ਮੇਰੀ ਡਿਊਟੀ ਉਨ੍ਹਾਂ ਨੂੰ ਰੋਟੀ ਖੁਆਉਣ ਦੀ ਲਗਾ ਦਿੰਦੇ। ਮੈਂ ਨਾਲ ਤੁਰਿਆ ਫਿਰਦਾ। ਦਾਅ ਲਗਦਾ ਤਾਂ ਆਪਣੀ ਕਚ-ਘਰੜ ਕਵਿਤਾ ਵੀ ਸੁਣਾ ਦਿੰਦਾ। ਉਨ੍ਹਾਂ ਦੀਆਂ ਗੱਲਾਂ ਸੁਣਦਾ। ਇਸ ਤਰ੍ਹਾਂ ਮੈਂ ਨਕਸਲੀਆਂ ਦੇ ਅੱਧ-ਪਚੱਧਾ ਸੰਪਰਕ ਵਿਚ ਸਾਂ।

# ਜਿਸਮਾਨੀ ਅਤੇ ਰੂਹਾਨੀ ਭਗਤੀ ਦਾ ਸੁਮੇਲ ਹੈ 'ਰੋਜ਼ਾ'

ਖੁਦਾ ਨੇ ਆਪਣੇ ਬੰਦਿਆਂ ਲਈ ਜਿਨ੍ਹਾਂ ਅਸੂਲਾਂ 'ਤੇ ਚੱਲਣ ਲਈ ਪੈਗੰਬਰਾਂ ਅਤੇ ਨਬੀਆਂ ਤੇ ਕੁਰਾਨ-ਮਜੀਦ ਰਾਹੀਂ ਦਿਸ਼ਾ ਨਿਰਦੇਸ਼ ਅਤੇ ਆਪਣੇ ਵਲੋਂ ਹੁਕਮ ਦਿੱਤੇ ਹਨ ਅਤੇ ਜਿਨ੍ਹਾਂ ਇਬਾਦਤਾਂ ਬਾਕਾਇਦਾ ਰੋਜ਼ਾਨਾ ਜੀਵਨ 'ਚ ਕਰਦੇ ਰਹਿਣ ਲਈ ਤਾਕੀਦ ਕੀਤੀ ਹੈ, ਯਕੀਨਨ ਉਨ੍ਹਾਂ ਸਭਨਾਂ ਵਿਚ ਸਮੁੱਚੀ ਮਨੁਖਤਾ ਲਈ ਭਲਾਈ ਤੇ ਸੁੱਖ-ਸ਼ਾਂਤੀ ਦੇ ਰਾਜ਼ ਛੁਪੇ ਹਨ। ਜੇ ਅਸੀਂ ਗੰਭੀਰਤਾ ਨਾਲ ਉਨ੍ਹਾਂ 'ਤੇ ਸੋਚ ਵਿਚਾਰ ਕਰੀਏ ਤਾਂ ਸਾਡੀਆਂ ਅੱਖਾਂ 'ਤੇ ਪਏ ਗਫਲਤ ਪਰਦੇ ਦੂਰ ਹੋ ਸਕਦੇ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਹਨ। ਨਾਲ ਹੀ ਸਾਡੇ ਮਨਾਂ 'ਚ ਉਪਜਣ ਵਾਲੇ ਬਹੁਤ ਸਾਰੇ ਸ਼ੰਕੇ ਦੂਰ ਹੋ ਸਕਦੇ ਹਨ।

ਦਰਅਸਲ ਇਸਲਾਮ ਧਰਮ ਦੀ ਬੁਨਿਆਦ ਮੂਲ ਰੂਪ 'ਚ ਪੰਜ ਸਿਧਾਂਤਾਂ-ਕਲਮਾ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ 'ਤੇ ਕਾਇਮ ਹੈ ਭਾਵ ਕਿਸੇ ਮੁਸਲਮਾਨ ਅਰਥਾਤ ਇਸਲਾਮ ਦੇ ਪੈਰੋਕਾਰ ਦਾ ਈਮਾਨ ਉਦੋਂ ਤੱਕ ਮੁਕੰਮਲ ਨਹੀਂ ਸਮਝਿਆ ਜਾਂਦਾ, ਜਦੋਂ ਤੱਕ ਉਹ ਇਨ੍ਹਾਂ ਅਸੂਲਾਂ ਦੀ ਸੱਚੇ ਦਿਲੋਂ ਪੈਰਵੀ ਨਹੀਂ ਕਰਦਾ।

ਇਸ ਤੋਂ ਪਹਿਲਾਂ ਕਿ ਰਮਜ਼ਾਨ ਮਹੀਨੇ ਰੱਖੇ ਜਾਂਦੇ ਰੋਜ਼ਿਆਂ ਦੇ ਜਿਸਮਾਨੀ ਅਤੇ ਰੂਹਾਨੀ ਫਾਇਦਿਆਂ ਦੀ ਗੱਲ ਕਰੀਏ, ਆਉ 'ਰੋਜ਼ੇ' ਦੇ ਨਾਲ ਨਾਲ ਸੰਖੇਪ ਰੂਪ 'ਚ ਇਨ੍ਹਾਂ ਚਾਰਾਂ ਬਾਰੇ ਵੀ ਥੋੜ੍ਹੀ-ਥੋੜ੍ਹੀ ਜਾਣਕਾਰੀ ਹਾਸਲ ਕਰੀਏ।

ਕਲਮਾ ਦਾ ਅਰਥ ਹੈ, ਰੱਬ ਇੱਕੋ ਹੈ, ਉਸ ਦਾ ਕੋਈ ਸ਼ਰੀਕ ਨਹੀਂ। ਉਸ ਰੱਬ ਤੋਂ ਬਿਨਾ ਕੋਈ ਵੀ ਇਬਾਦਤ ਕਰਨ ਜਾਂ ਬੰਦਗੀ ਦੇ ਲਾਇਕ ਨਹੀਂ ਹੈ ਅਤੇ ਮੁਹੰਮਦ ਉਸ ਦੇ ਰਸੂਲ ਭਾਵ ਸੱਚੇ ਪੈਗੰਬਰ ਹਨ।

ਦੂਜੀ ਹੈ, ਨਮਾਜ਼। ਜਦ ਕੋਈ ਬੰਦਾ ਸੱਚੇ ਦਿਲੋਂ ਕਲਮਾ ਪੜ੍ਹਦਾ ਹੈ ਭਾਵ ਇੱਕ ਰੱਬ ਹੋਣ ਦਾ ਦਿਲੋਂ ਇਕਰਾਰ ਕਰਦਾ ਹੈ ਤਾਂ ਇੱਕ ਦਿਨ ਵਿਚ ਪੰਜ ਨਮਾਜ਼ਾਂ ਨਿਸ਼ਚਿਤ ਸਮੇਂ 'ਤੇ ਪੜ੍ਹਨਾ ਉਸ ਦਾ ਫਰਜ਼ ਹੈ।

ਇਸੇ ਤਰ੍ਹਾਂ 'ਜ਼ਕਾਤ' ਉਨ੍ਹਾਂ ਮਾਲਦਾਰ ਲੋਕਾਂ ਦਾ ਫਰਜ਼ ਹੈ, ਜਿਨ੍ਹਾਂ ਪਾਸ ਸਾਢੇ ਬਵੰਜਾ ਤੋਲੇ ਚਾਂਦੀ ਜਾਂ ਇਸ ਦੀ ਕੀਮਤ ਬਰਾਬਰ ਰੁਪਿਆ ਪੈਸਾ ਹੋਵੇ ਜਾਂ ਸਾਢੇ ਸੱਤ ਤੋਲੇ ਸੋਨਾ ਜਾਂ ਇਸ ਦੇ ਬਰਾਬਰ ਨਕਦੀ ਹੋਵੇ ਜਾਂ ਚਾਂਦੀ ਤੇ ਸੋਨੇ ਦੋਵਾਂ ਦੀ ਸਮੁਚੀ ਕੀਮਤ ਸਾਢੇ ਬਵੰਜਾ ਤੋਲੇ ਚਾਂਦੀ ਦੇ ਬਰਾਬਰ ਹੋਵੇ ਜਾਂ ਇਸ ਤੋਂ ਵੱਧ ਚਾਂਦੀ ਜਾਂ ਨਕਦੀ ਹੋਣ। ਇਸ ਸੂਰਤ 'ਚ ਜ਼ਕਾਤ ਅਦਾ ਕਰਨਾ ਵਾਜਿਬ ਹੈ ਭਾਵ ਉਹ ਸਾਲ ਗੁਜ਼ਰਨ 'ਤੇ ਆਪਣੀ ਇਸ ਮਲਕੀਅਤ 'ਚੋਂ ਢਾਈ ਪ੍ਰਤੀਸ਼ਤ ਦੇ ਹਿਸਾਬ ਜ਼ਕਾਤ ਗਰੀਬਾਂ 'ਚ ਵੰਡੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜ਼ਕਾਤ ਅਦਾ ਕਰਦਿਆਂ ਵਿਖਾਵਾ ਨਾ ਕੀਤਾ ਜਾਵੇ। ਕਿਸੇ ਲੋੜਵੰਦ ਗਰੀਬ ਨੂੰ ਜ਼ਕਾਤ ਇਸ ਤਰੀਕੇ ਨਾਲ ਦਿੱਤੀ ਜਾਵੇ ਕਿ ਜੇ ਅਸੀਂ ਇੱਕ ਹੱਥ ਨਾਲ ਜ਼ਕਾਤ ਦਈਏ ਤਾਂ ਦੂਜੇ ਹੱਥ ਨੂੰ ਵੀ ਪਤਾ ਨਾ ਲੱਗੇ।

ਇਸੇ ਤਰ੍ਹਾਂ ਹਰ ਸਾਹਿਬ-ਏ-ਦੌਲਤ ਮੁਸਲਮਾਨ ਭਾਵ ਹੱਜ ਦੇ ਸਫਰ ਦਾ ਖਰਚਾ ਚੁੱਕਣ ਵਾਲੇ ਦਾ ਪੂਰੇ ਜੀਵਨ 'ਚ ਇੱਕ ਵਾਰ 'ਹੱਜ' ਕਰਨਾ ਫਰਜ਼ ਹੈ।

ਹੁਣ ਅਸੀਂ ਗੱਲ ਕਰਦੇ ਹਾਂ ਰਮਜ਼ਾਨ ਮਹੀਨੇ ਰੱਖੇ ਜਾਂਦੇ ਰੋਜ਼ਿਆਂ ਦੀ। ਰੋਜ਼ਾ ਜਿਸਮਾਨੀ ਇਬਾਦਤ ਦੇ ਨਾਲ ਰੂਹਾਨੀ ਇਬਾਦਤ ਦਾ ਨਾਮ ਹੈ। ਇਸ ਸੰਦਰਭ 'ਚ ਕੁਰਾਨ ਮਜੀਦ 'ਚ ਅੱਲ੍ਹਾ ਪਾਕ ਫੁਰਮਾਉਂਦੇ ਹਨ ਕਿ ਐ ਈਮਾਨ ਵਾਲਿਉ! ਤੁਹਾਡੇ 'ਤੇ ਉਸੇ ਤਰ੍ਹਾਂ ਰੋਜ਼ੇ ਫਰਜ਼ ਕੀਤੇ ਗਏ ਹਨ ਜਿਵੇਂ ਤੁਹਾਡੇ ਤੋਂ ਪਹਿਲੇ ਲੋਕਾਂ 'ਤੇ ਫਰਜ਼ ਕੀਤੇ ਗਏ ਸਨ ਤਾਂ ਕਿ ਤੁਸੀਂ ਪਰਹੇਜ਼ਗਾਰ (ਹਰ ਕਿਸਮ ਦੀਆਂ ਬੁਰਾਈਆਂ ਤੋਂ ਬਚਣ ਵਾਲੇ) ਬਣੋ। ਇੱਕ ਹੋਰ ਥਾਂ ਅੱਲ੍ਹਾ ਪਾਕ ਫੁਰਮਾਉਂਦੇ ਹਨ, ਰੋਜ਼ਾ ਮੇਰੇ ਲਈ ਹੈ ਅਤੇ ਮੈਂ ਹੀ ਇਸ ਦੀ ਜਜ਼ਾ ਭਾਵ ਇਨਾਮ ਦੇਵਾਂਗਾ ਜਦ ਕਿ ਹਜ਼ਰਤ ਮੁਹੰਮਦ ਫੁਰਮਾਉਂਦੇ ਹਨ ਕਿ ਰੋਜ਼ਾ ਨਰਕ ਦੀ ਅੱਗ ਤੋਂ ਉਸੇ ਤਰ੍ਹਾਂ ਢਾਲ ਹੈ ਜਿਵੇਂ ਤੁਹਾਡੇ ਕੋਲ ਜੰਗ ਦੀ ਢਾਲ ਹੋਵੇ।

ਰੋਜ਼ਾ ਸੂਰਜ ਨਿਕਲਣ ਤੋਂ ਸਵਾ-ਡੇਢ ਘੰਟਾ ਪਹਿਲਾਂ ਰੱਖਿਆ ਜਾਂਦਾ ਹੈ ਭਾਵ ਪਹੁ-ਫੁੱਟਣ ਤੋਂ ਪਹਿਲਾਂ ਪਹਿਲਾਂ ਰੋਜ਼ੇਦਾਰ ਨੂੰ ਲੋੜ ਅਨੁਸਾਰ ਖਾ-ਪੀ ਲੈਣਾ ਚਾਹੀਦਾ ਹੈ। ਸਰਘੀ ਵੇਲੇ ਦੇ ਇਸ ਖਾਣੇ ਨੂੰ ਸਿਹਰੀ ਆਖਦੇ ਹਨ। ਸਿਹਰੀ ਕਰਨਾ ਸੁੰਨਤ ਹੈ (ਬਾਕੀ ਸਿਹਰੀ ਬਹੁਤ ਬਰਕਤਾਂ ਨਾਲ ਭਰਪੂਰ ਹੁੰਦੀ ਹੈ)। ਸੁੰਨਤ ਉਸ ਕੰਮ ਨੂੰ ਕਿਹਾ ਜਾਂਦਾ ਹੈ ਜੋ ਕੰਮ ਹਜ਼ਰਤ ਮੁਹੰਮਦ ਨੇ ਆਪਣੇ ਜੀਵਨ 'ਚ ਕੀਤਾ ਹੋਵੇ ਅਤੇ ਲੋਕਾਂ ਨੂੰ ਉਹ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਹੋਵੇ।

ਰੋਜ਼ਾ ਰੱਖਣ ਦੀ ਹਾਲਤ 'ਚ ਰੋਜ਼ੇਦਾਰ ਪੂਰਾ ਦਿਨ ਕੁਝ ਨਹੀਂ ਖਾਂਦਾ-ਪੀਂਦਾ। ਸੂਰਜ ਛਿਪਣ ਪਿਛੋਂ ਹੀ ਰੋਜ਼ਾ ਖੋਲ੍ਹਿਆ ਜਾਂਦਾ ਹੈ। ਰੋਜ਼ਾ ਖਜੂਰ ਨਾਲ ਖੋਲ੍ਹਣਾ ਸੁੰਨਤ ਅਤੇ ਅਫਜ਼ਲ ਹੈ। ਖਜੂਰ ਕਾਰਬੋਹਾਈਟਰੇਡ ਭਰਪੂਰ ਗਿਜ਼ਾ ਹੈ, ਇਹ ਸਾਡੇ ਖਾਲੀ ਪੇਟ ਨੂੰ ਦੂਜਾ ਖਾਣਾ ਹਜ਼ਮ ਕਰਨ ਤੇ ਮੈਦੇ ਨੂੰ ਤਾਕਤ ਦੇਣ ਦੇ ਨਾਲ ਭੋਜਨ ਕਰਨ ਦੇ ਯੋਗ ਬਣਾਉਂਦੀ ਹੈ ਅਤੇ ਜਿਸਮ ਨੂੰ ਤਾਕਤ ਦਿੰਦੀ ਹੈ।

ਰੋਜ਼ਿਆਂ ਦੌਰਾਨ ਪੰਜ ਫਰਜ਼ ਨਮਾਜ਼ਾਂ ਤੋਂ ਬਿਨਾ ਇਸ਼ਾ ਦੀ ਨਮਾਜ਼ ਪਿਛੋਂ ਵਿਸ਼ੇਸ਼ ਰੂਪ ਵਿਚ ਮਸਜਿਦਾਂ ਵਿਚ ਤਰਾਵੀਹ ਦੀ ਨਮਾਜ਼ ਅਦਾ ਕਰਨ ਦਾ ਅਹਿਤਰਾਮ ਕੀਤਾ ਜਾਂਦਾ ਹੈ। ਇਸ ਦੌਰਾਨ ਹਾਫਿਜ਼ਾਂ ਦੀ ਜ਼ੁਬਾਨੀ ਮੁਸਲਮਾਨ ਪੂਰਾ ਕੁਰਾਨ ਸੁਣਦੇ ਹਨ।

ਰੋਜ਼ਾ ਕੇਵਲ ਪੂਰਾ ਦਿਨ ਭੁੱਖੇ ਰਹਿਣ ਦਾ ਨਾਂ ਨਹੀਂ, ਸਗੋਂ ਇਸ ਦੌਰਾਨ ਸਰੀਰ, ਦਿਲ-ਓ-ਦਿਮਾਗ ਅਤੇ ਇਨਸਾਨ ਦੇ ਇਖਲਾਕ 'ਚੋਂ ਰੋਜ਼ੇ ਦੀ ਝਲਕ ਪ੍ਰਤੱਖ ਰੂਪ 'ਚ ਦਿਸਣੀ ਚਾਹੀਦੀ ਹੈ। ਰੋਜ਼ੇ ਦੌਰਾਨ ਜਿੱਥੇ ਖਾਣ-ਪੀਣ ਦੀ ਮਨਾਹੀ ਹੈ, ਉਥੇ ਹਮ-ਬਿਸਤਰੀ ਦੀ ਵੀ ਮਨਾਹੀ ਹੈ। ਅੱਖਾਂ ਦਾ ਵੀ ਰੋਜ਼ਾ ਹੈ ਕਿ ਅਸੀਂ ਕੋਈ ਮੰਦੀ ਚੀਜ਼ ਨਹੀਂ ਵੇਖਣੀ। ਕੰਨਾਂ ਦਾ ਰੋਜ਼ਾ ਹੈ ਕਿ ਕਿਸੇ ਦੀ ਚੁਗਲੀ ਨਿੰਦਿਆ ਨਹੀਂ ਸੁਣਨੀ ਤੇ ਨਾ ਹੀ ਕੋਈ ਹੋਰ ਕੁਰਾਹੇ ਪਾਉਣ ਵਾਲੀਆਂ ਆਵਾਜ਼ਾਂ ਸੁਣਨੀਆਂ ਹਨ। ਜ਼ਬਾਨ ਦਾ ਰੋਜ਼ਾ ਹੈ ਕਿ ਅਸੀਂ ਕਿਸੇ ਨੂੰ ਮੰਦਾ ਨਹੀਂ ਬੋਲਣਾ ਅਤੇ ਨਾ ਹੀ ਕਿਸੇ ਦੀ ਚੁਗਲੀ ਨਿੰਦਿਆ ਕਰਨੀ ਹੈ। ਹੱਥਾਂ-ਪੈਰਾਂ ਦਾ ਰੋਜ਼ਾ ਹੈ ਕਿ ਅਸੀਂ ਕੋਈ ਮਾੜਾ ਕੰਮ ਨਹੀਂ ਕਰਨਾ ਅਤੇ ਪੈਰਾਂ ਨਾਲ ਕਿਸੇ ਵੀ ਮਾੜੀ ਚੱਲ ਕੇ ਨਹੀਂ ਜਾਣਾ। ਕਿਸੇ ਨਾਲ ਬੇਇਮਾਨੀ ਜਾਂ ਠੱਗੀ ਨਹੀਂ ਮਾਰਨੀ। ਕਿਸੇ ਨਾਲ ਲੜਨਾ ਨਹੀਂ, ਜੇ ਕੋਈ ਲੜੇ, ਤਾਂ ਵੀ ਇਹੋ ਕਹਿਣਾ ਹੈ ਕਿ ਮੈਂ ਤਾਂ ਰੋਜ਼ੇ ਨਾਲ ਹਾਂ।

ਰੋਜ਼ੇ ਰੱਖਣ ਦੇ ਇਨਸਾਨ ਨੂੰ ਜਿਥੇ ਬਹੁਤ ਸਾਰੇ ਰੂਹਾਨੀ ਫਾਇਦੇ ਹਨ ਅਤੇ ਇਕ ਮੁਸਲਮਾਨ ਨੂੰ ਸੱਚੇ-ਸੁੱਚੇ ਰਹਿਣ, ਨੇਕ ਕੰਮ ਕਰਨ ਅਤੇ ਬੁਰੇ ਕੰਮਾਂ ਤੋਂ ਬਚਣ ਦੀ ਪ੍ਰੇਰਣਾ ਮਿਲਦੀ ਹੈ।

ਇਸ ਦੇ ਬੇ-ਸ਼ੁਮਾਰ ਜਿਸਮਾਨੀ ਫਾਇਦੇ ਵੀ ਹਨ। ਸਾਡਾ ਸਰੀਰ ਇੱਕ ਮਸ਼ੀਨ ਵਾਂਗ ਹੈ ਜਿਵੇਂ ਕੰਮ ਕਰਦਿਆਂ ਮਸ਼ੀਨਾਂ ਗਰਮ ਹੋ ਜਾਂਦੀਆਂ ਜਾਂ ਥੱਕ ਜਾਂਦੀਆਂ ਹਨ, ਉਸੇ ਤਰ੍ਹਾਂ ਸਾਡਾ ਸਰੀਰ ਵੀ ਨਿਰੰਤਰ ਕੰਮ ਕਰਦਾ ਥੱਕ ਜਾਂਦਾ ਹੈ ਤੇ ਸਿਹਤ ਖਰਾਬ ਹੋਣ ਦਾ ਡਰ ਹੁੰਦਾ ਹੈ। ਜਦ ਅਸੀਂ ਰਮਜ਼ਾਨ ਮਹੀਨੇ ਰੋਜ਼ੇ ਰੱਖਦੇ ਹਾਂ ਤਾਂ ਸਾਡੇ ਸਰੀਰ ਦੇ ਹਿਸਿਆਂ ਨੂੰ ਆਰਾਮ ਮਿਲਦਾ ਹੈ ਜਿਸ ਨਾਲ ਸਾਡੇ ਸਰੀਰ ਦੇ ਵੱਖ ਅੰਦਰੂਨੀ ਅੰਗ ਤਰੋ-ਤਾਜ਼ਗੀ ਮਹਿਸੂਸ ਕਰਦੇ ਹਨ।

ਰੋਜ਼ਾ ਰੱਖਣ ਨਾਲ ਬਲੱਡ ਪ੍ਰੈਸ਼ਰ ਤੋਂ ਵੀ ਰਾਹਤ ਮਿਲਦੀ ਹੈ ਕਿਉਂਕਿ ਰੋਜ਼ੇ ਦੌਰਾਨ ਖੂਨ ਦੇ ਵਹਾਉ ਦੀ ਰਫਤਾਰ ਮੁਨਾਸਿਬ ਹੋ ਜਾਂਦੀ ਹੈ। ਰੋਜ਼ਾ ਰੱਖਣ ਨਾਲ ਹੱਡੀਆਂ ਦੇ ਗੁੱਦੇ ਵਿਚ ਸਰੀਰ ਦੀ ਲੋੜ ਅਨਸਾਰ ਖੂਨ ਦੇ ਨਵੇਂ ਖੁਲੀਏ ਬਣਦੇ ਹਨ।

ਕਈ ਖੋਜ ਰਿਪੋਰਟਾਂ ਅਨੁਸਾਰ ਘੱਟ ਭੋਜਨ ਕਰਨਾ ਜਾਂ ਦੇਰ ਤੱਕ ਖਾਧੇ-ਪੀਤੇ ਬਿਨਾ ਰਹਿਣਾ ਨਾ ਸਿਰਫ ਵਜ਼ਨ ਘਟਾਉਣ ਲਈ ਬਹੁਤ ਲਾਹੇਵੰਦ ਹੈ ਸਗੋਂ ਖੂਨ ਦੇ ਵਹਾਉ ਨੂੰ ਵੀ ਸਹੀ ਰੱਖ ਕੇ ਬਲੱਡ ਪ੍ਰੈਸ਼ਰ ਤੇ ਕੌਲਿਸਟਰੌਲ ਤੋਂ ਪੀੜਤ ਮਰੀਜ਼ਾਂ ਨੂੰ ਆਰਾਮ ਦਿੰਦਾ ਹੈ ਅਤੇ ਉਨ੍ਹਾਂ ਦੀ ਸਿਹਤ ਠੀਕ ਰਹਿੰਦੀ ਹੈ।

ਰੋਜ਼ਾ ਇਕ ਅਜਿਹਾ ਅਭਿਆਸ ਹੈ ਜੋ ਮਨੁੱਖ ਨੂੰ ਸਬਰ, ਸੰਤੋਖ, ਦਿਆਲਤਾ, ਸਹਿਜ, ਨੇਕੀ ਆਦਿ ਵੱਡਮੁੱਲੇ ਗੁਣਾਂ ਦਾ ਧਾਰਨੀ ਬਣਾਉਂਦਾ ਹੈ। ਅੰਤ 'ਚ ਇਹੋ ਕਿਹਾ ਜਾ ਸਕਦਾ ਹੈ ਕਿ ਰੋਜ਼ਾ ਇੱਕ ਅਜਿਹੀ ਇਬਾਦਤ, ਅਰਾਧਨਾ ਅਤੇ ਭਗਤੀ ਹੈ ਜੋ ਮਨੁੱਖ ਨੂੰ ਅਸਲੀ ਅਰਥਾਂ ਵਿਚ ਇਨਸਾਨੀਅਤ ਦਾ ਸਬਕ ਦਿੰਦਿਆਂ ਰੱਬ ਦੇ ਬਹੁਤ ਨੇੜੇ ਲੈ ਜਾਂਦੀ ਹੈ।

# ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੀ ਮੀਟਿੰਗ 'ਚ ਅਹਿਮ ਵਿਚਾਰਾਂ

**ਨਿਊ ਯਾਰਕ (ਬਿਊਰੋ):** ਹਰ ਸਾਲ ਦੀ ਤਰ੍ਹਾਂ ਗਦਰੀ ਬਾਬਿਆਂ ਦੀ ਯਾਦ ਵਿਚ ਇਸ ਵਰ੍ਹੇ ਕਰਵਾਏ ਜਾ ਰਹੇ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕਣ ਵਾਸਤੇ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੀ ਵਿਸ਼ੇਸ਼ ਮੀਟਿੰਗ ਸ. ਭਾਗ ਸਿੰਘ ਮੰਡਾਹੜ ਦੀ



ਪ੍ਰਧਾਨਗੀ ਹੇਠ ਫਲੋਰਲ ਪਾਰਕ ਨਿਊ ਯਾਰਕ ਵਿਚ ਹੋਈ।

ਇਸ ਵਰ੍ਹੇ ਕਰਵਾਏ ਜਾ ਰਹੇ ਪ੍ਰੋਗਰਾਮ ਦੀ ਤਫਸੀਲ ਪੇਸ਼ ਕਰਦਿਆਂ ਫਾਊਂਡੇਸ਼ਨ ਦੇ ਕਾਰਕੁਨ ਮਨਮੋਹਨ ਪੂਨੀ ਨੇ ਆਖਿਆ ਕਿ ਇਸ ਵਾਰ ਪ੍ਰੋਗਰਾਮ ਲੀਹ ਤੋਂ ਹਟ ਕੇ ਕਰਵਾਏ ਜਾਣ ਦੀ ਯੋਜਨਾ ਹੈ। ਗਦਰੀ ਬਾਬਿਆਂ ਦੀ ਸੋਚ ਨੂੰ ਵਿਸਤਾਰ ਦਿੰਦਾ ਉਂਕਾਰਪ੍ਰੀਤ ਦਾ ਨਾਟਕ 'ਰੋਟੀ ਵਾਇਆ ਲੰਡਨ' ਖੇਡੇ ਜਾਣ ਦੇ ਉਨ੍ਹਾਂ ਦੇ ਸੁਝਾਅ ਨੂੰ ਹਾਜ਼ਰ ਮੈਂਬਰਾਂ ਨੇ ਤਾੜੀਆਂ ਮਾਰ ਕੇ ਸਵੀਕਾਰ ਕੀਤਾ। ਪ੍ਰੋਗਰਾਮ ਵਿਚ ਦਸਵੀਂ ਗਰੇਡ ਤੱਕ ਦੇ 4.0 ਨੰਬਰ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਹੌਸਲਾ-ਅਫਜ਼ਾਈ ਮਾਣ-ਪੱਤਰ ਦੇਣ ਬਾਰੇ ਵੀ ਸਹਿਮਤੀ ਪ੍ਰਗਟਾਈ ਗਈ। ਇਸ ਤੋਂ ਇਲਾਵਾ ਗਦਰੀ ਬਾਬਿਆਂ ਦੀ ਦੇਣ ਬਾਰੇ ਜਾਣਕਾਰੀ ਦੇਣ ਲਈ ਯੋਗ ਬੁਲਾਰੇ ਸੱਦਣ ਬਾਰੇ ਵੀ ਵਿਚਾਰਾਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਨੂੰ ਸਫਲਤਾ ਸਹਿਤ ਸਿਰੇ ਚਾੜ੍ਹਨ ਲਈ ਵੱਖ-ਵੱਖ ਵਿਅਕਤੀਆਂ ਦੀਆਂ ਡਿਊਟੀਆਂ ਵੀ ਲਾਈਆਂ ਗਈ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਾ. ਸੰਦੀਪ ਸਿੰਘ, ਚਰਨਜੀਤ ਸਿੰਘ ਸਮਰਾ, ਅਮਰਜੀਤ ਸਿੰਘ, ਮਲਕੀਤ ਸਿੰਘ ਭਾਣਾ, ਸੁਰਿੰਦਰ ਸੋਹਲ, ਓਂਕਾਰ ਸਿੰਘ ਡੁਮੇਲੀ, ਰਮਨ ਮੰਡ, ਪਰਮਜੀਤ ਸਿੰਘ ਜੌਹਲ, ਬੰਟੀ ਝਾਵਰ, ਦਵਿੰਦਰ ਸਿੰਘ ਝਾਵਰ, ਮਨਮੋਹਨ ਪੂਨੀ, ਹਰਜਿੰਦਰ ਸਿੰਘ ਮੰਡਾਹੜ ਤੇ ਧਰਮ ਸਿੰਘ ਪਾਲ ਨੇ ਸ਼ਮੂਲੀਅਤ ਕੀਤੀ।

## ਲਾਈਵ ਟੀ. ਵੀ. ਪ੍ਰੋਗਰਾਮ 'ਚ ਮੰਤਰੀ ਦੇ ਜੜਿਆ ਥੱਪੜ

**ਇਸਲਾਮਾਬਾਦ:** ਪਾਕਿਸਤਾਨ ਵਿਚ ਟੀਵੀ ਚੈਨਲ ਦੀ ਲਾਈਵ ਡਿਬੇਟ ਦੌਰਾਨ ਮੁਸਲਿਮ ਲੀਗ ਨਵਾਜ਼ ਪਾਰਟੀ ਦੇ ਨੇਤਾ ਨੇ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਦੇ ਨੇਤਾ ਦੇ ਥੱਪੜ ਜੜ ਦਿੱਤਾ।

ਜੀਓ ਨਿਊਜ਼ ਦੇ ਪ੍ਰੋਗਰਾਮ 'ਆਪਸ ਕੀ ਬਾਤ' ਵਿਚ ਮੁਸਲਿਮ ਲੀਗ ਨਵਾਜ਼ ਪਾਰਟੀ ਦੇ ਦਾਨਿਆਲ ਆਜ਼ੀਜ਼ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਨਈਮ ਉਲ ਹੱਕ ਵਿਚਾਲੇ ਜ਼ੋਰਦਾਰ ਬਹਿਸ ਚੱਲ ਰਹੀ ਸੀ ਕਿ ਅਜ਼ੀਜ਼ ਦੀ ਟਿੱਪਣੀ 'ਤੇ ਹੱਕ ਨੂੰ ਗੁੱਸਾ ਆ ਗਿਆ ਤੇ ਉਨ੍ਹਾਂ ਅਜ਼ੀਜ਼ ਦੇ ਥੱਪੜ ਜੜ ਦਿੱਤਾ। ਦੱਸ ਦਈਏ ਕਿ ਨਈਮ ਉਲ ਹੱਕ ਪਾਕਿਸਤਾਨ ਦੇ ਨਿੱਜੀਕਰਨ ਮੰਤਰੀ ਹਨ। ਇਸ ਟੀਵੀ ਸ਼ੋਅ ਨੂੰ ਮੁਨੀਬ ਫਾਰੂਕ ਹੋਸਟ ਕਰ ਰਹੇ ਸਨ। ਉਨ੍ਹਾਂ ਮੌਕਾ ਸੰਭਾਲਦਿਆਂ ਮਾਮਲੇ ਨੂੰ ਸ਼ਾਂਤ ਕੀਤਾ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਕੇਂਦਰੀ ਕਮੇਟੀ ਦਾ ਗਠਨ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਸੀਨੀਅਰ ਲੀਡਰਸ਼ਿਪ ਦੀ ਪਿਛਲੇ ਦਿਨੀਂ ਨਿਊ ਜਰਸੀ ਵਿਚ ਹੋਈ ਇਕ ਮੀਟਿੰਗ ਦੌਰਾਨ ਪਾਰਟੀ ਨੂੰ ਅਮਰੀਕਾ ਵਿਚ ਹੋਰ ਮਜਬੂਤ ਕਰਨ ਦੇ ਮਕਸਦ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਕੇਂਦਰੀ ਕਮੇਟੀ ਦਾ ਗਠਨ ਕੀਤਾ ਗਿਆ।

ਮੀਟਿੰਗ ਦੌਰਾਨ ਜਿੱਥੇ ਵੱਖ ਵੱਖ ਸਟੇਟਾਂ ਵਿਚ ਹੋਰ ਯੂਨਿਟ ਖੋਲ੍ਹਣ 'ਤੇ ਚਰਚਾ ਕੀਤੀ ਗਈ, ਉਥੇ ਪਾਰਟੀ ਦੀ ਕੇਂਦਰੀ ਕਮੇਟੀ (ਅਮਰੀਕਾ) ਬਣਾਉਣ ਦਾ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਪਾਰਟੀ ਵਿਚ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਕੁਝ ਮੈਂਬਰਾਂ ਨੂੰ ਸੇਵਾਵਾਂ ਦਿੱਤੀਆਂ ਗਈਆਂ। ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਪਾਰਟੀ ਮੈਂਬਰਾਂ ਨੇ ਅਮਰੀਕਾ ਦੀ ਸੀਨੀਅਰ ਲੀਡਰਸ਼ਿਪ 'ਚ ਆਪਣਾ ਭਰੋਸਾ ਪ੍ਰਗਟਾਉਂਦਿਆਂ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਚੱਲਣ ਦਾ ਪ੍ਰਣ ਕੀਤਾ।



ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ ਅਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਨੇ ਮੀਟਿੰਗ ਵਿਚ ਪਹੁੰਚੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਜਿਨ੍ਹਾਂ ਮੈਂਬਰਾਂ ਨੂੰ ਸੇਵਾਵਾਂ ਦਿਤੀਆਂ ਗਈਆਂ ਤੇ ਕੇਂਦਰੀ ਕਮੇਟੀ ਦੇ ਮੈਂਬਰ ਬਣਾਇਆ ਗਿਆ, ਉਨ੍ਹਾਂ ਦੇ ਨਾਂਵਾਂ ਦਾ ਐਲਾਨ ਕੀਤਾ।

ਇਸ ਮੌਕੇ ਐਲਾਨੀ ਗਈ ਕੇਂਦਰੀ ਕਮੇਟੀ ਵਿਚ ਬੂਟਾ ਸਿੰਘ ਖੜੌਦ ਨਿਊ ਜਰਸੀ (ਕਨਵੀਨਰ), ਸੁਰਜੀਤ ਸਿੰਘ ਕੁਲਾਰ ਨਿਊ ਯਾਰਕ (ਪ੍ਰਧਾਨ), ਜੀਤ ਸਿੰਘ ਆਲੋਅਰਖ ਟੈਕਸਸ (ਕੌਮੀ ਜਨਰਲ ਸਕੱਤਰ), ਰੁਪਿੰਦਰ ਸਿੰਘ ਬਾਠ ਓਹਾਇਓ (ਸਕੱਤਰ ਜਨਰਲ), ਮੱਖਣ ਸਿੰਘ ਕਲੇਰ ਸ਼ਿਕਾਗੋ ਤੇ ਦਵਿੰਦਰ ਸਿੰਘ ਦਿਓ ਵਰਜੀਨੀਆ (ਜਨਰਲ ਸਕੱਤਰ); ਪਵਨ ਸਿੰਘ ਖਾਲਸਾ ਵਰਜੀਨੀਆ, ਅਮਰਜੀਤ ਸਿੰਘ ਨਿਊ ਯਾਰਕ, ਇੰਦਰਪਾਲ ਸਿੰਘ ਸਿਆਟਲ ਤੇ ਰਵਿੰਦਰ ਸਿੰਘ ਰਿੰਪੀ ਕੈਲੀਫੋਰਨੀਆ (ਮੀਤ ਪ੍ਰਧਾਨ); ਸਰਬਜੀਤ ਸਿੰਘ ਨਿਊ ਯਾਰਕ (ਮੀਡੀਆ ਐਡਵਾਈਜਰ ਤੇ ਚੀਫ ਸਪੋਕਸਮੈਨ) ਅਤੇ ਰਣਜੀਤ ਸਿੰਘ ਧਾਲੀਵਾਲ ਨਿਊ ਜਰਸੀ (ਕੈਸ਼ੀਅਰ) ਹਨ।

ਇਸ ਤੋਂ ਇਲਾਵਾ ਕਮੇਟੀ ਮੈਂਬਰਾਂ ਵਿਚ ਸੁਰਿੰਦਰ ਸਿੰਘ (ਇੰਡੀਆਨਾ), ਸੁਖਵਿੰਦਰ ਸਿੰਘ ਗਿੱਲ (ਸ਼ਿਕਾਗੋ), ਦਲਬੀਰ ਸਿੰਘ ਚੀਮਾ (ਸ਼ਿਕਾਗੋ), ਬਾਬਾ ਅਮਰਜੀਤ ਸਿੰਘ (ਨਿਊ ਯਾਰਕ), ਸੁਰਿੰਦਰ ਸਿੰਘ (ਨਿਊ ਯਾਰਕ), ਲਖਵਿੰਦਰ ਸਿੰਘ (ਮਿਸ਼ੀਗਨ), ਰਮਿੰਦਰਜੀਤ ਸਿੰਘ ਮਿੰਟੂ (ਕੈਲੀਫੋਰਨੀਆ), ਇੰਦਰਜੀਤ ਸਿੰਘ (ਨਿਊ ਜਰਸੀ), ਦੀਪਇੰਦਰ ਸਿੰਘ ਮਾਨ (ਓਰੇਗਾਨ) ਨੂੰ ਲਿਆ ਗਿਆ ਹੈ।

ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਨਿਊ ਯਾਰਕ ਦੀ ਸਿੱਖ ਪਰੇਡ ਵਿਚ ਪਹੁੰਚਣ ਅਤੇ ਮੀਟਿੰਗ ਵਿਚ ਹਿੱਸਾ ਲੈਣ ਲਈ ਸਭ ਦਾ ਧੰਨਵਾਦ ਕੀਤਾ। ਵਿਸ਼ੇਸ਼ ਤੌਰ 'ਤੇ ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲਖਵੀਰ ਸਿੰਘ ਕੰਗ, ਕੈਲੀਫੋਰਨੀਆ ਯੂਨਿਟ ਦੇ ਪ੍ਰਧਾਨ ਤਰਸੇਮ ਸਿੰਘ ਟੂਲੈਰੀ, ਵਰਜੀਨੀਆ ਯੂਨਿਟ ਦੇ ਪ੍ਰਧਾਨ ਰੇਸ਼ਮ ਸਿੰਘ ਤੇ ਨਿਊ ਜਰਸੀ ਯੂਨਿਟ ਦੇ ਪ੍ਰਧਾਨ ਜੋਗਾ ਸਿੰਘ ਪਹੁੰਚੇ। ਪਰੇਡ ਵਿਚ ਹਿੱਸਾ ਲੈਣ ਲਈ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਯੂਥ ਪ੍ਰਧਾਨ ਅਮਰੀਕਾ, ਬਲਜੀਤ ਸਿੰਘ ਯੂਥ ਪ੍ਰਧਾਨ ਨਿਊ ਯਾਰਕ, ਕਰਨ ਸਿੰਘ ਨਿਊ ਯਾਰਕ, ਅਵਤਾਰ ਸਿੰਘ ਨਿਊ ਜਰਸੀ, ਦਲਬੀਰ ਸਿੰਘ ਚੀਮਾ ਸ਼ਿਕਾਗੋ, ਸੁਲੱਖਣ ਸਿੰਘ ਕੈਲੀਫੋਰਨੀਆ, ਗੁਰਜੀਤ ਸਿੰਘ ਝਾਮਪੁਰ ਕੈਲੀਫੋਰਨੀਆ, ਹਰਦੀਪ ਸਿੰਘ ਕੈਲੀਫੋਰਨੀਆ ਅਤੇ ਵੱਖ ਵੱਖ ਸਟੇਟਾਂ ਦੀਆਂ ਯੂਨਿਟਾਂ ਦੇ ਹੋਰ ਮੈਂਬਰ ਵੀ ਪਹੁੰਚੇ।


ਕੰਪਨੀ ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ

ਮਿਸ਼ੀਗਨ ਤੋਂ ਪੱਕੇ ਆਟੋਮੈਟਿਵ ਰਾਊਂਡ ਟ੍ਰਿਪ

ਸਿੰਗਲ ਡਰਾਈਵਰ ਲਈ 3000 ਮੀਲ ਅਤੇ ਟੀਮਾਂ ਲਈ 6000 ਮੀਲ



ਉਪਲਬਧ ਰੂਟ: ਲਾਰੀਡੋ, ਟੈਕਸਸ; ਡੈਲਸ, ਟੈਕਸਸ; ਬਰਾਊਨਜ਼ਵਿਲ, ਟੈਕਸਸ; ਮਿਜ਼ੌਰੀ, ਕੈਨਸਸ ਅਤੇ ਇੰਡੀਆਨਾ।

*ਵਧੀਆ ਤਨਖਾਹ ਦਾ ਪੈਕੇਜ ਅਤੇ ਹੈਲਥ ਇੰਸ਼ੋਰੈਂਸ
*ਸੇਫਟੀ ਬੋਨਸ *ਹਰ ਹਫਤੇ ਘਰ
*2018 ਮਾਡਲ ਦੇ ਨਵੇਂ ਆਟੋਮੈਟਿਕ ਫਰੇਟਲਾਈਨਰ ਟਰੱਕ
*24 ਘੰਟੇ ਡਿਸਪੈਚ

*ਟੀ ਏ, ਫਲਾਇੰਗ ਜੇ ਅਤੇ ਲਵਸ ਟਰੱਕ ਸਟਾਪ ਲਈ ਫਿਊਲ ਕਾਰਡ

AUTOBAHN
FREIGHT LINES LTD.

ਸੰਪਰਕ ਕਰੋ, ਜਗਮੋਹਨ ਗਿੱਲ
ਫੋਨ: 313-600-0273
Gill@autobahnfreight.com

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 68ਵੀਂ ਬਰਸੀ

**8 ਜੂਨ 2018, ਸ਼ੁੱਕਰਵਾਰ** ਅਰੰਭ ਸ੍ਰੀ ਅਖੰਡ ਪਾਠ-10 ਵਜੇ ਸਵੇਰੇ

**10 ਜੂਨ 2018, ਐਤਵਾਰ** ਭੋਗ ਸ੍ਰੀ ਅਖੰਡ ਪਾਠ-9 ਵਜੇ ਸਵੇਰੇ

ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ 10 ਜੂਨ 2018 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

*ਦੇਸੀ ਬਾਜ਼ਾਰ ਵਾਲਿਆਂ ਵਲੋਂ ਸੰਗਤ ਦੀ ਸੇਵਾ ਲਈ ਦੇਸੀ ਘੀ 'ਚ ਤਲੀਆਂ ਜਲੇਬੀਆਂ, ਗੰਨੇ ਦੇ ਰਸ ਅਤੇ ਡੋਸੇ ਦੇ ਸਟਾਲ ਲਾਏ ਜਾਣਗੇ*



*ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ*

*ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।*

## ਪਹੁੰਚ ਰਹੇ ਜਥੇ ਤੇ ਪ੍ਰਚਾਰਕ



*ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਪ੍ਰੀਤਮ ਸਿੰਘ, ਡਾ. ਅਮਰੀਕ ਸਿੰਘ ਅਤੇ ਭਾਈ ਜੋਗਿੰਦਰ ਸਿੰਘ ਲੁਧਿਆਣਾ ਦਾ ਰਾਗੀ ਜਥਾ*





**Inderjit Singh Dala (317-605-2901) & Harjinderpal Singh Dala (317-748-6911), Founders of Sant Baba Prem Singh Ji Society of Indianapolis**

## Executive Committee

**Harpal Singh Jabbo**
**President**
**Ph: (317-551-8199)**

**Lakhwant Singh Khasria**
**Vice President**
**Ph: (317-985-1081)**

**Sukhwinder Singh Sukha**
**Chairman**
**Ph: (812-391-3062)**

**Davinder Singh Duburji**
**Cashier**
**Ph: (812-278-0759)**

**Palwinder Singh Shalhan (Bobby)**
**Secretary**
**Ph: (317-657-1562)**

# ਬਦਲਦੇ ਮੌਸਮ

ਮਨੁੱਖ ਅਤੇ ਕੁਦਰਤ ਦਾ ਗੂੜ੍ਹਾ ਰਿਸ਼ਤਾ ਹੈ। ਕੁਦਰਤ ਦਾ ਹਰ ਵਰਤਾਰਾ ਮਨੁੱਖੀ ਮਨ ਨੂੰ ਪ੍ਰਭਾਵਿਤ ਕਰਦਾ ਹੈ। ਇਹ ਨੀਲਾ ਅੰਬਰ, ਅੰਬਰ 'ਚ ਚਮਕਦਾ-ਦਮਕਦਾ ਸੂਰਜ, ਇਹ ਧੁੱਪਾਂ ਤੇ ਛਾਂਵਾਂ, ਇਹ ਚੰਨ ਤੇ ਇਸ ਦੀਆਂ ਸ਼ੀਤਲ ਚਾਨਣੀਆਂ, ਇਹ ਧਰਤੀ ਤੇ ਇਸ ਦੇ ਵਿਸ਼ਾਲ ਸਮੁੰਦਰ, ਇਹ ਜਵਾਰ ਭਾਟੇ, ਇਹ ਅਸਮਾਨ ਛੂਹੰਦੇ ਬਰਫਾਂ ਲੱਦੇ ਪਰਬਤ-ਸਿਖਰ, ਇਹ ਟਿਮਟਮਾਉਂਦੀਆਂ ਤਾਰਿਆਂ ਦੀਆਂ ਖਿੱਤੀਆਂ ਹਮੇਸ਼ਾ ਤੋਂ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਰਹੀਆਂ ਹਨ। ਸੰਵੇਦਨਸ਼ੀਲ ਮਨ ਕੁਦਰਤ ਦੀ ਵਿਸ਼ਾਲ ਸੁੰਦਰਤਾ ਨੂੰ ਦੇਖ ਕੇ ਖੀਵੇ ਹੀ ਹੋ ਜਾਂਦੇ ਹਨ।



**ਸੁਰਜੀਤ**
ਫੋਨ: 416-605-3784

ਪਸ਼ੂ-ਪੰਛੀਆਂ 'ਤੇ ਵੀ ਕੁਦਰਤ ਦਾ ਬਹੁਤ ਅਸਰ ਹੁੰਦਾ ਹੈ। ਘਨਘੋਰ ਘਟਾਵਾਂ ਨੂੰ ਵੇਖ ਮੋਰ ਪੈਲਾਂ ਪਾਉਂਦੇ ਨੇ ਅਤੇ ਪੈਲਾਂ ਪਾਉਂਦੇ ਮੋਰਾਂ ਨੂੰ ਤੱਕ ਸੰਗੀਤ-ਪ੍ਰੇਮੀਆਂ ਦੇ ਮਨ ਦਾ ਮੋਰ ਨੱਚ ਉਠਦਾ ਹੈ। ਪਪੀਹੇ ਦੀ ਪੀਹੂ ਪੀਹੂ 'ਤੇ ਕਵੀ ਗੀਤ ਲਿਖਦੇ-ਗਾਉਂਦੇ ਹਨ। ਕੁਦਰਤ ਵਿਚ ਆਏ ਬਦਲਾਓ ਦਾ ਹਰ ਪ੍ਰਾਣੀ ਦੀ ਜ਼ਿੰਦਗੀ ਉਤੇ ਬਹੁਤ ਅਸਰ ਹੁੰਦਾ ਹੈ।

ਸੋ, ਕੁਦਰਤ ਦੇ ਅਨੇਕਾਂ ਰੰਗ ਅਤੇ ਮੂਡ ਨੇ। ਬਦਲਾਓ ਕੁਦਰਤ ਦਾ ਸਹਿਜ ਸੁਭਾਅ ਹੈ। ਰੁੱਤਾਂ ਸਹਿਜ ਹੀ ਬਦਲ ਜਾਂਦੀਆਂ ਹਨ। ਇਕ ਰੁੱਤ ਦੂਜੀ ਰੁੱਤ ਨੂੰ ਸਹਿਜ ਰੂਪ ਵਿਚ ਹੀ ਅਪਨਾ ਲੈਂਦੀ ਹੈ। ਕੁਦਰਤ ਦੇ ਵਰਤਾਰੇ ਨੂੰ ਅਸੀਂ ਵੀ ਸਹਿਜ ਹੀ ਕਬੂਲ ਲੈਂਦੇ ਹਾਂ। ਧਰਤੀ 'ਤੇ ਹੁਣ ਮੌਸਮ ਪਹਿਲਾਂ ਵਰਗੇ ਨਹੀਂ ਰਹੇ, ਬਦਲ ਰਹੇ ਨੇ। ਪੁਰਾਣੇ ਲੋਕ ਦੱਸਦੇ ਹਨ ਕਿ ਹੁਣ ਟੋਰਾਂਟੋ ਵਿਚ ਉਸ ਤਰ੍ਹਾਂ ਦੀ ਬਰਫ ਨਹੀਂ ਪੈਂਦੀ ਜਿਵੇਂ ਦੀ ਪਹਿਲਾਂ ਪੈਂਦੀ ਹੁੰਦੀ ਸੀ। ਮੌਸਮਾਂ ਵਿਚ ਵੀ ਤਬਦੀਲੀ ਆ ਰਹੀ ਹੈ।

ਟੋਰਾਂਟੋ ਰਹਿਣ ਵਾਲੇ ਕਿਸੇ ਵੀ ਬੰਦੇ ਨੂੰ ਮਿਲੋ, ਉਹ ਮੌਸਮ ਦੀ ਗੱਲ ਜ਼ਰੂਰ ਕਰਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਟੋਰਾਂਟੋ ਦੇ ਮੌਸਮ ਬਹੁਤ ਕਰੜੇ ਹੁੰਦੇ ਹਨ। ਇਥੇ ਗਰਮੀ ਹੁੰਦੀ ਹੈ ਤਾਂ ਹੁੰਮਸ ਵੱਧ ਜਾਂਦੀ ਹੈ। ਬਾਰਿਸ਼ ਹੁੰਦੀ ਹੈ ਤਾਂ ਬਿਜਲੀਆਂ ਕੜਕ ਕੇ ਦਿਲ ਨੂੰ ਦਹਿਲਾ ਦਿੰਦੀਆਂ ਹਨ। ਸਰਦੀਆਂ ਵਿਚ ਕਦੇ 'ਸਨੋਅ' ਜਾਂ 'ਸਨੋਅ ਸਟੌਰਮ' ਕਦੇ 'ਫਰੀਜ਼ਿੰਗ ਰੇਨ' ਅਤੇ ਕਦੇ 'ਵੈਟ ਸਨੋਅ'-ਪਤਾ ਨਹੀਂ ਕਿਹੜੀ ਕਿਹੜੀ ਸਨੋਅ ਪੈਂਦੀ ਹੈ। ਬੰਦਾ ਚੰਗੇ ਮੌਸਮ ਦੀ ਉਡੀਕ ਕਰਦਾ ਕਰਦਾ ਥੱਕ ਜਾਂਦਾ ਹੈ ਕਿ ਕਦੋਂ ਮੌਸਮ ਖੁਲ੍ਹੇ ਤੇ ਕਦੋਂ ਉਹ ਬਾਹਰ ਨਿਕਲੇ। ਟੋਰਾਂਟੋ ਵਿਚ ਸਰਦੀ ਸਭ ਤੋਂ ਲੰਮੀ ਰੁੱਤ ਹੁੰਦੀ ਹੈ। ਇੰਨੀ ਲੰਮੀ ਸਰਦ ਰੁੱਤ ਤੋਂ ਬਾਅਦ ਜਦੋਂ ਹਵਾ ਵਿਚ ਰਤਾ ਕੁ ਗਰਮਾਇਸ਼ ਆਉਣੀ ਸ਼ੁਰੂ ਹੁੰਦੀ ਹੈ ਤਾਂ ਲੋਕਾਂ ਵਿਚ ਹੁੱਲਾਸ ਆ ਜਾਂਦਾ ਹੈ। ਸੂਰਜ ਹੁਣ ਥੋੜ੍ਹਾ ਘੱਟ ਸ਼ਰਮਾਉਂਦਾ ਹੈ ਤੇ ਬਰਫ ਵੀ ਪਿਘਲਣ ਲੱਗਦੀ ਹੈ। ਜ਼ਮੀਨ 'ਤੇ ਜੰਮੀ ਖਾਕੀ ਰੰਗੀ ਘਾਹ ਦੀ ਰੰਗਤ ਥੋੜ੍ਹੀ ਥੋੜ੍ਹੀ ਹਰੀ ਭਾਅ ਮਾਰਨ ਲੱਗ ਪੈਂਦੀ ਹੈ।

ਰੁੱਤਾਂ ਵਿਚੋਂ ਸਭ ਤੋਂ ਸੁਹਾਵਣੀ ਰੁੱਤ ਬਸੰਤ ਹੁੰਦੀ ਹੈ। ਬਸੰਤ ਰੁੱਤ 'ਤੇ ਬਹੁਤ ਕੁਝ ਲਿਖਿਆ ਜਾ ਚੁਕਾ ਹੈ। ਟੋਰਾਂਟੋ ਮਾਰਚ ਵਿਚ ਬਸੰਤ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਲੋਕ ਬਾਹਰ ਤੁਰਦੇ ਫਿਰਦੇ ਦਿਸਦੇ ਨੇ। ਸਵੇਰੇ ਬਾਹਰ ਝਾਤੀ ਮਾਰੋ ਤਾਂ ਪੰਛੀ ਵੀ ਵਿਹੜੇ 'ਚ ਚੀਂ ਚੀਂ ਕਰਦੇ ਚੁਗਦੇ ਦਿਸਦੇ ਹਨ। ਹੌਲੀ ਹੌਲੀ ਰੁੱਤ ਬਦਲ ਜਾਂਦੀ ਹੈ। ਲਗਦੈ ਕਵੀਆਂ ਦੇ ਰੌਂਅ ਵੀ ਬਦਲ ਗਏ ਨੇ ਤੇ ਉਹ ਇਸ



ਟੋਰਾਂਟੋ ਦੀ ਬਸੰਤ ਬਹਾਰ

ਰੁੱਤ 'ਤੇ ਕਵਿਤਾਵਾਂ ਲਿਖਦੇ ਨੇ ਕਿਉਂਕਿ ਬਸੰਤ ਰੁੱਤ ਕਵੀਆਂ ਦੀ ਸਭ ਤੋਂ ਪਸੰਦੀਦਾ ਰੁੱਤ ਹੈ। ਆਲੇ ਦੁਆਲੇ ਦਰਖਤਾਂ 'ਤੇ ਕਰੂੰਬਲਾਂ ਫੁੱਟੀਆਂ ਵੇਖ ਲੋਕਾਂ ਨੂੰ ਚਾਅ ਚੜ੍ਹ ਜਾਂਦਾ ਹੈ। ਕਈ ਰੁੰਡ ਮੁੰਡ ਰੁੱਖ ਤਾਂ ਅਚਾਨਕ ਭਾਂਤ ਭਾਂਤ ਦੇ ਫੁੱਲਾਂ ਨਾਲ ਭਰ ਜਾਂਦੇ ਹਨ। ਫੁੱਲਾਂ ਦੇ ਏਸ ਖੇੜੇ ਨੂੰ ਹਰ ਜੀਅ-ਜੰਤ ਜੀ ਆਇਆਂ ਆਖਦਾ ਹੈ।

ਇਕ ਲੰਮੀ ਇੰਤਜ਼ਾਰ ਪਿਛੋਂ ਸਾਡੇ ਸ਼ਹਿਰ ਟੋਰਾਂਟੋ ਵਿਚ ਗਰਮੀਆਂ ਦੀ ਰੁੱਤ ਸੰਗਦੀ ਸੰਗਦੀ ਆਉਂਦੀ ਹੈ। ਅਸੀਂ ਅਜੇ ਇਸ ਦੀ ਆਮਦ ਦੀਆਂ ਖੁਸ਼ੀਆਂ ਵਿਚ ਭਿੱਜਣ ਦੀ ਤਿਆਰੀ ਹੀ ਕਰ ਰਹੇ ਹੁੰਦੇ ਹਾਂ ਕਿ ਇਹ ਅੱਖ ਝਪਕਦਿਆਂ ਹੀ ਬੀਤ ਜਾਂਦੀ ਹੈ। ਰੁੱਤਾਂ ਦੇ ਸੁਭਾਅ ਦੇ ਅਨੁਸਾਰ ਅਸੀਂ ਵੀ ਪੂਰੀ ਤਰ੍ਹਾਂ ਬਦਲ ਜਾਂਦੇ ਹਾਂ। ਇਸ ਥੋੜ੍ਹੇ ਜਿਹੇ ਸਮੇਂ ਵਿਚ ਟੋਰਾਂਟੋ ਵਾਸੀ ਗਰਮ ਰੁੱਤ ਦਾ ਪੂਰਾ ਅਨੰਦ ਮਾਣਦੇ ਹਨ। ਉਹੀ ਵਿਹੜੇ ਜਿਹੜੇ ਸਰਦੀਆਂ ਵਿਚ ਬਰਫ ਦੇ ਢੇਰਾਂ ਹੇਠ ਦੱਬੇ ਹੁੰਦੇ ਹਨ ਚਾਣਚੱਕ ਖੂਬਸੂਰਤ ਫੁੱਲਾਂ ਨਾਲ ਭਰ ਜਾਂਦੇ ਹਨ। ਲੋਕ ਆਪਣੇ ਘਰਾਂ ਨੂੰ ਰੰਗ ਬਿਰੰਗੇ ਫੁੱਲਾਂ ਨਾਲ ਸਜਾ ਕੇ, ਆਪਣੇ ਦੋਸਤਾਂ ਮਿੱਤਰਾਂ ਨਾਲ ਆਪਣੇ ਵਿਹੜਿਆਂ 'ਚ ਬੈਠ ਕੇ ਛੁੱਟੀ ਵਾਲੇ ਦਿਨ ਦਾ ਲੁਤਫ ਲੈਂਦੇ ਹਨ। ਹਰ ਪਾਸੇ ਖੇੜਾ ਹੀ ਖੇੜਾ ਨਜ਼ਰ ਆਉਂਦਾ ਹੈ। ਲੋਕ ਖੂਬ ਸੈਰਾਂ ਕਰਦੇ ਹਨ। ਸਮੁੰਦਰਾਂ 'ਚ ਚੁੱਭੀਆਂ ਮਾਰਦੇ ਹਨ। ਕੈਂਪਾਂ 'ਤੇ ਜਾਂਦੇ ਹਨ। ਪਾਰਕਾਂ 'ਚ ਜਾ ਕੇ ਪਿਕਨਿਕਾਂ ਕਰਦੇ ਹਨ।

ਪੱਤਝੜ, ਸਰਦੀਆਂ ਅਤੇ ਗਰਮੀਆਂ ਵਿਚਕਾਰ ਇਕ ਅੰਤਰਾਲ ਹੁੰਦੀ ਹੈ। ਹੁਣ ਲੰਮੇ ਲੰਮੇ ਦਿਨ ਛੋਟੇ ਅਤੇ ਰਾਤਾਂ ਲੰਮੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮੀਂਹ ਪੈਣ ਲੱਗਦੇ ਨੇ ਅਤੇ ਸਾਡੇ ਸ਼ਹਿਰ ਦਾ ਮੌਸਮ ਵੀ ਠੰਢਾ ਹੋਣਾ ਸ਼ੁਰੂ ਹੋ ਜਾਂਦਾ ਹੈ। ਕੁਝ ਕੁ ਪੱਤੇ ਝੜਦੇ ਹਨ ਅਤੇ ਰਹਿੰਦੇ ਪੀਲੀ ਭਾਅ ਮਾਰਨ ਲੱਗਦੇ ਹਨ। ਇਸ ਰੁੱਤ ਦਾ ਵੀ ਆਪਣਾ ਹੀ ਇਕ ਅਨੋਖਾ ਰੰਗ ਹੁੰਦਾ ਹੈ। ਸਾਡੇ ਚਾਰੇ ਪਾਸੇ ਪਸਰੀ ਹਰਿਆਲੀ ਕਈ ਰੰਗਾਂ ਵਿਚ ਤਬਦੀਲ ਹੋ ਕੇ ਖੂਬਸੂਰਤ ਨਜ਼ਾਰੇ ਸਿਰਜਦੀ ਹੈ। ਇਨ੍ਹਾਂ ਨਜ਼ਾਰਿਆਂ ਨੂੰ ਵੇਖ ਕੇ ਮਨੁੱਖੀ ਮਨ ਕਹਿ ਉਠਦਾ ਹੈ, 'ਵਾਹ! ਕੁਦਰਤ ਵੀ ਕਮਾਲ ਦੀ ਚਿੱਤਰਕਾਰ ਹੈ!' ਪੱਤਝੜ ਦੀ ਖੂਬਸੂਰਤੀ ਨੂੰ ਲੋਕ ਆਪਣੇ ਕੈਮਰਿਆਂ ਵਿਚ ਕੈਦ ਕਰ ਲੈਂਦੇ ਨੇ। ਪੰਜਾਬੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਪੱਤਝੜ ਦੇ ਬਿੰਬ ਨੂੰ ਉਦਾਸੀ ਅਤੇ ਜ਼ਿੰਦਗੀ ਦੀ ਬੇਰੰਗਤਾ ਲਈ ਵਰਤਿਆ ਹੈ। ਡਾ. ਜਗਤਾਰ ਲਿਖਦਾ ਹੈ,

ਰਾਤ ਲਗਦੇ ਸੀ
ਗੁਲਾਬਾਂ ਦੀ ਤਰ੍ਹਾਂ ਜਗਦੇ ਚਰਾਗ,
ਚੜ੍ਹ ਪਿਆ ਸੂਰਜ
ਤਾਂ ਪਤਝੜ ਦੀ ਉਦਾਸੀ ਹੋ ਗਏ।

ਪਰ ਸੁਰਜੀਤ ਪਾਤਰ ਦੇ ਇਨ੍ਹਾਂ ਸ਼ਬਦਾਂ ਵਿਚ ਅਗਲੀ ਰੁੱਤ ਦੇ ਆਗਮਨ ਦਾ ਸਾਕਾਰਾਤਮਕ ਸੁਨੇਹਾ ਹੈ,

ਜੇ ਆਈ ਪੱਤਝੜ ਤਾਂ ਫੇਰ ਕੀ ਹੈ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਜੋ ਵੀ ਹੋਵੇ, ਜਿਹੋ ਜਿਹਾ ਸਾਵਣ ਪੰਜਾਬ ਵਿਚ ਹੁੰਦਾ ਸੀ, ਉਹ ਕਿਧਰੇ ਨਹੀਂ ਹੁੰਦਾ। ਸਾਵਣ ਮਹੀਨੇ ਦਾ ਨਾਂ ਸੁਣਦਿਆਂ ਹੀ ਪੰਜਾਬ ਦੀ ਬਰਸਾਤ ਰੁੱਤ ਯਾਦ ਆ ਜਾਂਦੀ ਹੈ। ਸਾਉਣ ਦਾ ਮਹੀਨਾ ਕੀ ਆਉਂਦਾ ਕਿ ਲੋਕਾਂ ਨੂੰ ਚਾਅ ਹੀ ਚੜ੍ਹ ਜਾਂਦਾ! ਜੇਠ-ਹਾੜ ਦੀਆਂ ਧੁੱਪਾਂ ਨਾਲ ਸੜੀ ਹੋਈ ਧਰਤੀ ਨੂੰ ਵੀ ਜਿਵੇਂ ਥੋੜ੍ਹੀ ਜਿਹੀ ਰਾਹਤ ਮਿਲਦੀ। ਠੰਡੀਆਂ ਫੁਹਾਰਾਂ ਨਾਲ ਲੋਕਾਂ ਦੇ ਮਨਾਂ ਵਿਚ ਹੁੱਲਾਸ ਭਰ ਜਾਂਦਾ। ਸੱਜ-ਵਿਆਹੀਆਂ ਕੁੜੀਆਂ ਪੇਕੇ ਜਾਣ



ਟੋਰਾਂਟੋ ਦੀ ਪੱਤਝੜ

ਦੀਆਂ ਤਿਆਰੀਆਂ ਕੱਸ ਲੈਂਦੀਆਂ। ਪਿੰਡ ਦੇ ਬਾਹਰਵਾਰ ਤੀਆਂ ਲੱਗਦੀਆਂ ਅਤੇ ਪਿੱਪਲਾਂ 'ਤੇ ਪੀਂਘਾਂ ਪੈਂਦੀਆਂ। ਵਾਹ! ਉਹ ਕਾਲੀਆਂ ਘਟਾਵਾਂ ਦਾ ਚੜ੍ਹ ਚੜ੍ਹ ਆਉਣਾ ਤੇ ਮੋਰਾਂ ਦਾ ਪੈਲਾਂ ਪਾਉਣਾ! ਉਹ ਬੱਦਲਾਂ ਦਾ ਗੱਜਣਾ, ਕੋਇਲ ਦਾ ਕੂਕਣਾ, ਬੱਚਿਆਂ ਦਾ ਮੀਂਹ ਵਿਚ ਨਹਾਉਣਾ ਤੇ ਬਿਜਲੀਆਂ ਦਾ ਲਿਸ਼ਕਣਾ! ਇਸ ਸੁਹਾਣੇ ਮੌਸਮ ਵਿਚ ਗੋਰੀ ਦਾ ਆਪਣੇ ਢੋਲ ਨੂੰ ਉਡੀਕਣਾ! ਸਾਡੇ ਚੇਤਿਆਂ ਵਿਚ ਕਿੰਨਾ ਕੁਝ ਜੁੜਿਆ ਪਿਆ ਹੈ, ਇਸ ਰੁੱਤ ਦੇ ਨਾਲ!

ਕਵੀਆਂ ਦੀ ਤਾਂ ਇਹ ਮਨ ਭਾਉਂਦੀ ਰੁੱਤ ਹੈ। ਇੰਨੇ ਗੀਤ ਲਿਖੇ ਗਏ ਨੇ ਇਸ ਰੁੱਤ 'ਤੇ ਕਿ ਗਿਣਨ ਲੱਗੀਏ ਤਾਂ ਸਾਰੀ ਧਰਤੀ ਨੂੰ ਕਾਗਜ਼ ਬਣਾਉਣਾ ਪਏ। ਭਾਵੇਂ ਅੱਜ ਕਲ ਕਿੰਨਾ ਕੁਝ ਬਦਲ ਗਿਆ ਹੈ ਪਰ ਅੱਜ ਵੀ ਸਾਵਣ ਕਵੀ ਦਰਬਾਰ ਸੱਜਦੇ ਹਨ ਤੇ ਕਵੀ ਸਾਉਣ ਮਹੀਨੇ 'ਤੇ ਬਹੁਤ ਸੁਹਣੀਆਂ ਕਵਿਤਾਵਾਂ ਲਿਖਦੇ ਹਨ। ਹਰ ਮੌਸਮ ਦਾ ਆਪਣਾ ਰੰਗ ਹੈ। ਹਰ ਮੌਸਮ ਹੀ ਸੁਹਾਵਣਾ ਹੈ। ਮੇਰੀ ਇਕ ਕਵਿਤਾ ਦਾ ਬੰਦ ਹੈ,

ਜੇ ਜਿਉਣ ਦਾ ਵੱਲ ਆ ਜਾਏ
ਤਾਂ ਹਰ ਵਰੇਸ ਉਤਸਵ ਹੁੰਦੀ ਏ।

ਸੋ, ਜੇ ਜਿਉਣ ਦਾ ਵੱਲ ਆ ਜਾਵੇ ਤਾਂ ਹਰ ਮੌਸਮ ਖੂਬਸੂਰਤ ਹੁੰਦਾ ਏ।

# ਕਾਲਕਾ-ਸ਼ਿਮਲਾ ਰੇਲ ਗੱਡੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ ਵਿਚ ਜੋਜ਼ੀਲਾ ਨੂੰ ਕਾਰਗਿੱਲ ਨਾਲ ਜੋੜਨ ਲਈ 14 ਕਿਲੋਮੀਟਰ ਲੰਬੀ ਉਸ ਸੁਰੰਗ ਦਾ ਉਦਘਾਟਨ ਕਰ ਰਿਹਾ ਸੀ ਜਿਸ ਨਾਲ ਸ੍ਰੀ ਨਗਰ ਤੋਂ ਕਾਰਗਿੱਲ ਤੇ ਲੇਹ ਦਾ ਪੈਂਡਾ ਸਾਢੇ ਤਿੰਨ ਘੰਟੇ ਦੀ ਥਾਂ ਕੇਵਲ ਪੰਦਰਾਂ ਮਿੰਟ ਵਿਚ ਤੈਅ ਹੋ ਜਾਵੇਗਾ, ਮੈਂ ਕਾਲਕਾ ਸ਼ਿਮਲਾ ਰੋਡ 'ਤੇ ਧਰਮਪੁਰ ਰੇਲਵੇ ਸਟੇਸ਼ਨ ਉਤੇ ਸਾਂ ਜਿਥੋਂ ਬਰਤਾਨਵੀ ਸਰਕਾਰ ਦੀ ਟੌਆਏ ਟਰੇਨ (ਖਿਡੌਣਾ ਗੱਡੀ) ਲੰਘਦੀ ਹੈ। ਮੈਂ ਪਹਿਲੀ ਵਾਰ ਇਸ ਗੱਡੀ ਦਾ



ਸਫਰ 1951 ਦੀ ਗਰਮੀ ਰੁੱਤੇ ਕੀਤਾ ਸੀ। ਇਸ ਰੇਲਵੇ ਲਾਈਨ ਦਾ ਇਤਿਹਾਸ ਚੇਤੇ ਆ ਗਿਆ।

ਗੋਰੀ ਸਰਕਾਰ ਨੇ ਮੈਦਾਨਾਂ ਦੀ ਗਰਮੀ ਤੋਂ ਬਚਣ ਲਈ 1864 ਵਿਚ ਸ਼ਿਮਲਾ ਨੂੰ ਗਰਮੀਆਂ ਦੀ ਰਾਜਧਾਨੀ ਬਣਾ ਲਿਆ ਸੀ, ਭਾਵੇਂ ਉਥੇ ਪਹੁੰਚਣ ਲਈ ਗੋਰੇ ਗੋਰੀਆਂ ਨੂੰ ਕੱਚੇ ਪਹਾੜੀ ਰਸਤਿਆਂ ਦਾ ਕਾਲਕਾ ਤੋਂ ਸ਼ਿਮਲਾ ਦਾ ਸਫਰ ਬੈਲ ਗੱਡਿਆਂ ਉਤੇ ਤੈਅ ਕਰਨਾ ਪੈਂਦਾ ਸੀ। ਗੋਰੀ ਸਰਕਾਰ ਨੂੰ ਕਾਲਕਾ ਤੋਂ ਸ਼ਿਮਲਾ ਰੇਲਵੇ ਲਾਈਨ ਬਣਾਉਣ ਵਿਚ 39 ਵਰ੍ਹੇ ਲੱਗੇ। 103 ਸੁਰੰਗਾਂ ਬਣਾਉਣੀਆਂ ਪਈਆਂ ਤੇ 800 ਛੋਟੇ ਵੱਡੇ ਪੁਲ।

1903 ਵਿਚ ਇਸ ਲਾਈਨ ਦਾ ਲਾਰਡ ਕਰਜ਼ਨ ਵਲੋਂ ਉਦਘਾਟਨ ਕੀਤੇ ਜਾਣ ਤੱਕ ਕੇਵਲ ਪੰਜ ਕੁ ਸੌ ਗੋਰੇ ਅਫਸਰ ਦਿੱਲੀ ਤੋਂ ਸ਼ਿਮਲਾ ਜਾਂਦੇ ਸਨ। 1920 ਵਿਚ ਅਜਿਹੇ ਅਫਸਰਾਂ ਤੇ ਉਨ੍ਹਾਂ ਦੇ ਸੰਗੀਆਂ ਦੀ ਗਿਣਤੀ 50,000 ਹੋ ਗਈ ਸੀ। ਪਹਾੜਾਂ ਵਿਚੋਂ ਸੁਰੰਗਾਂ ਕੱਢਣ ਦਾ ਕੰਮ ਏਨਾ ਸੌਖਾ ਨਹੀਂ। ਬੜੋਗ ਵਾਲੀ ਸੁਰੰਗ ਸਭ ਤੋਂ ਲੰਮੀ ਸੀ, ਜਿਸ ਨੂੰ ਬਣਵਾਉਣ ਵਾਲਾ ਬਰਤਾਨਵੀ ਰੇਲਵੇ ਇੰਜੀਨੀਅਰ ਬੜੋਗ ਕਿਧਰੇ ਟਪਲਾ ਖਾ ਗਿਆ ਤਾਂ ਸ਼ਰਮਿੰਦਗੀ ਕਾਰਨ ਉਸ ਨੇ ਅਪਣੀ ਜਾਨ ਲੈ ਲਈ ਸੀ। ਜਦੋਂ ਉਸ ਦੇ ਉਤਰਅਧਿਕਾਰੀ ਹੈਰਿੰਗਟਨ ਨੇ ਇਹ ਸੁਰੰਗ ਨੇਪਰੇ ਚੜ੍ਹਾਈ ਤਾਂ ਇਸ ਦਾ ਨਾਂ ਪਹਿਲੇ ਇੰਜੀਨੀਅਰ ਦੀ ਯਾਦ ਵਿਚ ਬੜੋਗ ਰਖਿਆ ਗਿਆ, ਜੋ ਅੱਜ ਵੀ ਚਲਦਾ ਹੈ।

ਅੱਜ ਦੇ ਦਿਨ ਇਹ ਗੱਡੀ ਛੇ ਵਾਰ ਸ਼ਿਮਲਾ ਜਾਂਦੀ ਤੇ ਮੁੜਦੀ ਹੈ। ਪਿਛਲੇ 115 ਸਾਲਾਂ ਵਿਚ ਇਸ ਰੇਲਵੇ ਲਾਈਨ ਰਾਹੀਂ ਕਰੋੜਾਂ ਦੀ ਗਿਣਤੀ ਵਿਚ ਯਾਤਰੀ ਹਿਮਾਚਲ ਪ੍ਰਦੇਸ਼ ਦਾ ਗਮਨ ਕਰ ਚੁਕੇ ਹਨ। ਉਨ੍ਹਾਂ ਵਿਚ ਗੋਰੇ ਮਿਸ਼ਨਰੀ ਵੀ ਸ਼ਾਮਲ ਹਨ। ਇੱਕ ਈਵਾਨ ਸਟੋਕਸ ਨਾਂ ਦੇ ਮਿਸ਼ਨਰੀ ਨੂੰ ਪਹਾੜੀ ਸਭਿਆਚਾਰ ਏਨਾ ਪਸੰਦ ਆਇਆ ਕਿ ਉਸ ਨੇ ਕੋਟਗੜ੍ਹ ਦੀ ਪਹਾੜਨ ਨਾਲ ਵਿਆਹ ਕਰਵਾ ਕੇ ਹਿੰਦੂ ਧਰਮ ਅਪਨਾ ਲਿਆ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਸ ਜੋੜੀ ਨੇ ਜ਼ਿਲਾ ਸ਼ਿਮਲਾ ਵਿਚ ਸਿਓ ਦੇ ਫਲਾਂ ਦੀ ਖੇਤੀ ਏਨੀ ਪ੍ਰਚਾਰੀ ਕਿ ਇਸ ਖੰਡ ਦੀ ਆਰਥਕ ਉਨਤੀ ਦਾ ਵੱਡਾ ਸੋਮਾ ਬਣੀ।

ਅੱਜ ਦੇ ਦਿਨ ਇਸ ਰੇਲਵੇ ਲਾਈਨ ਅਤੇ ਇਸ ਉਤੇ ਚੱਲ ਰਹੀ ਖਿਡੌਣਾ ਗੱਡੀ ਨੂੰ ਯੂਨੈਸਕੋ ਵਲੋਂ ਵਧੀਆ ਵਿਰਾਸਤ ਦਾ ਦਰਜਾ ਮਿਲ ਚੁਕਾ ਹੈ। 7089 ਕਰੋੜ ਰੁਪਏ ਨਾਲ ਬਣਨ ਵਾਲੀ ਜੋਜ਼ੀਲਾ ਸੁਰੰਗ ਕਾਰਗਿਲ ਤੇ ਲੇਹ ਲਦਾਖ ਦੇ ਸਭਿਆਚਾਰਕ ਤੇ ਆਰਥਕ ਵਿਕਾਸ ਵਿਚ ਵੀ ਯੋਗਦਾਨ ਪਾਵੇਗੀ। ਸਾਰੇ ਭਾਰਤ ਵਾਸੀਆਂ ਦੀਆਂ ਨਜ਼ਰਾਂ ਇਸ ਵਲ ਲੱਗੀਆਂ ਹੋਈਆਂ ਹਨ।


**ਵਿਦੇਸ਼ਾਂ ਵਿਚ ਸਿੱਖ ਮੰਤਰੀ ਤੇ ਅਫਸਰ:** ਇਨ੍ਹੀਂ ਦਿਨੀਂ ਗੋਬਿੰਦ ਸਿੰਘ ਦਿਓ ਨਾਂ ਦੇ ਸਿੱਖ ਸਿਆਸਤਦਾਨ ਦੇ ਮਲੇਸ਼ੀਆ ਦੇਸ਼ ਦਾ ਕਮਿਊਨੀਕੇਸ਼ਨ ਤੇ ਮਲਟੀਮੀਡੀਆ ਮੰਤਰੀ ਬਣਨ ਦੀ ਖਬਰ ਆਈ, ਤਦੇ ਨਿਊ ਯਾਰਕ ਦੇ ਪੁਲਿਸ ਕਮਿਸ਼ਨਰ ਜੇਮਸ ਨੀਲ ਵਲੋਂ ਗੁਰਸੋਚ ਕੌਰ ਨਾਂ ਦੀ ਦਸਤਾਰਧਾਰੀ ਸਿੱਖ ਬੀਬੀ ਦੇ ਅਸਿਸਟੈਂਟ ਪੁਲਿਸ ਅਫਸਰ ਥਾਪੇ ਜਾਣ ਦੀ ਸੂਚਨਾ ਮਿਲੀ ਹੈ। ਇਨ੍ਹਾਂ ਖਬਰਾਂ ਨੇ ਦੋਨਾਂ ਦੇਸ਼ਾਂ ਦੇ ਸਿੱਖਾਂ ਦੇ ਹੌਸਲੇ ਬੁਲੰਦ ਕੀਤੇ ਹਨ। ਇਸ ਤੋਂ ਥੋੜ੍ਹਾ ਪਹਿਲਾਂ ਸਾਡੇ ਮਿੱਤਰ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਰਚਨਾ ਸਿੰਘ ਦੇ ਬ੍ਰਿਟਿਸ਼ ਕੋਲੰਬੀਆ ਅਸੈਂਬਲੀ



ਗੋਬਿੰਦ ਸਿੰਘ ਦਿਓ

ਦੀ ਮੈਂਬਰ ਚੁਣੇ ਜਾਣ ਨੇ ਉਥੋਂ ਦੇ ਸਿੱਖ ਵਸਨੀਕਾਂ ਦੀ ਬੱਲੇ ਬੱਲੇ ਕਰਵਾ ਦਿੱਤੀ ਸੀ। ਵਿਦੇਸ਼ੀ ਸਿੱਖ ਜ਼ਿੰਦਾਬਾਦ!

**ਅਵਾਰਾ ਕੁੱਤੇ ਤੇ ਹੋਰ ਜਾਨਵਰ:** ਨਾਭਾ ਦੇ ਇੱਕ ਪਰਵਾਸੀ ਮਜ਼ਦੂਰ ਰਾਮ ਬਾਬੂ ਦੇ ਸੱਤ ਸਾਲਾ ਪੁੱਤਰ ਮੁਨੀਸ਼ ਕੁਮਾਰ ਦੀ ਅਵਾਰਾ ਕੁੱਤਿਆਂ ਦੇ ਵੱਢਣ ਨਾਲ ਮ੍ਰਿਤੂ ਅਵਾਰਾ ਜਾਨਵਰਾਂ ਦੀ ਭਿਆਨਕ ਸਮੱਸਿਆ ਵਲ ਇਸ਼ਾਰਾ ਕਰਦੀ ਹੈ। ਭਾਵੇਂ ਗਰੀਬ ਮਜ਼ਦੂਰ ਨੇ ਸਥਾਨਕ ਪੁਲਿਸ ਸਟੇਸ਼ਨ ਨੂੰ ਇਸ ਦੀ ਖਬਰ ਨਹੀਂ ਦਿੱਤੀ ਪਰ ਪ੍ਰਸ਼ਾਸਨ ਦਾ ਆਏ ਦਿਨ ਹੁੰਦੀਆਂ ਏਸ ਤਰ੍ਹਾਂ ਦੀਆਂ ਘਟਨਾਵਾਂ ਵਲ ਧਿਆਨ ਨਾ ਦੇਣਾ ਚਿੰਤਾਜਨਕ ਹੈ। ਅਵਾਰਾ ਗਾਈਆਂ ਦਾ ਸੜਕਾਂ ਉਤੇ ਘੁੰਮਣਾ ਵੀ ਜਾਨੀ ਤੇ ਮਾਲੀ ਨੁਕਸਾਨ ਦਾ ਕਾਰਨ ਬਣਦਾ ਹੈ। ਮੈਨੂੰ ਇਸ ਘਟਨਾ ਨੇ ਡਾ. ਐਮ. ਐਸ. ਰੰਧਾਵਾ ਚੇਤੇ ਕਰਵਾ ਦਿੱਤਾ ਹੈ, ਜਦੋਂ ਉਹ 1947 ਵਿਚ ਦਿੱਲੀ ਦਾ ਡਿਪਟੀ ਕਮਿਸ਼ਨਰ ਸੀ। ਇਕ ਸਮੇਂ ਜਦੋਂ ਬਹੁਤ ਗੜਬੜੀ ਵਾਲੇ ਇਲਾਕੇ ਵਿਚ ਉਸ ਨੂੰ ਦਫਾ 144 ਲਾਉਣੀ ਪਈ ਤਾਂ ਉਸ ਨੇ ਦਿੱਲੀ ਪੁਲਿਸ ਦੇ ਕਰਮਚਾਰੀਆਂ ਤੋਂ ਕਰਫੀਊ ਦੌਰਾਨ ਅਵਾਰਾ ਕੁੱਤੇ ਵੀ ਖਤਮ



ਕਰਵਾ ਦਿੱਤੇ ਸਨ। ਅਜੋਕੇ ਅਧਿਕਾਰੀਆਂ ਵਿਚ ਉਹ ਵਾਲਾ ਦਮ-ਖਮ ਕਿੱਥੇ!

**ਅੰਤਿਕਾ: ਇੱਕ ਲੋਕ ਟੱਪਾ**

ਅਸਾਂ ਭਰਿਆ ਤ੍ਰਿੰਜਣ ਛੱਡ ਜਾਣਾ
ਚਿੱਠੀ ਆ'ਗੀ ਜ਼ੋਰਾਵਰ ਦੀ।

# ਗੁਰਸਿੱਖ ਰਬਾਬੀਆਂ ਦੀ ਗੁਰਮਤਿ ਸੰਗੀਤ ਨੂੰ ਦੇਣ

***ਗੁਰਸਿੱਖ ਰਬਾਬੀਆਂ ਦੀ ਗੁਰਮਤਿ ਸੰਗੀਤ ਨੂੰ ਦੇਣ ਬਾਰੇ ਸ. ਤੀਰਥ ਸਿੰਘ ਢਿੱਲੋਂ ਦਾ ਲਿਖਿਆ ਇਹ ਲੇਖ ਗੁਰਮਤਿ ਸੰਗੀਤ ਦੀਆਂ ਕਈ ਪਰਤਾਂ ਖੋਲ੍ਹਦਾ ਹੈ। ਲੇਖਕ ਅੱਜ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬ ਕਮੇਟੀ ਦੇ ਮੈਂਬਰ ਹਨ। ਰਿਟਾਇਰਮੈਂਟ ਤੋਂ ਪਹਿਲਾਂ ਉਹ ਰੇਡੀਓ ਅਤੇ ਦੂਰਦਰਸ਼ਨ ਨਾਲ ਜੁੜੇ ਰਹੇ ਹਨ। ਰਬਾਬ ਦੀ ਪੈਦਾਇਸ਼ ਅਫਗਾਨਿਸਤਾਨ ਦੀ ਮੰਨੀ ਜਾਂਦੀ ਹੈ। ਕਾਬੁਲੀ ਰਬਾਬ ਦੀ ਇਕ ਵੱਖਰੀ ਵੰਨਗੀ ਵੀ ਅੱਜ ਕੱਲ੍ਹ ਪ੍ਰਚਲਿਤ ਹੈ। ਇਹ ਕਾਬੁਲੀ ਰਬਾਬ, ਭਾਰਤੀ ਰਬਾਬ ਤੋਂ ਥੋੜ੍ਹੀ ਵੱਖਰੀ ਹੈ। -ਸੰਪਾਦਕ***

ਪਿਛਲੇ ਅੰਕ ਵਿਚ ਪ੍ਰਕਾਸ਼ਿਤ ਲੇਖ ਵਿਚ ਮੈਂ ਗੁਰਮਤਿ ਸੰਗੀਤ ਨੂੰ ਰਬਾਬੀਆਂ ਦੀ ਦੇਣ ਬਾਰੇ ਆਪਣੀ ਤੁੱਛ ਬੁੱਧੀ ਅਨੁਸਾਰ ਪਾਠਕਾਂ ਨੂੰ ਜਾਣਕਾਰੀ ਦੇਣ ਦਾ ਯਤਨ ਕੀਤਾ ਸੀ। ਇਹ ਉਹ ਰਬਾਬੀ ਸਨ ਜਿਹੜੇ ਗੈਰ ਸਿੱਖ ਪਿਛੋਕੜ ਵਾਲੇ ਮੁਸਲਮਾਨ ਕੀਰਤਨੀਏ ਸਨ। ਇਨ੍ਹਾਂ ਨੇ 1947 ਵੇਲੇ ਦੇਸ਼ ਦੀ ਵੰਡ ਤੱਕ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਤੰਤੀ ਕੀਰਤਨ ਗਾਇਨ ਕਰ ਕੇ ਜਿਥੇ ਸੰਗਤ ਨੂੰ ਨਿਹਾਲ ਕੀਤਾ, ਉਥੇ ਸੰਗਤ ਨੇ ਵੀ ਉਨ੍ਹਾਂ ਨੂੰ ਬਹੁਤ ਪਿਆਰ ਅਤੇ ਸਤਿਕਾਰ ਦਿੱਤਾ।



**ਤੀਰਥ ਸਿੰਘ ਢਿੱਲੋਂ**
**ਫੋਨ: 91-98154-61710**

ਕੁਝ ਤਾਂ ਇਥੇ ਹੀ ਸਰੀਰ ਤਿਆਗ ਗਏ ਅਤੇ ਕੁਝ ਕੁ ਰਬਾਬੀ, ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਚਲੇ ਗਏ। ਇਸ ਲੇਖ ਵਿਚ ਮੈਂ ਜਿਨ੍ਹਾਂ ਰਬਾਬੀਆਂ ਦਾ ਜ਼ਿਕਰ ਕਰਨ ਲੱਗਾ ਹਾਂ, ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਪੰਜਾਬ, ਭਾਰਤ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਉਦੋਂ ਤੋਂ ਲੈ ਕੇ ਅੱਜ ਤੱਕ ਕੀਰਤਨ ਦੀ ਸੇਵਾ ਕਰ ਰਹੇ ਹਨ।

ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਭਾਈ ਮਿਹਰ ਸਿੰਘ ਤਾਣ ਆਪਣੇ ਜਥੇ ਸਮੇਤ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਹਜ਼ੂਰੀ ਰਾਗੀ ਵਜੋਂ ਕਾਫੀ ਸਮਾਂ ਕੀਰਤਨ ਦੀ ਸੇਵਾ ਕਰਦੇ ਰਹੇ। 1947 ਵਿਚ ਉਹ ਪਟਿਆਲੇ ਆ ਵਸੇ ਅਤੇ ਕੀਰਤਨ ਦੀ ਸੇਵਾ ਜਾਰੀ ਰੱਖੀ। ਉਹ ਰਾਗ ਦਾਰੀ ਵਿਚ ਮਾਹਿਰ ਕੀਰਤਨੀਏ ਸਨ। ਅੱਜ ਕੱਲ੍ਹ ਉਨ੍ਹਾਂ ਦੇ ਪੋਤਰੇ ਭਾਈ ਅਮਰਜੀਤ ਸਿੰਘ ਤਾਣ ਸੁਰੀਲੇ ਕੰਠ ਨਾਲ ਕੀਰਤਨ ਦੀ ਉਸ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਉਹ ਵਿਦੇਸ਼ ਜਾ ਵਸੇ ਹਨ।

ਪ੍ਰੋਫੈਸਰ ਪ੍ਰਤਾਪ ਸਿੰਘ ਦਿੱਲੀ ਵਾਲੇ ਗੁਰਮਤਿ ਸੰਗੀਤ ਦੇ ਮਹਾਨ ਗਿਆਤਾ ਸਨ। ਉਨ੍ਹਾਂ ਦੇ ਜਥੇ ਦਾ ਨਾਮ ਪਹਿਲਾਂ ਭਾਈ ਨਾਮਾ-ਪ੍ਰਤਾਪਾ ਵੱਜਦਾ ਸੀ। ਅੱਜ ਕੱਲ੍ਹ ਭਾਈ ਪ੍ਰਤਾਪ ਸਿੰਘ ਦੇ ਪੁੱਤਰ ਭਾਈ ਮਹਿੰਦਰ ਪ੍ਰਤਾਪ ਸਿੰਘ-ਦੇਵਿੰਦਰ ਪ੍ਰਤਾਪ ਸਿੰਘ (ਅਮਰੀਕਾ) ਪੂਰੀ ਦੁਨੀਆਂ ਵਿਚ ਕਲਾਸੀਕਲ, ਨੀਮ-ਕਲਾਸੀਕਲ ਕੀਰਤਨ ਅਤੇ ਵਾਦਨ ਰਾਹੀਂ ਆਪਣੀ ਸੇਵਾ ਬਖੂਬੀ ਨਿਭਾਅ ਰਹੇ ਹਨ।

ਸ਼੍ਰੋਮਣੀ ਰਾਗੀ ਸਵਰਗੀ ਭਾਈ ਦਿਲਬਾਗ ਸਿੰਘ-ਗੁਲਬਾਗ ਸਿੰਘ ਬੋਦਲ ਨੇ ਅਜੋਕੇ ਯੁੱਗ ਵਿਚ ਕਾਫੀ ਨਾਮਣਾ ਖੱਟਿਆ। ਜ਼ਿਲ੍ਹਾ ਹੁਸ਼ਿਆਰਪੁਰ ਦੇ ਦਸੂਹਾ ਇਲਾਕੇ ਦੇ ਪਿੰਡ ਬੋਦਲਾਂ ਦੇ ਸਧਾਰਨ ਰਬਾਬੀ ਪਰਿਵਾਰ ਵਿਚੋਂ ਉਠ ਕੇ ਆਪਣੀ ਮਿਹਨਤ, ਲਗਨ ਅਤੇ ਰਾਗ ਦੀ ਡੂੰਘੀ ਸਮਝ ਅਤੇ ਰਿਆਜ਼ ਰਾਹੀਂ ਉਨ੍ਹਾਂ ਨੇ ਅਨੇਕਾਂ ਵੱਕਾਰੀ ਇਨਾਮ ਸਨਮਾਨ ਹਾਸਲ ਕੀਤੇ ਜਿਨ੍ਹਾਂ ਵਿਚ ਪੰਜਾਬ ਸਰਕਾਰ ਦਾ ਪੰਜ ਲੱਖ ਰੁਪਏ ਦਾ ਸ਼੍ਰੋਮਣੀ ਰਾਗੀ ਐਵਾਰਡ, ਸੰਗੀਤ ਨਾਟਕ ਅਕੈਡਮੀ ਦਿੱਲੀ ਐਵਾਰਡ, ਤਾਨਸੈਨ ਐਵਾਰਡ ਅਤੇ ਹੋਰ ਅਨੇਕਾਂ ਸਨਮਾਨ ਸ਼ਾਮਲ ਹਨ। ਉਹ ਸ਼ਾਇਦ ਪਹਿਲੇ ਕੀਰਤਨਕਾਰ ਸਨ ਜਿਨ੍ਹਾਂ ਨੂੰ ਜਲੰਧਰ ਵਿਚ ਹਰੀਵੱਲਭ ਸੰਗੀਤ ਸੰਮੇਲਨ ਵਿਚ ਗਾ ਕੇ ਆਪਣੀ ਧਾਂਕ ਜਮਾਉਣ ਦਾ ਮੌਕਾ ਮਿਲਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੋਂ ਉਹ ਕੀਰਤਨ ਦੇ ਨਾਲ ਨਾਲ ਸ਼ੁੱਧ ਕਲਾਸੀਕਲ ਰਾਗ ਵੀ ਗਾਉਂਦੇ ਰਹੇ।

ਭਾਈ ਦਿਲਬਾਗ ਸਿੰਘ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਛੋਟੇ ਭਰਾ ਭਾਈ ਗੁਲਬਾਗ ਸਿੰਘ ਅਮਰੀਕਾ ਜਾ ਵਸੇ ਹਨ। ਭਾਈ ਦਿਲਬਾਗ ਸਿੰਘ ਦੇ ਪੁੱਤਰ ਭਾਈ ਅਵਤਾਰ ਸਿੰਘ ਅਤੇ ਭਰਾ ਦਵਿੰਦਰ ਸਿੰਘ ਇਕਬਾਲ ਸਿੰਘ ਰੋਜ਼ੀ ਇਧਰ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ।

ਸ਼ਾਹੀ ਸ਼ਹਿਰ ਪਟਿਆਲਾ ਸਿੱਖ ਰਬਾਬੀਆਂ ਦਾ ਗੜ੍ਹ ਹੈ। ਭਾਈ ਗੁਰਮੁਖ ਸਿੰਘ ਸਰਮੁੱਖ ਸਿੰਘ, ਭਾਈ ਪਿਰਥੀਪਾਲ ਸਿੰਘ, ਭਾਈ ਮੋਹਨ ਪਾਲ ਸਿੰਘ, ਭਾਈ ਕਿਸ਼ਨ ਪਾਲ ਸਿੰਘ ਅਤੇ ਭਾਈ ਸ਼ਮਿੰਦਰ ਪਾਲ ਸਿੰਘ ਪਟਿਆਲੇ ਦੇ ਐਸੇ ਰਬਾਬੀ ਹੋਏ ਹਨ ਜਿਨ੍ਹਾਂ ਦੀ ਕੀਰਤਨ ਸ਼ੈਲੀ ਸੰਗਤ ਨੂੰ ਕੀਲ ਕੇ ਰੱਖ ਲੈਂਦੀ ਸੀ। ਉਨ੍ਹਾਂ ਵੱਲੋਂ ਗਾਇਨ ਕੀਤਾ ਜਾਂਦਾ ਕੀਰਤਨ ਹਲਕੇ ਮੀਂਹ ਦੀ ਮਿੱਠੀ ਮਿੱਠੀ ਫੁਹਾਰ ਵਰਗਾ ਸੀ। ਭਾਈ ਜੱਸਾ ਪਾਲਾ ਦਾ ਜਥਾ ਸ੍ਰੀ ਨਨਕਾਣਾ ਸਾਹਿਬ ਵੀ ਕੀਰਤਨ ਕਰਦਾ ਰਿਹਾ ਅਤੇ ਉਸ ਤੋਂ ਬਾਅਦ ਉਹ ਪਟਿਆਲੇ ਵਸ ਗਏ। ਉਨ੍ਹਾਂ ਦੇ ਨਾਲ ਅੱਜ ਕੱਲ੍ਹ ਭਾਈ ਗੁਲਜ਼ਾਰ ਸਿੰਘ, ਭਾਈ ਝੇਮਾ ਸਿੰਘ, ਭਾਈ ਹਰਨਾਮ ਸਿੰਘ, ਭਾਈ ਤੇਜਾ ਸਿੰਘ ਅਤੇ ਭਾਈ ਚਰਨਜੀਤ ਸਿੰਘ ਕੀਰਤਨ ਗਾਇਨ ਕਰ ਰਹੇ ਹਨ।

ਇਸੇ ਪਰਿਵਾਰ ਵਿਚੋਂ ਭਾਈ ਰਜਿੰਦਰਪਾਲ ਸਿੰਘ ਜਿੰਦੀ ਵਿਸ਼ਵ ਪ੍ਰਸਿਧ ਤਬਲਾ ਵਾਦਕ ਹਨ ਜੋ ਅਮਰੀਕਾ ਰਹਿ ਰਹੇ ਹਨ। ਆਦਮਪੁਰ ਲਾਗਲੇ ਪਿੰਡ ਵਡਾਲਾ ਨਿਵਾਸੀ ਭਾਈ ਦਇਆ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਬਲਦੇਵ ਸਿੰਘ ਯੂ.ਕੇ. ਅਤੇ ਛੋਟੇ ਭਾਈ ਰਾਣਾ ਜੀ ਕੁਝ ਸਮਾਂ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸੁਰੀਲੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨ ਉਪਰੰਤ ਅੱਜ ਕੱਲ੍ਹ ਇੰਗਲੈਂਡ ਜਾ ਕੇ ਵਸ ਗਏ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਗਾਇਨ ਅਤੇ ਖਾਸ ਕਰ ਕੀਰਤਨ ਨੂੰ ਮਹਾਨ ਦੇਣ ਹੈ; ਇਥੋਂ ਦੇ ਰਬਾਬੀ ਜਥਿਆਂ ਵਿਚ ਭਾਈ ਇੰਦਰਜੀਤ ਸਿੰਘ ਅਤੇ ਭਾਈ ਸਾਧੂ ਸਿੰਘ ਪ੍ਰਸਿਧ ਰਬਾਬੀ ਹੋਏ ਹਨ। ਅੱਜ ਕੱਲ੍ਹ ਭਾਈ ਅਵਤਾਰ ਸਿੰਘ ਪੰਜਾਬ ਸਿੰਧ ਬੈਂਕ ਵਾਲਿਆਂ ਦਾ ਜਥਾ ਬਹੁਤ ਪ੍ਰਸਿਧ ਹੈ ਜਿਨ੍ਹਾਂ ਨੂੰ ਅਪ੍ਰਚਲਿਤ ਤੇ ਬਿਖੜੇ ਰਾਗਾਂ ਅਤੇ ਤਾਲਾਂ ਵਿਚ ਮੁਹਾਰਤ ਹਾਸਲ ਹੈ।

ਜਦੋਂ ਜਦੋਂ ਵੀ ਸਰੋਦੀ ਅਤੇ ਆਤਮਾ ਨੂੰ ਟੁੰਬਣ ਵਾਲੇ ਕੀਰਤਨ ਦੀ ਗੱਲ ਚੱਲੇਗੀ ਤਾਂ ਇਕ ਨਾਂ ਖੁਦ-ਬ-ਖੁਦ ਜ਼ੁਬਾਨ ਉਤੇ ਆ ਜਾਵੇਗਾ, ਤੇ ਉਹ ਨਾਂ ਹੈ ਸਵਰਗੀ ਭਾਈ ਜੋਗਿੰਦਰ ਸਿੰਘ-ਮੁਹਿੰਦਰ ਸਿੰਘ ਪਟਿਆਲਾ। ਦੋਹਾਂ ਭਰਾਵਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵਿਚੋਂ ਭਾਈ ਗੁਰਪ੍ਰਤਾਪ ਸਿੰਘ ਆਪਣੇ ਪੁਰਖਿਆਂ ਦੇ ਨਕਸ਼ੇ ਕਦਮ ਉਤੇ ਚੱਲਦਿਆਂ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਕਰ ਰਹੇ ਹਨ।

ਕੀਰਤਨ ਖੇਤਰ ਵਿਚ ਪਟਿਆਲੇ ਦੇ ਹੀ ਫੱਕਰ ਭਰਾਵਾਂ ਦੇ ਯੋਗਦਾਨ ਨੂੰ ਭਲਾ ਕੌਣ ਭੁੱਲ ਸਕਦਾ ਹੈ। ਇਸ ਪਰਿਵਾਰ ਦੇ ਭਾਈ ਹਰਚਰਨ ਸਿੰਘ ਫੱਕਰ, ਭਾਈ ਹਰਿੰਦਰ ਸਿੰਘ ਫੱਕਰ ਅਤੇ ਦਲੀਪ ਸਿੰਘ ਫੱਕਰ ਦੇ ਜਥੇ ਗੁਰਬਾਣੀ ਦੀ ਪੁਰਾਤਨ ਅਤੇ ਰਾਗ ਬਧ ਕੀਰਤਨ ਪਰੰਪਰਾ ਨੂੰ ਪੂਰੀ ਤਰ੍ਹਾਂ ਪ੍ਰਣਾਏ ਹੋਏ ਹਨ। ਇਨ੍ਹਾਂ ਵੱਲੋਂ ਗਾਇਨ ਕੀਤੇ ਕੀਰਤਨ ਨੂੰ ਸੁਣ ਕੇ ਕੀਰਤਨ ਪ੍ਰੇਮੀ ਸਰਸ਼ਾਰ ਹੋ ਜਾਂਦੇ ਹਨ। ਗੁਰਸਿੱਖ ਰਬਾਬੀਆਂ ਵਿਚ ਇਕ ਉਘਾ ਨਾਂ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਹੈਡ ਰਾਗੀ ਭਾਈ ਗੁਰਬਚਨ ਸਿੰਘ ਦਾ ਹੈ, ਜਿਨ੍ਹਾਂ ਨੇ ਕਾਫੀ ਸਮਾਂ ਤਖਤ ਸਾਹਿਬ ਵਿਖੇ ਸੇਵਾ ਨਿਭਾਈ। ਹੁਸ਼ਿਆਰਪੁਰ ਦੇ ਇਕ ਪਿੰਡ ਵਿਚ ਜਨਮੇ ਭਾਈ ਜਾਗੀਰ ਸਿੰਘ, ਪਹਿਲਾਂ ਜਾਗੀਰ ਮੁਹੰਮਦ ਦੇ ਨਾਂ ਹੇਠ ਰੇਡੀਓ ਟੀ.ਵੀ. ਅਤੇ ਸਟੇਜਾਂ ਤੋਂ ਲੋਕ ਗੀਤਾਂ ਦੇ ਪ੍ਰੋਗਰਾਮ ਪੇਸ਼ ਕਰ ਕੇ ਨਾਂ ਬਣਾ ਚੁੱਕੇ ਸਨ। ਫਿਰ ਉਨ੍ਹਾਂ ਨੇ ਅੰਮ੍ਰਿਤਪਾਨ ਕਰ ਕੇ ਆਪਣਾ ਨਾਂ ਭਾਈ ਜਾਗੀਰ ਸਿੰਘ ਰੱਖ ਲਿਆ। ਅੱਜ ਕੱਲ੍ਹ ਉਹ ਜਥੇ ਸਮੇਤ ਅਮਰੀਕਾ ਵਿਚ ਹਨ।

ਉਚੇਚੇ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ ਕਿ ਉਘੇ ਤਬਲਾ ਵਾਦਕ ਭਾਈ ਹਰਸ਼ਰਨ ਸਿੰਘ ਆਦਮਪੁਰ ਵਾਲਿਆਂ ਦੇ ਫ਼ਰਜ਼ੰਦ ਭਾਈ ਜਸਪਾਲ ਸਿੰਘ ਅਮਰੀਕਾ ਵਾਲਿਆਂ ਦਾ। ਉਹ ਜਦ ਕੀਰਤਨ ਕਰਦੇ ਹਨ ਤਾਂ ਸੰਗਤ ਅਗੰਮੀ ਆਨੰਦ ਵਿਚ ਝੂਮ ਉਠਦੀ ਹੈ। ਉਨ੍ਹਾਂ ਦੀ ਸਾਧੀ ਹੋਈ ਆਵਾਜ਼, ਲੈਅ ਸੁਰ ਅਤੇ ਸੰਗੀਤਕ ਬਰੀਕੀਆਂ ਦਾ ਪੂਰਾ ਗਿਆਨ ਅਤੇ ਵਿਚ ਵਿਚ ਸ਼ੁਧ ਅੰਗਰੇਜ਼ੀ ਸਮੇਤ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਵਿਆਖਿਆ ਇਕ ਅਨੋਖਾ ਸਮਾਂ ਬੰਨ੍ਹ ਦਿੰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਜਗਜੀਤ ਸਿੰਘ ਕੋਮਲ ਕੁਝ ਸਮਾਂ ਸੇਵਾ ਨਿਭਾਅ ਕੇ ਅੱਜ ਕੱਲ੍ਹ ਵਿਦੇਸ਼ ਜਾ ਵਸੇ ਹਨ। ਇਸੇ ਤਰਾਂ ਯੂ.ਕੇ. ਨਿਵਾਸੀ ਭਾਈ ਬਹਾਦਰ ਸਿੰਘ ਰਾਕੇਟ ਦਾ ਵੀ ਗੁਰਮਤਿ ਸੰਗੀਤ ਵਿਚ ਉਘਾ ਨਾਂ ਹੈ। ਭਰਵੀਂ ਆਵਾਜ਼ ਅਤੇ ਰਾਗਾਂ 'ਤੇ ਪੂਰੀ ਪਕੜ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜ ਦਿੰਦੀ ਹੈ।

ਸੋ, ਅਸੀਂ ਵੇਖਦੇ ਹਾਂ ਕਿ ਜਿਥੇ 1947 ਤੋਂ ਪਹਿਲਾਂ ਮੁਸਲਮਾਨ ਰਬਾਬੀਆਂ ਨੇ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਮਹਾਨ ਸੇਵਾ ਕੀਤੀ, ਉਥੇ ਗੁਰਸਿੱਖ ਸਜੇ ਉਪਰੋਕਤ ਰਾਗੀ ਜਥੇ ਵੀ ਵਰਣਨਯੋਗ ਸੇਵਾ ਕਰ ਰਹੇ ਹਨ। ਨਿਰਸੰਦੇਹ ਗੁਰਸਿੱਖ ਰਬਾਬੀ ਕੀਰਤਨੀਆਂ ਦੀ ਮਹਾਨ ਸੇਵਾ ਅਤੇ ਦੇਣ ਉਤੇ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਹਮੇਸ਼ਾ ਮਾਣ ਰਹੇਗਾ।




*ਕੀਰਤਨ ਕਰ ਰਿਹਾ ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਦਾ ਜਥਾ*



# ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਜੂਨ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-328



***ਰਾਹੀਂ-ਵਾਟੀਂ ਮਿਲੇ ਅਚਾਨਕ, ਗੱਲ ਕਰਦੇ ਕੋਈ 'ਪਰਦੇ' ਦੀ।***
***ਚੁਗਲ ਨੇ ਫੋਟੋ ਖਿੱਚੀ ਚੋਰੀਓਂ, ਚੜ੍ਹ ਮੱਚੂ ਕੰਨ ਭਰਦੇ ਦੀ।***

## ਕੈਪਸ਼ਨ ਮੁਕਾਬਲਾ-326



ਚਾਨਣ ਹੁੰਦਾ ਜਿਸ ਦੇ ਅੰਦਰ
ਰਾਹ ਆਪਣਾ ਰੁਸ਼ਨਾ ਲੈਂਦਾ ਹੈ।
ਜੁੱਤੀਆਂ ਗੰਢ ਭਾਵੇਂ ਕਰੇ ਗੁਜ਼ਾਰਾ
ਪੜ੍ਹਨ ਦਾ ਸ਼ੌਕ ਵੀ ਪੁਗਾ ਲੈਂਦਾ ਹੈ।
ਅੱਖਰ-ਬੋਧ ਹੀ ਹੈ ਬਥੇਰਾ
ਕਿਤਾਬਾਂ ਦਾ ਸੰਗ ਨਿਭਾ ਲੈਂਦਾ ਹੈ।
***-ਦਵਿੰਦਰ ਕੌਰ***

---

ਮਾਰ ਕੇ ਪਾਲਸ਼, ਲਾ ਕੇ ਤੋਪੇ
ਪੁਰਾਣਿਓਂ ਨਵੇਂ ਬਣਾਵਾਂਗੇ।
ਗਿਆਨ ਕਿਤਾਬਾਂ ਕੋਲੋਂ ਲੈ ਕੇ
ਉਪਰਲੀ ਥੱਲੇ ਲਿਆਵਾਂਗੇ।
***-ਜਗਮੀਤ ਸਿੰਘ ਪੰਧੇਰ***

---

ਉਠੇ ਕਿਰਤੀ, ਜਾਗੇ ਕਿਰਤੀ।
ਨਾਲ ਕਿਤਾਬਾਂ ਜੋੜੀ ਬਿਰਤੀ।
ਮੁਕਤੀ ਲਈ ਹੁਣ ਪੈਣਾ ਲੜਨਾ।
ਸੰਘਰਸ਼ਾਂ ਦਾ ਰਾਹ ਪਊਗਾ ਫੜ੍ਹਨਾ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਸਾਹਿਤ ਨਾਲ ਪਿਆਰ ਜੋ ਕਰਦੇ
ਕਾਰੋਬਾਰ ਦੇ ਨਾਲ ਵੀ ਪੜ੍ਹਦੇ।
ਵਿਹਲਾ ਸਮਾਂ ਬੇਕਾਰ ਨਾ ਜਾਵੇ
ਪੜ੍ਹ ਪੜ੍ਹ ਗਿਆਨ 'ਚ ਵਾਧਾ ਕਰਦੇ।
***-ਪੋਰਿੰਦਰ ਸਿੰਗਲਾ ਢਪਾਲੀ***

---

ਜੁੱਤੀਆਂ ਗੰਢ ਕੇ ਵਿਹਲਾ ਹੋ ਕੇ
ਚੁੱਕ ਲਵਾਂ ਕਿਤਾਬ।
ਹਰ ਇੱਕ ਦੇਸ਼ ਵਾਸੀ ਪੜ੍ਹੇ ਇਨ੍ਹਾਂ ਨੂੰ
ਵੇਖਿਆ ਸੀ ਭਗਤ ਸਿੰਘ ਨੇ ਖਾਬ।
***-ਹਰਜਿੰਦਰ ਸਿੰਘ, ਬਠਿੰਡਾ***

---

ਪੜ੍ਹਨ ਬੈਠੀਏ ਕਿਤਾਬਾਂ
ਤਾਂ ਭੁੱਲ ਜਾਵੇ ਸੰਸਾਰ।
ਗਿਆਨ ਵਧਾਈਏ ਸਦਾ
ਕੋਈ ਹੋਵੇ ਰੁਜ਼ਗਾਰ।
ਵਿਦਿਆ ਵੰਡੇ ਚਾਨਣ
ਨਹੀਂ ਤਾਂ ਘੋਰ ਅੰਧਾਰ।
ਉਚਾ ਨੀਵਾਂ ਮਿਟ ਜਾਵੇ
ਲੋਕਾਈ ਕਰੇ ਪਿਆਰ।
***-ਸੇਵਾ ਸਿੰਘ ਨੂਰਪੁਰੀ***

---

ਪੇਟ ਖਾਤਰ ਜੁੱਤੀਆਂ ਗੰਢੀਏ
ਫੜ੍ਹੀ 'ਤੇ ਬੈਠਾ ਕੰਮ ਖੋਲ੍ਹ ਕੇ।
ਕਾਰਪੋਰੇਟਾਂ ਵਾਲਿਆਂ ਦੇ ਮਾਲ ਚੱਲੇ
ਛੋਟੇ ਧੰਦਿਆਂ ਵਾਲੇ ਰੋਲ 'ਤੇ।
ਪੜ੍ਹਨ ਦੀ ਤਮੰਨਾ ਜੋ ਮਨ 'ਚ ਸੀ
ਵਿਹਲ 'ਚ ਬੈਠਾ ਕਿਤਾਬ ਖੋਲ੍ਹ ਕੇ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਪੁਸ਼ਤੈਨੀ ਕਿੱਤਾ ਅੱਗੇ ਤੋਰਿਆ
ਇਹੋ ਹੈ ਮੇਰਾ ਸਵੈ ਰੁਜ਼ਗਾਰ।
ਪਰ ਅਸੀਂ ਖੱਜਲ ਖੁਆਰ ਹੋਏ
ਜਦੋਂ ਖੁੱਲ੍ਹ ਗਏ ਵੱਡੇ ਬਾਜ਼ਾਰ।
ਫਿਰ ਵੀ ਵਿਹਲ ਲੰਘਾਉਣ ਲਈ
ਪੜ੍ਹੀਏ ਚੰਗਾ ਸਾਹਿਤ ਤੇ ਅਖਬਾਰ।
***-ਅਮਰਜੀਤ ਸਿੰਘ ਤੂਰ***

---

ਗੰਢ ਤੁਪ ਪੁਰਾਣੀਆਂ ਜੁੱਤੀਆਂ
ਲੈ ਮੇਚਾ ਪੈਰਾਂ ਦਾ ਲੈਂਦਾ ਸਾਈ
ਸੁਬਹ, ਸ਼ਾਮ, ਰਾਤ ਕੰਮ 'ਚ ਮਗਨ
ਰੰਬੀਆਂ, ਤਿੱਲਾ, ਆਰਾ, ਚਮੜਾ
ਪੱਥਰ ਧਾਗਾ ਉਹਦਾ ਸਰਮਾਇਆ।
ਚਮੜੇ ਨੂੰ ਸਿਲ ਉਤੇ ਕੁੱਟਦਾ
ਲੱਕੜੀ ਦਾ ਕਲਬੂਤ ਵਿਚ ਠੋਕਦਾ
ਇਹੋ ਉਹਦਾ ਸੰਗੀਤ।
ਦੱਸ ਦੇਊ ਬੰਦ ਖਲਾਸੀ ਦਾ ਰਾਹ
ਤੀਆਂ ਵਾਂਗ ਰੌਣਕ ਰਹਿੰਦੀ
ਗੰਢਦਾ ਜੁੱਤੀਆਂ ਪੜ੍ਹਦਾ 'ਲੋਕ ਯੁਧ'
ਖਬਰਦਾਰ ਕਰਦਾ ਖਲਕਤ ਨੂੰ
ਕਾਰੀਗਰ ਹੱਥ ਦੀ ਕਿਰਤ
ਕਿਵੇਂ ਹੈ ਲੁੱਟੀ ਜਾਂਦੀ।
***-ਦਰਸ਼ਨਪਾਲ ਦੋਸਾਂਝ***

# ਗਰੇਵਾਲ ਪਰਿਵਾਰ ਦੇ ਬੱਚਿਆਂ ਨੇ ਇਤਿਹਾਸ ਸਿਰਜਿਆ

**ਮਿਲਵਾਕੀ, ਵਿਸਕਾਨਸਿਨ (ਬਿਊਰੋ):** ਇਥੋਂ ਦੇ ਰਿਵਰਸਾਈਡ ਹਾਈ ਸਕੂਲ ਵਿਚ ਪੜ੍ਹਦੇ ਗਰੇਵਾਲ ਪਰਿਵਾਰ ਦੇ ਬੱਚਿਆਂ ਨੇ ਨਾ ਸਿਰਫ ਆਪਣੇ ਮਾਪਿਆਂ ਦਾ ਨਾਂ ਹੀ ਉਚਾ ਕੀਤਾ ਸਗੋਂ ਇਕ ਇਤਿਹਾਸ ਸਿਰਜ ਕੇ ਸਿੱਖ ਭਾਈਚਾਰੇ ਦਾ ਨਾਂ ਵੀ ਰੌਸ਼ਨ ਕੀਤਾ ਹੈ। ਗਰੇਵਾਲ ਪਰਿਵਾਰ ਦੇ ਇਹ ਚਾਰੇ ਬੱਚੇ ਰਿਵਰਸਾਈਡ ਹਾਈ ਸਕੂਲ ਦੀਆਂ ਆਪੋ ਆਪਣੀਆਂ ਕਲਾਸਾਂ ਵਿਚ ਅੱਵਲ ਰਹੇ ਅਤੇ ਵਿਦਾਇਗੀ ਭਾਸ਼ਣ ਦਿੱਤੇ।



ਗਰੇਵਾਲ ਪਰਿਵਾਰ

ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦੇ ਇਨ੍ਹਾਂ ਚਾਰਾਂ ਬੱਚਿਆਂ ਵਿਚੋਂ ਸਭ ਤੋਂ ਪਹਿਲਾਂ ਮਾਅਰਕਾ ਉਨ੍ਹਾਂ ਦੀ ਧੀ ਰੂਪੀ ਨੇ 2011 ਵਿਚ ਮਾਰਿਆ। ਇਸ ਤੋਂ ਬਾਅਦ ਦੂਜੀ ਧੀ ਰਾਜ ਨੇ 2014 ਵਿਚ, ਪੁੱਤਰ ਗੁਰਤੇਜ ਨੇ 2017 ਵਿਚ ਅਤੇ ਹੁਣ ਇਸ ਸਾਲ ਸਿਰਤਾਜ ਨੇ ਅਵੱਲ ਰਹਿ ਕੇ ਸਕੂਲ ਦੀ ਪੜ੍ਹਾਈ ਮੁਕੰਮਲ ਕੀਤੀ ਹੈ। ਚਾਰ ਸਾਲਾਂ ਦੌਰਾਨ ਇਨ੍ਹਾਂ ਬੱਚਿਆਂ ਦੇ ਰਿਪੋਰਟ ਕਾਰਡਾਂ ਉਤੇ 'ਏ' ਗਰੇਡ ਹੀ ਲਿਖਿਆ ਜਾਂਦਾ ਰਿਹਾ ਹੈ। ਇਸ ਬਾਰੇ ਸ. ਦਰਸ਼ਨ ਸਿੰਘ ਗਰੇਵਾਲ ਜੋ ਰਿਵਰਸਾਈਡ ਸਕੂਲ ਵਿਚ ਪਿਛਲੇ 20 ਸਾਲ ਤੋਂ ਮੈਥ ਪੜ੍ਹਾ ਰਹੇ ਹਨ, ਦਾ ਕਹਿਣਾ ਹੈ ਕਿ ਬੱਚਿਆਂ ਨੂੰ 'ਬੀ' ਗਰੇਡ ਬਾਰੇ ਤਾਂ ਸੋਚਣ ਹੀ ਨਹੀਂ ਦਿੱਤਾ ਗਿਆ। ਮੈਂ ਸਾਫ ਕਹਿੰਦਾ ਹੁੰਦਾ ਹਾਂ ਕਿ 'ਏ' ਗਰੇਡ ਹਾਸਲ ਕਰਨ ਤੋਂ ਤੁਹਾਨੂੰ ਕੌਣ ਰੋਕ ਸਕਦਾ ਹੈ? ਬੱਚਿਆਂ ਨੇ ਵੀ ਹਰ ਵਾਰ ਆਪਣੇ ਮਾਪਿਆਂ ਦਾ ਮਾਣ ਰੱਖਿਆ।

ਹੁਣੇ ਹੁਣੇ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਵਾਲੇ 17 ਵਰ੍ਹਿਆਂ ਦੇ ਸਿਰਤਾਜ ਨਾਲ ਸਮਾਗਮ ਤੋਂ ਪਹਿਲਾਂ ਗੱਲ ਹੋਈ ਤਾਂ ਉਹ ਨਰਵਸ ਬਿਲਕੁਲ ਨਹੀਂ ਸੀ, ਸਗੋਂ ਸਵੈ-ਭਰੋਸੇ ਨਾਲ ਭਰਿਆ ਪਿਆ ਸੀ। ਉਸ ਤੋਂ ਪਹਿਲਾਂ ਉਸ ਦੇ ਭੈਣ-ਭਰਾ ਵੀ ਇਸੇ ਤਰ੍ਹਾਂ ਸਟੇਜ 'ਤੇ ਜਾਂਦੇ ਰਹੇ ਹਨ।

ਰੂਪੀ ਅਤੇ ਰਾਜ ਨੂੰ ਤਾਂ ਹੁਣ ਕੁਝ ਯਾਦ ਨਹੀਂ ਕਿ ਉਨ੍ਹਾਂ ਆਪਣੇ ਭਾਸ਼ਣ ਵਿਚ ਕੀ ਕੁਝ ਕਿਹਾ ਸੀ ਪਰ ਗੁਰਤੇਜ ਨੂੰ ਯਾਦ ਹੈ ਕਿ ਉਸ ਨੇ ਆਪਣੇ ਭਾਸ਼ਣ ਵਿਚ ਜੇਮਜ਼ ਬਾਂਡ ਦਾ ਹਵਾਲਾ ਦਿੱਤਾ ਸੀ, ਜਿਸ ਬਾਰੇ ਜ਼ਿਕਰ ਸਭ ਤੋਂ ਪਹਿਲਾਂ ਇਕ ਮਸ਼ਹੂਰ ਰਚਨਾ 'ਉਲੀਸਿਸ' ਵਿਚ ਆਇਆ ਹੈ: "ਘਾਲਣਾ, ਹੰਭਲਾ ਤੇ ਖੋਜ।"

ਮਿਲਵਾਕੀ ਪਬਲਿਕ ਸਕੂਲ ਦੇ ਮੀਡੀਆ ਮੈਨੇਜਰ ਐਂਡੀ ਨੈਲਸਨ ਦਾ ਕਹਿਣਾ ਸੀ ਕਿ ਉਸ ਨੂੰ ਜਾਣਕਾਰੀ ਨਹੀਂ ਕਿ ਕਿਸੇ ਇਕ ਸਥਾਨਕ ਪਰਿਵਾਰ ਦੇ ਬੱਚਿਆਂ ਨੇ ਇੰਨੇ ਜ਼ਿਆਦਾ ਟਾਪਰ ਵਿਦਿਆਰਥੀ ਪੈਦਾ ਕੀਤੇ ਹੋਣ। ਇਹ ਸਾਰਾ ਕੁਝ ਬੇਮਿਸਾਲ ਹੈ।

ਯਾਦ ਰਹੇ, ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦਾ ਵਿਆਹ ਭਾਰਤ ਵਿਚ ਹੋਇਆ ਸੀ ਅਤੇ ਉਹ 1992 ਵਿਚ ਅਮਰੀਕਾ ਆਏ ਸਨ। ਉਨ੍ਹਾਂ ਦੇ ਇਹ ਬੱਚੇ ਅਮਰੀਕਾ ਵਿਚ ਹੀ ਜੰਮੇ-ਪਲੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੇ ਹੋਮਵਰਕ ਅਤੇ ਆਉਣ ਵਾਲੇ ਇਮਤਿਹਾਨਾਂ ਵੱਲ ਉਚੇਚਾ ਧਿਆਨ ਦਿੰਦੇ ਰਹੇ ਹਨ। ਅਧਿਆਪਕ ਹੋਣ ਕਰ ਕੇ ਉਨ੍ਹਾਂ ਨੂੰ ਬੱਚਿਆਂ ਦੀ ਪੜ੍ਹਾਈ ਵਿਚ ਮਾਪਿਆਂ ਦੇ ਯੋਗਦਾਨ ਦੇ ਮਹੱਤਵ ਦਾ ਪਤਾ ਹੈ। ਇਹ ਬੱਚੇ ਟੈਲੀਵਿਜ਼ਨ ਦੇਖਣ ਅਤੇ ਸੋਸ਼ਲ ਮੀਡੀਆ ਉਤੇ ਆਪਣਾ ਬਹੁਤਾ ਵਕਤ ਬਰਬਾਦ ਨਹੀਂ ਕਰਦੇ। ਇਹ ਸਾਰੇ ਆਪੋ-ਆਪਣੀ ਜ਼ਿੰਮੇਵਾਰੀ ਸਮਝਦੇ ਹਨ, ਅਸੀਂ ਇਨ੍ਹਾਂ ਨੂੰ ਲਗਾਤਾਰ ਹੱਲਾਸ਼ੇਰੀ ਦਿੰਦੇ ਹਾਂ।

ਇਹ ਬੱਚੇ ਪੜ੍ਹਾਈ ਵਿਚ ਅੱਗੇ ਹੋਣ ਦੇ ਨਾਲ-ਨਾਲ ਖੇਡਾਂ, ਕਮਿਊਨਿਟੀ ਸਰਵਿਸ ਅਤੇ ਹੋਰ ਸਰਗਰਮੀਆਂ ਵਿਚ ਵੀ ਲੱਗੇ ਰਹਿੰਦੇ ਸਨ। ਸਿਰਤਾਜ ਸਟੂਡੈਂਟ ਕੌਂਸਲ ਅਤੇ ਨੈਸ਼ਨਲ ਆਨਰ ਸੁਸਾਇਟੀ ਦਾ ਮੀਤ ਪ੍ਰਧਾਨ ਰਿਹਾ ਹੈ। ਹੁਣ ਸਿਰਤਾਜ ਯੂਨੀਵਰਸਿਟੀ ਆਫ ਵਿਸਕਾਨਸਿਨ, ਮੈਡੀਸਨ ਵਿਚ ਇੰਜੀਨੀਅਰਿੰਗ ਜਾਂ ਮਨੋਵਿਗਿਆਨ ਦੀ ਪੜ੍ਹਾਈ ਸ਼ੁਰੂ ਕਰੇਗਾ। 18 ਵਰ੍ਹਿਆਂ ਦਾ ਗੁਰਤੇਜ ਇਸੇ ਯੂਨੀਵਰਸਿਟੀ ਵਿਚ ਲਾਅ ਕਰਾਸ ਵਿਖੇ ਪੜ੍ਹ ਰਿਹਾ ਹੈ।

ਇਸੇ ਤਰ੍ਹਾਂ 21 ਵਰ੍ਹਿਆਂ ਦੀ ਰਾਜ ਨੇ ਹੁਣੇ-ਹੁਣੇ ਉਥੋਂ ਹੀ ਪੜ੍ਹਾਈ ਮੁਕੰਮਲ ਕੀਤੀ ਹੈ ਅਤੇ 24 ਵਰ੍ਹਿਆਂ ਦੀ ਰੂਪੀ ਜਿਸ ਨੇ 2014 ਵਿਚ ਯੂਨੀਵਰਸਿਟੀ ਆਫ ਵਿਸਕਾਨਸਿਨ, ਮੈਡੀਸਨ ਤੋਂ ਗਰੈਜੂਏਸ਼ਨ ਕੀਤੀ, ਵਿਸਕਾਨਸਿਨ ਦੇ ਮੈਡੀਕਲ ਕਾਲਜ ਵਿਚ ਪੜ੍ਹ ਰਹੀ ਹੈ ਅਤੇ ਛੇਤੀ ਹੀ ਉਸ ਨੇ ਡਾਕਟਰ ਬਣ ਜਾਣਾ ਹੈ।

ਦਰਸ਼ਨ ਸਿੰਘ ਗਰੇਵਾਲ ਅਤੇ ਪੈਮ ਗਰੇਵਾਲ ਦਾ ਕਹਿਣਾ ਹੈ ਕਿ ਉਹ ਜੇਮਸ ਫੇਨੀਮੋਰ ਕੂਪਰ ਸਕੂਲ ਦੇ ਵੀ ਧੰਨਵਾਦੀ ਹਨ ਜਿਥੇ ਇਨ੍ਹਾਂ ਬੱਚਿਆਂ ਨੇ ਕੇ-8 ਗਰੇਡ ਤਕ ਪੜ੍ਹਾਈ ਕੀਤੀ ਅਤੇ ਹਾਈ ਸਕੂਲ ਵਿਚ ਪੜ੍ਹਨ ਲਈ ਉਨ੍ਹਾਂ ਦੀਆਂ ਨੀਂਹਾਂ ਬੱਝੀਆਂ।


Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ
ਲੈਸ ਨਵਾਂ ਟਰੱਕ
ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ
ਗੈਸ ਸਟੇਸ਼ਨ ਲਈ ਕੈਸ਼ੀਅਰ ਦੀ
ਲੋੜ ਹੈ



ਮਕੈਨਿਕ
ਅਤੇ
ਮਕੈਨਿਕ
ਹੈਲਪਰ ਦੀ
ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366



Friends Of Punjab Foundation



ਤੁਹਾਡੇ ਬਚਪਨ ਦੀਆਂ
ਯਾਦਾਂ ਸਾਂਭੀ ਬੈਠੇ
ਪਿੰਡ ਦੇ ਗਰੀਬ ਲੋਕ
ਮਦਦ ਲਈ ਤੁਹਾਡੇ
ਵੱਲ ਝਾਕ ਰਹੇ ਹਨ

ਮੇਰਾ
ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਕਰਨਾਟਕ ਚੋਣਾਂ ਅਤੇ ਖੇਤਰੀ ਪਾਰਟੀਆਂ ਦੀ ਸਿਆਸਤ

**ਪ੍ਰੋ. ਪ੍ਰੀਤਮ ਸਿੰਘ**

ਕਰਨਾਟਕ ਵਿਚ ਐਸ. ਯੇਡੀਯੂਰੱਪਾ ਦੇ ਅਸਤੀਫ਼ੇ ਨਾਲ ਭਾਜਪਾ ਦੇ ਸਰਕਾਰ ਬਣਾਉਣ ਦੇ ਸਾਰੇ ਯਤਨ ਨਾਕਾਮ ਹੋ ਕੇ ਰਹਿ ਗਏ; ਹੁਣ ਵੇਲਾ ਹੈ, ਕਰਨਾਟਕ ਦੇ ਚੋਣ ਨਤੀਜੇ ਦੀਆਂ ਵੱਡੀਆਂ ਸੰਭਾਵਨਾਵਾਂ ਤੋਂ ਭਾਰਤ ਦੀ ਸੂਬਾਈ ਅਤੇ ਸ਼ਾਇਦ ਕੇਂਦਰੀ ਸਿਆਸਤ ਵੀ ਕੁਝ ਸਿੱਖੇ।

ਕਰਨਾਟਕ ਵਿਚ ਪਿਛਲੇ ਦਿਨੀਂ ਜੋ ਕੁਝ ਵਾਪਰਿਆ, ਉਸ ਦੇ ਭਾਵੇਂ ਕਈ ਨੈਤਿਕ, ਕਾਨੂੰਨੀ ਤੇ ਸੰਵਿਧਾਨਕ ਪੱਖ ਹਨ ਪਰ ਕਰਨਾਟਕ ਦੇ ਇਸ ਫ਼ੈਸਲੇ ਦੇ ਸਭ ਤੋਂ ਵੱਧ ਅਹਿਮ ਸਿਆਸੀ ਪੱਖ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਹੈ ਕਿ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਹਾਰ ਗਈ ਹੈ; ਨੀਮ-ਧਰਮ ਨਿਰਪੇਖ ਰਾਸ਼ਟਰਵਾਦੀ ਕਾਂਗਰਸ ਜਿੱਤ ਹਾਸਲ ਨਹੀਂ ਕਰ ਸਕੀ ਅਤੇ ਕਰਨਾਟਕ ਦੀ ਖੇਤਰੀ ਪਾਰਟੀ ਜਨਤਾ ਦਲ (ਐਸ) ਦਾ ਨੁਮਾਇੰਦਾ, ਹੰਭੀ ਹੋਈ ਕਾਂਗਰਸ ਦੀ ਹਮਾਇਤ ਨਾਲ ਸੂਬੇ ਦਾ ਮੁੱਖ ਮੰਤਰੀ ਬਣ ਗਿਆ। ਹੁਣ ਤਕ ਹਿੰਦੂ ਰਾਸ਼ਟਰਵਾਦੀ ਭਾਜਪਾ ਦਾ ਜਿਹੜਾ ਲਗਾਤਾਰ ਅੱਗੇ ਵਧਣਾ ਕਿਤੇ ਰੁਕਦਾ ਦਿਖਾਈ ਨਹੀਂ ਸੀ ਦੇ ਰਿਹਾ, ਉਹ ਹੁਣ ਰੁਕ ਗਿਆ ਹੈ।

ਦੂਜੇ ਬੰਨੇ, ਕਾਂਗਰਸ ਵੀ ਕੋਈ ਸਪਸ਼ਟ ਜੇਤੂ ਨਹੀਂ ਬਣ ਸਕੀ ਸਗੋਂ ਇਸ ਨੂੰ ਖੇਤਰੀ ਪਾਰਟੀ ਦੇ ਅਧੀਨ ਰਹਿ ਕੇ ਕੰਮ ਕਰਨਾ ਪਵੇਗਾ। ਕੀ ਇਹ ਸਾਰਾ ਕੁਝ ਖੇਤਰੀ/ਸੂਬਾ ਆਧਾਰਿਤ ਸਿਆਸਤ ਲਈ ਕੋਈ ਮਿਸਾਲ ਬਣ ਸਕੇਗਾ ਅਤੇ ਫਿਰ ਇਸੇ ਆਧਾਰ 'ਤੇ ਕੇਂਦਰ ਵਿਚ ਵੀ ਸੱਤਾਧਾਰੀ ਗੱਠਜੋੜ ਬਣਨ ਦਾ ਰੂਪ ਅਖ਼ਤਿਆਰ ਕਰ ਸਕੇਗਾ?

ਕਰਨਾਟਕ ਦੀ ਮਿਸਾਲ ਦੇ ਮਹੱਤਵ ਨੂੰ ਸਮਝਣ ਲਈ, ਸਮੁੱਚੇ ਮੁਲਕ ਅਤੇ ਇਸ ਦੇ ਵੱਖ ਵੱਖ ਖੇਤਰਾਂ ਵਿਚ ਚੱਲ ਰਹੇ ਸਿਆਸੀ ਰੁਝਾਨਾਂ ਉਤੇ ਵਿਆਪਕ ਝਾਤ ਪਾਉਣੀ ਅਹਿਮ ਹੋਵੇਗੀ। ਮੁਲਕ ਵਿਚ ਇਸ ਵੇਲੇ ਚਾਰ ਸਿਆਸੀ ਰੁਝਾਨ ਚੱਲ ਰਹੇ ਹਨ। ਸ਼ੁਰੂਆਤ ਸਭ ਤੋਂ ਪੁਰਾਣੀ ਪਾਰਟੀ, ਕਾਂਗਰਸ ਤੋਂ ਕਰਦੇ ਹਾਂ। ਇਸ ਪਾਰਟੀ ਦੀ ਸੁਰ ਭਾਵੇਂ ਹਿੰਦੂਵਾਦੀ ਹੀ ਰਹੀ ਹੈ, ਫਿਰ ਵੀ ਇਸ ਨੇ ਮੁੱਖ ਤੌਰ 'ਤੇ ਆਪਣਾ ਧਿਆਨ ਭਾਰਤ ਦੀਆਂ ਵੱਖੋ-ਵੱਖਰੀਆਂ ਵਿਭਿੰਨਤਾਵਾਂ ਨੂੰ ਇਕਜੁੱਟ ਭਾਰਤ ਦੀ ਪਛਾਣ ਬਣਾਉਣ 'ਤੇ ਕੇਂਦ੍ਰਿਤ ਕੀਤਾ ਹੈ। ਇਸ ਨੇ ਆਪਣੀ ਹਿੰਦੂਵਾਦੀ ਸੁਰ ਨੂੰ ਧਰਮ ਨਿਰਪੇਖਤਾ ਦੇ ਪਰਦੇ ਹੇਠ ਲੁਕਾ ਕੇ ਰੱਖਿਆ ਹੈ। ਇਹ ਜਿਥੇ ਇਕ ਪਾਸੇ ਹਿੰਦੂ ਬਹੁਗਿਣਤੀ ਦੇ ਨੇੜੇ ਰਹਿਣ ਦਾ ਦਾਅਵਾ ਕਰ ਕੇ ਉਸ ਦੀ ਹਮਾਇਤ ਲੈਂਦੀ ਰਹੀ ਹੈ, ਉਤੇ ਇਸ ਨੇ ਸਦਾ ਧਰਮ ਨਿਰਪੇਖਤਾ ਦੀ ਆੜ ਹੇਠ ਘੱਟ-ਗਿਣਤੀਆਂ ਦਾ ਸਮਰਥਨ ਵੀ ਲਿਆ ਹੈ। ਇੰਜ ਇਹ ਦੋਹਾਂ ਧਾਰਾਵਾਂ ਵਿਚਕਾਰ ਸੰਤੁਲਨ ਰੱਖਣ ਦਾ ਯਤਨ ਕਰਦੀ ਰਹੀ ਹੈ ਅਤੇ ਇਸ ਸੰਤੁਲਨ ਵਿਚ ਹੀ ਇਸ ਪਾਰਟੀ ਦੀ ਸਿਆਸਤ ਦਾ ਖ਼ਾਸਾ ਲੁਕਿਆ ਹੋਇਆ ਹੈ, ਹਾਲਾਂਕਿ ਇਹ ਸੰਤੁਲਨ ਕਾਇਮ ਰੱਖਦਿਆਂ ਇਸ ਨੇ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਵੀ ਦੇਖੇ ਹਨ।

ਉਂਜ, ਉਸ ਦੇ ਇਸ ਗਿਣੇ-ਮਿਥੇ ਸੰਤੁਲਨ ਭਾਵੇਂ ਇਹ ਸਦਾ ਸੁਚੇਤ ਰੂਪ ਵਿਚ ਨਾ ਵੀ ਹੋਵੇ, ਦੇ ਪਿੱਛੇ ਇਕ ਖ਼ਾਸ ਮਿਸ਼ਨ ਹੁੰਦਾ ਹੈ: ਜਿਥੇ ਲੋੜ ਹੋਵੇ, ਉਤੇ ਅਧੀਨਗੀ ਨਾਲ ਵੀ ਭਾਰਤ ਦੀ ਇਕਜੁੱਟ ਕੌਮੀ ਪਛਾਣ ਦਾ ਨਿਰਮਾਣ ਕਰੋ, ਤੇ ਜੇ ਇਕਜੁੱਟ ਕੌਮੀ ਪਛਾਣ ਨੂੰ ਕੋਈ ਵੰਗਾਰੇ ਤਾਂ ਉਨ੍ਹਾਂ ਪਛਾਣਾਂ ਦੀ ਵਿਭਿੰਨਤਾ ਨੂੰ ਕੁਚਲ ਕੇ ਰੱਖ ਦਿਓ। ਧਰਮ ਨਿਰਪੇਖਤਾਵਾਦ ਦੇ ਪ੍ਰਚਾਰ ਦਾ ਆਧਾਰ ਧਰਮ ਨਿਰਪੇਖਤਾ ਦੀਆਂ ਅਸਲ ਕਦਰਾਂ-ਕੀਮਤਾਂ 'ਤੇ ਆਧਾਰਿਤ ਨਹੀਂ ਹੁੰਦਾ, ਸਗੋਂ ਇਸ ਦਾ ਮਕਸਦ ਇਕਜੁੱਟ ਕੌਮੀ ਪਛਾਣ ਸਿਰਜਣ ਦਾ ਮਿਸ਼ਨ ਹੈ। ਇਸੇ ਬੁਨਿਆਦੀ ਮਿਸ਼ਨ ਨੇ ਇਸ ਪਾਰਟੀ ਨੂੰ ਕੇਂਦਰੀਕਰਨ ਦਾ ਮਜ਼ਬੂਤ ਹਮਾਇਤੀ ਬਣਾਇਆ ਹੈ ਅਤੇ ਇਸ ਦੇ ਸਿਆਸੀ-ਆਰਥਿਕ ਪ੍ਰੋਜੈਕਟ ਨੇ ਇਕਜੁੱਟ ਪਛਾਣ ਦੇ ਮੰਤਵ ਦੀ ਪੂਰਤੀ ਲਈ ਕੇਂਦਰੀਕਰਨ ਨੂੰ ਮੁੱਖ ਏਜੰਡੇ ਵਜੋਂ ਮਜ਼ਬੂਤ ਕੀਤਾ ਹੈ। ਕੇਂਦਰੀ ਯੋਜਨਾਬੰਦੀ ਦੇ ਨਹਿਰੂਵਾਦੀ ਏਜੰਡੇ 'ਚ ਕੇਂਦਰੀ ਆਰਥਿਕ ਤਾਲਮੇਲ ਦਾ ਆਰਥਿਕ ਪਾਸਾਰ ਤੇ ਇਕਜੁਟਤਾ ਦਾ ਸਿਆਸੀ ਪ੍ਰੋਜੈਕਟ, ਦੋਵੇਂ ਹੀ ਹੁੰਦੇ ਹਨ। ਕੇਂਦਰੀਕਰਨ ਦੇ ਇਸ ਏਜੰਡੇ ਦੀ ਭੈੜੀ ਕਿਸਮ ਇੰਦਰਾ ਗਾਂਧੀ ਦੇ ਐਮਰਜੈਂਸੀ ਕਾਲ (1975-77) ਦੌਰਾਨ ਸਾਹਮਣੇ ਆਈ ਸੀ।

ਕਾਂਗਰਸ ਦੀ ਮੁੱਖ ਵਿਰੋਧੀ ਪਹਿਲਾਂ ਜਨ ਸੰਘ ਹੁੰਦੀ ਸੀ ਜੋ 1947 ਤੋਂ ਬਾਅਦ ਬਹੁਤ ਹੌਲੀ ਹੌਲੀ ਉਭਰਦੀ ਰਹੀ ਅਤੇ ਫਿਰ 1980 ਤੋਂ ਬਾਅਦ ਹਿੰਦੂ ਰਾਸ਼ਟਰਵਾਦੀ ਭਾਜਪਾ ਦੇ ਰੂਪ ਵਿਚ ਜ਼ੋਰ ਫੜਦੀ ਗਈ। ਭਾਰਤ ਲਈ ਉਸ ਦਾ ਸਿਆਸੀ ਪ੍ਰੋਜੈਕਟ ਵੀ ਕਾਂਗਰਸ ਵਰਗਾ ਹੀ ਸੀ: ਹੋਰ ਸਾਰੀਆਂ ਪਛਾਣਾਂ ਤੋਂ ਉਪਰ ਇਕ ਮਜ਼ਬੂਤ ਭਾਰਤੀ ਪਛਾਣ ਦੀ ਉਸਾਰੀ ਕਰਨਾ। ਇਹ ਬਾਕੀ ਪਛਾਣਾਂ ਨੂੰ ਉਸ ਪਛਾਣ ਲਈ ਫੁੱਟ-ਪਾਊ ਤਾਕਤਾਂ ਵਜੋਂ ਦੇਖਦੀ ਹੈ। ਉਂਜ ਕਾਂਗਰਸ ਦੇ ਮੁਕਾਬਲੇ ਉਸ ਵਿਚ ਇਕ ਵੱਡਾ ਫ਼ਰਕ ਵੀ ਹੈ: ਉਸ ਦਾ ਮੰਨਣਾ ਹੈ ਕਿ ਸਿਰਫ਼ ਇਕੋ-ਇਕ ਭਾਰਤੀ ਪਛਾਣ ਦੀ ਹੀ ਉਸਾਰੀ ਹੋ ਸਕਦੀ ਹੈ, ਇਸ ਲਈ ਹੋਰ ਸਾਰੀਆਂ ਵਿਭਿੰਨ ਕਦਰਾਂ-ਕੀਮਤਾਂ ਦੇ ਮੁਕਾਬਲੇ ਹਿੰਦੂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਸਰਦਾਰੀ ਕਾਇਮ ਰਹਿਣੀ ਚਾਹੀਦੀ ਹੈ। ਹਿੰਦੂ ਸਭਿਆਚਾਰਕ



ਕੁਮਾਰਸਵਾਮੀ

ਕਦਰਾਂ-ਕੀਮਤਾਂ ਨੂੰ ਉਭਾਰਨ ਵਿਚ ਮਦਦ ਲਈ ਹਿੰਦੂ ਰਾਸ਼ਟਰਵਾਦੀ ਸਿਆਸੀ, ਪ੍ਰਸ਼ਾਸਕੀ, ਸੰਵਿਧਾਨਕ, ਅੰਦਰੂਨੀ ਤੇ ਬਾਹਰੀ ਸੁਰੱਖਿਆ, ਕਾਨੂੰਨ, ਸਿੱਖਿਆ ਤੇ ਮੀਡੀਆ ਸੰਚਾਰ ਜਿਹੇ ਸਾਰੇ ਹੀ ਖੇਤਰਾਂ ਵਿਚ ਕੇਂਦਰੀਕਰਨ ਨੂੰ ਮਜ਼ਬੂਤ ਕਰ ਰਹੇ ਹਨ।

ਵਿਭਿੰਨ ਪਛਾਣਾਂ ਦੀ ਵਧਦੀ ਜਾ ਰਹੀ ਮਜ਼ਬੂਤੀ 'ਚੋਂ ਭਾਰਤੀ ਸਿਆਸਤ ਵਿਚ ਵਿਕੇਂਦਰੀਕਰਨ ਦਾ ਤੀਜਾ ਰੁਝਾਨ ਵੀ ਉਘੜ ਕੇ ਸਾਹਮਣੇ ਆ ਰਿਹਾ ਹੈ ਜੋ ਕਾਂਗਰਸ ਅਤੇ ਭਾਜਪਾ ਦੇ ਕੇਂਦਰੀਕਰਨ ਦੇ ਦ੍ਰਿਸ਼ਟੀਕੋਣਾਂ ਤੋਂ ਉਲਟ ਹੈ, ਉਹ ਹੈ: ਖੇਤਰੀ, ਭਾਸ਼ਾਈ, ਧਾਰਮਿਕ ਅਤੇ ਦਲਿਤਾਂ ਤੇ ਪੱਛੜੀਆਂ ਜਾਤਾਂ ਦੀਆਂ ਗ਼ੈਰ-ਸਵਰਨ ਜਾਤੀ ਪਛਾਣਾਂ। ਭਾਸ਼ਾਈ ਮੁੱਦੇ ਨੂੰ ਛੱਡ ਕੇ ਬਾਕੀ ਦੀਆਂ ਇਹ ਸਾਰੀਆਂ ਵਿਭਿੰਨ ਪਛਾਣਾਂ ਭਾਰਤ ਦੀ ਆਜ਼ਾਦੀ ਦੇ ਪਹਿਲੇ ਦੋ ਦਹਾਕੇ ਬਾਅਦ ਤਕ ਚੁੱਪ ਹੀ ਰਹੀਆਂ ਕਿਉਂਕਿ ਉਨ੍ਹਾਂ ਦੋ ਦਹਾਕਿਆਂ ਦੌਰਾਨ ਨਵੇਂ ਰਾਸ਼ਟਰ ਦੀ ਉਸਾਰੀ ਦਾ ਸਿਆਸੀ ਸਭਿਆਚਾਰ ਵਧੇਰੇ ਹਾਵੀ ਰਿਹਾ ਸੀ। ਭਾਸ਼ਾਈ ਪਛਾਣਾਂ ਦੀਆਂ ਨਾਰਾਜ਼ ਸੁਰਾਂ ਖ਼ਾਸ ਤੌਰ 'ਤੇ ਹਿੰਦੀ ਦੇ ਤਰਜੀਹੀਕਰਨ ਦੇ ਖ਼ਿਲਾਫ਼ ਹਨ।

ਹਿੰਦੀ ਖੇਤਰ ਦੀ ਭਾਸ਼ਾ ਹਿੰਦੀ ਹੈ ਪਰ ਗ਼ੈਰ-ਹਿੰਦੀ ਭਾਸ਼ਾਈ ਖੇਤਰਾਂ ਵਿਚ ਉਸ ਹਾਵੀ ਹੁੰਦੇ ਸਿਆਸੀ ਸਭਿਆਚਾਰ ਦਾ ਵਿਰੋਧ ਹੋਇਆ। ਇਸ ਵਿਰੋਧ ਦੀਆਂ ਜੜ੍ਹਾਂ ਸੰਵਿਧਾਨ ਸਿਰਜਣ ਦੀ ਪ੍ਰਕਿਰਿਆ ਵਿਚ ਭਾਸ਼ਾ ਬਾਰੇ ਦਿੱਤੀਆਂ ਜਾਣ ਵਾਲੀਆਂ ਦਲੀਲਾਂ ਵਿਚ ਮੌਜੂਦ ਹਨ। ਵੱਖੋ-ਵੱਖਰੀਆਂ ਵਿਧਾਨ ਸਭਾਵਾਂ ਵਿਚ ਹੋਣ ਵਾਲੀਆਂ ਬਹਿਸਾਂ ਦੌਰਾਨ ਪੱਛਮੀ ਭਾਰਤ (ਮੌਜੂਦਾ ਮਹਾਰਾਸ਼ਟਰ ਤੇ ਗੁਜਰਾਤ) ਦੇ ਨੁਮਾਇੰਦਿਆਂ ਦੀ ਹਮਾਇਤ ਨਾਲ ਹਿੰਦੀ ਭਾਸ਼ਾਈ ਉਤਰੀ ਖੇਤਰ ਦਾ ਗ਼ੈਰ-ਹਿੰਦੀ ਭਾਸ਼ਾਈ ਖੇਤਰਾਂ ਵਿਚ ਜ਼ੋਰਦਾਰ ਵਿਰੋਧ ਹੋਇਆ ਤੇ ਉਤੇ ਇਸ ਨੂੰ ਹਿੰਦੀ ਸਾਮਰਾਜਵਾਦ ਤੱਕ ਆਖਿਆ ਗਿਆ।

1960ਵਿਆਂ ਦੇ ਅੱਧ ਦੌਰਾਨ ਜਿਹੜੀਆਂ ਆਵਾਜ਼ਾਂ ਨੂੰ ਅਣਸੁਣਿਆ ਕੀਤਾ ਜਾਂਦਾ ਰਿਹਾ ਸੀ, ਪੂੰਜੀਵਾਦ ਦੇ ਵਿਕਾਸ ਨਾਲ ਅਤੇ ਵਿਚਾਰ-ਵਟਾਂਦਰਿਆਂ ਤੋਂ ਬਾਅਦ ਉਨ੍ਹਾਂ ਦਾ ਹੀ ਉਭਾਰ ਖੇਤਰੀ ਪਾਰਟੀਆਂ ਦੇ ਰੂਪ ਵਿਚ ਹੋਇਆ ਤੇ ਉਨ੍ਹਾਂ ਨੇ ਹੀ ਕਾਂਗਰਸ ਦੀ ਸਰਦਾਰੀ ਨੂੰ ਚੁਣੌਤੀ ਦਿੱਤੀ। ਸਾਲ 1967 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬੰਗਾਲ ਤੋਂ ਪੰਜਾਬ ਤੱਕ ਖੇਤਰੀ ਪਾਰਟੀਆਂ ਨੇ ਖੱਬੀਆਂ ਪਾਰਟੀਆਂ ਦੇ ਤਾਲਮੇਲ ਨਾਲ ਗ਼ੈਰ-ਕਾਂਗਰਸੀ ਸਰਕਾਰਾਂ ਕਾਇਮ ਕੀਤੀਆਂ ਸਨ। ਇਕਜੁੱਟਤਾ ਤੇ ਕੇਂਦਰੀਕਰਨ ਦੇ ਵਿਚਾਰਧਾਰਕ ਏਜੰਡੇ ਖ਼ਿਲਾਫ਼ ਵਿਭਿੰਨਤਾਵਾਂ ਦੀਆਂ ਬੁਨਿਆਦੀ ਸੱਚਾਈਆਂ ਦੀ ਹਕੀਕਤ ਉਘੜ ਕੇ ਸਾਹਮਣੇ ਆਈ। ਤਾਕਤਵਰ ਕਾਂਗਰਸ ਦਾ ਪਤਨ ਸ਼ੁਰੂ ਹੋ ਚੁੱਕਾ ਸੀ ਤੇ ਹੁਣ ਹਾਲਤ ਇਹ ਹੈ ਕਿ 130 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਇਹ ਪਾਰਟੀ ਹੁਣ ਸੁੰਗੜ ਕੇ ਸਿਰਫ਼ ਸਾਢੇ ਤਿੰਨ ਕਰੋੜ ਦੀ ਆਬਾਦੀ ਵਾਲੇ ਤਿੰਨ ਛੋਟੇ ਰਾਜਾਂ - ਪੰਜਾਬ, ਪੁਡੂਚੇਰੀ ਤੇ ਮਿਜ਼ੋਰਮ ਤੱਕ ਸੀਮਤ ਰਹਿ ਗਈ ਹੈ।

ਚੌਥਾ ਸਿਆਸੀ ਰੁਝਾਨ ਸੰਸਦੀ ਪ੍ਰਣਾਲੀ ਨੂੰ ਪ੍ਰਣਾਈ ਖੱਬੀ ਧਿਰ ਹੈ ਜੋ ਕਦੇ ਵਿਭਿੰਨਤਾਵਾਂ ਦੀ ਚੈਂਪੀਅਨ ਹੁੰਦੀ ਸੀ ਪਰ ਹੁਣ ਉਹ ਧਰਮ ਨਿਰਪੇਖਤਾ ਦੀ ਸੁਰ ਨਾਲ ਭਾਰਤੀ ਰਾਸ਼ਟਰ ਦੀ ਰਾਖੀ ਕਰਨ ਦੇ ਨਾਂ ਹੇਠ ਕੇਂਦਰਵਾਦ-ਪੱਖੀ ਹੋ ਕੇ ਰਹਿ ਗਈ ਹੈ। ਇਸ ਦੀਆਂ ਖੇਤਰੀ ਜੜ੍ਹਾਂ ਵੀ ਹਨ ਪਰ ਇਸ ਤੱਥ ਤੋਂ ਇਹ ਸਦਾ ਇਨਕਾਰੀ ਰਹੀ ਹੈ।

ਕਮਜ਼ੋਰ ਕਾਂਗਰਸ ਅਤੇ ਖੱਬੀਆਂ ਪਾਰਟੀਆਂ ਦੇ ਇਸ ਬਦਲੇ ਦ੍ਰਿਸ਼ ਵਿਚ ਖੇਤਰੀ ਪਾਰਟੀਆਂ ਤੇਜ਼ੀ ਨਾਲ ਉਭਰ ਕੇ ਸਾਹਮਣੇ ਆ ਰਹੀਆਂ ਹਨ ਅਤੇ ਇਹੀ ਭਾਜਪਾ ਦੀ ਕੇਂਦਰਵਾਦੀ ਹਿੰਦੂ ਸਰਦਾਰੀ ਨੂੰ ਮੁੱਖ ਚੁਣੌਤੀ ਵੀ ਦੇ ਰਹੀਆਂ ਹਨ। ਇਹ ਚੁਣੌਤੀ ਬਹੁਤੀ ਸਪਸ਼ਟ ਨਹੀਂ ਹੈ, ਸਗੋਂ ਇਹ ਗ਼ੈਰ-ਵਿਵਸਥਤ ਤੇ ਬਹੁਤ ਵਾਰ ਭੰਬਲਭੂਸੇ ਵਿਚ ਫਸੀ ਜਾਪਦੀ ਹੈ, ਖਾਸ ਕਰ ਉਦੋਂ ਜਦੋਂ ਬਾਦਲ ਅਕਾਲੀ ਦਲ ਵਰਗੀ ਧਿਰ ਇਸ ਦੀ ਮਾਤਹਿਤੀ ਕਰ ਰਹੀ ਹੈ; ਹਾਲਾਂਕਿ ਇਹ ਅੰਦਰਖਾਤੇ ਭਾਜਪਾ ਤੋਂ ਖ਼ੁਸ਼ ਨਹੀਂ ਹੈ ਪਰ ਕੁੱਲ ਮਿਲਾ ਕੇ ਇਸ ਚੁਣੌਤੀ ਦੀ ਦਿਸ਼ਾ ਬੜੀ ਸਪਸ਼ਟ ਹੈ, ਭਾਵ ਵੱਖੋ-ਵੱਖਰੀਆਂ ਖੇਤਰੀ ਪਾਰਟੀਆਂ ਇਕ ਕੇਂਦਰਵਾਦੀ ਹਿੰਦੂ ਪਛਾਣ ਨੂੰ ਨਕਾਰ ਰਹੀਆਂ ਹਨ।

ਕਾਂਗਰਸ ਨੂੰ ਹੁਣ ਕੇਂਦਰੀਕਰਨ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਤਿਆਗ ਕੇ ਨਵੇਂ ਰੂਪ ਵਿਚ ਸਾਹਮਣੇ ਆਉਣਾ ਹੋਵੇਗਾ ਅਤੇ ਉਸ ਨੂੰ ਨਵੀਂ ਹਕੀਕਤ ਦੇ ਰੂ-ਬ-ਰੂ ਹੁੰਦਿਆਂ ਖ਼ੁਦ ਨੂੰ ਸਿਆਸੀ ਤੌਰ 'ਤੇ ਨਵੀਂ ਤਰਤੀਬ ਦੇਣੀ ਪਵੇਗੀ। ਇਸ ਨੂੰ ਖੇਤਰੀ ਪਾਰਟੀਆਂ ਦੇ ਅਧੀਨ ਚੱਲਣ ਦੀ ਨਵੀਂ ਹਕੀਕਤ ਨੂੰ ਪ੍ਰਵਾਨ ਕਰਨਾ ਪਵੇਗਾ। ਖੱਬੀਆਂ ਪਾਰਟੀਆਂ ਨੂੰ ਵੀ ਆਪਣੀ ਸਿਆਸਤ ਬਦਲਣੀ ਹੋਵੇਗੀ ਅਤੇ ਇਨ੍ਹਾਂ ਨੂੰ ਇਹ ਪ੍ਰਵਾਨ ਕਰਨਾ ਹੋਵੇਗਾ ਕਿ ਭਾਜਪਾ ਦੀ ਹਕੂਮਤ ਅਧੀਨ ਵਧ ਰਹੇ ਕੇਂਦਰੀਕਰਨ ਤੇ ਸੱਤਾਵਾਦ ਨੂੰ ਚੁਣੌਤੀ ਸਿਰਫ਼ ਖੇਤਰੀ ਪਾਰਟੀਆਂ ਹੀ ਦੇ ਰਹੀਆਂ ਹਨ। ਕਿਸੇ ਪੂੰਜੀਵਾਦੀ ਅਰਥ-ਵਿਵਸਥਾ ਵਿਚ ਕੋਈ ਪ੍ਰਗਤੀਵਾਦੀ ਏਜੰਡਾ ਵਿਕਸਤ ਕਰਨ ਲਈ, ਲੋਕਤੰਤਰ ਦੀ ਮਜ਼ਬੂਤੀ ਸਭ ਤੋਂ ਪਹਿਲੀ ਜ਼ਰੂਰਤ ਹੁੰਦੀ ਹੈ।

ਭਾਰਤੀ ਲੋਕਤੰਤਰ ਦੀ ਆਵਾਜ਼ ਬਣਨ ਵਿਚ ਖੇਤਰੀ ਪਾਰਟੀਆਂ ਦੀ ਬਹੁਤ ਵੱਡੀ ਸੰਭਾਵਨਾ ਹੁੰਦੀ ਹੈ, ਨਾ ਸਿਰਫ਼ ਰਾਜਾਂ ਵਿਚ ਸਗੋਂ ਉਹ ਕੇਂਦਰ ਵਿਚ ਵੀ ਗੱਠਜੋੜ ਕਾਇਮ ਕਰ ਕੇ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ ਅਤੇ ਇੰਜ ਉਹ ਭਾਰਤ ਦੀ ਸੱਚੀ ਵਿਭਿੰਨਤਾ ਦੀ ਨੁਮਾਇੰਦਗੀ ਕਰ ਸਕਦੀਆਂ ਹਨ। ਕਰਨਾਟਕ ਆਪਣੀਆਂ ਸਾਰੀਆਂ ਸੀਮਾਵਾਂ ਦੇ ਬਾਵਜੂਦ ਨਵੇਂ ਵਿਕੇਂਦ੍ਰੀਕ੍ਰਿਤ ਅਤੇ ਜਮਹੂਰੀ ਭਾਰਤ ਦੀ ਉਸਾਰੀ ਦੇ ਹਰਕਾਰੇ ਵਜੋਂ ਉਭਰ ਸਕਦਾ ਹੈ।

# ਨਰੇਂਦਰ ਮੋਦੀ ਖਿਲਾਫ ਏਕਤਾ ਦੇ ਜੋਖਮ

**ਯੋਗੇਂਦਰ ਯਾਦਵ**

ਕਰਨਾਟਕ ਵਿਚ ਕੁਮਾਰਸਵਾਮੀ ਮੰਤਰੀ ਮੰਡਲ ਦੇ ਹਲਫਦਾਰੀ ਸਮਾਗਮ ਮੌਕੇ ਵਿਰੋਧੀ ਏਕਤਾ ਦਾ ਜਲੌਅ ਮੇਰੇ ਅੰਦਰ ਕੋਈ ਉਤਸ਼ਾਹ ਨਹੀਂ ਜਗਾ ਸਕਿਆ। ਚਾਰ ਸਾਲਾਂ ਤੋਂ ਮੈਂ ਮੰਨਦਾ ਆਇਆ ਹਾਂ ਕਿ ਮੋਦੀ ਸ਼ਾਸਨ ਭਾਰਤੀ ਗਣਰਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਉਪਰ ਵਿਸਾਹਘਾਤੀ ਹਮਲੇ ਦਾ ਉਤਮ ਨਮੂਨਾ ਹੈ। ਮੋਦੀ ਨੂੰ ਗੱਦੀ ਤੋਂ ਲਾਂਭੇ ਕਰਨ ਦਾ ਇਕੋ-ਇਕ ਨਿਸ਼ਾਨਾ ਪੂਰੀ ਤਰ੍ਹਾਂ ਗ਼ੈਰ ਸਿਧਾਂਤਕ ਹੀ ਨਹੀਂ, ਸਗੋਂ ਉਲਟ ਅਸਰ ਵਾਲਾ ਵੀ ਹੋ ਸਕਦਾ ਹੈ।

ਕਰਨਾਟਕ ਚੋਣਾਂ ਅਤੇ ਇਸ ਤੋਂ ਬਾਅਦ ਦਾ ਘਟਨਾਕ੍ਰਮ, ਅਗਲੀਆਂ ਲੋਕ ਸਭਾ ਚੋਣਾਂ ਲਈ ਪਰਖੇ ਨਮੂਨੇ ਵਜੋਂ ਸਾਹਮਣੇ ਆਇਆ ਹੈ। ਚੋਣਾਂ ਦੇ ਨਿਚੋੜ ਨੇ ਫਿਰ ਉਹੀ ਕੁਝ ਤਸਦੀਕ ਕੀਤਾ ਜੋ ਸਾਰੇ ਸਿਆਸੀ ਨਿਗਰਾਨ ਇਕ ਸਾਲ ਤੋਂ ਮਹਿਸੂਸ ਕਰ ਰਹੇ ਸਨ: ਮੋਦੀ-ਸ਼ਾਹ ਜੋੜੀ ਅੜਿੱਕਿਆਂ ਭਰਪੂਰ ਹੋ ਸਕਦੀ ਹੈ ਪਰ ਅਜਿੱਤ ਨਹੀਂ।

ਚੋਣ ਨਤੀਜਿਆਂ ਨੇ ਕਾਂਗਰਸ ਦੀ ਮੁੜ ਜਿੱਤਣ ਦੀ ਕਹਾਣੀ ਦਾ ਵੀ ਪਰਦਾਫਾਸ਼ ਕਰ ਦਿੱਤਾ ਅਤੇ ਸਾਹਮਣੇ ਲਿਆਂਦਾ ਕਿ ਸਾਰੇ ਹਾਲਾਤ ਹੱਕ ਵਿਚ ਹੋਣ ਦੇ ਬਾਵਜੂਦ, ਰਾਹੁਲ ਗਾਂਧੀ ਦੀ ਕਾਂਗਰਸ ਭਾਜਪਾ ਦਾ ਚੋਣ ਰੱਥ ਆਪਣੇ ਬਲਬੂਤੇ ਨਹੀਂ ਰੋਕ ਸਕਦੀ। ਜੇ ਚੋਣ ਨਤੀਜੇ ਇਹ ਇਸ਼ਾਰਾ ਕਰਦੇ ਸਨ ਕਿ ਵਿਰੋਧੀ ਧਿਰ ਦੇ ਇਕਮੁੱਠ ਹੋਣ ਦੀ ਲੋੜ ਹੈ ਤਾਂ ਜਿਸ ਤਰ੍ਹਾਂ ਦੇ ਹੱਥਕੰਡੇ ਚੋਣਾਂ ਬਾਅਦ ਵਰਤੇ ਗਏ ਅਤੇ ਯੇਡੀਯੂਰੱਪਾ ਨੂੰ ਸੱਤਾ ਉਤੇ ਕਾਬਜ਼ ਹੋਣ ਤੋਂ ਰੋਕਣ ਲਈ ਜਿਸ ਤਰ੍ਹਾਂ ਤੇਜ਼ੀ ਨਾਲ ਕਾਂਗਰਸ ਤੇ ਜਨਤਾ ਦਲ (ਐਸ) ਗੱਠਜੋੜ ਹੋਂਦ ਵਿਚ ਆਇਆ, ਉਸ ਤੋਂ ਅਜਿਹੀ ਇਕਮੁੱਠਤਾ ਦੀ ਸੰਭਾਵਨਾ ਅਤੇ ਇਸ ਦੀ ਨਿਭਣਯੋਗਤਾ ਦੀ ਪੁਸ਼ਟੀ ਹੋਣੀ ਅਜੇ ਬਾਕੀ ਹੈ।

ਇਸ ਲਈ 2019 ਦੀਆਂ ਲੋਕ ਸਭਾ ਚੋਣਾਂ 1971, 1977 ਅਤੇ 1989 ਦੀਆਂ ਚੋਣਾਂ ਦੀ ਤਰਜ਼ 'ਤੇ ਹੋਣ ਦੀ ਸੰਭਾਵਨਾ ਹੈ: ਅਜੇਤੂ ਨਜ਼ਰ ਆ ਰਹੀ ਸੱਤਾਧਾਰੀ ਪਾਰਟੀ ਖ਼ਿਲਾਫ ਸਾਰੀਆਂ ਵਿਰੋਧੀ ਪਾਰਟੀ ਦਾ ਮਹਾਂ ਗੱਠਜੋੜ ਬਣੇਗਾ। ਫਰਕ ਸਿਰਫ ਇਹ ਹੈ ਕਿ ਹੁਣ ਸਾਰੀਆਂ ਸਿਆਸੀ ਪਾਰਟੀਆਂ ਦਾ ਮਹਾਂ ਗਠਜੋੜ ਭਾਜਪਾ-ਵਿਰੋਧੀ ਬਣ ਰਿਹਾ ਹੈ, ਪਹਿਲਾਂ ਅਜਿਹੇ ਗੱਠਜੋੜ ਕਾਂਗਰਸ ਖ਼ਿਲਾਫ ਬਣਦੇ ਸਨ।

ਪਿਛਲੇ ਚਾਰ ਸਾਲਾਂ ਤੋਂ ਵਿਰੋਧੀ ਧਿਰ, ਮੋਦੀ ਸਰਕਾਰ ਦੇ ਆਪਣੇ ਹੀ ਭਾਰ ਹੇਠ ਦੱਬ ਜਾਣ ਦੀ ਉਡੀਕ ਕਰਦੀ ਆਈ ਹੈ ਪਰ ਅਜਿਹਾ ਨਹੀਂ ਵਾਪਰਿਆ। ਉਨ੍ਹਾਂ ਮੋਦੀਵਾਦ ਦੀ ਮੁਖ਼ਾਲਫਤ ਲਈ ਸਭ ਹਰਬੇ ਵਰਤੇ ਪਰ ਮੂੰਹ ਦੀ ਖਾਣੀ ਪਈ। ਦਰਅਸਲ, ਵਿਰੋਧੀ ਪਾਰਟੀਆਂ ਭਾਜਪਾ ਨੂੰ ਸੰਜੀਦਾ ਅਤੇ ਲਗਾਤਾਰ ਚੁਣੌਤੀ ਦੇਣ ਵਿਚ ਨਾਕਾਮ ਰਹੀਆਂ। ਇਸ ਲਈ ਹੁਣ ਉਹ ਆਖ਼ਰੀ ਯਤਨ ਵਜੋਂ ਮੋਦੀ ਖ਼ਿਲਾਫ ਮਹਾਂ ਗਠਜੋੜ ਬਣਾਉਣ ਵੱਲ ਵਧ ਰਹੀਆਂ ਸਨ।

ਵਿਰੋਧੀ ਪਾਰਟੀਆਂ ਵਿਚ ਏਕਤਾ ਦਾ ਤਰਕ ਸਪਸ਼ਟ ਹੈ। ਚੋਣਾਂ ਤੋਂ ਪਹਿਲਾਂ ਗੱਠਜੋੜ ਬਣਨ ਨਾਲ ਜਿਥੇ ਸੀਟਾਂ ਦੀ ਗਿਣਤੀ ਵਧਦੀ ਹੈ, ਉਥੇ ਸਰਕਾਰ ਬਣਉਣ ਦੀ ਸੰਭਾਵਨਾ ਵੀ ਬਣਦੀ ਹੈ। ਜੇ ਵਿਰੋਧੀ ਪਾਰਟੀਆਂ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਹਾਸਲ ਕੀਤੀਆਂ ਵੋਟਾਂ ਕਾਇਮ ਰੱਖਦੀਆਂ ਹਨ ਤਾਂ ਇਹ ਭਾਜਪਾ ਨੂੰ ਪਛਾੜ ਸਕਦੀਆਂ ਹਨ। ਉਤਰ ਪ੍ਰਦੇਸ਼ ਦੀਆਂ ਗੋਰਖਪੁਰ ਤੇ ਫੂਲਪੁਰ ਜ਼ਿਮਨੀ ਚੋਣਾਂ ਵਿਚ ਇਹ ਸਾਬਤ ਹੋ ਚੁੱਕਾ ਹੈ ਅਤੇ ਇਹ ਨੁਸਖਾ ਉਥੇ ਵੀ ਕੰਮ ਕਰੇਗਾ ਜਿੱਥੇ ਭਾਜਪਾ-ਵਿਰੋਧੀ ਪਾਰਟੀਆਂ ਦਾ ਨਿਆਰਾ, ਵੱਖਰਾ ਅਤੇ ਪੂਰਕ ਵੋਟ ਬੈਂਕ ਹੈ; ਬੱਸ ਨੁਕਤਾ ਵਿਚੋਂ ਇਹ ਹੈ ਕਿ ਇਹ ਵੋਟ ਬੈਂਕ, ਇਕਲਖਤ, ਖ਼ਾਸ ਉਮੀਦਵਾਰ ਦੇ ਹੱਕ ਵਿਚ ਭੁਗਤੇ। ਪਾਰਟੀਆਂ ਦਾ ਇਹ ਹੰਭਲਾ ਏਕਤਾ ਦੇ ਨਾਲ ਨਾਲ ਇਨ੍ਹਾਂ ਦੇ ਹੱਕ ਵਿਚ ਹਵਾ ਬਣਾਉਣ, ਜਿੱਤਣ ਦੀਆਂ ਸੰਭਾਵਨਾਵਾਂ ਉਜਾਗਰ ਕਰਨ ਅਤੇ ਕੌਮੀ ਪੱਧਰ ਉਤੇ ਭਾਜਪਾ ਦਾ ਬਦਲ ਉਸਾਰਨ ਦੀ ਸੰਭਾਵਨਾ ਪੈਦਾ ਕਰ ਸਕਦਾ ਹੈ।

ਉਂਜ, ਅਜਿਹੇ ਲਾਭ ਅਕਸਰ ਅਤਿਕਥਨੀ ਵੀ ਸਾਬਤ ਹੁੰਦੇ ਹਨ। ਸਭ ਤੋਂ ਪਹਿਲਾਂ, ਬਹੁਤ ਸਾਰੇ ਰਾਜਾਂ ਜਿਵੇਂ ਰਾਜਸਥਾਨ, ਮੱਧ ਪ੍ਰਦੇਸ਼, ਛਤੀਸਗੜ੍ਹ, ਹਿਮਾਚਲ, ਉਤਰਾਖੰਡ ਅਤੇ ਗੁਜਰਾਤ ਵਿਚ ਹਮੇਸ਼ਾਂ ਕਾਂਗਰਸ ਤੇ ਭਾਜਪਾ ਵਿਚ ਸਿੱਧਾ ਮੁਕਾਬਲਾ ਹੁੰਦਾ ਹੈ। ਉਥੇ ਕਾਂਗਰਸ ਨਾਲ ਗੱਠਜੋੜ ਕਰ ਸਕਣ ਵਾਲੀ ਕੋਈ ਹੋਰ ਪਾਰਟੀ ਹੈ ਹੀ ਨਹੀਂ। ਕੇਰਲਾ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ ਵਿਚ ਭਾਜਪਾ ਪਹਿਲੇ ਤਾਂ ਕੀ, ਦੂਜੇ ਸਥਾਨ ਉਪਰ ਵੀ ਨਹੀਂ ਹੈ। ਇਸ ਲਈ ਇਕਮੁੱਠ ਹੋ ਕੇ ਭਾਜਪਾ ਨੂੰ ਹਰਾਉਣ ਦਾ ਵਿਚਾਰ ਕੋਈ ਅਰਥ ਨਹੀਂ ਰੱਖਦਾ। ਮਮਤਾ ਬੈਨਰਜੀ ਦੀ ਪੱਛਮੀ ਬੰਗਾਲ ਉਪਰ ਇੰਨੀ ਪਕੜ ਬਣੀ ਹੋਈ ਹੈ ਕਿ ਉਸ ਨੂੰ ਕਾਂਗਰਸ ਨਾਲ ਗੱਠਜੋੜ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਇਉਂ ਇਹ ਰਾਜ, ਕੁੱਲ ਭਾਰਤ ਦਾ ਅੱਧਾ ਹਿੱਸਾ ਬਣਦਾ ਹੈ।

ਦੂਜਾ, ਬਹੁਤ ਸਾਰੇ ਉਨ੍ਹਾਂ ਕੇਸਾਂ ਵਿਚ ਗੱਠਜੋੜ ਕਰਨ ਨਾਲ ਵੋਟਾਂ ਦਾ ਲਾਹਾ ਮਿਲਣ ਬਾਰੇ ਕਹਿਣਾ ਵੀ ਅਤਿਕਥਨੀ ਹੈ, ਜਿਥੇ ਭਾਜਪਾ ਵਿਰੋਧੀ ਵੋਟਾਂ ਵੱਖਰੀਆਂ ਵੱਖਰੀਆਂ ਹਨ; ਮਸਲਨ, ਕਰਨਾਟਕ ਵਿਚ ਕਾਂਗਰਸ ਅਤੇ ਜਨਤਾ ਦਲ (ਐਸ) ਦਾ ਮਾਮਲਾ ਹੈ। ਸੂਬੇ ਦੇ ਵੱਖ ਵੱਖ ਹਿੱਸਿਆਂ ਵਿਚ ਦੋ ਪਾਰਟੀਆਂ ਹੀ ਮੁੱਖ ਹਨ। ਇਸ ਸੂਰਤ ਵਿਚ ਗੱਠਜੋੜ ਵੀ ਕੋਈ ਖ਼ਾਸ ਤਬਦੀਲੀ ਨਹੀਂ ਲਿਆ ਸਕਦਾ। ਕੁਝ ਹੋਰ ਕੇਸਾਂ ਵਿਚ ਵੋਟ ਦੂਜੀ ਭਾਈਵਾਲ ਪਾਰਟੀ ਦੇ ਹੱਕ ਵਿਚ ਬਦਲਣ ਯੋਗ ਨਹੀਂ ਹੋ ਸਕਦੇ ਜਿਵੇਂ ਪੱਛਮੀ ਬੰਗਾਲ ਅਤੇ ਉਤਰ ਪ੍ਰਦੇਸ਼ ਵਿਚ ਕਾਂਗਰਸ ਦੇ ਵੋਟ। ਇਸ ਲਈ ਚੰਗੀ ਲੱਗਦੀ ਕਾਗਜ਼ੀ ਕਾਰਵਾਈ ਜ਼ਰੂਰੀ ਨਹੀਂ, ਹਕੀਕਤ ਵਿਚ ਵੀ ਬਦਲੇ।

ਤੀਜਾ, ਕਈ ਸੰਭਾਵੀ ਗੱਠਜੋੜਾਂ ਜਿਵੇਂ ਟੀ.ਆਰ.ਐਸ., ਟੀ.ਡੀ.ਪੀ., ਡੀ.ਐਮ.ਕੇ, ਜੇ.ਕੇ.ਐਨ.ਸੀ., ਬੀ.ਜੇ.ਡੀ., ਇਨੈਲੋ ਅਤੇ ਬਸਪਾ, ਸਬੰਧੀ ਗੱਠਜੋੜਾਂ ਦਾ ਲਾਭ ਮਿਲਣ ਦੀ ਗ਼ੈਰ ਯਕੀਨੀ ਵਾਲੀ ਹਾਲਤ ਹੈ। ਇਹ ਪਾਰਟੀਆਂ ਭਾਜਪਾ-ਵਿਰੋਧੀ ਗੱਠਜੋੜ ਵਿਚ ਸ਼ਾਮਲ ਤਾਂ ਹੋ ਸਕਦੀਆਂ ਹਨ ਪਰ ਇਨ੍ਹਾਂ ਪਾਰਟੀਆਂ ਦਾ ਪੁਰਾਣਾ ਰਿਕਾਰਡ ਦੱਸਦਾ ਹੈ ਕਿ ਚੋਣਾਂ ਤੋਂ ਬਾਅਦ ਇਹ ਭਾਜਪਾ ਨਾਲ ਨਹੀਂ ਜਾਣਗੀਆਂ।

ਇਸ ਤੋਂ ਇਲਾਵਾ, ਭਾਜਪਾ ਵਿਰੋਧੀ ਮਹਾਂ ਗਠਜੋੜ ਬਾਰੇ ਸਾਰੀਆਂ ਦਲੀਲਾਂ, ਇਸ ਦੇ ਥੋੜ੍ਹ-ਚਿਰੇ ਜਾਂ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਅੰਦਾਜ਼ੇ ਲਾਉਣ ਵਿਚ ਨਾਕਾਮ ਹਨ। ਸਭ ਤੋਂ ਪਹਿਲਾਂ, ਭਾਜਪਾ ਖ਼ਿਲਾਫ ਹਰ ਇਕ ਦਾ ਇਉਂ ਇਕੱਠੇ ਹੋਣਾ ਅਸਲ ਵਿਚ, ਲੰਬੇ ਸਮੇਂ ਲਈ ਭਾਜਪਾ ਦਾ ਵੋਟ ਆਧਾਰ ਵਧਾਏਗਾ। ਦੂਜਾ, ਮੋਦੀ ਖ਼ਿਲਾਫ ਹਰ ਇਕ ਦੇ ਉਠ ਖੜ੍ਹੇ ਹੋਣ ਨਾਲ ਹਮਦਰਦੀ ਦੀ ਲਹਿਰ ਉਲਟਾ ਮੋਦੀ ਦੇ ਹੱਕ ਵਿਚ ਹੋ ਸਕਦੀ ਹੈ।

ਇਹ ਸੰਭਾਵਨਾ ਨਹੀਂ ਹੈ ਕਿ ਰਾਹੁਲ ਗਾਂਧੀ, ਮਮਤਾ ਬੈਨਰਜੀ, ਲਾਲੂ ਪ੍ਰਸਾਦ ਯਾਦਵ, ਅਖਿਲੇਸ਼ ਯਾਦਵ, ਮਾਇਆਵਤੀ, ਸ਼ਰਦ ਪਵਾਰ, ਐਚਡੀ ਦੇਵਗੌੜਾ, ਚੰਦਰਬਾਬੂ ਨਾਇਡੂ, ਚੰਦਰਸ਼ੇਖਰ ਰਾਉ ਤੇ ਨਵੀਨ ਪਟਨਾਇਕ ਦਾ ਇਕੱਠਾ ਹੋਣਾ ਆਮ ਵੋਟਰਾਂ ਦੇ ਮਨਾਂ ਵਿਚ ਨਵੇਂ ਭਾਰਤ ਦੀ ਕੋਈ ਆਸ ਜਗਾਏਗਾ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਨੇਤਾਵਾਂ ਕਾਰਨ ਹੀ ਵੋਟਰ ਮੋਦੀ ਵਾਲੇ ਪਾਲੇ ਵੱਲ ਖਿਸਕੇ ਹਨ।

ਮੋਦੀ ਸ਼ਾਸਨ ਦੇ ਹਕੀਕੀ ਬਦਲ ਲਈ ਚਾਰ ਗੱਲਾਂ ਦਾ ਧਿਆਨ ਰੱਖਣਾ ਹੋਵੇਗਾ। ਪਹਿਲੀ, ਭਾਰਤ ਦਾ ਅਜਿਹਾ ਨਜ਼ਰੀਆ ਜਿਹੜਾ ਉਸਾਰੂ ਕੌਮੀਵਾਦ ਦੀ ਵਿਰਾਸਤ ਨੂੰ ਮੁੜ ਸਾਹਮਣੇ ਲਿਆ ਸਕੇ, ਸਾਡੀਆਂ ਬਹੁਪੱਖੀ ਸਭਿਆਚਾਰਕ ਰਵਾਇਤਾਂ ਨੂੰ ਜੋੜ ਸਕੇ ਤੇ ਨਵੀਆਂ ਪੀੜ੍ਹੀਆਂ ਦੀਆਂ ਭਵਿੱਖੀ ਖਾਹਿਸ਼ਾਂ ਵਿਚਕਾਰ ਪੁਲ ਉਸਾਰ ਸਕੇ। ਦੂਜੀ, ਅਜਿਹੀ ਸਿਆਸੀ ਜਥੇਬੰਦੀ ਜਿਹੜੀ ਕੌਮੀ ਪੱਧਰ ਤੋਂ ਲੈ ਕੇ ਹੇਠਾਂ ਤੱਕ ਜ਼ਮੀਨ ਤੱਕ ਜੁੜੀ ਹੋਵੇ ਤੇ ਜਿਹੜੀ ਭਿਆਨਕ ਰੂਪ ਅਖ਼ਤਿਆਰ ਕਰ ਚੁੱਕੀ ਇਸ ਚੋਣ ਮਸ਼ੀਨਰੀ ਨਾਲ ਨਜਿਠ ਸਕੇ। ਤੀਜੀ, ਇਸ ਨਵੇਂ ਨਜ਼ਰੀਏ ਵਾਲੀ ਸਿਆਸਤ ਵਾਸਤੇ ਰਣਨੀਤਕ ਖ਼ਾਕਾ ਉਲੀਕਣ ਦੀ ਲੋੜ ਹੈ। ਚੌਥੀ, ਭਰੋਸੇਯੋਗ ਨਵੇਂ ਚਿਹਰੇ ਜਿਹੜੇ ਮੁਲਕ ਲਈ ਨਵੀਂ ਆਸ ਜਗਾ ਸਕਣ।

ਬਦਕਿਸਮਤੀ ਨਾਲ ਉਪਰੋਕਤ ਤਰ੍ਹਾਂ ਦੇ ਗੱਠਜੋੜ, ਇਨ੍ਹਾਂ ਨੁਕਤਿਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਆਸ ਨਹੀਂ ਬੰਨ੍ਹਾਉਂਦੇ। ਸਾਡੇ ਗਣਰਾਜ ਦੀਆਂ ਚੁਣੌਤੀਆਂ ਤੋਂ ਦੂਰ ਵਿਚਰ ਰਹੇ ਅਜਿਹੇ ਤਜਵੀਜ਼ਸ਼ੁਦਾ ਗੱਠਜੋੜ ਅਸਲ ਵਿਚ ਚੁਣੌਤੀਆਂ ਤੋਂ ਮੂੰਹ ਮੋੜ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵੱਡੀਆਂ ਸਿਆਸੀ ਪਾਰਟੀਆਂ ਦੀ ਧਿਆਨਪੂਰਬਕ ਸਿਰੇ ਚਾੜ੍ਹੀ ਏਕਤਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਵਿਰੋਧੀਆਂ ਲਈ ਮੋਦੀ ਸ਼ਾਸਨ ਖ਼ਿਲਾਫ ਲਾਹੇਵੰਦ ਹੋ ਸਕਦੀ ਹੈ ਪਰ ਭਾਜਪਾ-ਵਿਰੋਧੀ ਪਾਰਟੀਆਂ ਦਾ ਗੱਠਜੋੜ ਉਸ ਵਰਤਾਰੇ ਦਾ ਬਦਲ ਨਹੀਂ ਹੋ ਸਕਦਾ ਜਿਸ ਨੂੰ ਮੋਦੀ ਚਲਾ ਰਿਹਾ ਹੈ। ਹੋ ਸਕਦਾ ਹੈ ਕਿ ਇਹ ਗੱਠਜੋੜ ਮੋਦੀ ਸ਼ਾਸਨ ਨੂੰ ਲਾਂਭੇ ਕਰਨ ਦਾ ਥੋੜ੍ਹੇ ਸਮੇਂ ਦਾ ਟੀਚਾ ਵੀ ਪੂਰਾ ਨਾ ਕਰ ਸਕੇ। ਜੇ ਇਹ ਸਫਲ ਵੀ ਹੁੰਦਾ ਹੈ ਤਾਂ ਇਹ ਸਾਡੇ ਗਣਰਾਜ ਨੂੰ ਬਚਾਉਣ ਵਾਲੇ ਲੰਬੇ ਸਮੇਂ ਦੇ ਕਾਰਜ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

# ਚੁਰਾਸੀ: ਜੜ੍ਹਾਂ ਵਾਲਾ ਫੋੜਾ

***ਸਾਕਾ ਨੀਲਾ ਤਾਰਾ ਨੂੰ 34 ਵਰ੍ਹੇ ਬੀਤ ਗਏ ਹਨ ਪਰ ਹਰ ਸੰਜੀਦਾ ਸ਼ਖਸ ਅਤੇ ਸਿੱਖ ਦੇ ਮਨ ਵਿਚ ਅਚੇਤ ਜਾਂ ਸੁਚੇਤ ਇਹ ਘੱਲੂਘਾਰਾ ਅੱਜ ਵੀ ਜਾਗ ਰਿਹਾ ਹੈ। ਪੰਜਾਬੀ ਦੇ ਪ੍ਰਸਿਧ ਕਵੀ (ਮਰਹੂਮ) ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਨੇ ਇਸ ਨੂੰ ਜੜ੍ਹਾਂ ਵਾਲਾ ਫੋੜਾ ਕਿਹਾ ਹੈ। ਉਨ੍ਹਾਂ ਦੀ ਇਹ ਰਚਨਾ ਸਾਕੇ ਤੋਂ ਨੌਂ ਵਰ੍ਹਿਆਂ ਬਾਅਦ ਦੀ ਹੈ ਪਰ ਇਸ ਵਿਚ ਪਰੋਈ ਚੀਸ ਅੱਜ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਰਚਨਾ ਵਿਚ ਕਵੀ-ਮਨ ਅਤੇ ਬਾਲ-ਮਨ ਵਾਲੀ ਤੜਫਾਹਟ ਸੱਚਮੁੱਚ ਰੁਦਨ ਪੈਦਾ ਕਰਦੀ ਹੈ। ਇਹ ਸਿਆਸਤ ਤੋਂ ਪਾਰ ਜਾ ਕੇ ਕੀਤੀ ਗਈ ਗੱਲ ਹੈ। ਇਸੇ ਕਰ ਕੇ ਇਹ ਜਦੋਂ ਉਨ੍ਹਾਂ ਮਾਰੂ ਵਕਤਾਂ ਦਾ ਚੇਤਾ ਕਰਵਾਉਂਦੀ ਹੈ ਤਾਂ ਦੋਹਾਂ ਪਾਸਿਆਂ ਦੀਆਂ ਖੁਨਾਮੀਆਂ ਵੱਲ ਇਸ਼ਾਰਾ ਕਰਦੀ ਹੈ। -ਸੰਪਾਦਕ***

ਨੀਲੇ ਤਾਰੇ ਦਾ ਸਾਕਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਇਸ ਸਾਕੇ ਨੂੰ ਨੌਂ ਸਾਲ ਬੀਤੇ ਚੁਕੇ ਹਨ ਅਤੇ ਇਹ ਹਾਲੇ ਵੀ ਲਾਇਲਾਜ ਨਾਸੂਰ ਵਾਂਗ ਵਗੀ ਜਾ ਰਿਹਾ ਹੈ। ਲੋਕ-ਸੂਝ ਨੇ ਨਾਸੂਰ ਨੂੰ 'ਜੜ੍ਹਾਂ ਵਾਲਾ ਫੋੜਾ' ਮਿਥਿਆ ਹੋਇਆ ਹੈ; ਫੋੜਾ ਜੋ ਆਪਣੀਆਂ ਜੜ੍ਹਾਂ ਮਨੁੱਖ ਦੇ ਅੰਦਰਵਾਰ ਜਮਾ ਕੇ ਪੱਕੇ ਤੌਰ 'ਤੇ ਟਿਕਿਆ ਹੋਇਆ ਹੈ। ਇਹ ਨਿਰੋਲ ਇਤਿਹਾਸਕ ਘਟਨਾ ਨਹੀਂ, ਇਹ ਸਭਿਆਚਾਰਕ ਤ੍ਰਾਸਦੀ ਹੈ। ਕਵਿਤਾ 'ਚ ਇਹਨੇ ਕਰੁਣਾ, ਭੈ ਤੇ ਕਚਿਆਣ ਦੇ ਰਲੇ-ਮਿਲੇ ਚਿਤਰ ਬਣ ਕੇ ਪ੍ਰਗਟ ਹੋਣਾ ਹੀ ਹੈ।

ਇਸ ਸਾਕੇ ਦੀਆਂ ਸਭਿਆਚਾਰਕ ਜੜ੍ਹਾਂ ਕਿਥੇ ਹਨ? ਹਰਿਮੰਦਿਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੇ ਉਘੜ-ਦੁਘੜ ਪਏ ਮਲਬੇ ਵਿਚ। ਜੋ ਬਾਹਰ ਇੱਟ-ਪੱਥਰ ਦੇ ਰੂਪ ਵਿਚ ਟੁੱਟਾ ਹੈ, ਉਹਦੀਆਂ ਜੜ੍ਹਾਂ ਧੁਰ ਡੂੰਘੇ ਸਾਡੇ ਜਾਤੀ ਅਵਚੇਤਨ ਵਿਚ ਹਨ। ਆਧੁਨਿਕ ਸਮੇਂ ਦੇ ਇਕ ਕਵੀ ਕੇਦਾਰਨਾਥ ਸਿੰਘ ਦੀ ਕਵਿਤਾ ਯਾਦ ਆ ਰਹੀ ਹੈ। ਇਕ ਬੱਚੇ ਦਾ ਮਿੱਟੀ ਦਾ ਖਿਡਾਉਣਾ (ਖਿਡੌਣਾ) ਟੁੱਟ ਜਾਂਦਾ ਹੈ। ਉਹ ਰੋਂਦਾ ਹੈ। ਕਵੀ ਉਹਨੂੰ ਉਹੋ ਜਿਹਾ ਖਿਡਾਉਣਾ ਲੈ ਕੇ ਦੇਂਦਾ ਹੈ, ਤਾਂ



**ਡਾ. ਹਰਿਭਜਨ ਸਿੰਘ**

ਜੁ ਉਹ ਚੁੱਪ ਕਰ ਜਾਏ। ਬੱਚਾ ਉਹ ਖਿਡਾਉਣਾ ਨਹੀਂ ਲੈਂਦਾ। ਉਹ ਰੋਈ ਜਾਂਦਾ ਹੈ ਕਿ ਮੈਨੂੰ ਉਹੋ ਆਪਣਾ ਖਿਡਾਉਣਾ ਚਾਹੀਦਾ ਹੈ। ਕਵੀ ਟੁੱਟੇ ਹੋਏ ਖਿਡਾਉਣੇ ਦੀਆਂ ਚਿਪਰਾਂ ਜੋੜ ਕੇ ਉਹਨੂੰ ਮੁੜ ਸਾਲਮ-ਸਬੂਤ ਕਰਦਾ ਹੈ ਪਰ ਬੱਚੇ ਨੂੰ ਇਹ ਵੀ ਸਵੀਕਾਰ ਨਹੀਂ। ਉਹਨੂੰ ਤਾਂ ਆਪਣਾ ਖਿਡਾਉਣਾ ਉਵੇਂ ਦਾ ਉਵੇਂ ਹੀ ਚਾਹੀਦਾ ਹੈ। ਕਿਥੇ ਹੈ ਉਹ ਖਿਡਾਉਣਾ ਉਵੇਂ ਦਾ ਉਵੇਂ। ਕਵੀ ਨੂੰ ਪਤਾ ਹੈ ਕਿ ਉਹ ਖਿਡਾਉਣਾ ਅਜੇ ਵੀ ਹੈ, ਉਵੇਂ ਦਾ ਉਵੇਂ, ਬੱਚੇ ਦੇ ਅੰਤਰਮਨ ਵਿਚ ਜਿਸ ਨੂੰ ਉਹਦੀ ਅੰਤਰਦ੍ਰਿਸ਼ਟੀ ਵੇਖਦੀ ਹੈ।

ਇਸੇ ਤਰ੍ਹਾਂ ਦਾ ਸਾਡੇ ਅੰਤਰਮਨ ਵਿਚ ਵਸਿਆ ਸਾਡਾ ਹਰਿਮੰਦਰ ਉਵੇਂ ਦਾ ਉਵੇਂ ਹੈ, ਜਿਸ ਨੂੰ ਸਾਕਾ ਨੀਲਾ ਤਾਰਾ ਨੇ ਤੋੜਿਆ। ਬਾਹਰੋਂ ਟੁੱਟਾ ਅੰਦਰ ਉਹ ਉਵੇਂ ਦਾ ਉਵੇਂ ਸਾਲਮ-ਸਬੂਤ ਪਿਆ ਹੈ। ਨਾ ਬੱਚੇ ਦਾ ਰੋਣ ਮੁਕਦਾ ਹੈ, ਨਾ ਹਰਿਮੰਦਰ ਸਾਹਿਬ ਨੂੰ ਪਿਆਰ ਕਰਨ ਵਾਲਿਆਂ ਦੇ ਰੋਸ ਦਾ ਅੰਤ ਹੁੰਦਾ ਹੈ। ਇਸੇ ਫੋੜੇ ਦੀਆਂ ਜੜ੍ਹਾਂ ਸਾਡੇ ਧੁਰਦੇਸ ਵਿਚ ਹਨ।

ਇਸ ਸਾਕੇ ਤੋਂ ਪਹਿਲਾਂ ਵੀ, ਪੰਜਾਬ ਵਿਚ ਵਿਸ਼ੇਸ਼ ਕਰ ਕੇ ਸਾਡੇ ਪਵਿਤਰ ਸ਼ਹਿਰ, ਅੰਮ੍ਰਿਤਸਰ ਵਿਚ, ਕੁਝ ਖਿਡਾਉਣੇ ਟੁੱਟਣੇ ਸ਼ੁਰੂ ਹੋਏ ਸਨ ਤੇ ਮੇਰੇ ਜਿਹੇ ਬਾਲਾਂ ਨੇ ਆਪਣਾ ਰੋਣ, ਆਪਣਾ ਰੋਸ ਪ੍ਰਗਟਾਉਣਾ ਅਰੰਭ ਕਰ ਦਿੱਤਾ ਸੀ। ਪੰਜਾਬੀ ਹਉਂ ਦੀ ਸਲਾਮਤੀ ਸਬੰਧੀ ਤੌਖਲੇ ਉਪਜਣੇ ਸ਼ੁਰੂ ਹੋ ਗਏ ਸਨ। ਹਉਂ ਕਿਥੇ ਹੈ? ਹਉਂ ਤਾਂ ਸਾਡੇ ਧੁਰ ਅੰਦਰ ਟਿਕਿਆ ਹੋਇਆ ਵਿਸ਼ਵਾਸ-ਚਿਤਰ ਹੈ। ਇਸ ਨੂੰ ਤਿੜਕਦਾ ਵੇਖ ਕੇ ਮੈਂ ਬੱਚਿਆਂ ਵਾਂਗ ਡੁਸਕਿਆ ਸਾਂ:

ਮਾਏ ਮੈਨੂੰ ਅੰਬਰਸਰ ਲਗਦਾ ਪਿਆਰਾ
ਸੋਨੇ ਦੀਆਂ ਜਿਥੇ ਇੱਟਾਂ ਨੇ ਲੱਗੀਆਂ
ਚਾਂਦੀ ਦਾ ਲੱਗਿਆ ਏ ਗਾਰਾ
ਹਰਿਮੰਦਰ ਤਾਂ ਸਭ ਦਾ ਸਾਂਝਾ
ਸਮਤਾ ਦਾ ਭੰਡਾਰਾ।

ਹਰਿਮੰਦਰ ਨੂੰ ਤੁਰਦੀ ਜਾਵਾਂ
ਮਨ ਵਿਚ ਸੰਸਾ ਭਾਰਾ
ਹਿੰਦੂ ਪੇਕੇ ਮੇਰੇ ਸਿੱਖ ਸਾਹੁਰੇ
ਮੇਰਾ ਕਿਥੇ ਸ਼ੁਮਾਰਾ
ਤੈਂ ਦਰ ਛਡ ਕੇ ਮੈਂ ਕੈਂ ਦਰ ਜਾਵਾਂ
ਕੌਣ ਕਰੇ ਨਿਸਤਾਰਾ?

ਹਾਂ, ਇਹ ਕਵਿਤਾ ਬਾਲ-ਕਵੀ ਦਾ ਕੀਰਨਾ ਹੈ। ਉਪਰੋਕਤ ਗੀਤ ਦਾ ਮੁਖੜਾ ਬਾਲ-ਅਵਸਥਾ ਵਿਚ ਮੈਂ ਆਪਣੀ ਮਾਂ ਦੇ ਮੂੰਹੋਂ ਸੁਣਿਆ ਸੀ। ਹਾਲ ਬਾਜ਼ਾਰ ਵਿਚ ਸਾਡਾ ਪਰਿਵਾਰ ਨੰਗੇ ਪੈਰੀਂ ਤੁਰਿਆ ਜਾਂਦਾ, ਕਿਸੇ ਮੱਸਿਆ ਵਾਲੇ ਦਿਨ, ਇਹ ਗੀਤ ਗਾ ਰਿਹਾ ਸੀ। ਨੀਲੇ ਤਾਰੇ ਦੇ ਸਾਕੇ ਤੋਂ ਦੋ ਕੁ ਸਾਲ ਪਹਿਲਾਂ ਮੈਂ ਅੰਮ੍ਰਿਤਸਰ ਆਇਆ ਤੇ ਹਾਲਾਤ ਵੇਖ ਕੇ ਮੈਨੂੰ ਉਹ ਖਿਡਾਉਣਾ ਤਿੜਕਦਾ ਪ੍ਰਤੀਤ ਹੋਇਆ, ਜਿਸ ਨੂੰ ਛੇ ਕੁ ਦਹਾਕੇ ਪਹਿਲਾਂ ਮੇਰੀ ਮਾਂ ਨੇ ਮੇਰੇ ਮਨ ਵਿਚ ਟਿਕਾਇਆ ਸੀ।

'ਸਿਫਤੀ ਦਾ ਘਰ' ਰੂਪ ਵਿਚ ਅੰਮ੍ਰਿਤਸਰ ਦੀ ਜੋ ਮਹਿਮਾ ਲੋਕ ਮਨ ਵਿਚ ਉਕਰੀ ਪਈ ਸੀ, ਉਹ ਮੈਨੂੰ ਮੱਧਮ ਪੈਂਦੀ ਪ੍ਰਤੀਤ ਹੋਈ ਤੇ 'ਲਹੌਰ ਸਹਿਰ ਜਹਿਰ ਕਹਿਰ ਸਵਾ ਪਹਿਰ' ਦਾ ਚਿਤਰ ਵਧੇਰੇ ਉਭਰਦਾ ਜਾਪਿਆ। ਮੇਰੀ ਕਵਿਤਾ ਦੇ ਮੁਖ ਸੋਮੇ ਲੋਕ-ਵੇਦੀ ਵੇਰਵੇ ਹਨ। ਅਜੋਕੀ ਤ੍ਰਾਸਦੀ ਦੇ ਅਰੰਭਕ ਕਾਲ ਵਿਚ ਮੈਂ ਪੰਜ ਕੁ ਰਚਨਾਵਾਂ ਕੀਤੀਆਂ, ਉਨ੍ਹਾਂ ਵਿਚ ਇਹ ਕਿਰਤ 'ਸਿਫਤੀ' ਤੇ 'ਜਹਿਰ ਕਹਿਰ' ਦਾ ਜ਼ਿਕਰ ਕਰਨ ਵਾਲੀ ਨਜ਼ਮ ਸ਼ਾਇਦ ਸਭ ਤੋਂ ਪਹਿਲੀ ਸੀ:

ਆਪਣਾ ਹੀ ਮੁਲਕ ਤੇ ਮੌਸਮ ਹੈ
ਪਰ ਇਕ ਮੌਸਮ ਗਹਿਰ ਤਾਂ ਹੈ
ਤੂੰ ਆਪਣਾ ਸੈਂ ਤੂੰ ਆਪਣਾ ਹੈ
ਅੱਜ ਹੋਰ ਜਿਹਾ ਹੈ ਖੈਰ ਤਾਂ ਹੈ!
ਪਰ ਸਿਫਤੀ ਨਕਸ਼ ਪੁਰਾਣੇ ਨੇ
ਪਰ ਲਗਦੇ ਬੇਪਹਿਚਾਣੇ ਨੇ
ਮੰਨਿਆ ਇਹ ਸ਼ਹਿਰ ਲਹੌਰ ਨਹੀਂ
ਪਰ ਸਵਾ ਪਹਿਰ ਦਾ ਕਹਿਰ ਤਾਂ ਹੈ
ਚੁੰਗੀ ਮਹਿਸੂਲ ਜੋ ਮੰਗਦੇ ਹੋ
ਇਕ ਸਿਰ ਹੈ ਦੇ ਹੀ ਜਾਵਾਂਗਾ
ਏਨਾ ਤਾਂ ਭਰੋਸਾ ਹੋ ਜਾਵੇ
ਇਹ ਮਿਤਰਾਂ ਦਾ ਹੀ ਸ਼ਹਿਰ ਤਾਂ ਹੈ।

ਅੰਮ੍ਰਿਤਸਰ ਵਿਚ ਹੀ ਇਕ ਨੌਜਵਾਨ ਦੇ ਮਾਰੇ ਜਾਣ ਦੀ ਖਬਰ ਛਪੀ, ਜਿਸ ਦੀ ਅਰਥੀ ਨਾਲ ਉਹਦੇ ਪਰਿਵਾਰ ਦੇ ਸਾਰੇ ਜੀਅ ਨਾ ਜਾ ਸਕੇ। ਇਹ ਸਭਿਆਚਾਰਕ ਪ੍ਰਤੀਮਾਨ ਦੀ ਉਲੰਘਣਾ ਸੀ। ਕਿਸੇ ਨਿਦੋਸ਼ੇ ਦੇ ਮਾਰੇ ਜਾਣ ਦਾ ਦੁਖ ਤਾਂ ਸੀ, ਜੋ ਮਨ ਵਿਚ ਵੇਦਨਾ ਉਪਜਾਉਂਦਾ ਸੀ ਪਰ ਮੇਰੀ ਕਵਿਤਾ ਦਾ ਅਸਲ ਪ੍ਰੇਰਨਾ ਸ੍ਰੋਤ ਤਾਂ ਸਭਿਆਚਾਰਕ ਅਵੱਗਿਆ ਸੀ। ਉਸ ਤੋਂ ਪ੍ਰੇਰਿਤ ਹੋ ਕੇ ਗਜ਼ਲ ਦੇ ਮੁਹਾਂਦਰੇ ਵਾਲੀ ਕਵਿਤਾ ਲਿਖੀ, ਉਸ ਵਿਚ ਕੁਝ ਸ਼ਿਅਰ ਸਨ:

ਸਾਡੇ ਸ਼ਹਿਰ ਮੁਹੱਲੇ ਇਹ ਕੀ ਹੋਇਆ
ਆਪਣਾ ਸੀ ਜੋ ਵਾਂਗ ਪਰਾਇਆਂ ਮੋਇਆ।
ਕਿਸ ਮਤਰੇਈ ਧਰਤੀ ਪੁੱਤ ਮਰੇ ਨੇ
ਮਾਂਵਾਂ ਤੋਂ ਇਕ ਵੈਣ ਗਿਆ ਨਾ ਛੋਹਿਆ।
ਮੋਢਿਆਂ ਵਾਲੇ ਭਾਈ ਕਿਧਰ ਗਏ ਨੇ
ਸਾਨੂੰ ਸਿਵਿਆਂ ਤੀਕ ਕਿਸੇ ਨਾ ਢੋਇਆ।

ਜਾਹਰ ਹੈ ਕਿ ਉਪਰੋਕਤ ਤਿੰਨੇ ਸ਼ਿਅਰ ਸਭਿਆਚਾਰਕ ਅਵੱਗਿਆ ਦੇ ਵਿਰੁਧ ਰੋਸ ਦਾ ਪ੍ਰਗਟਾਵਾ ਹਨ। ਆਪਣਿਆਂ ਦਾ ਪਰਾਇਆਂ ਵਾਂਗ ਮਰਨਾ, ਧਰਤੀ ਮਾਂ ਦਾ ਮਤਰੇਈ ਹੋ ਜਾਣਾ, ਮਰਨ ਵਾਲੇ ਲਈ ਮਾਂਵਾਂ ਦੇ ਵੈਣਾਂ ਦਾ ਮੁੱਕ ਜਾਣਾ ਤੇ ਭਰਾਵਾਂ ਦਾ ਮਰਨ ਵਾਲੇ ਨੂੰ ਸਿਵਿਆਂ ਤਕ ਮੋਢਾ ਨਾ ਦੇ ਸਕਣਾ-ਇਹ ਸਭ ਸਭਿਆਚਾਰਕ ਪ੍ਰਤੀਮਾਨਾਂ ਦੀ ਉਲੰਘਣਾ ਵੱਲ ਸੰਕੇਤ ਕਰਨ ਵਾਲੇ ਵੇਰਵੇ ਹਨ। ਇਸ ਅਜਨਬੀਅਤ ਨੂੰ ਰੇਖਾਂਕਿਤ ਕਰਨ ਵਾਲੀ ਸਥਿਤੀ ਕਾਰਨ ਮੈਂ ਚਿੰਤਤ ਹਾਂ। ਮੈਂ ਵਰਤਮਾਨ ਇਤਿਹਾਸ ਦੀਆਂ ਆਗੂ ਧਿਰਾਂ ਵਿਚੋਂ ਕਿਸੇ ਦੇ ਵੀ ਪੱਖ ਜਾਂ ਵਿਰੋਧ ਵਿਚ ਨਹੀਂ। ਇਹ ਮਸਲਾ ਸਿਆਸਤ ਦਾ ਹੈ। ਕਵਿਤਾ ਦੀ ਸਮੱਸਿਆ ਲੋਕ ਮਨ ਵਿਚ ਵਾਪਰਨ ਵਾਲੀ ਤ੍ਰੇੜ ਹੈ। ਮੇਰੀ ਕਵਿਤਾ ਦੀ ਚਿੰਤਾ ਜਾਂ ਸਰੋਕਾਰ ਇਹੋ ਹੈ।

ਅਖਬਾਰਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਬੜੀ ਚਰਚਾ ਸੀ। ਅਖਬਾਰਾਂ ਦਾ ਮਤ ਸੀ ਕਿ ਉਹਨੂੰ ਬੀਬੀ ਇੰਦਰਾ ਦੀ ਚੁੱਕ ਸੀ, ਤਾਂ ਜੁ ਉਹ ਅਕਾਲੀਆਂ ਨੂੰ ਜ਼ੇਰ ਸਕੇ। ਸੰਤ ਜੀ ਹੁਣ ਬੀਬੀ ਇੰਦਰਾ ਨੂੰ ਅੱਖਾਂ ਵਿਖਾਉਣ ਲੱਗ ਪਏ ਸਨ। ਇਹ ਸਭ ਰਾਜਨੀਤੀ ਦੇ ਤੱਥ ਹਨ, ਰਾਜਨੀਤੀ ਦੇ ਪਰਵਾਨ ਪ੍ਰਤੀਮਾਨ ਹਨ। ਇਹ ਕਵਿਤਾ ਦਾ ਵਿਸ਼ਾ ਨਹੀਂ। ਸੰਤ ਜੀ ਗੁਰਦੁਆਰਾ ਕੈਂਪਸ ਵਿਚ ਆ ਕੇ ਬੈਠ ਗਏ ਸਨ। ਸੰਤ ਅਤੇ ਗੁਰਦੁਆਰਾ ਇਕ ਦੂਜੇ ਦੇ ਅੰਗ ਸੰਗ ਵੱਸਣ ਵਾਲੇ ਵੇਰਵੇ ਹਨ। ਸੰਤ ਜੀ ਸ਼ਸਤਰ ਧਾਰਨ ਉਪਰ ਜ਼ੋਰ ਦੇ ਰਹੇ ਸਨ। ਸੰਤ-ਸਿਪਾਹੀ ਖਾਲਸੇ ਦਾ ਮੰਨਿਆ-ਪ੍ਰਮੰਨਿਆ ਪ੍ਰਤੀਮਾਨ ਹੈ। ਸੰਤ ਜੀ ਧਰਮ ਨੂੰ ਰਾਜਨੀਤੀ ਨਾਲ ਜੋੜ ਰਹੇ ਸਨ, ਇਹ ਤੱਥ ਵੀ ਮੈਨੂੰ ਕਾਵਿ-ਰਚਨਾ ਲਈ ਨਹੀਂ ਪ੍ਰੇਰਦਾ। ਧਰਮ ਅਤੇ ਰਾਜਨੀਤੀ ਦੀ ਬਹਿਸ ਬਹੁਤ ਪੁਰਾਣੀ ਹੈ। ਇਸ ਦੇ ਪੱਖ ਅਤੇ ਵਿਰੋਧ ਵਿਚ ਧਿਰਾਂ ਨੇ ਚਿਰਾਂ ਤੋਂ ਸਿੰਗ ਫਸਾਏ ਹੋਏ ਹਨ। ਜ਼ਾਤੀ ਤੌਰ 'ਤੇ ਮੈਨੂੰ ਭਾਵੇਂ ਕਿਸੇ ਵੀ ਧਿਰ ਦੀਆਂ ਦਲੀਲਾਂ ਪੋਂਹਦੀਆਂ ਹੋਣ, ਪਰ ਮੇਰਾ ਕਵੀ ਆਪਾ ਇਨ੍ਹਾਂ ਨੂੰ ਆਪਣੀ ਕਵਿਤਾ ਵਿਚ ਥਾਂ ਦੇਣ ਦੇ ਯੋਗ ਨਹੀਂ ਮੰਨਦਾ। ਖੁਦ ਬਹਿਸ ਜਾਂ ਦਲੀਲਬਾਜ਼ੀ ਵੀ ਸਥਾਪਿਤ ਰਾਜਨੀਤਿਕ ਪ੍ਰਤੀਮਾਨ ਹੈ। ਲੋਕਤੰਤਰ ਵਿਚ ਇਸ ਤਰ੍ਹਾਂ ਦੀ ਬਹਿਸ ਚਲਦੀ ਰਹਿੰਦੀ ਹੈ। ਇਸ ਉਪਰ ਕਿਸੇ ਕਵੀ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਅਤੇ ਨਾ ਹੀ ਉਸ ਤੋਂ ਇਹ ਆਸ ਰੱਖੀ ਜਾ ਸਕਦੀ ਹੈ ਕਿ ਉਹ ਲਾਜ਼ਮੀ ਤੌਰ 'ਤੇ ਇਸ ਬਹਿਸ ਵਿਚ

> ***ਮੈਂ ਮਹਿਸੂਸ ਕਰਦਾ ਹਾਂ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਹੀ ਸਾਡੇ ਅੰਤਰਮਨ ਵਿਚ ਜੜ੍ਹਾਂ ਵਾਲੇ ਫੋੜੇ ਦੇ ਬੀਜ ਬੀਜੇ ਜਾ ਰਹੇ ਸਨ। ਹਰ ਸਭਿਆਚਾਰ ਦੀਆਂ ਆਪਣੀਆਂ ਵਰਜਨਾਵਾਂ ਹੁੰਦੀਆਂ ਹਨ। ਜਦੋਂ ਉਨ੍ਹਾਂ ਵਰਜਨਾਵਾਂ ਨੂੰ ਉਲੰਘਿਆ ਜਾਂਦਾ ਹੈ, ਕਵਿਤਾ ਬੇਇਖਤਿਆਰ ਹੋ ਕੇ ਆਪਣਾ ਰੁਦਨਮਈ ਸੁਰ ਉਹ ਸ਼ਸਤਰ ਹੈ, ਜਿਸ ਰਾਹੀਂ ਸਭਿਆਚਾਰ ਆਪਣੀ ਸਲਾਮਤੀ ਦੀ ਰੱਖਿਆ ਕਰਦਾ ਹੈ।***

ਸ਼ਾਮਿਲ ਹੋਵੇ।

ਇਨ੍ਹਾਂ ਦਿਨਾਂ ਵਿਚ ਇੱਕਾ-ਦੁੱਕਾ ਕਤਲ ਵੀ ਹੋਣੇ ਸ਼ੁਰੂ ਹੋ ਗਏ ਸਨ। ਹਿੰਸਾ ਨੂੰ ਮੈਂ ਆਮ ਤੌਰ 'ਤੇ ਨਾਪਸੰਦ ਕਰਦਾ ਹਾਂ, ਪਰ ਕਵਿਤਾ ਵਿਚ ਹਿੰਸਾ ਵੀ ਕਦੀ ਕਦੀ ਪਰਵਾਨ ਪ੍ਰਤੀਮਾਨ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਦਸਮ ਗ੍ਰੰਥ ਵਿਚ ਸੂਰਬੀਰਾਂ ਦੇ ਹਿੰਸਕ ਕਾਰਨਾਮਿਆਂ ਦੇ ਬੜੇ ਹੀ ਸੁਹਜੀਲੇ ਚਿੱਤਰ ਹਨ। ਇਨ੍ਹਾਂ ਨੂੰ ਮੈਂ ਉਚਤਮ ਕਵਿਤਾ ਦੇ ਨਮੂਨੇ ਮੰਨਦਾ ਹਾਂ। ਇਸ ਤਰ੍ਹਾਂ ਦੀ ਚਿੱਤਰ-ਰਚਨਾ ਵੱਲ ਮੈਂ ਰੁਚਿਤ ਨਹੀਂ। ਹਰ ਹਿੰਸਕ ਘਟਨਾ ਦਾ ਵਿਰੋਧ ਕਰਨਾ ਵੀ ਮੇਰੇ ਕਾਵਿ-ਕਾਰਜ ਲਈ ਲਾਜ਼ਮੀ ਨਹੀਂ ਪਰ ਜਦੋਂ ਕਿਸੇ ਹਿੰਸਕ ਕਾਰਜ ਵਿਚ ਮੈਨੂੰ ਘੋਰ ਸਭਿਆਚਾਰਕ ਅਵੱਗਿਆ ਦੀ ਝਲਕ ਪੈਂਦੀ ਹੈ, ਤਾਂ ਮੈਂ ਆਪਮੁਹਾਰੇ ਇਸ ਦੇ ਖੰਡਨ ਲਈ ਉਤਸਾਹਿਤ ਹੁੰਦਾ ਹਾਂ। ਮੈਂ ਲੋਕਵੇਦ ਦਾ ਖੋਜੀ ਨਹੀਂ ਕਿ ਅਲੋਪ ਹੋ ਚੁਕੇ ਲੋਕਵੇਦੀ ਤੱਥਾਂ ਦੀ ਖੋਜ ਕਰ ਕੇ ਉਨ੍ਹਾਂ ਨੂੰ ਗ੍ਰੰਥਾਂ ਵਿਚ ਸਜਾਵਾਂ। ਮੈਂ ਕਵੀ ਹਾਂ। ਮੇਰਾ ਸਰੋਕਾਰ ਉਸ ਜਿਉਂਦੇ ਜਾਗਦੇ ਸਭਿਆਚਾਰ ਨਾਲ ਹੈ, ਜਿਸ ਨੂੰ ਮਿਟਾਉਣ ਦਾ ਯਤਨ ਨਿਰੰਤਰ ਹੁੰਦਾ ਰਹਿੰਦਾ ਹੈ ਤੇ ਜਿਸ ਦੀ ਰਾਖੀ ਹਿਤ ਕਵਿਤਾ ਸਦਾ ਕਾਰਜਸ਼ੀਲ ਰਹਿੰਦੀ ਹੈ।

ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਅੰਮ੍ਰਿਤ ਸਰੋਵਰ ਦੇ ਕੰਢੇ, ਡਿਓੜੀ ਦੀਆਂ ਪੌੜੀਆਂ ਵਿਚ ਕਿਸੇ ਦਾ ਵੀ ਕਤਲ ਘੋਰ ਸਭਿਆਚਾਰਕ ਪਾਪ ਹੈ। ਇਸ ਘਟਨਾ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। ਮੌਜੂਦਾ ਵਰਤਾਰੇ ਵਿਚ ਪੁਲਿਸ ਅਫਸਰ ਏਨੇ ਮਰੇ ਹਨ ਕਿ ਮੈਨੂੰ ਸਭਨਾਂ ਦੇ ਨਾਮ ਯਾਦ ਨਹੀਂ, ਉਨ੍ਹਾਂ ਦੇ ਮਰਨ ਦੇ ਵੇਰਵੇ ਮੈਨੂੰ ਚੇਤੇ ਨਹੀਂ, ਪਰ ਪੁਲਿਸ ਅਫਸਰ ਅਟਵਾਲ ਦੀ ਹੱਤਿਆ ਮੇਰੇ ਜ਼ਿਹਨ ਵਿਚ ਗਰਮ ਸਲਾਖਾਂ ਨਾਲ ਉਕਰੀ ਪਈ ਹੈ। ਇਹ ਗੁਰਮਤਿ ਦੀ ਧਾਰਾ ਦਾ ਹੀ ਨਹੀਂ, ਸਗਲ ਸੰਸਾਰ ਦੀ ਸੰਪੂਰਨ ਧਾਰਮਿਕ ਮਰਿਆਦਾ ਦਾ ਉਲੰਘਣ ਹੈ। ਮੈਨੂੰ ਇਸ ਗੱਲ ਦੀ ਵੀ ਚਿੰਤਾ ਨਹੀਂ ਕਿ ਕਾਵਿ-ਪਾਰਖੂ ਇਸ ਕਵਿਤਾ ਦਾ ਕਿੰਨਾ ਕੁ ਮੁੱਲ ਪਾਉਂਦੇ ਹਨ, ਇਹਨੂੰ ਲਿਖ ਕੇ ਮੈਂ ਆਪਣੇ ਆਪ ਨੂੰ ਕਵੀ ਵਜੋਂ ਸਕਾਰਥ ਮੰਨਿਆ ਸੀ:

ਪ੍ਰਭ ਜੀ ਆਪਣਾ ਬਿਰਦ ਬਿਚਾਰੋ
ਆਪਣਾ ਹੀ ਜਨ ਆਪਣੇ ਹੀ ਘਰ
ਗੈਰਾਂ ਵਾਂਗ ਨਾ ਮਾਰੋ।
ਜੇ ਮੈਂ ਕੰਸ ਕੋਈ ਹਰਨਾਖਸ
ਆਵੋ ਧਰ ਅਵਤਾਰੋ
ਸਭ ਜਗ ਵੇਖੇ ਵਿਚ ਦਲੀਜ਼ਾਂ
ਪਕੜੋ ਪਕੜ ਸੰਘਾਰੋ
ਮੈਂ ਤਾਂ ਸ਼ਰਨ ਗਹੀ ਸ਼ਰਨਾਗਤ
ਆਇਆ ਤੁਧ ਦਰਬਾਰੋ
ਤੂੰ ਮੇਰੀ ਓਟ ਤੂੰ ਹੀ ਮੇਰਾ ਓਹਲਾ
ਤੂੰ ਮੇਰੀ ਆਸ ਅਧਾਰੋ
ਨਾ ਤੋੜੋ ਆਸਾ ਭਰਵਾਸਾ
ਆਪਣਾ ਜਨ ਪ੍ਰਿਤਪਾਰੋ
ਜੀਭਾ ਨਾਮ ਮਹਾਰਸ ਮੀਠਾ
ਹੱਥ ਪਰਸਾਦ ਤੁਮਾਰੋ
ਸਾਖੀ ਸੰਤ ਸਰੋਵਰ ਸੱਚਾ
ਸਾਖੀ ਸਿੰਘ ਦੁਆਰੋ
ਪਿਠ ਪਰ ਵਾਰ ਤੇਰਾ ਜਨ ਕੋਹਿਆ
ਕਿਸ ਪੈ ਕਰੇ ਪੁਕਾਰੋ
ਹਮਰੀ ਵੇਦਨ ਸਭ ਜਗ ਜਾਣੇ
ਚਹੁੰਕੂੰਟੀ ਜੁਗ ਚਾਰੋ
ਇਹ ਅਨਹੋਣੀ ਤੈ ਦਰ ਹੋਈ
ਧਰਮ ਕੁਧਰਮ ਨਿਤਾਰੋ
ਤੇਰੀ ਡਿਓੜੀ ਦਾਗ ਪਿਆ ਹੈ
ਕਿਰਪਾ ਸਹਿਤ ਉਤਾਰੋ।

ਕਵਿਤਾਵਾਂ ਤਾਂ ਗਾਹੇ-ਬਗਾਹੇ ਹੋਰ ਵੀ ਲਿਖਦਾ ਰਿਹਾ, ਪਰ ਅਚੇਤ ਤੌਰ 'ਤੇ ਇਸੇ ਪੈਰਾਮੀਟਰ ਦੇ ਅੰਦਰਵਾਰ। ਮੈਂ ਸਮਝਦਾ ਹਾਂ ਕਿ ਕਵਿਤਾ ਦਾ ਆਪਣਾ ਹਾਂ-ਮੁਖੀ ਦ੍ਰਿਸ਼ਟੀਕੋਣ ਹੈ। ਉਹ ਰਾਜਨੀਤੀ ਤੇ ਧਰਮ ਤੋਂ ਕੋਰਾ ਨਹੀਂ, ਪਰ ਮੂਲ ਰੂਪ ਵਿਚ ਹੈ ਉਹ ਕਾਵਿ-ਸੁਹਜ ਨੂੰ ਪ੍ਰਾਥਮਿਕਤਾ ਦੇਣ ਵਾਲਾ ਦ੍ਰਿਸ਼ਟੀਕੋਣ। ਸੱਚ ਅਤੇ ਸਵੱਛਤਾ ਸੁਹਜ ਵਿਚ ਸ਼ਾਮਿਲ ਹੈ। ਸੁਹਜ ਸਦਾਚਾਰ ਤੋਂ ਵੀ ਰਹਿਤ ਨਹੀਂ। ਸੱਚ ਜਾਂ ਸਦਾਚਾਰ ਤੋਂ ਵਿਛੁੰਨਾ ਹੋਇਆ ਸੁਹਜ ਕਵਿਤਾ ਦਾ ਸੁਹਜ ਨਹੀਂ। ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਸੰਗੀਤ ਜਾਂ ਚਿਤਰਕਾਰੀ ਵਾਂਗ ਕਵਿਤਾ ਨਿਰੋਲ ਫਾਈਨ ਆਰਟ ਨਹੀਂ। ਉਹ ਜ਼ਿੰਦਗੀ ਨਾਲ ਸੱਚਾਈ ਤੇ ਸਦਾਚਾਰ ਵਾਲਾ ਰਿਸ਼ਤਾ ਰੱਖਦੀ ਹੈ ਅਤੇ ਸਵੱਛ ਸਮਾਜਿਕ ਰੁੜ੍ਹੀਆਂ ਜਾਂ ਪ੍ਰਤੀਮਾਨਾਂ ਦਾ ਪੱਲਾ ਕਦੇ ਨਹੀਂ ਛੱਡਦੀ। ਉਹਦੇ ਰਾਜਨੀਤਿਕ ਵਤੀਰੇ ਦੀ ਵੀ ਇਹੋ ਪਹਿਚਾਣ ਹੈ।

ਉਪਰ ਕੁਝ ਕੁ ਟੂਕਾਂ ਦਿੱਤੀਆਂ ਹਨ, ਉਨ੍ਹਾਂ ਵਿਚ ਮਮਤਾਮਈ ਮਾਂ, ਸਮਤਾਮਈ ਧਰਮ, ਸਿਫਤੀ ਨਕਸ਼ਾਂ ਵਾਲਾ ਸ਼ਹਿਰ, ਅਪਣੱਤ ਪਾਲਣ ਵਾਲਾ ਸਮਾਜ, ਸ਼ਰਨਾਗਤੀ ਦੇਣ ਵਾਲੇ ਧਰਮ, ਦਾਗ ਉਤਾਰਨ ਵਾਲਾ ਸਤਿਗੁਰੂ ਮੇਰੇ ਸੁਹਜ-ਦ੍ਰਿਸ਼ਟੀਕੋਣ ਦੇ ਹੀ ਅੰਗ ਹਨ। ਮੈਂ ਇਨ੍ਹਾਂ ਤੋਂ ਉਲਟ ਸੁਭਾਅ ਵਾਲੇ ਵੇਰਵਿਆਂ ਦਾ ਆਪਣੇ ਜੀਵਨ ਤੇ ਆਪਣੇ ਸਮਾਜ 'ਚ ਨਿਰਾਕਰਨ ਚਾਹਿਆ ਹੈ:

ਜੰਗਲ ਜੰਗਲ ਤੋਂ ਦੀਵਾਨਾ ਪੁੱਛਦਾ ਹੈ
ਸਾਡੇ ਸ਼ਹਿਰ ਗੁਆਚਾ ਬਾਲਕ ਕਿਸ ਦਾ ਹੈ
ਛੱਤਾਂ, ਕੰਧਾਂ, ਬੂਹਿਆਂ ਦੇ ਵਿਚ ਉਗ ਆਇਆ
ਲੈ ਜਾਵੋ ਇਹ ਕੰਡਿਆਂ ਵਾਲਾ ਜਿਸ ਦਾ ਹੈ
ਪੋਲੇ ਪੈਰੀਂ ਪਿੱਛੇ ਲੱਗਾ ਪਰਛਾਵਾਂ
ਵੇਖਣ ਨੂੰ ਤਾਂ ਆਪਣਾ ਭਾਈ ਦਿਸਦਾ ਹੈ।

ਮੈਂ ਮਹਿਸੂਸ ਕਰਦਾ ਹਾਂ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਹੀ ਸਾਡੇ ਅੰਤਰਮਨ ਵਿਚ ਜੜ੍ਹਾਂ ਵਾਲੇ ਫੋੜੇ ਦੇ ਬੀਜ ਬੀਜੇ ਜਾ ਰਹੇ ਸਨ। ਹਰ ਸਭਿਆਚਾਰ ਦੀਆਂ ਆਪਣੀਆਂ ਵਰਜਨਾਵਾਂ ਹੁੰਦੀਆਂ ਹਨ। ਜਦੋਂ ਉਨ੍ਹਾਂ ਵਰਜਨਾਵਾਂ ਨੂੰ ਉਲੰਘਿਆ ਜਾਂਦਾ ਹੈ, ਕਵਿਤਾ ਬੇਇਖਤਿਆਰ ਹੋ ਕੇ ਆਪਣਾ ਰੁਦਨਮਈ ਸੁਰ ਉਹ ਸ਼ਸਤਰ ਹੈ, ਜਿਸ ਰਾਹੀਂ ਸਭਿਆਚਾਰ ਆਪਣੀ ਸਲਾਮਤੀ ਦੀ ਰੱਖਿਆ ਕਰਦਾ ਹੈ। ਉਹ ਜੋ ਅੰਮ੍ਰਿਤਸਰ ਦਾ ਸਿਫਤੀ ਚਿਹਰਾ ਵਿਗਾੜ ਰਹੇ ਸਨ; ਪਰਿਕਰਮਾ ਵਿਚ ਕਤਲ ਕਰ ਕੇ ਹਰਿਮੰਦਰ ਸਾਹਿਬ ਦੀ ਪਵਿਤਰਤਾ ਦਾਗਦਾਰ ਕਰ ਰਹੇ ਸਨ, ਉਹ ਪੰਜਾਬ ਦੇ ਜਾਤੀ ਅਵਚੇਤਨ ਉਪਰ ਸੱਟ ਮਾਰ ਰਹੇ ਸਨ। ਇਨ੍ਹਾਂ ਲੋਕਾਂ ਨੂੰ ਇਹ ਚੇਤਨਾ ਨਹੀਂ ਸੀ ਕਿ ਜਾਤੀ ਅਵਚੇਤਨ ਨੂੰ ਮਾਰਿਆ ਨਹੀਂ ਜਾ ਸਕਦਾ।

## ਉਨੀ ਸੌ ਚੁਰਾਸੀ ਬਾਰੇ ਡਾ. ਹਰਿਭਜਨ ਸਿੰਘ ਦੀਆਂ ਦੋ ਕਵਿਤਾਵਾਂ:

### ਫੌਜਾਂ ਕੌਣ ਦੇਸ ਤੋਂ ਆਈਆਂ

ਕਿਹੜੇ ਦੇਸ ਤੋਂ ਜ਼ਹਿਰ ਲਿਆਈਆਂ।
ਕਿਸ ਤੋਂ ਕਹਿਰ ਲਿਆਈਆਂ।
ਕਿਸ ਫਣੀਅਰ ਦੀ ਫੂਕ ਕਿ ਕਿਸ ਨੇ
ਪੱਕੀਆਂ ਕੰਧਾਂ ਢਾਹੀਆਂ।
ਸਿਫਤ ਸਰੋਵਰ ਡਸਿਆ
ਅੱਗਾਂ ਪੱਥਰ ਦੇ ਵਿਚ ਲਾਈਆਂ।
ਹਰਿ ਕੇ ਮੰਦਿਰ ਵਿਹੁ ਦੀਆਂ ਨਦੀਆਂ
ਬੁੱਕਾਂ ਭਰ ਵਰਤਾਈਆਂ।
ਫੌਜਾਂ ਕੌਣ ਦੇਸ ਤੋਂ ਆਈਆਂ।

ਇਹ ਕਣਕਾ ਲੈ ਭਟਕ ਰਹੇ ਹਾਂ
ਮੈਂ ਤੂੰ ਵਾਂਗ ਸੁਦਾਈਆਂ।
ਮੱਥੇ ਮੱਥੇ ਰੀਂਗ ਰਹੀਆਂ ਨੇ
ਕੀੜ-ਨਗਰ ਦੀਆਂ ਜਾਈਆਂ।
ਮਨ-ਮੱਥੇ ਵਿਚ ਜੋ ਰਹੁ-ਰੀਤਾਂ
ਸਦੀਆਂ ਜਤਨ ਟਿਕਾਈਆਂ।
ਉਹੀਓ ਆਪਣੇ ਜੀ ਦੀਆਂ ਸਕੀਆਂ
ਹੋਈਆਂ ਸਭ ਪਰਾਈਆਂ।
ਫੌਜਾਂ ਕੌਣ ਦੇਸ ਤੋਂ ਆਈਆਂ।

ਦੂਰ ਦੇਸ ਦੇ ਤਾਹਨੇ ਦੇਵਣ
ਭਾਈ ਤੇ ਭਰਜਾਈਆਂ।
ਕੋਈ ਨਾ ਆਪਣੀ ਹੀਰ
ਕਿ ਜਿਸ ਦੀ ਖਾਤਿਰ ਇਹ ਰੁਸਵਾਈਆਂ।
ਮੈਂ ਤਾਂ ਉਚੇ ਕੋਠੀਂ ਚੜ੍ਹ ਕੇ
ਪਾਵਾਂ ਹਾਲ ਦੁਹਾਈਆਂ।
ਮੇਰੇ ਹੀ ਘਰ ਗੋਸ਼ੇ ਬਹਿ ਕੇ
ਲੋਕੀਂ ਲੈਣ ਵਧਾਈਆਂ।
ਫੌਜਾਂ ਕੌਣ ਦੇਸ ਤੋਂ ਆਈਆਂ।

ਫੌਜਾਂ ਆਉਣਾ ਫੌਜਾਂ ਜਾਣਾ
ਟੁੱਟ ਜਾਣਾ ਪਾਤਸ਼ਾਹੀਆਂ।
ਕੀ ਭਲਕੇ ਮੁੜ ਰਹਿ ਸਕਾਂਗੇ
ਹਮਸਾਏ ਹਮਸਾਈਆਂ?
ਲਾਗੇ ਬਹਿ ਕੇ ਹੀ ਭੋਗਾਂਗੇ
ਦੂਰੋਂ ਦੂਰ ਜੁਦਾਈਆਂ।
ਕੀ ਫੌਜਾਂ ਦਾ ਮਾਣ
ਜਿਹੜੀਆਂ ਗਰਜ਼ਾਂ ਨੇ ਉਕਸਾਈਆਂ।
ਫੌਜਾਂ ਕੌਣ ਦੇਸ ਤੋਂ ਆਈਆਂ।

### ਜੈ ਜੈ ਮਾਤਾ ਜੈ ਮਤਰੇਈ

ਜੈ ਜੈ ਮਾਤਾ ਜੈ ਮਤਰੇਈ।
ਜੱਗ 'ਤੇ ਹੋਰ ਨਾ ਤੇਰੇ ਜੇਹੀ।

ਤੂੰ ਸੰਤਾਂ ਤੋਂ ਦੈਂਤ ਬਣਾਵੇਂ
ਦੈਂਤ ਸ਼ਹੀਦੀ ਤੱਕ ਪਹੁੰਚਾਵੇਂ।
ਸੰਤ ਮਰੇ ਜਾਂ ਦੈਂਤ ਬਿਨਾਸੇ
ਹੰਝੂਆਂ ਤੋਂ ਪੁੱਛਦੇ ਨੇ ਹਾਸੇ।
ਕਰਾਮਾਤ ਕੀਤੀ ਤੂੰ ਕੇਹੀ
ਜੈ ਜੈ ਮਾਤਾ ਜੈ ਮਤਰੇਈ।

ਹਰਿ ਮੰਦਰ ਦੀ ਕਰਨ ਜੁਹਾਰੀ
ਤੂੰ ਆਈ ਲੋਹ-ਸਿੰਘ ਸਵਾਰੀ।
ਸਤਿ-ਸਿੰਘਾਸਨ ਹੱਥ ਢਾਹਿਆ
ਤੇ ਮੁੜ ਹੱਥੀਂ ਆਪ ਬਣਾਇਆ।
ਵਾਹ ਰਚਨਾ ਵਾਹ ਖੇਹੋ-ਖੇਹੀ
ਜੈ ਜੈ ਮਾਤਾ ਜੈ ਮਤਰੇਈ।

ਸੋਨ-ਕਲਸ ਤੂੰ ਚੀਰ ਲੰਗਾਰੇ
ਤੇ ਮੁੜ ਮਲ੍ਹਮਾਂ ਨਾਲ ਸਵਾਰੇ।
ਆਪੇ ਤੂੰ ਸੰਕਟ ਉਪਜਾਵੇਂ
ਨਿਕਟੀ ਹੋ ਕੇ ਆਪ ਬਚਾਵੇਂ।
ਨਿਤ ਨਿਰਮੋਹੀ ਸਦਾ-ਸਨੇਹੀ
ਜੈ ਜੈ ਮਾਤਾ ਜੈ ਮਤਰੇਈ।

ਅਸਾਂ ਤਾਂ ਤਖਤ ਹਜ਼ਾਰੇ ਰਹਿਣਾ
ਭਾਵੇਂ ਭੱਠ ਖੇੜਿਆਂ ਦਾ ਸਹਿਣਾ।
ਤੁਮਰੀ ਗਣਤ ਗਣੇ ਨਾ ਕੋਈ
ਸਭ ਅਨਹੋਣੀ ਤੁਮ ਤੇ ਹੋਈ।
ਥਾਂ ਥਾਂ ਤੇਰੀ ਪੇਓ ਪੇਈ
ਜੈ ਜੈ ਮਾਤਾ ਜੈ ਮਤਰੇਈ।

**ਵਿਚਾਰ-ਚਰਚਾ**

# ਧਰਮ ਅਤੇ ਸਿਆਸਤ ਦਾ ਸਿੱਖ ਪ੍ਰਸੰਗ

***ਸਿੱਖ ਅਕੀਦੇ ਅਨੁਸਾਰ ਧਰਮ ਅਤੇ ਸਿਆਸਤ ਨਾਲੋ ਨਾਲ ਚਲਦੇ ਹਨ। ਗੁਰਮਤਿ ਅਨੁਸਾਰ ਸਿਆਸਤ ਨੇ ਧਰਮ ਅਧੀਨ ਰਹਿਣਾ ਹੈ। ਪਰ ਅੱਜ ਹਾਲਾਤ ਇਹ ਹਨ ਕਿ ਸਿਆਸਤਦਾਨਾਂ ਨੇ ਆਪਣੇ ਸੌੜੇ ਹਿਤਾਂ ਲਈ ਧਰਮ ਨੂੰ ਸਿਆਸਤ ਅਧੀਨ ਕਰ ਲਿਆ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸਿਆਸਤ ਨੂੰ ਧਰਮ ਸਦਾ ਹੀ ਠੀਕ ਬੈਠਦਾ ਰਿਹਾ ਹੈ, ਪਰ ਧਰਮ ਨੂੰ ਸਿਆਸਤ ਕਦੇ ਵੀ ਠੀਕ ਨਹੀਂ ਬੈਠੀ। ਇਸ ਵੇਲੇ ਸਿੱਖ ਸਿਆਸਤ ਦਾ ਬੋਲਬਾਲਾ ਇਸ ਹੱਦ ਤੱਕ ਹੋ ਗਿਆ ਹੈ ਕਿ ਸਿੱਖ ਚੇਤਿਆਂ ਵਿਚ ਜਿਸ ਤਰ੍ਹਾਂ 'ਰਾਜ ਬਿਨਾ ਨਹੀਂ ਧਰਮ ਚਲਹਿ ਹੈ' ਨੂੰ ਪੱਕਿਆਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਤਰ੍ਹਾਂ ਇਸੇ ਬੰਦ ਦੇ ਦੂਜੇ ਹਿੱਸੇ 'ਧਰਮ ਬਿਨਾ ਸਭ ਦਲਹਿ ਮਲਹਿ ਹੈ' ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਅੱਜ ਸਥਿਤੀ ਇਹ ਹੋ ਗਈ ਹੈ ਕਿ ਸਿੱਖ ਸਿਆਸਤ ਹੀ ਸਿੱਖ ਧਰਮ ਲੱਗਣ ਲੱਗ ਪਈ ਹੈ। ਇਸ ਵੇਲੇ ਲੋੜ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣ ਦੀ ਹੈ ਕਿਉਂਕਿ ਆਲਮੀ ਭਾਈਚਾਰਾ ਹੋ ਗਏ ਸਿੱਖਾਂ ਨੂੰ ਸਿਆਸੀ ਸੁਰ ਵਿਚ ਨਹੀਂ, ਧਾਰਮਿਕ ਸੁਰ ਵਿਚ ਹੀ ਬਚਾਇਆ ਤੇ ਫੈਲਾਇਆ ਜਾ ਸਕਦਾ ਹੈ। ਇਹੋ ਵਿਚਾਰ ਅਜੋਕੇ ਸਿੱਖ ਪ੍ਰਸੰਗ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਆਪਣੇ ਲੇਖ ਵਿਚ ਪ੍ਰਗਟਾਏ ਹਨ। ਇਸ ਪ੍ਰਸੰਗ ਵਿਚ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਇਸ ਮਸਲੇ ਨਾਲ ਜੁੜੇ ਪ੍ਰਾਪਤ ਤੱਥਾਂ ਦੇ ਹਵਾਲੇ ਨਾਲ ਨਤੀਜੇ 'ਤੇ ਪਹੁੰਚਣ ਲਈ ਸ਼ੁਰੂਆਤ ਏਥੋਂ ਕਰ ਰਿਹਾ ਹਾਂ ਕਿ ਭਾਰਤੀ ਚਿੰਤਨ ਵਿਚ ਅਦਵੈਤ ਅਤੇ ਦਵੈਤ ਦੀ ਸਿਧਾਂਤਕਤਾ ਨਾਲ ਇਹ ਸਥਾਪਤ ਹੋ ਗਿਆ ਸੀ ਕਿ ਇਨ੍ਹਾਂ ਵਿਰੋਧੀ ਸਿਰਿਆਂ ਦੀ ਹੋਂਦ ਇਕ ਦੂਜੇ ਦੀ ਅਣਹੋਂਦ ਵਿਚ ਪਈ ਹੈ ਜਿਵੇਂ ਚਾਨਣ, ਹਨੇਰੇ ਦੀ ਅਣਹੋਂਦ ਹੈ ਅਤੇ ਹਨੇਰਾ, ਚਾਨਣ ਦੀ। ਸਿੱਖ ਚਿੰਤਨ ਵਿਚ ਇਹੋ ਸਿਧਾਂਤਕੀ, ਸਰਗੁਣ ਵਿਚ ਨਿਰਗੁਣ ਅਤੇ ਨਿਰਗੁਣ ਵਿਚ ਸਰਗੁਣ (ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ ਪੰਨਾ 287) ਹੋ ਗਈ ਹੈ। ਇਸੇ ਨੂੰ ਧਰਮ ਅਤੇ ਸਿਆਸਤ ਨੂੰ ਸਮਝਣ ਵਾਸਤੇ ਵਿਧੀ ਮੰਨ ਲਈਏ ਤਾਂ ਪ੍ਰਸ਼ਨ ਪੈਦਾ ਹੋਵੇਗਾ ਕਿ ਕੀ ਧਰਮ ਵਿਚ ਸਿਆਸਤ ਅਤੇ ਸਿਆਸਤ ਵਿਚ ਧਰਮ ਇਕੱਠੇ ਰਹਿ ਸਕਦੇ ਹਨ? ਉਤਰ ਅਕਸਰ ਇਹ ਸੁੱਝਦਾ ਹੈ ਕਿ ਧਰਮ ਅਤੇ ਸਿਆਸਤ, ਦੋ ਸਨ, ਦੋ ਹਨ ਅਤੇ ਦੋ ਹੀ ਰਹਿਣੇ ਹਨ।



**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਇਸੇ ਬਾਰੇ ਵਿਸਥਾਰ ਵਿਚ ਚਰਚਾ ਕਰ ਰਹੇ ਹਾਂ ਅਤੇ ਇਸ ਦੀ ਸ਼ੁਰੂਆਤ ਇਥੋਂ ਕੀਤੀ ਜਾ ਸਕਦੀ ਹੈ ਕਿ ਸਿਆਸਤ ਨਾਲ ਉਵੇਂ ਹੀ ਨਿਭਣਾ ਹੈ ਜਿਵੇਂ ਪੰਜ ਵਿਕਾਰਾਂ ਨਾਲ ਨਿਭਣਾ ਹੈ।

ਸਿੱਖ ਚਿੰਤਨ ਵਿਚ ਪ੍ਰਾਪਤ ਪਰੰਪਰਾਵਾਂ (ਰਿਸ਼ੀ ਪਰੰਪਰਾ, ਸੰਤ ਪਰੰਪਰਾ ਅਤੇ ਭਗਤ ਪਰੰਪਰਾ) ਦਾ ਗੁਨ੍ਹਿਆ ਹੋਇਆ ਰੂਪ ਪ੍ਰਾਪਤ ਹੈ ਅਤੇ ਇਸ ਨੂੰ ਸਹਿਜ ਸਥਾਪਨ ਦੀ ਸਿੱਖ ਵਿਧੀ ਵਜੋਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸ ਨਾਲ ਸਭਿਆਚਾਰ, ਧਰਮ ਅਤੇ ਅਧਿਆਤਮ ਵਿਚ ਵਖਰੇਵਿਆਂ ਦੀ ਸੰਭਾਵਨਾ ਨੂੰ ਬਹੁਲਵਾਦੀ ਭਾਵਨਾ ਵਿਚ ਸਹਿਣ ਕਰ ਸਕਣ ਦੇ ਮਾਨਸਿਕ ਉਸਾਰ ਲਈ ਜੋ ਸਿੱਖ ਵਿਧੀਆਂ (ਨਾਮ ਸਿਮਰਨ, ਸੇਵਾ, ਕਿਰਤ ਕਰਨਾ, ਵੰਡ ਛਕਣਾ ਆਦਿ) ਸਥਾਪਤ ਹੋ ਗਈਆਂ ਹਨ, ਉਨ੍ਹਾਂ ਵਿਚੋਂ ਕੋਈ ਵੀ ਸਿਆਸਤ ਵੱਲ ਜਾਂਦੀ ਨਜ਼ਰ ਨਹੀਂ ਆਉਂਦੀ।

ਇਸ ਪ੍ਰਸੰਗ ਵਿਚ ਡਾ. ਜਸਪਾਲ ਸਿੰਘ ਦੀ ਪੁਸਤਕ 'ਰਾਜ ਦਾ ਸਿੱਖ ਸੰਕਲਪ' ਵਿਚੋਂ ਮੈਨੂੰ ਇਹੀ ਸਮਝ ਆਇਆ ਹੈ ਕਿ ਸਿੱਖੀ ਸੰਪੂਰਨ ਜੀਵਨ ਦਾ ਧਰਮ ਹੋਣ ਕਰਕੇ ਸਿਆਸਤ ਨੂੰ ਇਸ ਵਿਚੋਂ ਮਨਫੀ ਨਹੀਂ ਕਰਨਾ ਚਾਹੀਦਾ ਅਤੇ ਕੀਤਾ ਵੀ ਨਹੀਂ ਜਾ ਸਕਦਾ। ਪਰ ਸਿੱਖੀ ਵਿਚ ਸਿਆਸਤ ਹਾਸ਼ੀਏ 'ਤੇ ਰਹਿਣੀ ਹੈ ਅਤੇ ਕੇਂਦਰ ਵਿਚ ਧਰਮ ਹੀ ਰਹਿਣਾ ਹੈ। ਸਿੱਖ ਸਾਹਿਤ ਵਿਚ ਸਿੱਖ ਸਿਆਸਤ ਨਾਲ ਸਬੰਧਤ ਹਵਾਲੇ ਆਪੋ ਆਪਣੇ ਸਮਕਾਲ ਦੀਆਂ ਸੀਮਾਵਾਂ ਵਿਚ ਹੋਣ ਕਰਕੇ ਸਾਰੇ ਸਮਿਆਂ ਵਾਸਤੇ ਸਿਧਾਂਤਕੀ ਸਥਾਪਤ ਕਰਨ ਲਈ ਮਦਦ ਨਹੀਂ ਕਰ ਸਕਦੇ। ਤਾਂ ਤੇ ਇਨ੍ਹਾਂ ਹਵਾਲਿਆਂ ਨੂੰ ਬਾਣੀ ਦੀ ਰੌਸ਼ਨੀ ਵਿਚ ਹੀ ਸਥਾਪਤ ਕਰਨਾ ਚਾਹੀਦਾ ਹੈ।

ਸਿੱਖੀ ਤੋਂ ਪੰਥਕਤਾ ਤੱਕ ਦੀ ਯਾਤਰਾ ਨੂੰ ਜੇ ਧਰਮ ਤੋਂ ਸਿਆਸਤ ਵੱਲ ਯਾਤਰਾ ਵਜੋਂ ਸਮਝਣ ਦੀ ਕੋਸ਼ਿਸ਼ ਕਰੀਏ ਤਾਂ 1708 ਤੋਂ ਵਰਤਮਾਨ ਤੱਕ ਦੀ ਸਿੱਖ ਸਿਅਸਤ ਦੇ ਇਤਿਹਾਸ ਨੂੰ ਧਿਆਨ ਵਿਚ ਰੱਖਣਾ ਪਵੇਗਾ? ਸਵਾਲ ਹੈ ਕਿ ਅੱਜ ਸਿੱਖੀਕਰਣ ਦੀ ਥਾਂ ਸਿਆਸੀਕਰਣ ਕਿਉਂ ਹੋਈ ਜਾ ਰਿਹਾ ਹੈ? ਸਮਝਣ ਲਈ ਯੂ-ਟਿਊਬ 'ਤੇ ਜਾਉ ਤੇ ਵੇਖੋ ਕਿ ਕਿਵੇਂ ਸਿਆਸਤ ਹੀ ਸਿਆਸਤ ਛਾਈ ਹੋਈ ਹੈ ਅਤੇ ਗੁਰਮਤਿ ਤਾਂ ਸਵਾਦ ਅਨੁਸਾਰ ਹੀ ਵਰਤੀ ਜਾ ਰਹੀ ਹੈ। ਜਿੱਤ ਦੀ ਆਸ ਵਿਚ ਵਿਹਾਜੀਆਂ ਜਾ ਰਹੀਆਂ ਹਾਰਾਂ ਦੀ ਸਿਆਸਤ ਨੇ ਸਰਬੱਤ ਦੇ ਭਲੇ ਦੀ ਥਾਂ ਅੱਗ ਬਾਲਣ, ਜ਼ਹਿਰ ਛਿੜਕਣ ਅਤੇ ਗੁੱਸੇ ਵਿਚ ਘੜਮੱਸ ਪੈਦਾ ਕਰਨ ਵਾਲੇ ਰਾਹ ਪਾ ਦਿੱਤਾ ਹੈ। ਇਸ ਦੀਆਂ ਪੈੜਾਂ ਗੁਰਮਤਿ ਦੀ ਥਾਂ ਖੱਬੂ-ਸਿਧਾਂਤਕੀਆਂ ਵੱਲ ਜਾਂਦੀਆਂ ਲੱਗਦੀਆਂ ਹਨ।

ਭਾਈ ਵੀਰ ਸਿੰਘ ਨੇ ਕੌਮ ਦੇ ਜੀਵੰਤ ਸਿੱਖ ਸਰੋਕਾਰਾਂ ਦਾ ਆਧਾਰ ਜਾਤੀ ਲੋੜਾਂ (ਸਿਆਸਤ) ਅਤੇ ਕੌਮੀ ਲੋੜਾਂ (ਧਰਮ) ਨੂੰ ਮੰਨਿਆ ਸੀ ਅਤੇ ਇਸ ਦੀ ਮਿਸਾਲ ਕਿਲਾ ਫਤਿਹ ਕਰਨ ਲਈ ਵਰਤੀ ਗਈ ਤੋਪ ਦੇ ਟੁੱਟੇ ਪਹੀਏ ਦੀ ਦਿੱਤੀ ਹੈ। ਇਸ ਦੇ ਨਾਲ ਹੀ ਸਿੱਖੀ ਦੇ ਕੇਂਦਰੀ ਸਰੋਕਾਰਾਂ ਵਿਚ ਗ੍ਰੰਥ (common object), ਪੰਥ (common organization), ਗੁਰਦੁਆਰਾ (common conviction) ਅਤੇ ਰਹਿਤ (common code or confidence) ਨੂੰ ਗਿਣਿਆ ਗਿਆ ਹੈ। ਇਸੇ ਕਰਕੇ ਭਾਈ ਵੀਰ ਸਿੰਘ 'ਤੇ ਸਿਆਸਤਦਾਨ ਨਾ ਹੋਣ ਦਾ ਦੋਸ਼ ਅੰਦਰੋਂ ਤੇ ਬਾਹਰੋਂ ਲਗਾਤਾਰ ਲੱਗਦਾ ਰਿਹਾ ਹੈ।

ਰਾਜਨੀਤਕ ਵਿਗਿਆਨ ਵਿਚ ਜੋ ਕੁਝ ਪ੍ਰਾਪਤ ਹੈ, ਉਸ ਨੂੰ ਧਿਆਨ ਵਿਚ ਰੱਖੇ ਬਿਨਾ ਇਸ ਲਈ ਗੱਲ ਕਰ ਰਿਹਾ ਹਾਂ ਤਾਂ ਕਿ ਜੇ ਲੋੜ ਪਵੇ ਤਾਂ ਹੋਰ ਸਿੱਖਣ ਲਈ ਤਿਆਰ ਰਹਾਂ। ਮੇਰੀ ਸਮਝ ਵਿਚ ਦੂਜਿਆਂ ਦੀਆਂ ਕਮਜ਼ੋਰੀਆਂ ਦੇ ਸ਼ਿਕਾਰੀਆਂ ਅਤੇ ਬਿਉਪਾਰੀਆਂ ਨੂੰ ਸਿਆਸਤਦਾਨ ਕਿਹਾ ਜਾਣ ਲੱਗ ਪਿਆ ਹੈ। ਇਹ ਵਿਧੀ ਸਿਆਸਤਦਾਨ ਇਕ ਦੂਜੇ ਦੇ ਵਿਰੁਧ ਵੀ ਵਰਤੀ ਜਾ ਰਹੇ ਹਨ ਤੇ ਇਸ ਨਾਲ ਬੋਲਣ ਵਾਸਤੇ ਬੋਲਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਸਿਆਸਤ 'ਚ ਸਿਆਣਪ ਨਾਲੋਂ ਡਰਾਮੇਬਾਜ਼ੀ ਨੂੰ ਪਹਿਲ ਪ੍ਰਾਪਤ ਹੋ ਗਈ ਹੈ। ਧਰਮੀ ਅਤੇ ਅਕਾਦਮੀਸ਼ਨ ਵੀ ਇਸ ਤੋਂ ਬਚੇ ਹੋਏ ਨਹੀਂ ਹਨ। ਇਸ ਵਰਤਾਰੇ 'ਤੇ ਸ਼ਰਮਸ਼ਾਰ ਹੋਣ ਦੀ ਲੋੜ ਦੀ ਸੰਭਾਵਨਾ ਦਿਨੋ ਦਿਨ ਮੱਧਮ ਪੈਂਦੀ ਜਾ ਰਹੀ ਹੈ। ਇਸ ਸ਼ੇਅਰ 'ਚ ਸਿਆਸੀ ਵਰਤਾਰੇ ਵੱਲ ਇਸ਼ਾਰਾ ਹੈ:

ਮੁਹੱਬਤ ਗੋਲੀਉਂ ਸੇ ਬੋ ਰਹੇ ਹੋ
ਜ਼ਮੀਨ ਕਾ ਚਿਹਰਾ ਖੂਨ ਸੇ ਧੋ ਰਹੇ ਹੋ।
ਘੁਮੰਡ ਤੁਮ ਕੋ ਕਿ ਰਾਸਤਾ ਨਿਕਲ ਰਹਾ ਹੈ
ਯਕੀਨ ਮੁਝ ਕੋ ਕਿ ਮੰਜ਼ਲ ਖੋ ਰਹੇ ਹੋ।

ਹਾਲਤ ਇਹ ਹੈ ਕਿ ਦੇਸ਼ ਦੀ ਧਰਮ ਨਿਰਪੇਖ ਵਿਧਾਨਕਤਾ ਵੀ ਵੰਗਾਰੀ ਗਈ ਹੈ ਅਤੇ ਸਿੱਖ ਲੋਕਤੰਤਰ ਵਿਚ ਵੀ ਸਿਆਸਤਨੁਮਾ ਧਰਮ ਅਤੇ ਧਰਮਨੁਮਾ ਸਿਆਸਤ ਸ਼ਾਨੋ ਸ਼ੌਕਤ ਨਾਲ ਪਰਵੇਸ਼ ਕਰ ਗਈ ਹੈ। ਮੁੱਦਾ ਇਹ ਹੈ ਕਿ ਇਸ ਤਰ੍ਹਾਂ ਤਾਂ ਪਹਿਲਾਂ ਕਦੇ ਵੀ ਨਹੀਂ ਸੀ ਕਿਉਂਕਿ ਸਿਆਸਤ ਦੇ ਜਿਹੋ ਜਿਹੇ ਰੰਗ ਵਰਤਮਾਨ ਵਿਚ ਸਭ ਨੂੰ ਭੁਗਤਣੇ ਪੈ ਰਹੇ ਹਨ, ਉਨ੍ਹਾਂ ਨਾਲ ਸਿਆਸਤ, ਪ੍ਰਸ਼ਨਾਂ ਦਾ ਜੰਗਲ ਅਤੇ ਸਮਾਜਕ ਸਾਖ ਦਾ ਖੌਅ ਹੁੰਦੀ ਜਾ ਰਹੀ ਹੈ। ਸਿਆਸਤ ਦਾ ਵਰਤਮਾਨ ਪ੍ਰਸੰਗ ਕਿਸੇ ਵੀ ਕਿਸਮ ਦੇ ਉਲਾਰ ਦੀ ਦਾਸਤਾਨ ਹੁੰਦਾ ਜਾ ਰਿਹਾ ਹੈ ਅਤੇ ਧਰਮ ਨੂੰ ਆਪਣੇ ਵਰਗਾ ਕਰ ਲੈਣ ਵਾਸਤੇ ਸਿਆਸਤਦਾਨ ਪੱਬਾਂ ਭਾਰ ਹੋਏ ਨਜ਼ਰ ਆਉਂਦੇ ਹਨ। ਲੱਗਦਾ ਹੈ ਕਿ ਸਿਆਸਤ ਨੂੰ ਆਪਣੀ ਖੁਰਦੀ ਸਾਖ, ਧਰਮ ਦੇ ਆਸਰੇ ਬਚਾਉਣ ਦੀ ਲੋੜ ਪੈ ਗਈ ਹੈ।

ਜੇ ਗੱਲ ਇਥੋਂ ਸ਼ੁਰੂ ਕਰੀਏ ਤਾਂ ਬਹੁਗਿਣਤੀ ਅਤੇ ਘੱਟਗਿਣਤੀ ਦੇ ਹਵਾਲੇ ਨਾਲ ਹੋ ਰਹੀ ਸਿਆਸਤ ਬਹੁਤ ਪਿੱਛੇ ਰਹਿ ਜਾਏਗੀ। ਆਜ਼ਾਦ ਭਾਰਤ ਦੀ ਸਿਆਸਤ ਵਿਚ 5% ਬਨਾਮ 95% ਫਾਰਮੂਲਾ ਸਫਲਤਾ ਨਾਲ ਚੱਲੀ ਜਾ ਰਿਹਾ ਹੈ। ਇਸ ਨੂੰ ਸਿਆਸਤਦਾਨ ਬਨਾਮ ਵੋਟ-ਬੈਂਕ ਵਾਂਗ ਸਮਝੇ ਜਾਣ ਦੀ ਲੋੜ ਹੈ। ਇਸ ਤੋਂ ਘਟਗਿਣਤੀਆਂ ਵਾਂਗ ਬਹੁ-ਗਿਣਤੀ ਵੀ ਬਚੀ ਹੋਈ ਨਹੀਂ ਹੈ। ਇਹ ਭਾਰਤੀ ਰਾਸ਼ਟਰਵਾਦ ਤੋਂ ਸ਼ੁਰੂ ਹੋਇਆ ਸੀ ਅਤੇ ਹਿੰਦੂ ਰਾਸ਼ਟਰਵਾਦ ਤੱਕ ਪਹੁੰਚ ਗਿਆ ਹੈ। ਹਾਲਾਤ, ਘੜਮੱਸ ਵਿਚੋਂ ਇਨਕਲਾਬ ਪੈਦਾ ਕਰਨ ਦੇ ਮੁੱਦਈਆਂ ਨੂੰ ਸਾਜ਼ਗਾਰ ਲੱਗਣ ਲੱਗੇ ਹਨ।

ਸੋਸ਼ਲ ਮੀਡੀਆ ਬਦ ਨੂੰ ਬਦਤਰ ਬਣਾਉਣ ਦੇ ਰਾਹ ਪਿਆ ਹੋਇਆ ਹੈ। ਨਤੀਜੇ ਵਜੋਂ ਧਰਮ, ਵਿਧਾਨਕਤਾ, ਅਕਾਦਮਿਕਤਾ ਅਤੇ ਸਿਆਸਤ ਟਕਰਾਉ ਵਿਚ ਆ ਗਏ ਹਨ ਕਿਉਂਕਿ ਧਰਮ ਨੂੰ ਧਰਮ-ਨਿਰਪੇਖ ਦੀ ਵਿਧਾਨਕਤਾ ਨੇ ਉਨਾ ਨੁਕਸਾਨ ਨਹੀਂ ਪਹੁੰਚਾਇਆ, ਜਿੰਨਾ ਸਿਆਸੀ ਸਿਧਾਂਤਕੀਆਂ ਨਾਲ ਜੁੜੇ ਚਿੰਤਕਾਂ ਨੇ ਪਹੁੰਚਾਇਆ ਹੈ। ਕਦਮ ਰੋਕ ਕੇ ਕੋਈ ਸੋਚਣ ਲਈ ਤਿਆਰ ਹੀ ਨਹੀਂ ਲੱਗਦਾ। ਫਿਰ ਵੀ ਧਰਮ ਸਿਆਸਤ ਦੇ ਮੁਕਾਬਲੇ ਸਦਾ ਹੀ ਘੱਟ ਨੁਕਸਾਨਦੇਹ ਮੰਨਿਆ ਜਾਂਦਾ ਰਿਹਾ ਹੈ, ਪਰ ਦੱਸਿਆ ਇਸ ਤੋਂ ਉਲਟ ਜਾਂਦਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਧਾਰਮਿਕ-ਉਲਾਰ ਦਾ ਉਸ ਤਰ੍ਹਾਂ ਕਦੇ ਨੁਕਸਾਨ ਨਹੀਂ ਹੋਇਆ, ਜਿਸ ਤਰ੍ਹਾਂ ਸਿਆਸੀ-ਉਲਾਰ ਦਾ ਹੁੰਦਾ ਆਇਆ ਹੈ। ਇਸ ਵਰਤਾਰੇ ਦਾ ਸਮਰਥਨ ਸਿੱਖ ਹਵਾਲੇ ਨਾਲ 1947 ਅਤੇ 1984 ਤੋਂ ਹੋ ਜਾਂਦਾ ਹੈ ਕਿਉਂਕਿ ਦੋਹਾਂ ਹਾਲਤਾਂ ਵਿਚ ਸਿਆਸਤ ਦੀਆਂ ਨਹੁੰਦਰਾਂ ਨਾਲ ਧਰਮ ਨੂੰ ਨੋਚਿਆ ਗਿਆ ਸੀ।

ਧਰਮ ਅਤੇ ਸਿਆਸਤ ਦੇ ਮਸਲੇ ਨੂੰ ਸਿੱਖ ਹਵਾਲੇ ਨਾਲ ਸਮਝੀਏ ਤਾਂ ਧਰਮ ਅਤੇ ਸਿਆਸਤ ਨੂੰ ਲੈ ਕੇ ਜਿਹੋ ਜਿਹਾ ਮਸਲਾ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਦੇ ਪੈਰੋਂ ਖੜ੍ਹਾ ਹੋ ਗਿਆ ਹੈ, ਇਹ ਹੋਰ



ਕਿਸੇ ਸੂਬੇ ਵਿਚ ਇਸ ਤਰ੍ਹਾਂ ਨਹੀਂ ਹੈ। ਕਾਰਨ ਇਹ ਹੈ ਕਿ ਸਿੱਖ ਸਿਆਸਤਦਾਨਾਂ ਨੇ ਇਸ ਨੂੰ ਮੀਰੀ ਪੀਰੀ ਦੇ ਗੁਰਮਤਿ ਸੰਕਲਪ ਨਾਲ ਜੋੜ ਕੇ ਲਗਾਤਾਰ ਵਰਤਿਆ ਜ਼ਰੂਰ ਹੈ, ਪਰ ਸਮਝਿਆ ਬਿਲਕੁਲ ਨਹੀਂ। ਕੌਣ ਕਿਸ ਨੂੰ ਦੱਸੇ ਕਿ ਛੇਵੇਂ ਪਾਤਸ਼ਾਹ ਹਜ਼ੂਰ ਨੇ ਸਿਆਸੀ ਆਤੰਕਣ ਨਾਲ ਧਾਰਮਿਕ ਸੁਰ ਵਿਚ ਨਿਭਣ ਵਾਸਤੇ ਪ੍ਰਾਪਤ ਵਰਤਾਰੇ ਵਿਚ ਸਹਿਜ ਸਥਾਪਨ ਦੀ ਵਿਧੀ ਵਜੋਂ ਮੀਰੀ ਪੀਰੀ ਦਾ ਸੰਕਲਪ ਸਾਹਮਣੇ ਲਿਆਂਦਾ ਸੀ। ਇਸ ਨੂੰ ਭਗਤੀ ਤੇ ਸ਼ਕਤੀ, ਸ਼ਸਤਰ ਤੇ ਸ਼ਾਸਤਰ ਅਤੇ ਸੰਤ ਤੇ ਸਿਪਾਹੀ ਦੀ ਸੁਰ ਅਤੇ ਵਿਧੀ ਵਿਚ ਹੀ ਸਮਝਿਆ ਤੇ ਸਮਝਾਇਆ ਜਾਣਾ ਚਾਹੀਦਾ ਹੈ। ਵਿਦਵਾਨ ਅਜਿਹਾ ਕਰਦੇ ਵੀ ਰਹੇ ਹਨ। ਪਰ ਸਿੱਖ ਸਿਆਸਤ ਨੇ ਇਸ ਨੂੰ ਜਿਸ ਤਰ੍ਹਾਂ ਪ੍ਰਾਪਤ ਸਿਆਸਤ ਤੱਕ ਮਹਿਦੂਦ ਕਰ ਦਿੱਤਾ ਹੈ, ਉਸ ਨਾਲ ਮੀਰੀ ਪੀਰੀ ਆਪਣੇ ਗੁਰਮਤਿ ਪ੍ਰਸੰਗ ਵਿਚੋਂ ਨਿਕਲ ਕੇ ਸਿਆਸੀ ਪੈਂਤੜਾ ਹੁੰਦੀ ਜਾ ਰਹੀ ਹੈ। ਇਸ ਵਿਚੋਂ ਨਿਕਲ ਸਕਣ ਲਈ ਸੰਵਾਦ ਰਾਹੀਂ ਸਾਂਝੀ ਸਮਝ ਬਣਾਉਣ ਦੇ ਰਸਤੇ ਬੰਦ ਲੱਗਣ ਲੱਗ ਪਏ ਹਨ। ਇਸੇ ਦਾ ਸਿੱਟਾ ਹੈ ਕਿ ਸਿੱਖ ਸਿਆਸਤ, ਸਿੱਖ ਆਸਥਾ ਨਾਲ ਟਕਰਾਉ ਵਿਚ ਆਉਂਦੀ ਜਾ ਰਹੀ ਹੈ। ਇਥੋਂ ਸ਼ੁਰੂ ਹੋਇਆ ਮੰਨਿਆ ਜਾ ਸਕਦਾ ਹੈ ਧਰਮ ਤੇ ਸਿਆਸਤ ਦਾ ਇਕ ਦੂਜੇ ਨੂੰ ਫੇਲ੍ਹ ਕਰਨ ਗਲ ਪਿਆ ਵਰਤਮਾਨ ਵਰਤਾਰਾ।

ਧਰਮ ਅਹੁਦੇਦਾਰੀਆਂ ਦੀ ਨੈਤਿਕਤਾ ਹੈ ਅਤੇ ਸਿਆਸਤ, ਅਹੁਦੇਦਾਰੀਆਂ ਦਾ ਅਧਿਕਾਰ ਹੈ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਸਮਝ ਆ ਜਾਏਗਾ ਕਿ ਪੰਥਕ ਸੁਰ ਵਿਚ ਪ੍ਰਾਪਤ ਹੋਈਆਂ ਅਹੁਦੇਦਾਰੀਆਂ, ਸਿਆਸਤਦਾਨਾਂ ਵੱਲੋਂ ਬਖਸ਼ੀ ਨੌਕਰੀ ਸਮਝਾਂਗੇ ਤਾਂ ਸਿਆਸਤ ਦਾ ਮਾੜਾ ਮੋਟਾ ਸੱਚ ਵੀ ਝੂਠ ਲੱਗਣ ਲੱਗ ਪਵੇਗਾ? ਸਿਆਸਤ ਦਾ ਸੱਚ, ਸੱਚ ਦੀ ਸਿਆਸਤ ਨੂੰ ਬਹੁਤ ਪਿੱਛੇ ਛੱਡਦਾ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਕੌਮੀ ਪੱਧਰ 'ਤੇ ਦਰ ਗੁਜ਼ਰ ਕਰਨ ਦੀ ਸਿਆਸਤ ਆਮ ਬੰਦੇ ਦੀ ਹੋਣੀ ਹੁੰਦੀ ਜਾ ਰਹੀ ਹੈ ਕਿਉਂਕਿ ਸਿੱਖ ਵਾਸਤੇ ਸਿਆਸਤ ਨੂੰ ਆਦਤ ਬਣਾ ਲੈਣ ਵੱਲ ਧੱਕਿਆ ਜਾ ਰਿਹਾ ਹੈ। ਨਤੀਜਾ ਗੁਰੂ ਦੇ ਸਿੱਖਾਂ ਦਾ ਸੰਗਤ ਅਤੇ ਵੋਟ-ਬੈਂਕ ਦੀਆਂ ਆਪਾ ਵਿਰੋਧੀ ਪ੍ਰਥਾ ਵਾਂਗ ਸਾਹਮਣੇ ਆ ਗਿਆ ਹੈ।

ਗੁਰਮਤਿ ਵਿਚ ਜੇ ਸਿਆਸਤ ਨੂੰ ਇਸ ਤਰ੍ਹਾਂ ਕੇਂਦਰੀਅਤਾ ਪ੍ਰਾਪਤ ਨਹੀਂ ਸੀ, ਜਿਸ ਤਰ੍ਹਾਂ ਸਿੱਖ ਸਿਆਸਤ ਦੇ ਰੂਪ ਵਿਚ ਹੁਣ ਸਥਾਪਤ ਹੋ ਗਈ ਹੈ ਤਾਂ ਤੇ ਸੋਚਣਾ ਚਾਹੀਦਾ ਹੈ ਕਿ ਸਿੱਖ ਪ੍ਰਸੰਗ ਵਿਚ ਸਿਆਸਤ ਸਿੱਖ ਵਰਤਾਰੇ ਦੇ ਕੇਂਦਰ ਵਿਚ ਕਿਸ ਤਰ੍ਹਾਂ ਅਤੇ ਕਿਉਂ ਆ ਗਈ ਹੈ? ਇਹ ਸੋਚਣ ਦੀ ਲੋੜ ਇਸ ਕਰਕੇ ਹੈ ਕਿ ਸਿੱਖ ਧਰਮ ਅਰਥਾਤ ਸੱਚ ਦੀ ਸਿਆਸਤ, ਕੇਂਦਰ ਵਿਚੋਂ ਕੱਢ ਕੇ ਹਾਸ਼ੀਏ 'ਤੇ ਧੱਕੀ ਜਾ ਚੁਕੀ ਹੈ। ਇਕ ਹੱਦ ਤੱਕ ਇਹ ਸਿਆਸੀ ਸਥਿਤੀ, ਭਾਰਤੀ ਸਿਆਸਤ ਦੀ ਪ੍ਰਧਾਨ ਸੁਰ ਕੇਂਦਰੀਕਰਣ ਦੀ ਸਿਆਸਤ ਨੂੰ ਠੀਕ ਬੈਠਦੀ ਰਹੀ ਹੈ। ਸਿੱਖੀ ਨੇ ਇਸ ਅਵਸਥਾ ਨਾਲ ਸਮਝੌਤਾ ਕਦੇ ਵੀ ਨਹੀਂ ਕੀਤਾ ਸੀ ਅਤੇ ਇਸੇ ਕਰਕੇ ਇਹੀ ਸਿੱਖ ਸਿਆਸਤ ਦਾ ਮੁੱਦਾ ਬਣਦਾ ਰਿਹਾ ਹੈ। ਇਸ ਅਸਾਵੀਂ ਲੜਾਈ ਦੀ ਪਹਿਲ ਸਿੱਖ ਸਿਆਸਤਦਾਨਾਂ ਵੱਲੋਂ ਹੁੰਦੀ ਰਹੀ ਹੈ ਅਤੇ ਗਲ ਪਈਆਂ ਸਿਆਸੀ ਲੜਾਈਆਂ ਪੰਥਕ ਸੁਰ 'ਚ ਲੜੀਆਂ ਜਾਂਦੀਆਂ ਰਹੀਆਂ ਹਨ। ਇਸ ਸਿਆਸੀ ਵਰਤਾਰੇ ਦੇ ਨਤੀਜੇ ਅੰਤਮ ਪੱਖੀ ਨਿਕਲਣੇ ਸੁਭਾਵਕ ਸਨ। ਇਸ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ ਕਿ ਇਸ ਵਾਸਤੇ ਕੀ ਕੀਮਤ ਚੁਕਾਉਣੀ ਪੈਂਦੀ ਰਹੀ ਹੈ?

ਸਿਆਸੀ ਲੜਾਈਆਂ ਨੂੰ ਧਰਮ ਯੁੱਧ ਵਾਂਗ ਲੜਨ ਦੇ ਸੁਭਾ ਕਾਰਨ ਸਿੱਖ ਭਾਈਚਾਰੇ ਨੇ ਆਪਣੀਆਂ ਅੰਦਰਲੀਆਂ ਲੜਾਈਆਂ ਵੀ ਧਰਮ ਯੁੱਧ ਵਾਂਗ ਹੀ ਲੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਨਾਨਕਸ਼ਾਹੀ ਕੈਲੰਡਰ ਜਾਂ ਦਸਮ ਗ੍ਰੰਥ ਦੇ ਮਸਲੇ ਨੂੰ ਜੇ ਧਰਮ ਯੁੱਧ ਵਾਂਗ ਨਜਿੱਠਣ ਦੀ ਕੋਸ਼ਿਸ਼ ਕਰਾਂਗੇ ਤਾਂ ਨਤੀਜੇ ਸੰਗਤੀ ਸੁਰ ਵਿਚ ਨਹੀਂ ਸਿਆਸੀ ਸੁਰ ਵਿਚ ਹੀ ਨਿਕਲਣਗੇ। ਇਸ ਦੇ ਸੰਕੇਤ ਸਾਹਮਣੇ ਆ ਚੁਕੇ ਹਨ ਅਤੇ ਸਿਆਸਤ ਇਸ ਤੋਂ ਬਚਣ ਦੇ ਰਾਹ ਬੰਦ ਕਰੀ ਜਾ ਰਹੀ ਹੈ। ਇਥੋਂ ਹੀ ਸ਼ੁਰੂ ਹੋ ਜਾਂਦੀ ਹੈ, ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਦੀ ਸਮੱਸਿਆ। ਸਿੱਖ ਸੰਸਥਾਵਾਂ ਦੀ ਸੇਵਾ ਤੋਂ ਸ਼ੁਰੂ ਕਰਕੇ ਸਿੱਖ ਸੰਸਥਾਵਾਂ ਦੇ ਪ੍ਰਬੰਧਨ ਤੱਕ ਪਹੁੰਚਣ ਤੋਂ ਬਾਅਦ ਸਿੱਖ ਸੰਸਥਾਵਾਂ ਦੀ ਸਿਆਸਤ ਦਾ ਦੌਰ ਸਿਖਰ 'ਤੇ ਪਹੁੰਚ ਗਿਆ ਹੈ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ ਧਰਮ ਵਿਚ ਸਿੱਖ ਸੰਸਥਾਵਾਂ ਦੇ ਅਹੁਦਿਆਂ ਦੇ ਅਧਿਕਾਰ ਦੀ ਥਾਂ, ਅਹੁਦਿਆਂ ਦੀ ਨੈਤਿਕਤਾ (ਧਰਮ) ਨੂੰ ਸਾਹਮਣੇ ਲਿਆਂਦਾ ਗਿਆ ਸੀ। ਸਿੱਖ ਸਿਆਸਤ ਨਾਲ ਇਸ ਵਿਚ ਅਹੁਦਿਆਂ ਦੇ ਅਧਿਕਾਰ ਦੀ ਸਿਆਸਤ ਸ਼ਾਮਲ ਹੋ ਗਈ ਹੈ। ਇਸ ਨਾਲ ਨਿਭਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਸ਼ੇਰ ਦੀ ਸਵਾਰੀ ਕਿਹਾ ਕਰਦੇ ਸਨ।

ਸਭ ਜਾਣਦੇ ਹਨ ਕਿ ਸਿੱਖ ਸੰਸਥਾਵਾਂ ਦਾ ਸਿੱਖ ਸਿਆਸਤਦਾਨਾਂ ਨੇ ਸਿਆਸੀ ਅਪਹਰਣ ਕਰ ਲਿਆ ਹੈ। ਇਸ ਹਾਲਤ ਵਿਚ ਸਿੱਖ ਸੰਸਥਾਵਾਂ ਦੇ ਪ੍ਰਬੰਧਕੀ ਅਹੁਦਿਆਂ 'ਤੇ ਇਸ ਤਰ੍ਹਾਂ ਹੀ ਟਿਕਿਆ ਜਾ ਸਕਦਾ ਹੈ, ਜਿਵੇਂ ਸਿੱਖ ਸੰਸਥਾਵਾਂ ਦੇ ਮੌਜੂਦਾ ਅਹੁਦੇਦਾਰ ਟਿਕੇ ਹੋਏ ਲੱਗਣ ਲੱਗ ਪਏ ਹਨ। ਧਰਮ, ਪ੍ਰਬੰਧਨ ਅਤੇ ਸਿਆਸਤ ਦੇ ਗੱਠਜੋੜ ਨੇ ਜਿਸ ਤਰ੍ਹਾਂ ਦਾ ਸਿੱਖ ਸਭਿਆਚਾਰ ਪੈਦਾ ਕਰ ਲਿਆ ਹੈ, ਇਹ ਸਿੱਖ ਭਾਈਚਾਰੇ ਦੀ ਵਰਤਮਾਨ ਦਿਸ਼ਾ ਅਤੇ ਦਸ਼ਾ ਦਾ ਸੂਚਕ ਹੋ ਗਿਆ ਹੈ। ਇਸ ਨਾਲ ਇਹ ਨੁਕਤਾ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਸਿੱਖ ਸੰਸਥਾਵਾਂ ਦੇ ਪ੍ਰਬੰਧਕ ਆਪਣਾ ਏਜੰਡਾ ਆਪ ਤਿਆਰ ਕਰਕੇ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਓਨਾ ਚਿਰ ਬੇਗਾਨੇ ਏਜੰਡੇ ਅਰਥਾਤ ਸਿਆਸਤ ਅਨੁਸਾਰ ਕੰਮ ਕਰਨ ਦੀ ਸਿਆਸਤ ਨਾਲ ਇਸੇ ਤਰ੍ਹਾਂ ਨਿਭਣਾ ਪਵੇਗਾ, ਜਿਵੇਂ ਹੁਣ ਨਿਭੀ ਜਾ ਰਹੇ ਹਾਂ। ਇਸ ਨਾਲ 'ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ' ਦੀ ਪੰਥਕ ਰੀਝ ਸਿਆਸਤ ਦੀ ਸ਼ਿਕਾਰ ਹੁੰਦੀ ਜਾਏਗੀ। (ਵਿਸਥਾਰ ਲਈ ਅਜਮੇਰ ਸਿੰਘ ਦੀਆਂ ਪੁਸਤਕਾਂ ਅਤੇ ਕਰਮਜੀਤ ਸਿੰਘ ਦੇ ਲੇਖ ਵੇਖੇ ਜਾ ਸਕਦੇ ਹਨ)।

ਸਿੱਖ ਸੰਸਥਾਵਾਂ ਦੇ ਅਹੁਦੇਦਾਰ, ਇਸ ਵਿਚੋਂ ਨਿਕਲਣ ਦੀ ਥਾਂ, ਇਸ ਨਾਲ ਨਿਭਣ ਵਾਲੇ ਰਾਹ ਪਏ ਹੋਏ ਹਨ। ਇਸੇ ਵਾਸਤੇ ਸਿੱਖ ਭਾਈਚਾਰੇ ਅੰਦਰ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਛੁਡਾਉਣ ਦਾ ਜਜ਼ਬਾ ਅੰਗੜਾਈਆਂ ਲੈਣ ਲੱਗ ਪੈਣਾ ਚਾਹੀਦਾ ਹੈ। ਜਿੰਨਾ ਚਿਰ ਇਹ ਨਹੀਂ ਵਾਪਰਦਾ, ਓਨਾ ਚਿਰ ਧਰਮ ਨੂੰ ਸਿਆਸਤ ਦੀ ਅਗਵਾਈ ਵਿਚ ਹੀ ਚਲਣਾ ਪਵੇਗਾ।

ਸਿਆਸਤ ਨੇ ਧਰਮ ਯੁੱਧ ਨੂੰ ਸਿਆਸੀ ਸੰਦ ਵਾਂਗ ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਇਹ ਨਿੱਠ ਕੇ ਵਿਚਾਰਨ ਦੀ ਲੋੜ ਹੈ ਕਿ ਧਰਮ ਯੁੱਧ ਦਾ ਜੋ ਸਿਧਾਂਤ ਸਿੱਖ ਧਰਮ ਰਾਹੀਂ ਪ੍ਰਗਟ ਹੋਇਆ ਸੀ, ਉਹ ਇਸ ਕਰਕੇ ਨਵਾਂ ਤੇ ਵੱਖਰਾ ਹੈ ਕਿ ਭਾਰਤ ਵਿਚ ਧਰਮ ਯੁੱਧ ਦੀ ਕੋਈ ਪਰੰਪਰਾ ਹੀ ਨਹੀਂ ਸੀ। ਇਸ ਨੂੰ ਸਿੱਖ ਸੰਘਰਸ਼ ਦੀ ਸਿਧਾਂਤਕਤਾ ਵਜੋਂ ਸਾਹਮਣੇ ਲਿਆਉਣ ਦੀ ਲੋੜ ਅਜੇ ਵੀ ਕਾਇਮ ਹੈ। ਇਸ ਵਾਸਤੇ ਇਕ ਹੋਰ ਸਿੰਘ ਸਭਾ ਪੈਦਾ ਕਰਨੀ ਪਵੇਗੀ। ਇਸ ਦਾ ਆਧਾਰ ਇਹ ਲੈ ਰਿਹਾ ਹਾਂ:

ਨਹ ਬਿਲੰਬ ਧਰਮੰ ਬਿਲੰਬ ਪਾਪੰ॥
ਦ੍ਰਿੜੰਤ ਨਾਮੰ ਤਜੰਤ ਲੋਭੰ॥
ਪ੍ਰਾਪਤ ਧਰਮ ਲਖਿ(ਯ)ਣ॥
ਨਾਨਕ ਜਿਹ ਸੁਪ੍ਰਸੰਨ ਮਾਧਵਹ॥
(ਪੰਨਾ 1354)

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਹੇ ਰਵਿ ਹੇ ਸਸਿ ਹੇ ਕਰੁਣਾਨਿਧਿ
ਮੇਰੀ ਅਬੈ ਬਿਨਤੀ ਸੁਨਿ ਲੀਜੈ।
ਅਉਰ ਨ ਮਾਂਗਤ ਹਉਂ ਤੁਮ ਤੇ ਕਛ
ਚਾਹਤ ਹਉਂ ਚਿਤ ਮੈਂ ਸੋਈ ਕੀਜੈ।
ਸਸਤ੍ਰਨ ਸੋਂ ਅਤਿ ਹੀ ਰਨ ਭੀਤਰ
ਜੂਝਿ ਮਰੋਂ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰ ਸਯਾਮ ਇਹੈ ਵਰੁ ਦੀਜੈ।
(ਪੰਨਾ 1900, ਦਸਮ ਗ੍ਰੰਥ, ਭਾਗ ਦੂਜਾ,

*(ਬਾਕੀ ਅਗਲੇ ਸਫੇ 'ਤੇ)*

1999)

ਗੁਰੂ ਤੇਗ ਬਹਾਦਰ ਬੋਲਿਆ
ਧਰਿ ਪਈਐ ਧਰਮ ਨ ਛੋਡੀਐ।
ਬਾਂਹ ਜਿਨ੍ਹਾਂ ਦੀ ਪਕੜੀਐ
ਸਿਰ ਦੀਜੈ ਬਾਂਹ ਨ ਛੋੜੀਐ।
ਮਨ ਲੋਚੈ ਬੁਰਿਆਈਆਂ
ਗੁਰਸਬਦੀ ਇਹ ਮਨ ਹੋੜੀਐ।

ਇਸ ਨਾਲ ਇਹ ਪੱਕਾ ਹੋ ਜਾਂਦਾ ਹੈ ਕਿ ਧਰਮ ਯੁੱਧ ਦੇ ਸਿਧਾਂਤਕ ਆਧਾਰ ਨਾਲ ਗੁਰੂ ਕੇ ਵਿਰਾਸਤੀ ਸੁਰ ਵਿਚ ਸਭਿਆਚਾਰਕ ਸੰਘਰਸ਼ ਵਾਂਗ ਨਿਭਦੇ ਰਹੇ ਹਨ। ਸਿੱਖ ਸੰਘਰਸ਼ ਪਿਤਰੀ ਸਭਿਆਚਾਰ ਨਾਲ ਹੋਵੇ, ਸਮਕਾਲੀ ਵਿਦਿਅਕ ਢਾਂਚੇ ਨਾਲ ਹੋਵੇ, ਅਗਿਆਨ ਨਾਲ ਹੋਵੇ, ਭਰਮ ਨਾਲ ਹੋਵੇ, ਧਰਮ ਦੇ ਠੇਕੇਦਾਰਾਂ ਜਾਂ ਹਾਕਮਾਂ ਨਾਲ ਹੋਵੇ, ਗੁਰੂ ਚਿੰਤਨ ਆਮ ਲੋਕਾਂ ਨੂੰ ਲੜਾਈ ਦੀ ਭੇਟ ਚੜ੍ਹ ਜਾਣ ਤੋਂ ਬਚਾਉਣ ਦੀਆਂ ਵਿਧੀਆਂ ਸਾਹਮਣੇ ਲਿਆਉਂਦਾ ਰਿਹਾ ਹੈ।

ਸਿਖਾਇਆ ਇਹ ਗਿਆ ਸੀ ਕਿ ਮਿਲਦਾ ਓਹੀ ਹੈ, ਜੋ ਲਿਆ ਜਾ ਸਕਦਾ ਹੈ ਅਤੇ ਜਿਸ ਨੂੰ ਲੈਣ ਵਾਸਤੇ ਕਿਸੇ ਹੋਰ ਦੀ ਮੁਥਾਜੀ ਨਹੀਂ ਕਰਨੀ ਪੈਂਦੀ। ਸਿਖਾਇਆ ਇਹ ਗਿਆ ਸੀ ਕਿ ਮਿਲੇ ਹੋਏ ਨੂੰ ਸੰਭਾਲਣਾ ਕਿਵੇਂ ਹੈ? ਇਹ ਚੇਤਨਾ, ਆਮ ਬੰਦੇ ਦੀ ਸਮਝ ਵਿਚ ਉਤਾਰਨ ਵਾਸਤੇ ਜੋ ਵਿਧੀਆਂ ਸਿੱਖ ਧਰਮ ਨੇ ਉਸਾਰੀਆਂ ਸਨ, ਉਨ੍ਹਾਂ ਵਿਚ ਸਿਆਸੀ ਵਿਧੀ ਕਿਧਰੇ ਨਜ਼ਰ ਨਹੀਂ ਆਉਂਦੀ। ਹਾਲਾਂਕਿ ਡਾ. ਜਸਪਾਲ ਸਿੰਘ, ਸ. ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਸ. ਕਰਮਜੀਤ ਸਿੰਘ ਅਤੇ ਸ. ਅਜਮੇਰ ਸਿੰਘ ਦੀਆਂ ਲਿਖਤਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਵੀ ਰਿਹਾ ਹਾਂ। ਪੜ੍ਹਤ ਉਪਰੰਤ ਹਾਸਲ ਹੋਈ ਸਮਝ ਹੀ ਸਾਂਝੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਧਰਮ ਤੇ ਰਾਜਨੀਤੀ ਦੇ ਸਿੱਖ ਪ੍ਰਸੰਗ ਬਾਰੇ ਚਰਚਾ ਇਸ ਕਰਕੇ ਵੀ ਛਿੜਨੀ ਚਾਹੀਦੀ ਹੈ ਕਿ ਆਸਥਾ ਅਤੇ ਸਿਆਸਤ ਦੇ ਮਸਲੇ ਬਾਰੇ ਬਹਿਸ ਕੌਮੀ ਪੱਧਰ 'ਤੇ ਵੀ ਛਿੜੀ ਹੋਈ ਹੈ। ਭਗਵੇਂਕਰਨ ਦੀ ਸਿਆਸਤ ਨੂੰ ਧਰਮ ਨਿਰਪੇਖ ਵਿਧਾਨਕਤਾ (ਰਾਸ਼ਟਰਵਾਦ) ਦੇ ਬਦਲ ਵਜੋਂ ਉਭਾਰਿਆ ਜਾ ਰਿਹਾ ਹੈ। ਇਸ ਨਾਲ ਧਰਮ ਅਤੇ ਰਾਜਨੀਤੀ ਦਾ ਮਸਲਾ ਭਾਰਤੀ ਗਣਤੰਤਰ ਵਾਸਤੇ ਅਹਿਮ ਬਣਦਾ ਜਾ ਰਿਹਾ ਹੈ। ਧਰਮ ਤੇ ਰਾਜਨੀਤੀ ਦਾ ਇਕ ਸਿਆਸੀ ਉਸਾਰ (One Nation Theory), ਪਾਕਿਸਤਾਨ ਦੇ ਰੂਪ ਵਿਚ ਸਾਡੇ ਸਾਹਮਣੇ ਆ ਚੁਕਾ ਹੈ। ਇਸ ਦੀ ਸ਼ੁਰੂਆਤ ਜਿਨਾਹ ਨੇ ਨਹੀਂ, ਸਾਵਰਕਰ ਨੇ ਕੀਤੀ ਸੀ। ਇਸੇ ਸੁਰ ਵਿਚ ਭਾਰਤੀ ਰਾਸ਼ਟਰਵਾਦ ਨੂੰ ਹਿੰਦੂ ਰਾਸ਼ਟਰਵਾਦ ਸਾਬਤ ਕਰਨ ਦੀ ਸਿਆਸਤ ਜਿਸ ਤਰ੍ਹਾਂ ਹੋ ਰਹੀ ਹੈ, ਉਸ ਨਾਲ ਘਟਗਿਣਤੀਆਂ ਨੂੰ ਬਹੁਗਿਣਤੀ ਮੁਤਾਬਕ ਜਿਉਣ ਦੀਆਂ ਮਜਬੂਰੀਆਂ ਸਾਹਮਣੇ ਆ ਰਹੀਆਂ ਹਨ। ਇਸ ਵਿਚੋਂ ਨਿਕਲ ਸਕਣ ਦਾ ਰਾਹ ਸਿੱਖ ਧਰਮ ਕੋਲ ਹੈ। ਇਹ ਰਾਹ ਧਰਮ ਨੂੰ ਸਿਆਸੀ ਅਪਹਰਣ ਤੋਂ ਬਚਾਉਣ ਦਾ ਰਾਹ ਹੈ। ਇਹ ਰਾਹ ਭਾਰਤੀ ਨਾਨਤਵ ਨੂੰ ਨਾਲ ਲੈ ਕੇ ਤੁਰਨ ਦਾ ਰਾਹ ਹੈ। ਇਸ ਰਾਹ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਸਿੱਖ ਭਾਈਚਾਰੇ ਨੂੰ ਭਾਰਤ ਦੇ ਵਾਰਸਾਂ ਵਾਂਗ ਸਮਝਣ ਅਤੇ ਸਮਝਾਏ ਜਾਣ ਦੀ ਲੋੜ ਹੈ।

> ***ਧਰਮ ਅਤੇ ਸਿਆਸਤ ਦੇ ਮਸਲੇ ਨੂੰ ਸਿੱਖ ਹਵਾਲੇ ਨਾਲ ਸਮਝੀਏ ਤਾਂ ਧਰਮ ਅਤੇ ਸਿਆਸਤ ਨੂੰ ਲੈ ਕੇ ਜਿਹੋ ਜਿਹਾ ਮਸਲਾ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਦੇ ਪੈਰੋਂ ਖੜ੍ਹਾ ਹੋ ਗਿਆ ਹੈ, ਇਹ ਹੋਰ ਕਿਸੇ ਸੂਬੇ ਵਿਚ ਇਸ ਤਰ੍ਹਾਂ ਨਹੀਂ ਹੈ। ਕਾਰਨ ਇਹ ਹੈ ਕਿ ਸਿੱਖ ਸਿਆਸਤਦਾਨਾਂ ਨੇ ਇਸ ਨੂੰ ਮੀਰੀ ਪੀਰੀ ਦੇ ਗੁਰਮਤਿ ਸੰਕਲਪ ਨਾਲ ਜੋੜ ਕੇ ਲਗਾਤਾਰ ਵਰਤਿਆ ਜ਼ਰੂਰ ਹੈ, ਪਰ ਸਮਝਿਆ ਬਿਲਕੁਲ ਨਹੀਂ। ਕੌਣ ਕਿਸ ਨੂੰ ਦੱਸੇ ਕਿ ਛੇਵੇਂ ਪਾਤਸ਼ਾਹ ਹਜ਼ੂਰ ਨੇ ਸਿਆਸੀ ਆਤੰਕਣ ਨਾਲ ਧਾਰਮਿਕ ਸੁਰ ਵਿਚ ਨਿਭਣ ਵਾਸਤੇ ਪ੍ਰਾਪਤ ਵਰਤਾਰੇ ਵਿਚ ਸਹਿਜ ਸਥਾਪਨ ਦੀ ਵਿਧੀ ਵਜੋਂ ਮੀਰੀ ਪੀਰੀ ਦਾ ਸੰਕਲਪ ਸਾਹਮਣੇ ਲਿਆਂਦਾ ਸੀ। ਇਸ ਨੂੰ ਭਗਤੀ ਤੇ ਸ਼ਕਤੀ, ਸ਼ਸਤਰ ਤੇ ਸ਼ਾਸਤਰ ਅਤੇ ਸੰਤ ਤੇ ਸਿਪਾਹੀ ਦੀ ਸੁਰ ਅਤੇ ਵਿਧੀ ਵਿਚ ਹੀ ਸਮਝਿਆ ਤੇ ਸਮਝਾਇਆ ਜਾਣਾ ਚਾਹੀਦਾ ਹੈ।***

ਸਿੱਖ ਧਰਮ, ਧਰਮਾਂ ਦੇ ਪ੍ਰਸੰਗ ਵਿਚ ਸੰਪੂਰਨ ਜੀਵਨ ਦਾ ਧਰਮ ਹੋਣ ਕਰਕੇ ਜੀਵਨ ਨਾਲ ਜੁੜੇ ਹੋਏ ਸਾਰੇ ਸਰੋਕਾਰਾਂ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਨਾਲ ਲੈ ਕੇ ਤੁਰਦਾ ਹੈ। ਪੂਰਕਤਾ ਦਾ ਮਤਲਬ ਰਲੇਵਾਂ ਨਹੀਂ ਹੁੰਦਾ ਅਤੇ ਨਾ ਹੀ ਇਕ ਪੱਖ ਨੂੰ ਕਿਸੇ ਦੂਜੇ ਦੀ ਕੀਮਤ 'ਤੇ ਵਰਤੇ ਜਾਣਾ ਹੋ ਸਕਦਾ ਹੈ। ਸਿਆਸਤ ਨੇ ਇਸ ਨੂੰ ਘਾਤਕ ਮਿਲਗੋਭਾ ਬਣਾ ਦਿੱਤਾ ਹੈ। ਇਹ ਘਾਤਕ ਮਿਲਗੋਭਾ ਸਿੱਖ ਸਰੋਕਾਰਾਂ ਨੂੰ ਪੰਥਕ ਸ਼ਿਕੰਜੇ ਵਿਚ ਕੱਸ ਕੇ ਜਿਹੋ ਜਿਹੇ ਸਿਆਸੀ ਨਤੀਜਿਆਂ ਵੱਲ ਲੈ ਕੇ ਜਾ ਰਿਹਾ ਹੈ, ਉਸ ਨਾਲ 'ਸਭਸੇ ਲੈ ਮਿਲਾਇ ਜੀਓ' ਵਾਲੀ ਧਾਰਮਿਕ ਸੰਭਾਵਨਾ ਮੱਧਮ ਪੈਂਦੀ ਜਾ ਰਹੀ ਹੈ। ਇਸੇ ਦਾ ਨਤੀਜਾ ਹੈ ਕਿ ਸਿੱਖ ਚੇਤਨਾ ਨੇ ਵੀ ਧਰਮ ਤੇ ਰਾਜਨੀਤੀ ਨੂੰ ਗੁਰਮਤਿ ਪ੍ਰਸੰਗ ਵਿਚ ਵੇਖਣ ਦੀ ਥਾਂ ਸਿੱਖ ਰਾਜ ਦੇ ਹਵਾਲੇ ਨਾਲ ਲੋੜ ਮੁਤਾਬਕ ਵਰਤੇ ਜਾਣ ਵਾਲੇ ਬਦਲ ਵਾਂਗ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਹ ਸਭ ਸਿੱਖ ਪਰਤਾਂ ਜੇ ਬਾਣੀ ਪ੍ਰਸੰਗ ਵਿਚੋਂ ਨਿਕਲ ਕੇ ਸਿਆਸੀ ਪ੍ਰਸੰਗ ਵਿਚ ਸਾਹਮਣੇ ਆਉਣ ਲੱਗ ਪੈਣਗੀਆਂ ਤਾਂ ਸਿਧਾਂਤਕਤਾ ਉਤੇ ਸਿਆਸਤ ਦਾ ਬੋਲਬਾਲਾ ਹੋ ਜਾਵੇਗਾ। ਇਹੋ ਜਿਹੀ ਹਾਲਤ ਵਿਚ ਗੁਰਪੁਰਬ ਵੀ ਮੇਲੇ ਹੋਣ ਲੱਗ ਪੈਣਗੇ। ਸਮਾਂ ਆ ਗਿਆ ਹੈ ਕਿ ਇਸ ਸਵਾਲ ਦੇ ਸਨਮੁਖ ਹੋਇਆ ਜਾਵੇ ਕਿ ਸਿੱਖੀ ਸਿੱਖਾਂ ਕਰਕੇ ਬਚੀ ਹੋਈ ਹੈ ਕਿ ਗੁਰੂ ਗ੍ਰੰਥ ਸਾਹਿਬ ਕਰਕੇ? ਨਹੀਂ ਸਮਝਾਂਗੇ ਤਾਂ ਬਾਣੀ ਦੇ ਸਿੱਖ (ਸੰਤ ਤੇ ਮਿਸ਼ਨਰੀ) ਅਤੇ ਇਤਿਹਾਸ ਦੇ ਸਿੱਖ (ਸਿਆਸਤਦਾਨ) ਹੋ ਜਾਣ ਦੀ ਸਮਾਨੰਤਰਤਾ ਵੱਲ ਧੱਕੇ ਜਾਵਾਂਗੇ। ਇਸ ਵਰਤਾਰੇ ਦੀਆਂ ਅਲਾਮਤਾਂ ਸਾਹਮਣੇ ਆਉਣ ਲੱਗ ਪਈਆਂ ਹਨ। ਸਿਰ ਜੋੜ ਕੇ ਨਹੀਂ ਸੋਚਾਂਗੇ ਤਾਂ ਵਾਪਸੀ ਦੇ ਮੌਕੇ ਹੱਥੋਂ ਨਿਕਲਦੇ ਜਾਣਗੇ। ਇਸ ਵੇਲੇ ਦੀ ਲੋੜ ਸਿੱਖ ਵਿਰਾਸਤ ਨੂੰ ਸਿਆਸਤ ਵਾਸਤੇ ਵਰਤਣ ਦੀ ਥਾਂ ਸਿੱਖ ਵਿਰਾਸਤ ਨੂੰ ਸਿਆਸਤ ਤੋਂ ਬਚਾ ਕੇ ਅਤੇ ਬੋਚ ਕੇ ਵਰਤੇ ਜਾਣ ਦੀ ਲੋੜ ਹੈ।




ਅਜਿਹਾ ਕਰਦਿਆਂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਧਰਮ ਅਤੇ ਸਿਆਸਤ ਬਾਰੇ ਮਿਲਦੇ ਵੇਰਵਿਆਂ ਦੇ ਆਧਾਰ 'ਤੇ ਵਿਚਾਰੀਏ ਤਾਂ ਇਹੀ ਸਮਝ ਆਉਂਦਾ ਹੈ ਕਿ ਸਿਆਸਤ ਨੂੰ ਧਰਮ ਸਦਾ ਹੀ ਠੀਕ ਬੈਠਦਾ ਰਿਹਾ ਹੈ, ਪਰ ਧਰਮ ਨੂੰ ਸਿਆਸਤ ਕਦੇ ਵੀ ਠੀਕ ਨਹੀਂ ਬੈਠੀ। ਇਸ ਦ੍ਰਿਸ਼ਟੀ ਤੋਂ ਵੇਖੋਗੇ ਤਾਂ ਵੇਖ ਸਕੋਗੇ ਕਿ ਸਿੱਖ ਸੰਸਥਾਵਾਂ ਦੇ ਵਰਤਮਾਨ ਪ੍ਰਬੰਧਕ, ਸਿੱਖ ਸਿਆਸਤਦਾਨਾਂ ਦੀ ਉਸੇ ਤਰ੍ਹਾਂ ਨੌਕਰੀ ਕਰ ਰਹੇ ਹਨ, ਜਿਵੇਂ ਪੁਰਾਣੇ ਜਮਾਨਿਆਂ ਵਿਚ ਬ੍ਰਾਹਮਣੀ ਸੰਸਥਾਵਾਂ ਦੇ ਮੁਖੀ ਤਤਕਾਲੀ ਰਾਜਿਆਂ ਦੀ ਨੌਕਰੀ ਕਰਿਆ ਕਰਦੇ ਸਨ। ਇਸ ਦੀ ਰੌਸ਼ਨੀ ਵਿਚ ਵੀ ਜੇ ਕੋਈ ਰਾਜਨੀਤੀ ਉਤੇ ਧਰਮ ਦੇ ਕੁੰਡੇ ਦੀ ਕਲਪਨਾ ਕਰੀ ਜਾਂਦਾ ਹੈ ਤਾਂ ਇਹ ਸਿਆਸੀ ਪੈਂਤੜੇਬਾਜ਼ੀ ਹੀ ਹੋਵੇਗੀ। ਸਿੱਖ ਧਰਮ ਨੇ ਰਾਜਨੀਤੀ ਵਾਸਤੇ ਧਾਰਮਿਕ ਸੰਸਥਾਵਾਂ ਨੂੰ ਵਰਤੇ ਜਾਣ ਦਾ ਰਾਹ ਜੇ ਬੰਦ ਕੀਤਾ ਸੀ, ਤਾਂ ਫਿਰ ਇਹ ਕਦੋਂ ਤੇ ਕਿਵੇਂ ਉਸ ਤਰ੍ਹਾਂ ਖੁਲ੍ਹ ਗਿਆ, ਜਿਸ ਤਰ੍ਹਾਂ ਨਜ਼ਰ ਆਉਣ ਲੱਗ ਪਿਆ ਹੈ, ਇਸ ਬਾਰੇ ਸੋਚੇ ਜਾਣ ਦੀ ਕੋਸ਼ਿਸ਼ ਹੀ ਤਾਂ ਕਰ ਰਹੇ ਹਾਂ।

ਕੇਂਦਰੀ ਸਥਾਪਨਾਵਾਂ ਅਤੇ ਹਾਸ਼ੀਆ ਸਥਾਪਨਾਵਾਂ ਬਾਰੇ ਸਿੱਖ ਪਹੁੰਚ ਨੂੰ ਧਿਆਨ ਵਿਚ ਰੱਖਾਂਗੇ ਤਾਂ ਸਮਝ ਸਕਾਂਗੇ ਕਿ ਸਿੱਖ ਧਰਮ ਨੇ ਸਹਿਜ ਵਿਧੀ ਰਾਹੀਂ ਪ੍ਰਾਪਤ ਦੇ ਉਲਾਰ ਵਰਤਾਰਿਆਂ ਵਿਚਕਾਰ ਸਹਿਜ ਸਥਾਪਨ ਨਾਲ ਜੁੜੀ ਸਧਾਂਤਕਤਾ ਨੂੰ ਸਥਾਪਤ ਕੀਤਾ ਹੋਇਆ ਹੈ। ਇਸ 'ਤੇ ਧਾਰਮਿਕ ਸੁਰ ਵਿਚ ਅਮਲ ਦੀ ਆਸ ਸਿੱਖ ਸਿਆਸਤਦਾਨਾਂ ਤੋਂ ਇਸ ਕਰਕੇ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਿੱਖ ਸਿਆਸਤ ਧਰਮ ਵਾਸਤੇ ਨਹੀਂ, ਰਾਜ ਵਾਸਤੇ ਕਾਰਜਸ਼ੀਲ ਰਹੀ ਹੈ। ਵਰਤਮਾਨ ਵਿਚ ਸਿੱਖ ਸਿਆਸਤ ਦੇ ਸਾਹਮਣੇ ਧਰਮ ਨਿਰਪੇਖ ਵਿਧਾਨਕਤਾ ਵੀ ਰੁਕਾਵਟਾਂ ਪੈਦਾ ਕਰ ਰਹੀ ਹੈ ਅਤੇ ਵੋਟ-ਬੈਂਕ ਦੀ ਸਿਆਸਤ ਨਾਲ ਵੀ ਮੁਸ਼ਕਿਲਾਂ ਪੈਦਾ ਕਰ ਰਹੀ ਹੈ। ਇਸੇ ਵਿਚੋਂ ਨਿਕਲੀ ਵੱਖਵਾਦੀ ਸਿਆਸਤ ਸਿੱਖ ਭਾਈਚਾਰੇ ਦੇ ਗਲ ਪੈਂਦੀ ਜਾ ਰਹੀ ਹੈ। ਨਹੀਂ ਸੰਭਲਾਂਗੇ ਤਾਂ ਇਸਲਾਮੀ ਦਹਿਸ਼ਤਵਾਦ ਦੇ ਨਤੀਜੇ ਸਿੱਖ ਭਾਈਚਾਰੇ ਨੂੰ ਭੁਗਤਣੇ ਪੈ ਸਕਦੇ ਹਨ।

ਸਿੱਖ ਸਿਆਸਤ ਦੀ ਭੇਟ ਜਿਸ ਤਰ੍ਹਾਂ ਸਿੱਖ ਸੰਸਥਾਵਾਂ ਚੜ੍ਹ ਚੁਕੀਆਂ ਹਨ, ਉਸ ਤੋਂ ਤਾਂ ਅਕਾਲ ਤਖਤ ਸਾਹਿਬ ਵੀ ਬਚਿਆ ਹੋਇਆ ਨਜ਼ਰ ਨਹੀਂ ਆਉਂਦਾ। ਇਸ ਦਾ ਅਰਥ ਹੈ ਕਿ ਗੁਰਦੁਆਰਾ ਐਕਟ 1925 ਨੂੰ ਸਿੱਖ ਸੰਸਥਾਵਾਂ ਦੇ ਹਿਤ ਵਿਚ ਵਰਤਣ ਦੀ ਥਾਂ ਸਿੱਖ ਸੰਸਥਾਵਾਂ ਦੇ ਵਿਰੋਧ ਵਿਚ ਵਰਤੇ ਜਾਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਹਾਲਤ ਇਹ ਹੋ ਗਈ ਹੈ ਕਿ ਜਦੋਂ ਵੀ ਕੋਈ ਸਿੱਖ ਸੰਕਟ ਪੈਦਾ ਹੁੰਦਾ ਹੈ, ਉਸ ਨੂੰ ਸਿਆਸੀ ਢੰਗ ਨਾਲ ਸੁਲਝਾਉਣ ਦੀਆਂ ਕੋਸ਼ਿਸ਼ਾਂ, ਮਸਲੇ ਨੂੰ ਸੁਲਝਾਉਣ ਦੀ ਥਾਂ ਉਲਝਾਉਣ ਵਾਲੇ ਰਾਹ ਪਾ ਦਿੰਦੀਆਂ ਹਨ। ਸ. ਦਰਸ਼ਨ ਸਿੰਘ ਫੇਰੂਮਾਨ ਤੋਂ ਲੈ ਕੇ ਸ. ਗੁਰਬਖਸ਼ ਸਿੰਘ ਤੱਕ ਦੀ ਦਾਸਤਾਨ ਓਸੇ ਰਾਹ ਪਈ ਰਹੀ ਹੈ, ਜਿਸ ਰਾਹੇ ਬਾਣੀ ਦੀ ਬੇਅਦਬੀ ਦਾ ਮਸਲਾ ਪਿਆ ਹੋਇਆ ਹੈ। ਇਸੇ ਕਰਕੇ ਇਕ ਸਮੱਸਿਆ ਸੁਲਝਦੀ ਨਹੀਂ ਕਿ ਦੂਜੀ ਗਲ ਪੈ ਜਾਂਦੀ ਹੈ। ਸੁਲਝਾਉਣ ਦੀ ਧਾਰਮਿਕਤਾ ਅਤੇ ਅਣਸੁਲਝਾਉਣ ਦੀ ਸਿਆਸਤ ਇਕ ਦੂਜੇ ਦੇ ਤਣਾਓ ਵਿਚ ਤੁਰੀ ਜਾ ਰਹੇ ਹਨ। ਇਸੇ ਨਾਲ ਜੁੜੀ ਹੋਈ ਹੈ, ਉਹ ਸਿੱਖ ਬੇਚੈਨੀ, ਜਿਸ ਕਰਕੇ ਗੁਰਭਾਈ ਹੋ ਸਕਣ ਦੀ ਧਾਰਮਿਕਤਾ, ਸ਼ਰੀਕੇਬਾਜ਼ੀ ਦੀ ਸਿਆਸਤ ਤੱਕ ਪਹੁੰਚ ਗਈ ਹੈ। ਇਸ ਹਾਲਤ ਵਿਚ ਸ਼੍ਰੋਮਣੀ ਕਮੇਟੀ ਪੰਥਕ ਸੰਸਥਾ ਹੋਣ ਦੀ ਥਾਂ ਸਿੱਖ ਸਿਆਸਤਦਾਨਾਂ ਦੀ ਲੜਾਈ ਦਾ ਮੈਦਾਨ ਬਣਦੀ ਜਾ ਰਹੀ ਹੈ। ਇਸ ਨਾਲ ਇਕ ਪਾਸੇ ਪੰਥਕ ਸੰਸਥਾਵਾਂ ਦਾ ਲਗਾਤਾਰ ਸਿਆਸੀ ਅਪਹਰਣ ਹੋ ਜਾਣ ਦੀ ਸੰਭਾਵਨਾ ਪੈਦਾ ਹੋ ਰਹੀ ਹੈ ਅਤੇ ਪੰਥਕ ਸੰਸਥਾਵਾਂ ਦੇ ਪ੍ਰਬੰਧਕੀ ਮੁਖੀਏ ਸਿਆਸਤਦਾਨਾਂ ਦੇ ਏਜੰਟ ਲੱਗਣ ਲੱਗ ਪਏ ਹਨ। ਨਿੱਤ ਦੀਆਂ ਘਟਨਾਵਾਂ ਨੂੰ ਧਿਆਨ ਵਿਚ ਰੱਖੀਏ ਤਾਂ ਅਹੁਦਿਆਂ ਦੀ ਨੈਤਿਕਤਾ ਕਿਧਰੇ ਨਜ਼ਰ ਨਹੀਂ ਆਏਗੀ ਕਿਉਂਕਿ ਧਾਰਮਿਕ ਅਹੁਦਿਆਂ ਨੂੰ ਸਿਆਸੀ ਨੌਕਰੀ ਵਾਂਗ ਅਰਥਾਤ ਅਹੁਦਿਆਂ ਦੇ ਅਧਿਕਾਰ ਵਾਂਗ ਨਿਭਾਇਆ ਜਾ ਰਿਹਾ ਹੈ। ਜਦੋਂ ਕੋਈ ਧਾਰਮਿਕ ਅਹੁਦੇਦਾਰ ਤਿੜਕਣ ਲੱਗਦਾ ਹੈ ਤਾਂ ਉਸ ਨਾਲ ਸਿਆਸਤ ਮੁਤਾਬਕ ਨਿਪਟਣ ਦੀ ਕੋਸ਼ਿਸ਼ ਹੋਣ ਲੱਗ ਪੈਂਦੀ ਹੈ। ਇਸੇ ਤਰ੍ਹਾਂ ਧਰਮ ਨੂੰ ਸਿਆਸਤ ਹੱਥੋਂ ਹਾਰਨ ਦੀ ਜਾਚ ਸਿੱਖਣੀ ਪੈ ਰਹੀ ਹੈ।

ਇਸ ਪ੍ਰਸੰਗ ਵਿਚ ਸਿੱਖ ਲੋਕਤੰਤਰ, ਜਿਸ ਦੀ ਨੀਂਹ ਗੁਰੂ ਨਾਨਕ ਪਾਤਸ਼ਾਹ (1469-1539) ਨੇ ਰੱਖੀ ਸੀ ਅਤੇ ਜਿਸ ਨੂੰ ਬੰਦੇ ਦੀ ਬਿਨਸਣਹਾਰਤਾ (Fallibility) ਦੀ ਥਾਂ ਸ਼ਬਦ-ਗੁਰੂ ਦੀ ਅਬਿਨਸਣਹਾਰਤਾ (Infallibility) ਦੁਆਰਾ ਪ੍ਰਾਪਤ ਸਾਂਝੀ ਸਮਝ (ਗੁਰਮਤਾ) ਦੇ ਸਪੁਰਦ ਦਸਮ ਪਾਤਸ਼ਾਹ (1666-1708) ਨੇ ਖਾਲਸਾ ਸਾਜਨਾ ਰਾਹੀਂ ਕਰ ਦਿੱਤਾ ਸੀ। ਇਸ ਨੂੰ ਵਰਤਮਾਨ ਵਿਚ ਸਿੱਖ ਲੋਕਤੰਤਰ ਦੀ ਸਿਧਾਂਤਕੀ ਵਜੋਂ ਸਾਹਮਣੇ ਲਿਆਂਦੇ ਜਾਣ ਦੀ ਲੋੜ ਹੈ। ਇਸ ਦਾ ਆਧਾਰ 'ਨੀਚਾਂ ਅੰਦਰ ਨੀਚ...' ਨੂੰ ਰੱਖਿਆ ਗਿਆ ਹੈ ਅਤੇ ਇਸ ਦਾ ਨਿਸ਼ਾਨਾ ਵਿਅਕਤੀ-ਉਤਮਤਾ ਅਤੇ ਉਲਾਰ-ਬਹੁਸੰਮਤੀ ਦੀ ਚੌਧਰ ਨੂੰ ਖਤਮ ਕਰਕੇ ਆਮ ਬੰਦੇ ਦੇ ਵਰਤਮਾਨ ਦੇ ਹਾਣ ਦਾ ਸਦਾਚਾਰੀ ਸਭਿਆਚਾਰ ਨੂੰ ਸਹਿਜ ਅਮਲ ਵਿਚ ਲਿਆਉਣਾ ਹੈ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਸਿੱਖ ਧਰਮ ਦਾ ਕੇਂਦਰੀ ਸਰੋਕਾਰ, ਸਿੱਖ ਅਮਲ ਦੀਆਂ ਪਹਿਰੇਦਾਰ ਸਿੱਖ ਸੰਸਥਾਵਾਂ ਹਨ ਅਤੇ ਸਿੱਖ ਸਿਆਸਤ ਨੂੰ ਸਿੱਖ ਪ੍ਰਸੰਗ ਵਿਚ ਹਾਸ਼ੀਆ ਸਰੋਕਾਰਾਂ ਵਿਚ ਰੱਖ ਕੇ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਅਜਿਹਾ ਨਾ ਕਰ ਸਕਣ ਕਰ ਕੇ ਸਥਿਤੀ ਇਹ ਹੋ ਗਈ ਹੈ ਕਿ ਸਿੱਖ ਸਿਆਸਤ ਹੀ ਸਿੱਖ ਧਰਮ ਲੱਗਣ ਲੱਗ ਪਈ ਹੈ। ਇਸ ਨਾਲ ਰਾਜ ਕਰਦੇ ਸਿੱਖ, ਰਾਜ ਉਡੀਕਦੇ ਸਿੱਖ, ਰਾਜ ਸਮਰਥਕ ਸਿੱਖ, ਰਾਜ ਵਿਰੋਧੀ ਸਿੱਖ ਅਤੇ ਰਾਜ ਕਰਨ ਲਈ ਵਰਤੇ ਜਾ ਰਹੇ ਵੋਟ ਬੈਂਕ ਸਿੱਖ, ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸਿਆਸਤ ਦੀਆਂ ਪਰਤਾਂ ਹੀ ਤਾਂ ਹੋ ਗਏ ਹਨ। ਇਸ ਨਾਲ ਸਵਾ ਲੱਖੀ ਭਾਵਨਾ ਦੇ ਸਸ਼ਕਤੀਕਰਣ ਨੂੰ 5% ਬਨਾਮ 95% ਰਾਹੀਂ ਸਮਝਿਆ ਜਾ ਸਕਦਾ ਹੈ। ਭਾਰਤੀ ਵਿਧਾਨਿਕਤਾ ਅਨੁਸਾਰ ਹੋ ਰਹੀ ਭਾਰਤੀ ਰਾਜਨੀਤੀ ਵਿਚ ਪੰਜ ਨੂੰ ਪਚਾਨਵਿਆਂ 'ਤੇ ਰਾਜ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਸ ਵਿਚ ਬਹੁਗਿਣਤੀ ਅਤੇ ਘਟਗਿਣਤੀ ਦੀ ਸਿਆਸਤ ਨਾਲ ਕੀ ਹੋ ਸਕਦਾ ਹੈ, ਉਸ ਬਾਰੇ ਜਿਸ ਨੂੰ ਅਜੇ ਤੱਕ ਪਤਾ ਨਹੀਂ ਲੱਗਿਆ, ਉਸ ਨੂੰ ਦੱਸੇ ਜਾਣ ਦੀ ਲੋੜ ਵੀ ਨਹੀਂ ਹੈ। ਸਿੱਖ ਸਿਆਸਤ ਵੀ ਇਸੇ ਦਾ ਹਿੱਸਾ ਹੋ ਗਈ ਹੈ। ਯਾਦ ਰਹੇ, ਸਿੱਖ ਪ੍ਰਸੰਗ ਵਿਚ ਅਜਿਹੀ ਸਿਆਸਤ ਨੂੰ ਅਸਿੱਖ ਵਰਤਾਰਾ ਮੰਨਿਆ ਜਾਂਦਾ ਰਿਹਾ ਹੈ।

ਰਾਜ ਦੀ ਸਿੱਖ ਸਿਆਸਤ ਅਧੀਨ ਸਰਬੱਤ ਖਾਲਸਾ, ਗੁਰਮਤਾ ਅਤੇ ਪੰਜ ਪਿਆਰਿਆਂ ਵਰਗੇ ਸਥਾਪਤ ਪੰਥਕ ਮਸਲਿਆਂ 'ਤੇ ਕਿਰਪਾਨਾਂ ਪਹਿਲਾਂ ਕੱਢੀਆਂ ਜਾ ਰਹੀਆਂ ਹਨ ਅਤੇ ਗੱਲ ਪਿੱਛੋਂ ਕੀਤੀ ਜਾ ਰਹੀ ਹੈ। ਵਾਧਾ ਇਹ ਕਿ ਜਿੰਨਾ ਕਿਸੇ ਨੂੰ ਘੱਟ ਪਤਾ ਹੈ, ਉਨਾ ਹੀ ਉਹ ਵੱਧ ਅਤੇ ਉਚੀ ਬੋਲਣ ਦੀ ਕੋਸ਼ਿਸ਼ ਕਰਦਾ ਵੇਖਿਆ ਤੇ ਸੁਣਿਆ ਜਾ ਸਕਦਾ ਹੈ। ਨਤੀਜੇ ਸਿੱਖ ਸਹਿਜ ਦੀ ਥਾਂ ਸਿਆਸੀ ਕਾਂਵਾਂ ਰੌਲੀ ਵਰਗੇ ਨਿਕਲ ਰਹੇ ਹਨ। ਪੰਥਕ ਸਮੱਸਿਆ ਇਹ ਹੁੰਦੀ ਜਾ ਰਹੀ ਹੈ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਕਿਵੇਂ ਬਚਾਇਆ ਜਾਵੇ? ਇਸ ਨੂੰ 5% ਦੀ ਸਮੱਸਿਆ ਦੀ ਥਾਂ 95% ਦੀ ਸਮੱਸਿਆ ਬਣਾਏ ਜਾਣ ਵਾਸਤੇ ਸਿੱਖ ਸਮੱਸਿਆ ਵਜੋਂ ਪ੍ਰਗਟ ਕਰਨਾ ਪਵੇਗਾ। ਅਜਿਹੀ ਕੋਸ਼ਿਸ਼ ਸਿੰਘ ਸਭਾ ਲਹਿਰ ਵਲੋਂ ਹੋਈ ਸੀ; ਪਰ ਉਸ ਦਾ ਹਾਸਲ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਹੋ ਗਏ ਸਨ। ਸਿੱਖ ਚਿੰਤਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੰਘ ਸਭਾ ਲਹਿਰ ਦੇ ਨਤੀਜਿਆਂ ਨੂੰ ਸਾਹਮਣੇ ਲਿਆਂਦਾ ਸੀ ਅਤੇ ਇਹੀ ਅਕਾਲੀਅਤ ਦਾ ਆਧਾਰ ਬਣੇ ਸਨ, ਜਿਸ ਅਕਾਲੀਅਤ ਦੀ ਇਕ ਵਰਤਮਾਨ ਪਰਤ ਨੂੰ ਇਥੇ ਸਿੱਖ ਸਿਆਸਤ ਕਿਹਾ ਜਾ ਰਿਹਾ ਹੈ। ਸੋਚੋ! ਸਿਆਸਤਦਾਨਾਂ ਦੀਆਂ ਕੀਤੀਆਂ, ਆਮ ਸਿੱਖ ਨੂੰ ਕਿਉਂ ਭੁਗਤਣੀਆਂ ਪੈ ਰਹੀਆਂ ਹਨ?

ਅਕਾਲੀਅਤ, ਸਿੱਖ ਮਾਨਸਿਕਤਾ ਦਾ ਚੂਲਕ ਆਧਾਰ ਹੈ ਅਤੇ ਇਸ ਦਾ ਕੁਦਰਤੀ ਤੇ ਨਿਸ਼ੰਗ ਪ੍ਰਗਟਾਵਾ ਗੁਰਦੁਆਰਾ ਸੁਧਾਰ ਲਹਿਰ ਵੇਲੇ ਤੱਕ ਹੁੰਦਾ ਰਿਹਾ ਸੀ। ਇਸੇ ਲਹਿਰ ਨੂੰ ਸਿੱਖ ਸਿਆਸਤ ਦਾ ਅਰੰਭਕ ਪੜਾਅ ਵੀ ਮੰਨਿਆ ਜਾ ਸਕਦਾ ਹੈ। ਸਵਾਲ ਪੈਦਾ ਹੋ ਗਿਆ ਹੈ ਕਿ 1920 ਵਾਲੀ ਅਕਾਲੀਅਤ ਕਿਥੇ ਅਤੇ ਕਿਉਂ ਗਵਾਚ ਗਈ ਹੈ? ਸਿੱਖ ਸਿਆਸਤ ਦੇ ਰੋਲ ਮਾਡਲ-ਅਕਾਲੀ ਫੂਲਾ ਸਿੰਘ, ਸ. ਸ਼ਾਮ ਸਿੰਘ ਅਟਾਰੀ ਅਤੇ ਸ. ਹਰੀ ਸਿੰਘ ਨਲੂਆ ਵੀ ਸਿੱਖ ਰਾਜ ਦੀ ਸਿਆਸਤ ਨੂੰ ਸਿੱਖ ਸੁਰ ਵਿਚ ਨਹੀਂ ਰੱਖ ਸਕੇ ਸਨ। ਇਨ੍ਹਾਂ ਤਿੰਨਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸਿਆਸਤ ਦਾ ਸ਼ਿਕਾਰ ਵੀ ਹੋਣਾ ਪਿਆ ਸੀ।

ਇਹ ਵੀ ਸੋਚੇ ਜਾਣ ਦੀ ਲੋੜ ਹੈ ਕਿ ਸਿੱਖ ਸਿਆਸਤ ਸਿੱਖ ਸੰਸਥਾਵਾਂ ਦੇ ਪੰਥਕ ਉਸਾਰ ਵਾਸਤੇ ਲੋੜੀਂਦੀ ਭੂਮਿਕਾ ਨਿਭਾਉਣ ਤੋਂ ਅਸਮਰਥ ਕਿਉਂ ਰਹਿੰਦੀ ਰਹੀ ਹੈ? ਵਰਤਮਾਨ ਸਥਿਤੀ ਵਿਚ ਇਹ ਮਸਲਾ ਜਿਸ ਤਰ੍ਹਾਂ ਉਘੜ ਕੇ ਸਾਹਮਣੇ ਆ ਗਿਆ ਹੈ, ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਸੀ ਆਇਆ। ਇਸ ਨਾਲ ਧਾਰਮਿਕ ਮਸਲਿਆਂ ਦਾ ਸਿਆਸੀ ਹੱਲ ਲੱਭਣ ਅਤੇ ਸਿਆਸੀ ਮਸਲਿਆਂ ਦਾ ਧਾਰਮਿਕ ਹੱਲ ਲੱਭਣ ਦੀ ਰਾਜਨੀਤੀ ਨੇ ਸਿੱਖ ਭਾਈਚਾਰੇ ਨੂੰ ਚੁਣੌਤੀਆਂ ਦੇ ਜੰਗਲ ਵੱਲ ਧੱਕ ਦਿੱਤਾ ਹੈ। ਇਸ ਨਾਲ ਅਸੀਂ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਕਿਉਂ ਪਏ ਹੋਏ ਹਾਂ?

ਮੀਰੀ ਪੀਰੀ ਦਾ ਸਿੱਖ ਸਿਧਾਂਤ ਧਰਮ ਅਤੇ ਸਿਆਸਤ ਦੇ ਸੁਤੰਤਰ ਸਿੱਖ ਉਸਾਰ ਵਾਸਤੇ ਤਾਂ ਮਦਦ ਕਰ ਸਕਦਾ ਹੈ ਪਰ ਦੋਹਾਂ ਨੂੰ ਇਕ ਦੂਜੇ ਦਾ ਨੁਕਸਾਨ ਕਰਨ ਤੋਂ ਨਹੀਂ ਬਚਾ ਸਕਦਾ। ਇਸੇ ਕਰਕੇ ਸਿੱਖ ਭਾਈਚਾਰਾ, ਗੁਰਸਿੱਖ ਹੋਣ ਦੀ ਥਾਂ ਸਥਿਤੀ ਪ੍ਰਤੀਨਿਧ ਹੁੰਦਾ ਜਾ ਰਿਹਾ ਹੈ। ਇਸ ਵੇਲੇ ਸਿੱਖ ਸਿਆਸਤ ਦਾ ਬੋਲਬਾਲਾ ਇਸ ਹੱਦ ਤੱਕ ਹੋ ਗਿਆ ਹੈ ਕਿ ਸਿੱਖ ਚੇਤਿਆਂ ਵਿਚ ਜਿਸ ਤਰ੍ਹਾਂ 'ਰਾਜ ਬਿਨਾ ਨਹੀਂ ਧਰਮ ਚਲਹਿ ਹੈ' ਨੂੰ ਪੱਕਿਆਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਤਰ੍ਹਾਂ ਇਸੇ ਬੰਦ ਦੇ ਦੂਜੇ ਹਿੱਸੇ 'ਧਰਮ ਬਿਨਾ ਸਭ ਦਲਹਿ ਮਲਹਿ ਹੈਂ' ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਨਾਲ ਧਰਮ ਨਾਲੋਂ ਸਿਆਸਤ ਨੂੰ ਪਹਿਲ ਦੇਣ ਦੀ ਸਿੱਖ ਮਾਨਸਿਕਤਾ ਆਪਣੇ ਆਪ ਵਿਚ ਚੁਣੌਤੀ ਹੁੰਦੀ ਜਾ ਰਹੀ ਹੈ।

ਸਿੱਖ ਸੰਸਥਾਵਾਂ ਨੂੰ ਅਪੰਥਕ ਸੁਰ ਵਿਚ ਚਿਤਵਿਆ ਹੀ ਨਹੀਂ ਜਾ ਸਕਦਾ ਕਿਉਂਕਿ ਇਹ ਪੰਥ ਵੱਲੋਂ ਅਤੇ ਪੰਥ ਵਾਸਤੇ ਹੀ ਚਿਤਵੀਆਂ ਤੇ ਉਸਾਰੀਆਂ ਗਈਆਂ ਹਨ। ਪਰ ਸਿੱਖ ਸਿਆਸਤ ਨੂੰ ਪੰਥਕ ਸੁਰ ਵਿਚ ਚਿਤਵਿਆ ਤਾਂ ਜਾ ਸਕਦਾ ਹੈ ਪਰ ਇਸ ਨਾਲ ਨਿਭਿਆ ਨਹੀਂ ਜਾ ਸਕਦਾ ਕਿਉਂਕਿ ਇਸ ਨੂੰ ਦੇਸ਼ ਦੇ ਵਿਧਾਨ ਮੁਤਾਬਕ ਹੀ ਚਿਤਵਿਆ ਅਤੇ ਉਸਾਰਿਆ ਜਾ ਸਕਦਾ ਹੈ। ਇਸ ਨਾਲ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਸਿੱਖ ਸਿਆਸਤ, ਪੰਥਕ ਕਿਰਤ ਹੈ ਅਤੇ ਇਸ ਨੂੰ ਗੁਰੂ ਕਿਰਤ ਵਰਗੀ ਮਾਨਤਾ ਦੇਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਿੱਖ ਸਿਆਸਤ ਜਦੋਂ ਵੀ ਗ੍ਰੰਥ ਤੇ ਪੰਥ ਤੋਂ ਆਜ਼ਾਦ ਹੋਣ ਦੀ ਕੋਸ਼ਿਸ਼ ਕਰੇਗੀ, ਵਿਛੜ ਕੇ ਚੋਟਾਂ ਖਾਣ ਵਾਲੇ ਰਾਹ ਪੈ ਜਾਵੇਗੀ।

ਇਸ ਵੇਲੇ ਦੀ ਲੋੜ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਏ ਜਾਣ ਦੀ ਹੈ ਕਿਉਂਕਿ ਆਲਮੀ ਭਾਈਚਾਰਾ ਹੋ ਗਏ ਸਿੱਖਾਂ ਨੂੰ ਸਿਆਸੀ ਸੁਰ ਵਿਚ ਨਹੀਂ, ਧਾਰਮਿਕ ਸੁਰ ਵਿਚ ਹੀ ਬਚਾਇਆ ਅਤੇ ਫੈਲਾਇਆ ਜਾ ਸਕਦਾ ਹੈ।

---

## ਸਾਤਿ ਭਈ ਗੁਰੂ ਗੋਬਿੰਦ ਪਾਈ॥

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹੱਲਾ 5
ਸਾਤਿ ਭਈ ਗੁਰੂ ਗੋਬਿੰਦ ਪਾਈ॥
ਤਾਪ ਪਾਪ ਬਿਨਸੇ ਮੇਰੇ ਭਾਈ॥ ਰਹਾਉ॥
ਰਾਮ ਨਾਮੁ ਨਿਤ ਰਸਨ ਬਖਾਨ
ਬਿਨਸੇ ਰੋਗ ਭਏ ਕਲਿਆਣ॥
ਪ੍ਰਾਬ੍ਰਹਮ ਗੁਣ ਅਗਮ ਬੀਚਾਰ
ਸਾਧੂ ਸੰਗਮਿ ਹੈ ਨਿਸਤਾਰ॥
ਨਿਰਮਲ ਗੁਣ ਗਾਵਹੁ ਨਿਤ ਨੀਤ
ਗਈ ਬਿਆਧਿ ਉਬਰੇ ਜਨ ਮੀਤ॥
ਮਨ ਬਚ ਕ੍ਰਮ ਪ੍ਰਭ ਅਪਨਾ ਧਿਆਈ
ਨਾਨਕ ਦਾਸ ਤੇਰੀ ਸਰਣਾਈ॥

ਇਹ ਸ਼ਬਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ। ਸਤਿਗੁਰੂ ਉਸ ਪ੍ਰਭੂ ਦੀ ਰਹਿਮਤ ਅਤੇ ਉਸ ਰੱਬ ਦਾ ਹੀ ਸਰੂਪ ਆਪਣੇ ਪੂਰੇ ਗੁਰੂ ਦੀ ਉਸਤਤ ਕਰ ਰਹੇ ਹਨ,

ਸਾਤਿ ਭਈ ਗੁਰੂ ਗੋਬਿੰਦ ਪਾਈ॥
ਤਾਪ ਪਾਪ ਬਿਨਸੇ ਮੇਰੇ ਭਾਈ॥ ਰਹਾਉ॥

ਹੇ ਮੇਰੇ ਵੀਰ! ਮੇਰੇ ਭਾਈ!! ਉਸ ਗੋਵਿੰਦ ਭਾਵ ਪਰਮਾਤਮਾ ਦੇ ਸਰੂਪ ਗੁਰੂ ਨੇ ਜਿਸ ਜੀਵ 'ਤੇ ਵੀ ਮਿਹਰ ਕਰਕੇ ਉਸ ਨੂੰ ਪ੍ਰਭੂ ਦੇ ਨਾਮ ਦੀ ਦਾਤ ਬਖ਼ਸ਼ ਦਿੱਤੀ, ਉਸ ਜੀਵ ਦੇ ਅੰਦਰ ਠੰਢ ਪੈ ਗਈ ਅਤੇ ਨਾਮ ਸਿਮਰਨ ਕਰਨ ਕਰਕੇ ਉਸ ਜੀਵ ਦੇ ਸਾਰੇ ਦੁੱਖ ਤਕਲੀਫਾਂ ਅਤੇ ਪਾਪਾਂ ਦਾ ਵੀ ਨਾਸ ਹੋ ਗਿਆ ਤੇ ਹੇ ਮੇਰੇ ਭਾਈ! ਇਹ ਸਭ ਉਸ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਹੀ ਹੋ ਸਕਿਆ ਹੈ।

ਰਾਮ ਨਾਮੁ ਨਿਤ ਰਸਨ ਬਖਾਨ
ਬਿਨਸੇ ਰੋਗ ਭਏ ਕਲਿਆਣ॥
ਪ੍ਰਾਬ੍ਰਹਮ ਗੁਣ ਅਗਮ ਬੀਚਾਰ
ਸਾਧੂ ਸੰਗਮਿ ਹੈ ਨਿਸਤਾਰ॥

ਹੇ ਭਾਈ! ਪੂਰੇ ਗੁਰੂ ਦੀ ਮਿਹਰ ਸਦਕਾ ਜੋ ਜੀਵ ਆਪਣੀ ਜੀਭਾ ਨਾਲ ਸਦਾ ਹੀ ਪ੍ਰਮੇਸ਼ਵਰ ਦਾ ਨਾਮ ਜਪਦੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ ਅਤੇ ਆਨੰਦਮਈ ਅਵਸਥਾ ਬਣੀ ਰਹਿੰਦੀ ਹੈ ਅਤੇ ਜੋ ਜੀਵ ਉਸ ਪਹੁੰਚ ਤੋਂ ਪਰ੍ਹੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਦਾ ਹੈ, ਗੁਰੂ ਦੀ ਸੰਗਤ ਅਤੇ ਮਿਹਰ ਸਦਕਾ ਇਸ ਸੰਸਾਰ ਸਮੁੰਦਰ ਤੋਂ ਪਾਰ ਵੀ ਉਤਰ ਜਾਂਦਾ ਹੈ।

ਨਿਰਮਲ ਗੁਣ ਗਾਵਹੁ ਨਿਤ ਨੀਤ
ਗਈ ਬਿਆਧਿ ਉਬਰੇ ਜਨ ਮੀਤ॥
ਮਨ ਬਚ ਕ੍ਰਮ ਪ੍ਰਭ ਅਪਨਾ ਧਿਆਈ
ਨਾਨਕ ਦਾਸ ਤੇਰੀ ਸਰਣਾਈ॥

ਹੇ ਮੇਰੇ ਮਿਤਰ ਪਿਆਰੇ ਜੀਉ! ਉਸ ਵਾਹਿਗੁਰੂ ਦੇ ਗੁਣ ਸਦਾ ਹੀ ਗਾਉਂਦੇ ਰਹਿਣਾ ਚਾਹੀਦਾ ਹੈ। ਜੋ ਜੀਵ ਉਸ ਪ੍ਰਭੂ ਦਾ ਗੁਣ ਗਾਇਨ ਕਰਦੇ ਹਨ, ਉਨ੍ਹਾਂ ਦੇ ਸਾਰੇ ਹੀ ਦੁੱਖ ਅਤੇ ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਉਹ ਵਿਕਾਰਾਂ ਤੋਂ ਵੀ ਬਚੇ ਰਹਿੰਦੇ ਹਨ। ਹੇ ਨਾਨਕ ਤੂੰ ਵੀ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰ ਕਿ ਮੈਂ ਤੇਰਾ ਦਾਸ, ਤੇਰੀ ਸ਼ਰਣ ਆ ਪਿਆ ਹਾਂ। ਕ੍ਰਿਪਾ ਕਰੋ ਕਿ ਮੈਂ ਅਪਨੇ ਮਨ, ਬਚਨ ਅਤੇ ਕਰਮਾਂ ਕਰਕੇ ਸਦਾ ਪ੍ਰਭੂ ਸਿਮਰਨ ਕਰਦਾ ਰਹਾਂ।

ਆਉ ਸ਼ਬਦ ਗੁਰੂ ਨਾਲ ਜੁੜੀਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ:916-687-3536***

## ਬਾਰਹਮਾਹ

# ਫੱਗਣ ਰੁੱਤ ਮਿਲਾਪਾਂ ਦੀ

**ਫੱਗਣ ਦੇਸੀ ਸਾਲ ਦਾ ਅਖੀਰਲਾ ਮਹੀਨਾ ਹੈ। ਮਾਘ ਦੌਰਾਨ ਠੰਢ ਦੀ ਜਕੜ ਟੁੱਟਣ ਅਤੇ ਬਨਸਪਤੀ ਮੁੜ ਮੌਲਣ ਤੋਂ ਬਾਅਦ ਇਸ ਮਹੀਨੇ ਬਹਾਰ ਭਰਪੂਰ ਰੂਪ ਵਿਚ ਗੇੜਾ ਮਾਰਦੀ ਹੈ। ਬਹਾਰ ਦਾ ਇਹ ਮਹੀਨਾ ਅਸਲ ਵਿਚ ਵਸਲ ਦਾ ਮਹੀਨਾ ਹੋ ਨਿਬੜਦਾ ਹੈ। ਮੇਲਿਆਂ ਨਾਲ ਮੌਸਮ ਦਾ ਤੁੱਕ ਬੱਝ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਇਸ ਵਸਲ ਦੀਆਂ ਬੜੀਆਂ ਬਾਤਾਂ ਪ੍ਰਚਲਿਤ ਹਨ। ਇਸ ਵਾਰ ਬਾਰਾਹਮਾਹ ਦੇ ਲੇਖਕ ਆਸਾ ਸਿੰਘ ਘੁਮਾਣ ਨੇ ਇਸ ਲੇਖ ਵਿਚ ਫੱਗਣ ਦੇ ਸੁਹਾਵਣੇ ਅਤੇ ਮਨਮੋਹਣੇ ਮੌਸਮ ਦਾ ਜ਼ਿਕਰ ਛੇੜਿਆ ਹੈ। -ਸੰਪਾਦਕ**

ਇਹ ਪਤਾ ਨਹੀਂ ਸਹਿਜ-ਭਾ ਹੈ ਜਾਂ ਪੰਜਾਬੀ ਮਸਤਕ ਨੇ ਸੋਚ-ਸਮਝ ਕੇ ਅਜਿਹਾ ਸਿਰਜਿਆ ਹੈ ਕਿ ਸਾਲ ਦੀ ਸ਼ੁਰੂਆਤ (ਚੇਤ ਮਹੀਨਾ) ਵੀ ਬਹਾਰ ਦਾ ਹੁੰਦੀ ਹੈ ਅਤੇ ਅੰਜਾਮ (ਫੱਗਣ) ਵੀ। ਪੰਜਾਬ ਵਿਚ ਉਪਲਬਧ ਬਾਰਾਹਮਾਹ ਚੇਤ ਮਹੀਨੇ ਤੋਂ ਵਿਯੋਗ ਸ਼ੁਰੂ ਕਰਦੇ ਹਨ ਅਤੇ ਹਰ ਮਹੀਨੇ ਹੀ ਵਿਯੋਗਣ ਨੂੰ ਕੋਂਹਦਾ ਹੈ, ਕਈ ਵਾਰ ਆਪਣੇ ਅੰਦਰ ਮੱਚ ਰਹੇ ਵਿਯੋਗ ਕਰ ਕੇ ਅਤੇ ਕਈ ਵਾਰ ਦੂਜਿਆਂ ਨੂੰ ਵਸਲ ਹੰਢਾਉਂਦਿਆਂ ਦੇਖ ਕੇ, ਮਸਲਨ:

ਚੜ੍ਹਦੇ ਚੇਤਰ ਨਹੀਂ ਘਰ ਜਾਨੀ
ਰੋ ਰੋ ਧਾਹੀਂ ਮਾਰਾਂ ਮੈਂ।

ਚੜ੍ਹੇ ਵਿਸਾਖ ਵਿਸਾਖੀ ਹੋਈ
ਘਰੀਂ ਸੁਦਾਗਰ ਆਏ ਨੀਂ।
ਨਾਹੀਂ ਖਬਰ ਅਸਾਡੇ ਜਾਨੀ
ਕਿਉਂ ਇਤਨੇ ਦਿਨ ਲਾਏ ਨੀਂ।

ਚੜ੍ਹਿਆ ਜੇਠ ਵੱਗਣ ਹੁਣ ਲੋਆਂ
ਰੁੱਤ ਗਰਮੀ ਦੀ ਆਈ ਹੈ।

**ਆਸਾ ਸਿੰਘ ਘੁਮਾਣ**
**ਫੋਨ: 91-98152-53245**

ਜ਼ਾਲਮ ਬ੍ਰਿਹੋਂ ਫੂਕ ਅਲੰਬਾ
ਆਤਸ਼ ਤੇਜ਼ ਮਚਾਈ ਹੈ।

ਚੜ੍ਹਿਆ ਹਾੜ੍ਹ ਕਰਾਂ ਮੈਂ ਹਾੜ੍ਹੇ
ਪੀਆ ਬਾਝ ਇਕੱਲੀ ਜੇ।

ਚੜ੍ਹਿਆ ਸਾਵਣ ਮੀਂਹ ਬਰਸਾਵਣ
ਸਈਆਂ ਪੀਂਘਾਂ ਪਾਈਆਂ ਨੀਂ।
ਬਿਜਲੀ ਕੜਕੇ ਬ੍ਰਿਹੋਂ ਵਾਲੀ
ਨੈਣਾਂ ਝੜੀਆਂ ਲਾਈਆਂ ਨੀਂ।

ਭਾਦੋਂ ਭਾਹ ਇਸ਼ਕ ਨੇ ਫੂਕੀ
ਖੂਨ ਬਦਨ ਦਾ ਸੜਿਆ ਜੇ।
ਦੱਸ ਪੀਆ ਦੀ ਕਿਤੇ ਨਾ ਪੈਂਦੀ
ਛੇਵਾਂ ਮਹੀਨਾ ਚੜ੍ਹਿਆ ਜੇ।

ਅੱਸੂ ਅੱਤ ਸਤਾਇਆ ਮੈਨੂੰ
ਤਰਫ ਜੰਗਲ ਉਠ ਵੈਨੀ ਹਾਂ।

ਚੜ੍ਹਿਆ ਕੱਤਕ ਕੰਤ ਨ ਆਇਆ
ਮੈਂ ਹੁਣ ਢੂੰਡਣ ਜਾਵਾਂਗੀ।

ਮੱਘਰ ਮਾਰ ਮੁਕਾਇਆ ਮੈਨੂੰ
ਹੱਡ ਵਿਛੋੜੇ ਗਾਲੇ ਨੀਂ।

ਚੜ੍ਹਿਆ ਪੋਹ ਪਈਆਂ ਨੀ ਬਰਫਾਂ
ਕਾਈ ਸਾਰ ਨ ਵਾਲੀ ਨੂੰ।

ਮਾਘ ਮਹੀਨੇ ਮਾਹੀ ਬਾਝੋਂ
ਜੋ ਕੁਝ ਮੈਂ ਸੰਗ ਬੀਤੀ ਜੇ।
ਸ਼ਾਲਾ! ਦੁਸ਼ਮਣ ਨਾਲ ਨਾ ਹੋਵੇ
ਜਿਹੀ ਵਿਛੋੜੇ ਕੀਤੀ ਜੇ।

ਪਰ ਫੱਗਣ ਮਹੀਨੇ ਪ੍ਰੀਤਮ ਮਾਹੀ ਆਣ ਮਿਲਦਾ ਹੈ। ਫੱਗਣ ਦਾ ਮਹੀਨਾ ਮੌਸਮ ਦੇ ਲਿਹਾਜ਼ ਮਿਲਾਪ ਦੇ ਉਂਜ ਵੀ ਅਤਿ ਅਨੁਕੂਲ ਹੈ। ਇਹ ਹੋਲੀ ਖੇਡਣ ਦਾ ਮਹੀਨਾ ਹੈ। ਮੁਹੰਮਦ ਅਜ਼ੀਮ ਫੱਗਣ ਵਿਚ ਆਸ ਪੁੱਗਣ ਦੀ ਗੱਲ ਕਰਦਾ ਹੈ:

ਚੜ੍ਹਦੇ ਫੱਗਣ ਪੁੰਨੀ ਆਸ
ਕੁਲ ਗਏ ਵਿਸ਼ਵਾਸ
ਬੈਠੀ ਪਹਿਨ ਪੁਸ਼ਾਕ ਲਿਬਾਸ।

ਬਰਖੁਰਦਾਰ ਵੀ ਫੱਗਣ ਵਿਚ ਮਿਲਾਪ ਦਾ ਅਜਿਹਾ ਹੀ ਚਿੱਤਰ ਖਿੱਚਦਾ ਹੈ:

ਜਬ ਚੜ੍ਹਿਆ ਮਹੀਨਾ ਫਾਗਣ
ਮਿਲਿਆ ਕੰਤ ਆਏ ਘਰ ਸਾਜਣ
ਲਾਗੇ ਦੁਖ ਦਰਦ ਸਭ ਭਾਗਣ
ਲਾਗੇ ਕਰਮ ਅਸਾਡੇ ਜਾਗਣ।

ਗੁਰੂ ਅਰਜਨ ਦੇਵ ਜੀ ਰਚਿਤ ਬਾਰਾਹਮਾਹ ਵਿਚ ਵੀ ਫਲਗੁਣ ਅਨੰਦ ਅਵਸਥਾ ਪ੍ਰਾਪਤ ਕਰਨ ਦਾ ਮਹੀਨਾ ਹੈ:

ਫਲਗੁਣਿ ਅਨੰਦ ਉਪਾਰਜਨਾ
ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ
ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ
ਹੁਣ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ
ਵਰੁ ਪਾਇਆ ਹਰਿ ਰਾਇ॥

ਗੁਰੂ ਨਾਨਕ ਦੇਵ ਜੀ ਫੱਗਣ ਮਹੀਨੇ ਵਿਚ ਮਹਾਂ ਮਿਲਾਪ 'ਤੇ ਬਾਣੀ ਕੇਂਦਰਤ ਕਰਦੇ ਹਨ। ਇਹ ਮਿਲਾਪ ਇੰਨਾ ਅਹਿਮ ਹੈ ਕਿ ਉਹ ਇਸ ਮਹੀਨੇ ਦੀ ਬਸੰਤ ਰੁੱਤ ਵੱਲ ਕੋਈ ਇਸ਼ਾਰਾ ਨਹੀਂ ਕਰਦੇ। ਸ਼ਾਇਦ ਇਸ ਮੁਕਾਮ ਤੱਕ ਪਹੁੰਚ ਕੇ ਬਹਿਰੂਨੀ ਅਵਸਥਾ ਅੰਦਰੂਨੀ ਅਵਸਥਾ ਨੂੰ ਕੋਈ ਬਹੁਤਾ ਪ੍ਰਭਾਵਤ ਹੀ ਨਹੀਂ ਕਰਦੀ:

ਫਲਗੁਨਿ ਮਨਿ ਰਹਸੀ
ਪ੍ਰੇਮ ਸੁਭਾਇਆ॥
ਅਨਦਿਨ ਰਹਸੁ ਭਇਆ
ਆਪ ਗਵਾਇਆ॥
ਮਨ ਮੋਹ ਚੁਕਾਇਆ
ਜਾ ਤਿਸ ਭਾਇਆ
ਕਰ ਕ੍ਰਿਪਾ ਘਰ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹ
ਮਹਲੀ ਲਹਾ ਨ ਥਾਓ॥
ਹਾਰ ਡੋਰ ਰਸ ਪਾਟ ਪਟੰਬਰ
ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰਿ ਅਪਣੈ
ਘਰੁ ਵਰੁ ਪਾਇਆ ਨਾਰੀ॥

ਡਾ. ਮਹਿੰਦਰ ਸਿੰਘ ਰੰਧਾਵਾ ਫੱਗਣ ਮਹੀਨੇ ਦੀ ਰੁੱਤ ਬਾਰੇ ਲਿਖਦੇ ਹਨ, "ਫੱਗਣ ਪਿਆਰਾਂ ਦੀ ਰੁੱਤ ਹੈ। ਪਿਆਰ ਕਰਨ ਵਾਲੇ ਲੋਕ ਫੱਗਣ ਲਈ ਇਉਂ ਤਾਂਘਦੇ ਹਨ ਜਿਵੇਂ ਕਾਲੀ ਰਾਤ ਪੂਰੇ ਚੰਨ ਲਈ ਤਾਂਘਦੀ ਹੈ। ਜਦ ਢਾਕ ਦੇ ਰੁੱਖ ਪੂਰੇ ਖੇੜੇ ਵਿਚ ਆਉਂਦੇ ਹਨ, ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਮਰਦ ਤੇ ਤੀਵੀਆਂ ਗੀਤ ਗਾਉਂਦੇ ਹਨ ਅਤੇ ਇਕ ਦੂਜੇ ਉਤੇ ਕੁਸਮ ਤੇ ਪਲਾਸ ਦੇ ਫੁੱਲਾਂ ਦਾ ਰੰਗਦਾਰ ਪਾਣੀ ਤੇ ਗੁਲਾਲ ਛਿੜਕਦੇ ਹਨ।

ਹੋਲੀ ਦਾ ਤਿਉਹਾਰ ਫੱਗਣ ਦੀ ਪੂਰਨਮਾਸ਼ੀ ਨੂੰ ਆਉਣ ਕਰ ਕੇ ਕਈ ਵਾਰ ਫੱਗਣ ਮਹੀਨੇ ਦੇ ਅਖੀਰ ਵਿਚ ਆਉਂਦਾ ਹੈ ਅਤੇ ਕਈ ਵਾਰ ਚੇਤਰ ਦੇ ਸ਼ੁਰੂ ਵਿਚ। ਇਹ ਕੁਦਰਤ ਦੇ ਸੰਗ ਇਕ-ਮਿਕ ਹੋਣ ਦਾ, ਉਹਦੇ ਰੰਗਾਂ ਵਿਚ ਰੰਗੇ ਜਾਣ ਦਾ, ਮਸਤੀਆਂ ਦਾ ਤਿਉਹਾਰ ਹੈ, ਖੁੱਲ੍ਹਣ-ਡੁੱਲ੍ਹਣ ਦਾ ਮੌਕਾ ਹੈ। ਪੁਰਾਣੇ ਸਮਿਆਂ ਵਿਚ ਤਾਂ ਰਾਜੇ-ਮਹਾਰਾਜੇ ਆਪਣੇ ਰੰਗ-ਮਹੱਲਾਂ ਵਿਚ ਖੂਬ ਹੋਲੀ ਖੇਡਦੇ ਸਨ। ਹੋਲੀ ਖੇਡਣ ਮੌਕੇ ਨੌਜੁਆਨ ਮੁੰਡੇ-ਕੁੜੀਆਂ ਨੂੰ ਕਿਸੇ ਹੱਦ ਤੱਕ ਖੁੱਲ੍ਹ ਮਾਣਨ ਦਾ ਮੌਕਾ ਮਿਲ ਜਾਂਦਾ ਹੈ। ਕਈ 'ਅਗਾਂਹ ਵਧੂ' ਇਸ ਦਿਨ ਆਪਣੇ ਗਲੀ-ਮੁਹੱਲੇ ਦੀਆਂ ਜਾਣੂੰ ਕੁੜੀਆਂ ਦੀਆਂ ਗੱਲ੍ਹਾਂ 'ਤੇ ਗੁਲਾਲ ਮਲ ਦਿੰਦੇ ਹਨ ਜਾਂ ਸਰੀਰ ਤੇ ਰੰਗ ਦੀਆਂ ਪਿਚਕਾਰੀਆਂ ਮਾਰ ਦਿੰਦੇ ਹਨ। ਕਈ ਥਾਈਂ ਰੰਗ ਸੁੱਟਣ ਤੋਂ ਲੜਾਈ-ਝਗੜੇ ਵੀ ਹੋ ਜਾਂਦੇ ਹਨ।

ਦੁਨੀਆਂ ਦੇ ਹੋਰ ਕਈ ਹਿੱਸਿਆਂ ਵਿਚ ਵੀ ਹੋਲੀ ਵਰਗੇ ਤਿਉਹਾਰ ਮਨਾਏ ਜਾਂਦੇ ਹਨ, ਜਿਵੇਂ ਅਮਰੀਕਾ ਵਿਚ ਅਕਤੂਬਰ ਦੇ ਮਹੀਨੇ 'ਹੈਲੋਵੀਨ', ਇਟਲੀ ਵਿਚ ਫਰਵਰੀ ਵਿਚ 'ਰੇਡਿਕਾ', ਫਰਾਂਸ ਵਿਚ 'ਮੂਰਖ ਦਿਵਸ', ਚੈਕੋਸਲੋਵਾਕੀਆ ਵਿਚ 'ਬੇਲੀਆ ਕੋਨੋਸੇ' ਆਦਿ; ਪਰ ਹੋਲੀ ਕਈ ਪੱਖਾਂ ਤੋਂ ਨਿਵੇਕਲਾ ਤਿਉਹਾਰ ਹੈ। ਹੋਲੀ ਅਸਲ ਵਿਚ ਬਸੰਤ ਰੁੱਤ ਦੇ ਚਾਲੀਸੇ ਦਾ ਆਖਰੀ ਦਿਨ ਹੈ। ਹੋਲੀ ਬਸੰਤ ਰੁੱਤ ਜਾਂ ਗੁਲਾਲ ਨਾਲ ਸਬੰਧਤ ਹੋਣ ਕਰ ਕੇ, ਫਾਗ ਨਾਂ ਨਾਲ ਵੀ ਜਾਣੀ ਜਾਂਦੀ ਹੈ। ਬਸੰਤ ਰਾਗ ਵਿਚ ਗੁਰੂ ਅਰਜਨ ਦੇਵ ਨੇ ਪਰਮਾਤਮਾ ਨਾਲ ਹੋਏ ਮਹਾਂ-ਮਿਲਨ ਦੀ ਦਸ਼ਾ ਨੂੰ ਫਾਗ ਜਾਂ ਹੋਲੀ ਦੀ ਮੰਗਲਮਈ ਅਵਸਥਾ ਰਾਹੀਂ ਦਰਸਾਇਆ ਹੈ:

ਆਜੁ ਹਮਾਰੈ ਬਨੇ ਫਾਗੁ॥
ਪ੍ਰਭ ਸੰਗੀ ਮਿਲਿ ਖੇਲਨ ਲਾਗੁ॥
ਹੋਲੀ ਕੀਨੀ ਸੰਤ ਸੇਵ॥
ਰੰਗ ਲਾਗਾ ਅਤਿ ਲਾਲ ਦੇਵ॥

ਇਹ ਵੀ ਸਬੱਬ ਹੀ ਹੈ ਕਿ ਪੱਛਮੀ ਪ੍ਰਭਾਵ ਹੇਠ ਜ਼ੋਰ ਫੜ ਗਿਆ ਤਿਉਹਾਰ 'ਵੈਲਨਟਾਈਨ ਡੇ' ਵੀ ਇਸੇ ਮਹੀਨੇ 14 ਤਰੀਕ ਨੂੰ ਆਉਂਦਾ ਹੈ। ਵੱਡੇ-ਵੱਡੇ ਸ਼ਹਿਰਾਂ ਵਿਚ ਸ਼ੁਰੂ ਹੋਇਆ ਇਹ ਤਿਉਹਾਰ ਹੁਣ ਛੋਟੇ ਸ਼ਹਿਰਾਂ ਵਿਚ ਵੀ ਜ਼ੋਰ ਫੜ ਰਿਹਾ ਹੈ। ਇਸ ਦਿਨ ਨੌਜੁਆਨ ਮੁੰਡੇ-ਕੁੜੀਆਂ ਇਕ ਦੂਜੇ ਨੂੰ ਗੁਲਾਬ ਦੇ ਫੁੱਲ ਪਿਆਰ ਸੰਦੇਸ਼ ਵਜੋਂ ਦਿੰਦੇ ਹਨ। ਵੱਡੇ ਸ਼ਹਿਰਾਂ ਵਿਚ ਤਾਂ ਕਈ ਵਾਰੀ ਗੁਲਾਬ ਦੇ ਫੁੱਲ ਬਹੁਤ ਮਹਿੰਗੇ ਵਿਕਦੇ ਹਨ। ਕੁਦਰਤੀ ਮੌਸਮ ਐਸਾ ਹੁੰਦਾ ਹੈ ਕਿ ਇਸ ਮੌਕੇ ਗੁਲਾਬ ਤੋਂ ਬਿਨਾ ਅਨੇਕਾਂ ਹੋਰ ਫੁੱਲ ਵੀ ਭਰ ਜੋਬਨ 'ਤੇ ਹੁੰਦੇ ਹਨ। ਪਿਆਰ ਵਰਗੇ ਕੋਮਲ ਅਹਿਸਾਸ ਦੇ ਇਜ਼ਹਾਰ ਲਈ ਫੁੱਲਾਂ ਤੋਂ ਵਡੇਰਾ ਸਾਧਨ ਹੋਰ ਕੀ ਹੋ ਸਕਦਾ ਹੈ?

ਪੁਰਾਣੇ ਪੰਜਾਬ ਵਿਚ ਇਨ੍ਹੀਂ ਦਿਨੀਂ ਮਾਲ-ਡੰਗਰ ਖਾਸ ਕਰ ਕਮਾਦ ਦੀ ਬਿਜਾਈ ਲਈ ਖੇਤਾਂ ਵਿਚ ਲਿਜਾਏ ਜਾਂਦੇ ਸਨ, ਕਿਉਂਕਿ ਕਮਾਦ ਦੀ ਫਸਲ ਨੂੰ ਉਪਜਾਊ ਜ਼ਮੀਨ ਦੀ ਲੋੜ ਹੁੰਦੀ ਹੈ। ਡੰਗਰ ਬਾਹਰ ਆਉਣ ਨਾਲ ਪਿੰਡ ਦੀਆਂ ਸਰਗਰਮੀਆਂ ਖੇਤ ਕੇਂਦਰਿਤ ਅਤੇ ਬਾਹਰਮੁਖੀ ਹੋਣ ਲੱਗਦੀਆਂ ਹਨ। ਕਸਰਤ ਲਈ ਵੀ ਇਹ ਮੌਸਮ ਵਧੀਆ ਹੈ। ਖੇਤਾਂ ਵਿਚ ਕੁਸ਼ਤੀਆਂ ਤੇ ਕਬੱਡੀਆਂ ਖੇਡੀਆਂ ਜਾਣ ਲੱਗਦੀਆਂ ਹਨ। ਮਾਲਸ਼ਾਂ ਹੁੰਦੀਆਂ ਹਨ ਅਤੇ ਡੰਡ-ਬੈਠਕਾਂ ਕੱਢਦੇ ਹਨ।




ਇਹ ਸੱਚ ਹੈ ਕਿ ਪੇਂਡੂ ਪੰਜਾਬ ਵਿਚ ਹੋਲੀ ਜਾਂ ਵੈਲਨਟਾਈਨ ਵਰਗੇ ਤਿਉਹਾਰ ਬਹੁਤੇ ਚੰਗੇ ਨਹੀਂ ਸਮਝੇ ਜਾਂਦੇ। ਗੁਰੂ ਗੋਬਿੰਦ ਸਿੰਘ ਜੀ ਨੇ ਖਾਸ ਤੌਰ 'ਤੇ ਇਸ ਮੌਸਮ ਵਿਚ ਹੋਲੀ ਵਰਗੇ ਕਾਮ-ਦੇਵ ਦੀ ਪੂਜਾ ਦੇ ਪਿਛੋਕੜ ਵਾਲੇ ਤਿਉਹਾਰ ਨੂੰ ਜਰਵਾਣਿਆਂ ਨਾਲ ਲੜਨ ਲਈ ਵਰਤਣ ਦਾ ਸੋਚਿਆ। ਜੋ ਕੌਮਾਂ ਕਾਮ-ਹੁਲਾਸ ਵਿਚ ਮਚਲਦੀਆਂ ਰਹਿਣ ਜਾਂ ਰੰਗ-ਰਲੀਆਂ ਮਨਾਉਂਦੀਆਂ ਰਹਿਣ, ਗੁਲਾਮ ਹੋ ਜਾਂਦੀਆਂ ਹਨ:

ਜੇ ਜੀਵੈ ਪਤਿ ਲਥੀ ਜਾਇ॥
ਤੇਤਾ ਹਰਾਮ ਜੇਤਾ ਕੁਛ ਖਾਇ॥

ਗੁਰੂ ਜੀ ਨੇ ਖੇਤਾਂ ਵਿਚ ਮਾਲਸ਼ਾਂ ਕਰਦੇ ਨੌਜੁਆਨਾਂ ਨੂੰ ਕੁਸ਼ਤੀਆਂ ਲੜਨ ਲਈ ਅਨੰਦਪੁਰ ਸਾਹਿਬ ਬੁਲਾਇਆ। ਉਨ੍ਹਾਂ ਨੂੰ ਯੁੱਧ ਕਲਾ ਸਿੱਖਣ ਲਈ ਪ੍ਰੇਰਿਆ। ਵੱਡੇ ਅਖਾੜੇ ਲੱਗਣ ਲੱਗੇ। ਛੇਤੀ ਹੀ ਸਾਰਾ ਪੰਜਾਬ ਹੋਲੀ ਦੀ ਥਾਂ ਹੋਲੇ ਵਿਚ ਸ਼ਾਮਲ ਹੋਣ ਲੱਗਾ। ਇਹ ਤਿੰਨ-ਦਿਨਾਂ ਮੇਲਾ ਅੱਜ ਵੀ ਪੰਜਾਬ ਦੇ ਸਿੱਖਾਂ ਲਈ ਵਿਸ਼ੇਸ਼ ਖਿੱਚ ਰੱਖਦਾ ਹੈ ਜਿਸ ਵਿਚ ਖਾਸ ਕਰ ਨਿਹੰਗਾਂ ਦੇ ਯੁੱਧ ਕਲਾ ਦੇ ਜੌਹਰ ਦੇਖਣ ਲਾਇਕ ਹੁੰਦੇ ਹਨ। ਪਹਿਲੇ ਵੇਲਿਆਂ ਵਿਚ ਲੋਕੀਂ ਪੈਦਲ ਜਾਂ ਸਾਈਕਲਾਂ 'ਤੇ ਅਨੰਦਪੁਰ ਸਾਹਿਬ ਜਾਂਦੇ ਸਨ। ਅੱਜ ਕੱਲ੍ਹ ਆਵਾਜਾਈ ਦੇ ਸਾਧਨ ਵਧਣ ਨਾਲ ਅਨੰਦਪੁਰ ਸਾਹਿਬ ਪਹੁੰਚਣਾ ਸੌਖਾ ਹੋ ਗਿਆ ਹੈ।

ਇਸ ਮੌਕੇ ਜਿਥੇ ਨਿਹੰਗ ਸਿੰਘ ਜੰਗੀ ਕਰਤਬ ਦਿਖਾਉਂਦੇ ਹਨ, ਉਥੇ ਧਾਰਮਕ ਤੇ ਰਾਜਨੀਤਕ ਸਟੇਜਾਂ ਲਈ ਵੀ ਵਧੀਆ ਮੌਕਾ ਬਣ ਜਾਂਦਾ ਹੈ। ਪੰਜਾਬੀ ਕਿਸਾਨ ਇਨ੍ਹੀਂ ਦਿਨੀਂ ਵਿਹਲਾ ਹੁੰਦਾ ਹੈ, ਕੁਝ ਦਿਨ ਲਈ ਬਾਹਰ ਨਿਕਲ ਸਕਣਾ ਸੁਖਾਲਾ ਹੁੰਦਾ ਹੈ। ਸ਼ਾਇਦ ਪੰਜਾਬ ਦਾ ਇਹ ਇਕੱਲਾ ਮੇਲਾ ਹੈ, ਜੋ ਸਾਰੇ ਪੰਜਾਬ 'ਚ ਵੱਡੀ ਹਲਚਲ ਮਚਾ ਦਿੰਦਾ ਹੈ। ਦਿਨ-ਰਾਤ ਗੱਡੀਆਂ ਅਨੰਦਪੁਰ ਸਾਹਿਬ ਨੂੰ ਚਲਦੀਆਂ ਹਨ ਅਤੇ ਰਸਤੇ ਵਿਚ ਚੌਵੀ ਘੰਟੇ ਲੰਗਰ ਚਲਦੇ ਹਨ। ਪਰਿਵਾਰਾਂ ਦੇ ਪਰਿਵਾਰ ਆਪਣੀਆਂ ਗੱਡੀਆਂ ਜਾਂ ਟਰੈਕਟਰ-ਟਰਾਲੀਆਂ ਉਤੇ ਸੰਗਤਾਂ ਦੇ ਰੂਪ ਵਿਚ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਹਨ। ਕਈ ਅਗਾਂਹ ਨੈਣਾ ਦੇਵੀ ਜਾਂ ਡੇਰਾ ਬਾਬਾ ਵਡਭਾਗ ਸਿੰਘ ਨੂੰ ਤੁਰ ਪੈਂਦੇ ਹਨ।

ਫੱਗਣ ਦੀ ਰੁੱਤ ਐਸੀ ਪਿਆਰੀ ਰੁੱਤ ਹੈ ਕਿ ਇਸ ਨੇ ਕਈ ਕਵੀਆਂ ਅੰਦਰ ਕਾਵਿਕ ਤਰੰਗਾਂ ਛੇੜੀਆਂ ਹਨ। ਸਾਡੇ ਲੋਕ ਗੀਤਾਂ ਵਿਚ ਵੀ ਫੱਗਣ ਦੀ ਰੁੱਤ ਦਾ ਵਿਸ਼ੇਸ਼ ਜ਼ਿਕਰ ਹੈ। ਕਾਲੀਦਾਸ ਵੀ ਇਸ ਰੁੱਤ ਬਾਰੇ ਵਿਸ਼ੇਸ਼ ਜ਼ਿਕਰ ਕਰਦਾ ਹੈ:

"ਬ੍ਰਿਛ ਪ੍ਰਫੁੱਲਤ ਹੋ ਉਠੇ ਹਨ, ਪਾਣੀ ਵਿਚ ਕੌਲ ਖਿੜ ਪਏ ਹਨ। ਪੌਣਾਂ ਮਹਿਕਦਾਰ ਹੋ ਗਈਆਂ ਹਨ, ਸ਼ਾਮਾਂ ਸੁਹਾਵਣੀਆਂ ਲੱਗਣ ਲੱਗ ਪਈਆਂ ਹਨ। ਗੱਲ ਕੀ ਬਸੰਤ ਵਿਚ ਸਭ ਕੁਝ ਹੀ ਸੋਹਣਾ-ਸੋਹਣਾ ਪਿਆ ਲੱਗਦਾ ਹੈ। ਪ੍ਰੇਮ ਗੀਤਾਂ ਦਾ ਜਨਮ ਹੁੰਦਾ ਹੈ। ਹਰ ਜੀਵ ਆਪਣੇ ਜੋੜੇ ਦੀ ਭਾਲ ਵਿਚ ਨਜ਼ਰ ਆਉਂਦੀ ਹੈ।"

ਅੰਮ੍ਰਿਤਾ ਪ੍ਰੀਤਮ ਦੀਆਂ ਫੱਗਣ ਦੀ ਰੁੱਤ ਬਾਰੇ ਕਿੰਨੀਆਂ ਹੀ ਕਵਿਤਾਵਾਂ ਹਨ:

ਰੰਗ ਦੇ ਦੁਪੱਟਾ ਮੇਰਾ
ਰੁੱਤੇ ਨੀ ਲਲਾਰਨੇ।
ਅੱਜ ਮੈਂ ਲੋਕਾਈ
ਉਤੇ ਸਾਰੇ ਰੰਗ ਵਾਰਨੇ।

ਇਕ ਸੁਪਨੇ ਵਰਗਾ ਰੰਗ
ਕਿ ਰੰਗ ਗੁਲਾਬ ਦਾ।
ਇਕ ਕੱਚਾ ਸੂਹਾ ਰੰਗ
ਸੋਹਲਵੇਂ ਸਾਲ ਦਾ।
ਇਕ ਪੱਕਾ ਸੂਹਾ ਰੰਗ
ਕਿ ਰੰਗ ਖਿਆਲ ਦਾ।
ਇਹ ਦੋ ਰੁਤਾਂ ਦਾ ਮੇਲ
ਹੁਨਾਲ ਸਿਆਲ ਦਾ।

ਮਹਾਨ ਕਵੀ ਧਨੀ ਰਾਮ ਚਾਤ੍ਰਿਕ ਵੀ ਫੱਗਣ ਮਹੀਨੇ ਬਸੰਤ ਰੁੱਤ ਬਾਰੇ ਲਿਖਦੇ ਹਨ:

ਫੱਗਣ ਮਾਹ ਮੁਬਾਰਕ ਚੜ੍ਹਿਆ
ਬੈਠੀ ਤਖਤ ਬਸੰਤੋ ਰਾਣੀ।
ਰੂਪ ਚੜ੍ਹ ਗਿਆ ਫੁੱਲਾਂ ਉਤੇ
ਫਸਲ ਫਲਾਂ ਜਵਾਨੀ ਮਾਣੀ।

ਸ਼ਿਵ ਕੁਮਾਰ ਬਟਾਲਵੀ ਵੀ ਖੁਸ਼ਬੂਆਂ ਦੀ ਗੱਲ ਕਰਦਿਆਂ ਫੱਗਣ-ਚੇਤਰ ਨੂੰ ਯਾਦ ਕਰਦਾ ਹੈ:

ਤੈਂਡੀਆਂ ਗਲੋੜੀਆਂ
ਜਿਉਂ ਕਿਣ-ਮਿਣ ਕਣੀਆਂ।
ਜਿਉਂ ਫੱਗਣ ਘਰ
ਮਹਿਕਾਂ ਜਣੀਆਂ।
ਜਿਵੇਂ ਮਦਰਾ ਦਾ ਦਰਿਆ
ਤੈਂਡੀਆਂ ਗਲੋੜੀਆਂ
ਜਿਉਂ ਚੇਤਰ ਦੀ ਵਾ।

ਪੰਜਾਬ ਵਿਚ ਇਸ ਮਹੀਨੇ ਹੋਲੀ ਤੋਂ ਬਿਨਾ ਸ਼ਿਵਰਾਤਰੀ ਦਾ ਤਿਉਹਾਰ ਅਤੇ ਜਗਰਾਵਾਂ ਦਾ ਰੋਸ਼ਨੀ ਦਾ ਮੇਲਾ ਆਉਂਦੇ ਹਨ। ਫੱਗਣ ਦੀ ਕ੍ਰਿਸ਼ਨ ਪੱਖ ਦੀ ਚੌਦਸ ਨੂੰ ਸ਼ਿਵਰਾਤਰੀ ਦਾ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਸ਼ਿਵ ਦੇ ਭਗਤ ਪੂਜਾ ਕਰਦੇ ਹਨ ਕਿ ਜਿਵੇਂ ਸ਼ਿਵ ਜੀ ਨੇ ਜ਼ਹਿਰ ਪੀ ਕੇ ਧਰਤੀ ਨੂੰ ਭਸਮ ਹੋਣੋਂ ਬਚਾ ਲਿਆ ਸੀ, ਉਵੇਂ ਹੀ ਭਗਵਾਨ ਉਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦਾ ਜ਼ਹਿਰ ਕਾਬੂ ਕਰਨ ਦੀ ਸਮਰੱਥਾ ਬਖਸ਼ੇ। ਇਹ ਉਤਸਵ ਸਾਰੇ ਭਾਰਤ ਵਿਚ ਹੀ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਹ ਉਤਸਵ ਬਟਾਲੇ ਲਾਗੇ ਅਚੱਲ ਸਾਹਿਬ ਵਿਖੇ ਮਨਾਇਆ ਜਾਂਦਾ ਹੈ, ਦੂਰ-ਦੂਰ ਤੋਂ ਸ਼ਿਵ ਭਗਤ, ਜੋਗੀ, ਮੁਨੀ ਪਹੁੰਚਦੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਜ਼ਿਕਰ ਆਇਆ ਹੈ:

ਸੁਣ ਮੇਲਾ ਸ਼ਿਵਰਾਤ ਦਾ
ਬਾਬਾ ਅਚਲ ਵਟਾਲੇ ਆਈ।

14, 15 ਤੇ 16 ਫੱਗਣ ਨੂੰ ਜ਼ਿਲਾ ਲੁਧਿਆਣਾ ਦੇ ਸ਼ਹਿਰ ਜਗਰਾਵਾਂ ਵਿਚ ਇਕ ਫਕੀਰ ਦੀ ਕਬਰ 'ਤੇ ਭਾਰੀ ਮੇਲਾ ਲੱਗਦਾ ਹੈ। ਕਹਿੰਦੇ ਹਨ ਕਿ ਪੋਨਿਆਂ ਵਾਲੇ ਇਸ ਫਕੀਰ ਦੀ ਕਬਰ 'ਤੇ ਸੁੱਖਣਾ ਸੁੱਖਣ ਨਾਲ ਸਭ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਸੁੱਖਣਾ ਪੂਰੀਆਂ ਹੋਣ 'ਤੇ ਫਕੀਰ ਦੀ ਕਬਰ ਉਤੇ ਚਿਰਾਗ ਬਾਲੇ ਜਾਂਦੇ ਹਨ, ਇਸ ਕਰ ਕੇ ਇਸ ਦਾ ਨਾਂ ਰੋਸ਼ਨੀ ਦਾ ਮੇਲਾ ਪੈ ਗਿਆ ਹੈ। ਲੋਕ ਚੌਕੀਆਂ ਭਰਨ ਲਈ ਦੋ ਦਿਨ ਪਹਿਲਾਂ ਹੀ ਪਹੁੰਚ ਜਾਂਦੇ ਹਨ। ਮੇਲਾ ਤਿੰਨ ਦਿਨ ਚੱਲਦਾ ਹੈ। ਮੌਸਮ ਕਿਉਂਕਿ ਖੁੱਲ੍ਹਾ ਹੁੰਦਾ ਹੈ, ਨਾ ਗਰਮੀ ਤੇ ਨਾ ਸਰਦੀ, ਇਸ ਲਈ ਕੁਸ਼ਤੀਆਂ ਤੇ ਕਬੱਡੀ ਦੇ ਮੁਕਾਬਲੇ ਹੁੰਦੇ ਹਨ। ਸੁੱਖਣਾ ਪੂਰੀਆਂ ਹੋਣ ਕਰ ਕੇ ਭੰਗੜੇ ਪੈਂਦੇ ਹਨ ਅਤੇ ਬੋਲੀਆਂ ਦਾ ਪਿੜ ਬੱਝਦਾ ਹੈ:

ਆਰੀ, ਆਰੀ, ਆਰੀ
ਵਿਚ ਜਗਰਾਵਾਂ ਦੇ
ਲੱਗਦੀ ਰੋਸ਼ਨੀ ਭਾਰੀ
ਮੁਨਸ਼ੀ ਡਾਂਗਾਂ ਦਾ
ਡਾਂਗ ਰੱਖਦਾ ਗੰਡਾਸੀ ਵਾਲੀ
ਕੋਹਰਾ ਰਕਬੇ ਦਾ
ਉਹ ਕਰਦਾ ਲੜਾਈ ਭਾਰੀ
ਅਰਜਨ ਚੀਮਿਆਂ ਦਾ
ਉਹ ਡਾਕੇ ਮਾਰਦਾ ਭਾਰੀ
ਮਦਨ ਭੰਕਿਆਂ ਦਾ
ਜੀਹਨੇ ਕੁੱਟਤੀ ਪੰਡੋਰੀ ਸਾਰੀ
ਧੰਨ ਕੌਰ ਦੌਧਰ ਦੀ
ਜਿਹੜੀ ਬੈਲਣ ਹੋਗੀ ਕਾਰੀ
ਮੌਲਕ ਸੂਰਮੇ ਨੇ
ਹੱਥ ਜੋੜ ਕੇ ਗੰਡਾਸੀ ਮਾਰੀ
ਬਈ ਪਰਲੋ ਆ ਜਾਂਦੀ
ਨਾ ਹੁੰਦੀ ਜੇ ਪੁਲਸ ਸਰਕਾਰੀ।

ਜਿਥੇ ਅੰਗਰੇਜ਼ੀ ਮਹੀਨੇ ਦਾ ਅੰਤ ਅਤੇ ਆਗਾਜ਼ ਅਤਿ ਸਰਦੀ ਵਿਚ ਹੁੰਦਾ ਹੈ, ਉਥੇ ਪੰਜਾਬੀ ਵਰ੍ਹੇ ਦਾ ਅੰਤ ਅਤੇ ਆਗਾਜ਼ ਅਤਿ ਸੁਹਾਵਣੇ ਮੌਸਮ ਨਾਲ ਹੁੰਦਾ ਹੈ, ਪਰ ਅਫਸੋਸ ਸਾਡੇ ਕਲਚਰ ਵਿਚ ਨਾ ਜਾਂਦੇ ਵਰ੍ਹੇ ਨੂੰ ਰੁਖਸਤ ਕਰਨ ਅਤੇ ਨਾ ਹੀ ਆਉਂਦੇ ਵਰ੍ਹੇ ਨੂੰ ਖੁਸ਼-ਆਮਦੀਦ ਕਹਿਣ ਦਾ ਰਿਵਾਜ਼ ਹੈ।

**(ਸਮਾਪਤ)**

# ਕੈਨੇਡਾ ਅਤੇ ਪੰਜਾਬੀ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਕੀਤਾ ਮਿਲਦਾ ਹੈ। ਪਿਛਲੇ ਅੰਕ ਵਿਚ ਅਸੀਂ ਪਾਠਕਾਂ ਲਈ 'ਸੁਦੇਸ਼ ਸੇਵਕ' (ਜੋ 1909 ਤੋਂ 1911 ਤੱਕ ਛਪਦਾ ਰਿਹਾ) ਵਿਚ ਛਪੀਆਂ ਤਿੰਨ ਲਿਖਤਾਂ ਛਾਪੀਆਂ ਸਨ। ਐਤਕੀਂ 'ਸੰਸਾਰ' (ਸਨਸਾਰ) ਵਿਚ ਛਪੀਆਂ ਤਿੰਨ ਲਿਖਤਾਂ ਪਾਠਕਾਂ ਦੀ ਨਜ਼ਰ ਹਨ। ਲਿਖਤ ਵਿਚ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰ ਹੋ ਸਕਣ। ਇਹ ਪਰਚਾ ਸਤੰਬਰ 1912 ਤੋਂ ਜੁਲਾਈ 1914 ਤੱਕ ਛਪਦਾ ਰਿਹਾ। ਇਸ ਦੇ ਸੰਪਾਦਕ ਕਰਤਾਰ ਸਿੰਘ ਹੁੰਦਲ ਸਨ। ਇਨ੍ਹਾਂ ਲਿਖਤਾਂ ਵਿਚ ਪਰਦੇਸ ਪੁੱਜੇ ਜਿਊੜਿਆਂ ਨੂੰ ਪੇਸ਼ ਮੁਸੀਬਤਾਂ ਬਾਰੇ ਸੂਹ ਮਿਲਦੀ ਹੈ। -ਸੰਪਾਦਕ*

ਅਮਰੀਕਾ ਦੇ ਹਿੰਦੁਸਤਾਨੀ ਬਹੁਤ ਕਰਕੇ ਸੂਬਾ ਬੰਬਈ ਤੇ ਗੁਜਰਾਤ ਵੱਲੋਂ ਹਨ। ਇਸੇ ਤਰ੍ਹਾਂ ਕੈਨੇਡਾ ਵਿਚ ਜ਼ਿਆਦਾ ਕਰਕੇ ਪੰਜਾਬੀ ਪੁੱਜੇ ਹਨ। ਇਹ ਹਿੰਦੁਸਤਾਨ ਦੀ ਬਦਕਿਸਮਤੀ ਹੈ ਕਿ ਉਸ ਦੇ ਵਸਨੀਕ ਬਹੁਤ ਸਾਰੀਆਂ ਕੌਮਾਂ, ਮਜ਼ਹਬਾਂ ਤੇ ਫਿਰਕਿਆਂ ਵਿਚ ਵੰਡੇ ਹੋਏ ਹਨ ਤੇ ਉਹ ਇਕ ਜਾਨ ਹਿੰਦੁਸਤਾਨੀ ਕੌਮ ਬਣ ਕੇ ਆਪਣੇ ਸਾਰੇ ਕੌਮੀ ਦੁੱਖਾਂ ਦੀ ਨਵਿਰਤੀ ਦਾ ਘੱਟ ਪ੍ਰਬੰਧ ਕਰਦੇ ਹਨ, ਸਗੋਂ ਅਲੱਗ-ਅਲੱਗ ਆਪਣੇ-ਆਪਣੇ ਲਈ ਜ਼ੋਰ ਲਾ ਰਹੇ ਹਨ, ਜੋ ਉਕਾ ਹੀ ਲਾਭਦਾਇਕ ਨਹੀਂ ਹੋ ਰਿਹਾ। ਅਮਰੀਕਾ ਦੇ ਹਿੰਦੁਸਤਾਨੀਆਂ ਦੇ ਦੁੱਖਾਂ ਦੀ ਪੀੜ ਪਹਿਲਾਂ ਬੰਬਈ ਤੇ ਗੁਜਰਾਤ ਦੇ ਕਾਠੀਆਵਾੜ ਦੇ ਭਰਾਵਾਂ ਨੇ ਮਲੂਮ ਕੀਤੀ ਤੇ ਫੇਰ ਕੁਲ ਸੂਬਿਆਂ ਦੇ ਭਾਈ ਹਿੱਲ ਪਏ। ਉਹ ਬਿਜਲੀ ਵਰਗੀ ਕੌਮੀ ਲਹਿਰ ਅੱਜ ਹਿੰਦੁਸਤਾਨ ਵਿਚ ਮੱਧਮ ਹੈ ਕਿ ਹਿੰਦ ਦੇ ਜਾਏ ਨੂੰ ਪੀੜ ਹੋਵੇ ਤਾਂ ਕੁਲ ਮੁਲਕ ਤੁਬਕ ਉਠੇ। ਇਕ ਜਾਪਾਨੀ ਦੀ ਕਿਸੇ ਵੀ ਦੁਨੀਆਂ ਦੇ ਹਿੱਸੇ ਵਿਚ ਹਤਕ ਹੋਵੇ ਤਾਂ ਕੁਲ ਜਾਪਾਨ ਉਸ ਨੂੰ ਸੁਣਦੇ ਸਾਰ ਹੀ ਚੀਖ ਉਠਦਾ ਹੈ। ਇਕ ਅੰਗਰੇਜ਼ ਦੀ ਦੁਨੀਆਂ ਵਿਚ ਕਿਤੇ ਜ਼ਰਾ ਵੀ ਨਰਾਦਰੀ ਹੋਵੇ ਤਾਂ ਕੁਲ ਕੌਮ ਉਸ ਨੂੰ ਆਪਣਾ ਜਿਗਰੀ ਦੁੱਖ ਸਮਝਦੀ ਹੈ, ਪਰ ਹਾਏ ਬਦਕਿਮਸਤੀ! ਸਾਡੀ ਹਿੰਦੁਸਤਾਨੀ ਕੌਮ ਇਹ ਗੁਣ ਗੁਆ ਬੈਠੀ ਹੈ। ਕੌਮੀ ਆਣ ਦਾ ਮੁੱਲ ਸਾਡੀ ਨਜ਼ਰ ਵਿਚ ਬਹੁਤ ਹੀ ਹਲਕਾ ਹੋ ਗਿਆ ਹੈ। ਸਾਨੂੰ ਇਕ ਮੁਲਕ ਵਿਚ ਰਹਿੰਦਿਆਂ ਡੂਢ-ਡੂਢ ਪਾ ਅਲੱਗ ਪਕਾਈ ਖਿਚੜੀ ਸੁਆਦ ਲੱਗਦੀ ਹੈ।


ਸਚ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ

THE SANSAR

THE HINDUSTANI PAPER OF CANADA

VICTORIA, B. C. CANADA.

ਅਖਬਾਰ ਸੰਸਾਰ

ਵਿਕਟੋਰੀਆ ਬੀ ਸੀ ਕੈਨੇਡਾ

ਜਿਲਦਦੂਜੀ ਨਵੰਬਰ - ਸੰਮਤ ਈ ਨੰਬਰ ਚੌਥਾ


*ਕੈਨੇਡਾ ਤੋਂ ਛਪਦੇ ਰਹੇ ਪਰਚੇ 'ਸੰਸਾਰ' ਦਾ ਮੁਖੜਾ*

ਅੱਜ ਚਾਰ ਸਾਲ ਹੋਣ ਲੱਗੇ ਹਨ ਜਦ ਕਿ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਵੜਨ ਦੀ ਰੋਕ ਹੋਈ ਸੀ, ਪਰ ਦੇਖੋ ਸਾਡੀ ਕੌਮੀਅਤ ਦਾ ਜੋਸ਼ ਕਿ ਅੱਜ ਤਾਈਂ 30 ਕਰੋੜ ਗਿਣਤੀ ਵਾਲੀ ਕੌਮ ਦੇ ਕੰਨ ਪੁਰ ਜੂੰ ਤੱਕ ਭੀ ਨਹੀਂ ਖਿਸਕੀ। ਕੀ ਪ੍ਰਵਾਹ ਹੈ ਕਿ ਕੋਈ ਮੁਲਕ ਬੰਦ ਰਹੇ ਜਾਂ ਖੁੱਲ੍ਹਾ ਰਹੇ। ਕਿਤੇ ਹਿੰਦੁਸਤਾਨੀ ਨੂੰ ਵੜਨਾ ਮਿਲੇ ਜਾਂ ਧੱਕੇ ਪੈਣ, ਹਮਾਰੀ ਤੋਂ ਅੱਛੀ ਗੁਜ਼ਰ ਰਹੀ ਹੈ। ਕੈਨੇਡਾ ਦਾ ਸਵਾਲ ਹਿੰਦੁਸਤਾਨੀ ਸਵਾਲ ਹੈ। ਕੈਨੇਡਾ ਵਿਚ ਉਤਰਨ ਵੇਲੇ ਇਹ ਨਹੀਂ ਪੁਛਿਆ ਜਾਂਦਾ ਕਿ ਆਪ ਭਾਰਤ ਵਾਸੀ ਹੋ, ਕੈਨੇਡਾ ਦੀ ਹੱਦ ਪੁਰ ਹਿੰਦੁਸਤਾਨੀ ਹੋਣਾ ਉਤਰਨ ਵਿਚ ਰੋਕ ਪਾਉਂਦਾ ਹੈ ਤਾਂ ਫੇਰ ਕੈਨੇਡਾ ਦੇ ਤਿੰਨ ਚਾਰ ਹਜ਼ਾਰ ਤਾਂ ਏਥੇ ਦੇ ਕਾਨੂੰਨਾਂ ਨੂੰ ਕੱਟ ਗੁਜ਼ਰਨਗੇ, ਪਰ ਕੁਲ ਕੌਮ ਕਿਸ ਇੱਜ਼ਤ ਪੁਰ ਮਾਣ ਕਰੇਗੀ। ਸ਼ੋਕ ਹੈ ਕਿ ਜਿਸ ਪੰਜਾਬ ਸੂਬੇ ਤੋਂ ਇਹ ਕੈਨੇਡਾ ਵਾਸੀ ਬਦਕਿਸਮਤ ਹਿੰਦੁਸਤਾਨੀ ਆਏ ਹਨ, ਉਸ ਦੀ ਏਕਤਾ ਤੇ ਕੌਮੀਅਤ ਭੀ ਕਮਜ਼ੋਰ ਹਾਲਤ ਵਿਚ ਹੈ। ਬੰਗਾਲ, ਮਦਰਾਸ, ਬੰਬਈ ਦੀ ਤਰ੍ਹਾਂ ਉਥੇ ਕੋਈ ਸਾਂਝੀ ਸਾਰੀਆਂ ਕੌਮਾਂ ਦੀ ਕਾਨਫਰੰਸ ਨਹੀਂ ਜੁੜਦੀ ਜੋ ਹਿੰਦੁਸਤਾਨ ਦੇ ਸਾਰੇ ਦੁੱਖਾਂ ਨੂੰ ਵਿਚਾਰੇ। ਅਖਬਾਰਾਂ ਦੇ ਦੰਗਲ ਮਜ਼ਹਬ ਦੇ ਝਗੜੇ, ਆਗੂਆਂ ਦੀਆਂ ਲੜਾਈਆਂ, ਇਲਾਕੇਬੰਦੀਆਂ ਦੇ ਰੌਲੇ, ਇਹ ਕਾਫੀ ਜ਼ਰੂਰੀ ਕੰਮ ਹਨ, ਜਿਨ੍ਹਾਂ ਵਿਚੋਂ ਪੰਜਾਬੀਆਂ ਨੂੰ ਫੁਰਸਤ ਹੀ ਨਹੀਂ ਮਿਲਦੀ। ਉਹ ਕੈਨੇਡਾ ਵਿਚ ਗਏ ਹੋਇਆਂ ਦਾ ਕੀ ਬੰਦੋਬਸਤ ਸੋਹਣ। ਸ਼ੋਕ ਹੈ, ਸਾਡੀ ਇਸ ਗਿਰੀ ਹੋਈ ਹਾਲਤ ਪੁਰ ਜਿਨ੍ਹਾਂ ਪੰਜਾਬ ਦੇ ਸਿੱਖਾਂ, ਸਤਿਗੁਰੂ ਨੇ ਕੁੱਲ ਸ੍ਰਿਸ਼ਟੀ ਮਾਤਰ ਦੇ ਨਿਰਮਾਣ ਸੇਵਾ ਦਾ ਗੁਣ ਬਖਸ਼ਿਆ ਸੀ ਤੇ ਸੱਚੇ ਹਿੰਦੁਸਤਾਨੀ ਦੇ ਫਰਜ਼ ਸਮਝਾਏ ਸੀ, ਉਨ੍ਹਾਂ ਦੀ ਆਪਣੀ ਪਾਟੋ ਧਾੜ ਵੱਡਿਆਂ ਨੂੰ ਲੀਕਾਂ ਲਾ ਰਹੀ ਹੈ।

ਸੱਚ ਨੂੰ ਪ੍ਰਗਟ ਕਰਨ ਵਾਲਾ ਸਾਡਾ ਸਮਕਾਲੀ 'ਖਾਲਸਾ ਸੇਵਕ' ਛੇਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਅੰਬਾਲਾ ਦੀ ਕਾਰਵਾਈ ਪੁਰ ਰੀਵਿਊ ਕਰਦਾ ਹੋਇਆ ਸ਼ੋਕ ਨਾਲ ਲਿਖਦਾ ਹੈ ਕਿ ਅਜਿਹੇ ਕੌਮੀ ਇਕੱਠ ਵਿਚ ਕੈਨੇਡਾ ਦੇ ਭਰਾਵਾਂ ਦੀਆਂ ਤਕਲੀਫਾਂ ਪੁਰ ਕਿਸੇ ਨੇ ਵਿਚਾਰ ਨਹੀਂ ਕੀਤੀ। ਜੇ ਇਥੇ ਨਹੀਂ ਕੀਤੀ ਤਾਂ ਕਿਸ ਇਕੱਠ ਵਿਚ ਇਸ ਮਾਮਲੇ ਨੂੰ ਉਠਾਵੋਗੇ? ਅਸੀਂ ਆਪਣੇ ਮਾਣਯੋਗ ਸਮਕਾਲੀ ਦੇ ਬੜੇ ਧੰਨਵਾਦੀ ਹਾਂ ਤੇ ਬੇਨਤੀ ਕਰਦੇ ਹਾਂ ਕਿ ਆਪ ਜ਼ਰੂਰ ਇਸ ਮਾਮਲੇ ਲਈ ਕੌਮ ਨੂੰ ਤਿਆਰ-ਬਰ-ਤਿਆਰ ਕਰਕੇ ਆਰਾਮ ਲਵੋ। ਅੰਤ ਵਿਚ ਸਾਡੀ ਕੁਲ ਪੰਜਾਬ ਵਾਸੀ ਭਰਾਵਾਂ ਅੱਗੇ ਬੇਨਤੀ ਹੈ ਕਿ ਆਪ ਕੈਨੇਡਾ ਦੇ ਭਰਾਵਾਂ ਦੀਆਂ ਨਹੀਂ, ਤੁਹਾਡੀਆਂ ਆਪਣੀਆਂ ਔਕੜਾਂ ਦਾ ਝਟਪਟ ਬੀੜਾ ਉਠਾਉ। ਆਪਣੀ ਕੌਮੀਅਤ ਨੂੰ ਮੁੱਖ ਰੱਖ ਕੇ ਸਭ ਫਰਕ ਭੁੱਲ ਜਾਉ ਤੇ ਕੈਨੇਡਾ ਦੇ ਵਿਚ ਦਾਖਲ ਹੋਣ ਦੇ ਹੱਕ ਨੂੰ ਲੈਣ ਵਾਸਤੇ ਸਭ ਮਿਲ ਕੇ ਇਕ ਖਾਸ ਕਮੇਟੀ ਬਣਾਓ।

## ਗੁਰਮੁਖੀ ਅੰਗਰੇਜ਼ੀ ਛਾਪਾਖਾਨਾ

ਅੱਜ ਦਸ ਮਹੀਨੇ ਹੋਣ ਵਾਲੇ ਹਨ ਜਦ ਕਿ ਅਸੀਂ ਅਕਾਲ ਪੁਰਖ ਦੇ ਭਰੋਸੇ ਪਰ ਇਸ ਦੇਸ਼ ਵਿਚ ਆਪਣਾ ਗੁਰਮੁਖੀ ਤੇ ਅੰਗਰੇਜ਼ੀ ਦਾ ਛਾਪਾਖਾਨਾ ਤੇ ਅਖਬਾਰ ਚਲਾਉਣ ਦਾ ਬੀੜਾ ਚੁੱਕਿਆ ਸੀ। ਸਿਰਜਣਹਾਰ ਦਾ ਕੋਟਾਨ ਕੋਟ ਸ਼ੁਕਰ ਹੈ ਜਿਸ ਦੀ ਅਪਾਰ ਕ੍ਰਿਪਾ ਨਾਲ ਅਸਾਂ ਪੰਜ ਸਰੀਰਾਂ ਦੀ ਰਾਤ ਦਿਨ ਦੀ ਜਾਨ ਮਾਰਵੀਂ ਮਿਹਨਤ ਦਾ ਫਲ ਅੱਜ ਇਹ ਅਖਬਾਰ ਆਪ ਦੇ ਹੱਥ ਵਿਚ ਹੈ। ਇਹ ਕਰੜੀ ਸੇਵਾ ਜਿਸ ਦੇ ਬਣਨ ਜਾਂ ਨਾ ਬਣਨ ਨਾਲ ਸਾਡਾ ਇਸ ਦੇਸ਼ ਵਿਚ ਰਹਿਣ ਜਾਂ ਉਜੜਨ ਦਾ ਤੁਅਲਕ ਸੀ ਤੇ ਜਿਸ ਨੂੰ ਬੁਰੇ ਭਾਗਾਂ ਨੂੰ ਇਸ ਚਮਕਦੇ ਦੇਸ਼ ਵਿਚ ਭੀ ਆ ਕੇ ਸੌ ਵਿਚੋਂ ਸੱਠ ਭਰਾ ਨਹੀਂ ਸੀ ਸਮਝ ਰਹੇ ਤੇ ਬਾਕੀ ਦੇ ਚਾਲੀਆਂ ਵਿਚ ਭੀ ਵੀਹ ਆਪਣੀਆਂ ਗਰਜ਼ਾਂ ਦੇ ਵੱਸ ਹੋ ਕੇ ਅੰਧਕਾਰ ਦੇ ਕਾਬੂ ਆ ਕੇ ਭੰਨਣ ਤੋੜਨ ਲਈ ਆਪਣਾ ਵਿਤੋਂ ਬਾਹਰਲਾ ਜ਼ੋਰ ਲਾ ਰਹੇ ਸਨ। ਕਿਸ ਤਰ੍ਹਾਂ ਸਿਰੇ ਚੜ੍ਹੀ ਇਹ ਇਕ ਸੇਵਕਾਂ ਦੀ ਦੁੱਖ ਭਰੀ ਵਿਥਿਆ ਹੈ, ਜਿਸ ਨੂੰ ਖੋਲ੍ਹ ਕੇ ਫੋਲਿਆਂ ਤੇ ਸਾਡੀ ਕੌਮ ਦੀ ਠੀਕ ਹਾਲਤ ਦਾ ਪੂਰਾ ਅੰਦਾਜ਼ਾ ਲੱਗ ਸਕਦਾ ਹੈ। ਜੋ ਆਦਮੀ ਜਿਸ ਟਾਹਣੇ ਪਰ ਖੜ੍ਹਾ ਹੋਵੇ, ਉਸ ਨੂੰ ਹੀ ਕੁਹਾੜੇ ਦੇ ਜ਼ੋਰਦਾਰ ਟੱਕ ਲਾਈ ਜਾਵੇ, ਉਸ ਦੇ ਹੱਡ ਪਸਲੀ ਟੁੱਟਣ ਵਿਚ ਕਿਸੇ ਨੂੰ ਕੀ ਸ਼ੱਕ ਹੋ ਸਕਦਾ ਹੈ? ਸੱਚਮੁੱਚ ਇਹੋ ਹੀ ਹਾਲ ਅੱਜ ਸਾਡਾ ਇਸ ਦੇਸ਼ ਵਿਚ ਹੈ। ਅਸੀਂ ਆਪਣੇ ਪੈਰਾਂ ਉਤੇ ਆਪ ਕੁਹਾੜੀ ਮਾਰ ਰਹੇ ਹਾਂ। ਜੇ ਫੇਰ ਜ਼ਖਮ ਹੁੰਦਾ ਹੈ ਤਾਂ ਚੀਖ ਚਿਹਾੜਾ ਕਾਹਦਾ ਹੈ? ਜੋ ਸੇਵਕ ਸਾਂਝੇ ਕੌਮੀ ਦੁੱਖਾਂ ਤੇ ਦੁਰਗਤੀਆਂ ਦੀ ਨਵਿਰਤੀ ਨੂੰ ਮੁੱਖ ਰੱਖ ਕੇ ਆਪਣਾ ਤਨ ਮਨ ਧਨ ਵਾਰ ਕੇ ਕਠਿਨ ਸੇਵਾ ਦਾ ਜਿਸ ਨੂੰ ਅਸੀਂ ਆਪ ਕਰ ਨਹੀਂ ਕਰ ਸਕੇ, ਬੀੜਾ ਚੁੱਕ, ਅਸੀਂ ਉਨ੍ਹਾਂ ਦੇ ਪੈਰਾਂ ਵਿਚ ਕੰਡੇ ਖਿਲਾਰਦੇ ਹਾਂ ਤੇ ਜਾਂ ਉਨ੍ਹਾਂ ਦੇ ਉਦਮ ਦਾ ਉਕਾ ਹੀ ਪਿੱਛਾ ਨਹੀਂ ਕਰਦੇ। ਗਜ਼ਬ ਦੀ ਗੱਲ ਹੈ ਕਿ ਅਮਰੀਕਾ ਜਿਹੇ ਰੌਸ਼ਨ ਦੇਸ਼ ਵਿਚ ਕੁਝ ਸੇਵਕ ਹਜ਼ਾਰਾਂ ਭਰਾਵਾਂ ਦੇ ਦੇਖਦਿਆਂ ਕੌਮ ਦੀ ਬਹੁਤ ਵੱਡੀ ਲੋੜ ਅਖਬਾਰ ਜਿਹੀ ਪਵਿੱਤਰ ਸੇਵਾ ਨੂੰ ਪੂਰਾ ਕਰਨ ਦਾ ਬੀੜਾ ਉਠਾਉਣ, ਦਿਨ ਰਾਤ ਦੁੱਖ ਸਹਿਣ ਪਰ ਉਨ੍ਹਾਂ ਨੂੰ ਸਾਲ ਭਰ ਤਰਸਾਇਆ ਜਾਵੇ। ਇਸ ਪਵਿੱਤਰ ਕੰਮ ਦੇ ਹੁੰਦਿਆਂ ਹੋਇਆਂ ਸਾਨੂੰ ਕਈ ਮਹੀਨੇ ਕਸ਼ਟ ਭੋਗਦਿਆਂ ਨੂੰ ਲੰਘ ਗਏ। ਥਾਂ-ਕੁ-ਥਾਂ ਹਰ ਜਗ੍ਹਾ ਜਾ ਕੇ ਭਰਾਵਾਂ ਪਾਸ ਅਰਜ਼ਾਂ ਕੀਤੀਆਂ। ਪੈਰਾਂ ਨੇ ਪੁੱਜ ਕੇ ਰਸਤੇ ਮਿਣੇ। ਅਨੇਕਾਂ ਰਾਤਾਂ ਸਫਰ ਦੀਆਂ ਤੇ ਅਨੇਕ ਡੰਗ ਵਿਲੂੰ ਵਿਲੂੰ ਕਹਾਉਂਦੀ ਭੁੱਖ ਦੇ ਟੱਪ ਗਏ। ਉਨ੍ਹਾਂ ਹੀ ਭਰਾਵਾਂ ਦੇ ਜਿਨ੍ਹਾਂ ਦੇ ਭਲੇ ਲਈ ਇਹ ਉਦਮ ਸੀ, ਕਈ ਥਾਂਵਾਂ ਪਰ ਕੋਝੇ ਕੋਝੇ ਬਚਨਾਂ ਤੇ ਰੁਸੇਵਿਆਂ ਨੇ ਸਾਨੂੰ ਬਹੁਤ ਉਡੀਕ ਵਿਚ ਰਖਿਆ। ਓੜਕ ਨੂੰ ਅੱਜ ਇਹ ਸਿੱਟਾ ਹੈ ਕਿ ਆਪ ਦੇ ਹੱਥ ਵਿਚ ਮੋਰੀ ਹੈ ਜਿਸ ਦੀ ਭਾਲ ਵਿਚ ਅਸੀਂ ਸਾਰਾ ਸਾਲ ਥੱਕ ਚੁੱਕੇ ਤੇ ਹੁਣ ਇਸ ਦੇ ਸਾਂਭਣ ਲਈ ਰਾਤ ਪਰ ਦਿਨ ਖਪ ਰਹੇ ਹਾਂ। ਇਹ ਪੱਕਾ ਪਤਾ ਲੱਗ ਚੁੱਕਾ ਸੀ ਕਿ ਅਖਬਾਰ ਦੇ ਪੂਰੇ ਤੌਰ 'ਤੇ ਕਾਇਮ ਹੋਣ ਤੋਂ ਬਿਨਾਂ ਸਾਡੇ ਭਰਾਵਾਂ ਦਾ ਇਸ ਦੇਸ਼ ਵਿਚ ਇਕ ਰਾਏ ਹੋਣਾ ਅਣਹੋਣਾ ਹੈ, ਕਿਉਂਕਿ ਉਹ ਖਿੰਡੇ ਹੋਏ ਹਨ, ਦੂਰ ਦੂਰ ਹਨ, ਪਰ ਉਨ੍ਹਾਂ ਦੇ ਦੁੱਖ-ਸੁੱਖ ਸਾਂਝੇ ਹਨ ਤੇ ਉਨ੍ਹਾਂ ਨੂੰ ਇਸ ਲਈ ਇਕ ਜਾਨ ਹੋਣ ਦੀ ਡਾਹਡੀ ਲੋੜ ਹੈ ਤੇ ਉਸ ਲਈ ਅਖਬਾਰ ਦੀ ਪੁੱਜ ਕੇ ਲੋੜ ਹੈ। ਆਪ ਹੀ ਸੋਚੋ ਕਿ ਤੁਸੀਂ ਇਨ੍ਹਾਂ ਦੇਸ਼ਾਂ ਵਿਚ ਕੋਈ ਐਸੀ ਕੌਮ ਡਿੱਠੀ ਹੈ ਜਿਸ ਦਾ ਕੋਈ ਅਖਬਾਰ ਨਾ ਹੋਵੇ। ਸੱਚ ਜਾਣੋ, ਪਰਤਾ ਲਓ, ਸਾਡੀ ਬਦਕਿਸਮਤ ਕੌਮ ਤੋਂ ਬਿਨਾਂ ਇਕ ਭੀ ਨਹੀਂ ਸੀ। ਕਿਸੇ ਚੀਨੀ, ਜਾਪਾਨੀ, ਜਰਮਨ, ਇਟੇਲੀਅਨ ਨੂੰ ਇਸ ਦੇਸ਼ ਵਿਚ ਦੇਖੋ, ਤਰਕਾਲਾਂ ਨੂੰ ਕੰਮ ਤੋਂ ਆ ਕੇ ਆਪਣਾ ਅਖਬਾਰ ਪੜ੍ਹ ਰਿਹਾ ਹੈ। ਆਪਣੀ ਕੌਮ ਦੇ ਆਪਣੇ ਦੁੱਖ ਸੁੱਖ ਵੀਚਾਰਦਾ ਹੈ, ਦੁਨੀਆਂ ਦੇ ਬੀਤ ਰਹੇ ਢੰਗ ਵੱਲ ਧਿਆਨ ਮਾਰਦਾ ਹੈ, ਪਰ ਆਪ ਹੀ ਦੱਸੋ ਕਿ ਸਾਡੇ ਭਾਈਚਾਰੇ ਦਾ ਸੂਰਜ ਛਿਪਣ ਵੇਲੇ ਕੀ ਹਾਲ ਹੁੰਦਾ ਹੈ। ਕਿਤਨੇ ਕੁ ਹਿੰਦੂ ਇਸ ਦੇਸ਼ ਵਿਚ ਬੇਖਬਰੇ ਹੀ ਮਰ ਗਏ, ਕਿਤਨੇ ਬੇਖਬਰ ਹੀ ਧੋਖਿਆਂ ਵਿਚ ਲੁੱਟੇ ਗਏ ਤੇ ਕਿਤਨੇ ਕੁ ਨਾਮੁਰਾਦ ਬੀਮਾਰੀਆਂ ਵਿਚ ਰੁਲ ਰਹੇ ਹਨ। ਕੀ ਆਪ ਗਿਣ ਸਕਦੇ ਹੋ? ਜ਼ਰਾ ਇਕ ਮਿੰਟ ਲਈ ਵਿਚਾਰੋ ਸਾਡਾ ਕੀ ਹਾਲ ਹੈ? ਜਦ ਸਾਡਾ ਖਿੰਡੇ ਹੋਇਆਂ ਦਾ ਇਸ ਮੁਲਕ ਵਿਚ ਕੋਈ ਅਖਬਾਰ ਹੀ ਨਹੀਂ ਹੈ ਤਾਂ ਸਾਨੂੰ ਆਪਣੇ ਆਪ ਦਾ ਤੇ ਕੌਮ ਦਾ ਪਤਾ ਹੀ ਕੀ ਲੱਗ ਸਕਦਾ ਸੀ। ਇਹ ਆਪਣੇ ਤੌਰ ਉਤੇ ਘਾਟੇ ਸਨ ਜੋ ਸਾਨੂੰ ਮਾਰਦੇ ਸਨ। ਦੂਜੀ ਤਰਫ ਇਸ ਮੁਲਕ ਦੇ ਅਖਬਾਰਾਂ ਦੀ ਬਾਬਤ ਤਾਂ ਪੁੱਛਦੇ ਹੀ ਕੀ ਹੋ। ਅਨੇਕਾਂ ਅਣਹੋਣੇ ਪੱਥਰ ਸਾਡੀ ਬਾਬਤ ਕੈਨੇਡਾ ਦੇ ਅਖਬਾਰਾਂ ਨੇ ਪੱਥ ਪੱਥ ਕੇ ਇਥੋਂ ਦੇ ਲੋਕਾਂ ਨੂੰ ਸਾਡੇ ਬਰਖਿਲਾਫ ਭੜਕਾਇਆ ਤੇ ਭੜਕਾ ਰਹੇ ਹਨ। ਜੋ ਕਿਸੇ ਦੇ ਮਨ ਵਿਚ ਆਇਆ, ਸਾਨੂੰ ਕਿਹਾ, ਪਰ ਅਸੀਂ ਗੁੰਗਿਆਂ ਦੀ ਸਮਾਨ ਬਿਨਾਂ ਬੰਦੋਬਸਤ ਤੋਂ ਕੀ ਕਰ ਸਕਦੇ ਸਾਂ, ਇਸ ਚਿਰ ਦੀ ਚੁੱਪ ਨੂੰ ਤੋੜਨ ਲਈ ਜੋ ਕੋਈ ਸਾਡੇ ਬਰਖਿਲਾਫ ਲਿਖੇ, ਉਸੇ ਦਾ ਸੱਚਾ ਉਤਰ ਦੇਣ ਲਈ ਇਹ ਨਾਲ ਦਾ ਅੰਗਰੇਜ਼ੀ ਦਾ ਹਿੱਸਾ ਲਗਾਇਆ ਹੈ। ਹੁਣ ਆਪ ਜ਼ਰਾ ਇਨਸਾਫ ਨਾਲ ਦੱਸ ਦਿਓ ਕਿ ਇਹ ਕਿਸ ਤਰ੍ਹਾਂ ਦੀ ਸੇਵਾ ਸੀ ਤੇ ਇਸ ਨੂੰ ਕੀ ਕੁਝ ਸਮਝਿਆ ਗਿਆ। ਆਓ, ਹੁਣ ਵੀ ਕੁਝ ਨਹੀਂ ਵਿਗੜਿਆ। ਸੰਭਾਲੋ, ਆਪਣੀ ਕੌਮ ਦੀ ਲਾਜ ਨੂੰ ਸੰਭਾਲੋ। ਖੁਸ਼ੀ ਕਰੋ, ਆਪਣਾ ਛਾਪਾਖਾਨਾ ਤਿਆਰ ਹੋ ਗਿਆ ਹੈ। ਅਖਬਾਰ ਸਾਫ ਗੁਰਮੁਖੀ ਅੱਖਰਾਂ ਵਿਚ ਆਪਣੇ ਸਾਹਮਣੇ ਹੈ। ਇਸ ਨੂੰ ਪੜ੍ਹੋ, ਫਿਰ ਪੜ੍ਹੋ ਤੇ ਵਿਚਾਰੋ। ਆਪਣੀ ਡਿਊਟੀ ਨੂੰ ਪੂਰਾ ਕਰੋ। ਇਸ ਅਖਬਾਰ ਦੇ ਵਧਾਉਣ ਲਈ ਜਗ੍ਹਾ ਜਗ੍ਹਾ ਉਤੇ ਆਪਣਾ ਜ਼ੋਰ ਲਾ ਦਿਓ ਤਾਂ ਕਿ ਇਹ ਚੰਗੀ ਤਰ੍ਹਾਂ ਰਿੜ੍ਹ ਕੇ ਵੱਧ ਤੋਂ ਵੱਧ ਸੇਵਾ ਕਰੇ। ਅਸੀਂ ਇਸ ਪੁਰ ਆਪਣੀ ਸਾਰੀ ਵਾਹ ਲਗਾ ਦਿੱਤੀ ਹੈ। ਕੋਈ ਚੀਜ਼ ਇਸ ਤੋਂ ਪਿਆਰੀ ਨਹੀਂ ਰੱਖੀ, ਇਸ ਪ੍ਰਦੇਸ਼ ਵਿਚ ਜਿਥੇ ਗੁਰਮੁਖੀ ਛਾਪੇਖਾਨੇ ਨੂੰ ਚਲਾਉਣ ਵਾਲਾ ਆਦਮੀ ਨਹੀਂ ਮਿਲ ਸਕਦਾ ਤੇ ਨਵਾਂ ਮੁਲਕ ਤੋਂ ਆ ਨਹੀਂ ਸਕਦਾ, ਸਾਨੂੰ ਅੱਧੀ ਰਾਤ ਕਾਗਜ਼ ਲਭਦਿਆਂ ਤੇ ਦਿਨ ਅੱਖਰ ਜੋੜਦਿਆਂ ਤੇ ਮਸ਼ੀਨ ਪੁਰ ਲਟਕਦਿਆਂ ਬੀਤ ਜਾਂਦਾ ਹੈ। ਆਪ ਖਿਆਲ ਕਰੋ ਕਿ ਅਸੀਂ ਕੋਈ ਕਸਰ ਬਾਕੀ ਰੱਖੀ ਹੈ? ਕੀ ਸਾਡਾ ਪਛਤਾਵਾ ਕਰਨ ਦਾ ਹੁਣ ਹੋਰ ਸਮਾਂ ਬਾਕੀ ਹੈ?


HINDUS WILL BE DEPORTED

Free Press Special.

VANCOUVER, Oct. 11.---Out of 516 Hindus arriving on the C. P. R. steamer Tartar 180 were rejected. Of these 100 had no money and the balance were physically unfit. They will be deported.

The others made a unique spectacle in variegated Oriental costume running through the streets like frightened sheep. None could speak English.

Superintendent of Immigration Scott saw the landing and is preparing an official report for Ottawa. for which place he left this afternoon.

*'ਓਟਵਾ ਫ੍ਰੀ ਪ੍ਰੈੱਸ' ਵਿਚ ਅਕਤੂਬਰ 1907 ਨੂੰ ਛਪੀ ਖਬਰ ਜਿਸ ਵਿਚ ਭਾਰਤੀਆਂ ਨੂੰ ਵਾਪਸ ਵਤਨ ਭੇਜਣ ਬਾਰੇ ਲਿਖਿਆ ਗਿਆ ਹੈ*

ਅਸਾਂ ਨੇ ਇਸ ਬੀੜੇ ਨੂੰ ਚੁੱਕ ਲਿਆ ਹੈ ਤੇ ਸਿੱਟਾ ਆਪ ਦੇ ਸਾਹਮਣੇ ਰੱਖ ਦਿੱਤਾ ਹੈ। ਹੁਣ ਆਪ ਭਰਾਵਾਂ ਦਾ ਧਰਮ ਹੈ ਕਿ ਇਸ ਦੀ ਮਦਦ ਵੱਲੋਂ ਕਸਰ ਨਾ ਰਹਿਣ ਦਿਓ। ਜਿਸ ਤਰ੍ਹਾਂ ਅਸਾਂ ਸੇਵਾ ਨੂੰ ਤਿਆਰ-ਬਰ-ਤਿਆਰ ਜੁਟੇ ਹੋਏ ਹਾਂ, ਆਪ ਉਸੇ ਤਰ੍ਹਾਂ ਮਦਦ ਵੱਲੋਂ ਅਵੇਸਲੇ ਨਾ ਹੋਵੇ ਤਾਂ ਫਿਰ ਦੇਖੋ, ਸਾਡੇ ਸਾਲਾਂ ਦੇ ਅਧੂਰੇ ਕੰਮ ਕਿਸ ਤਰ੍ਹਾਂ ਦਿਨਾਂ ਵਿਚ ਰਾਸ ਹੁੰਦੇ ਹਨ। ਅਜੇ ਇਸ ਛਾਪੇਖਾਨੇ ਦੇ ਸਿਰ ਕਈ ਸੌ ਡਾਲਰ ਕਰਜ਼ ਹੈ। ਅਨੇਕਾਂ ਚੀਜ਼ਾਂ ਆਉਣ ਵਾਲੀਆਂ ਹਨ ਜਿਨ੍ਹਾਂ ਤੋਂ ਬਿਨਾਂ ਇਹ ਅਖਬਾਰ ਪੂਰੀ ਸੱਜ ਧੱਜ ਨਾਲ ਨਹੀਂ ਛੱਪ ਸਕਦਾ। ਕਾਗਜ਼ ਸਿਆਹੀ ਸਫਾਈ ਟਾਈਪ ਮਨਸ਼ਾ ਅਨੁਸਾਰ ਨਹੀਂ ਮਿਲੀਆਂ। ਹੁਣ ਇਸ ਸੇਵਾ ਦੀ ਮਦਦ ਲਈ ਹਰ ਜਗ੍ਹਾ ਤੋਂ ਸਭ ਭਰਾ ਕੱਠ ਕਰਕੇ ਜਾਂ ਕੱਲ੍ਹ-ਦੁਕੱਲੇ ਮਾਇਆ ਦੇ ਦਿਲ ਖੋਲ੍ਹ ਗੱਫੇ ਘੱਲੋ ਤਾਂ ਕਿ ਇਹ ਅਖਬਾਰ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰੇ। ਹੁਣ ਇਹ ਅਖਬਾਰ ਆਪ ਦੀ ਸੇਵਾ ਵਿਚ 15 ਦਿਨ ਮਗਰੋਂ ਹਾਜ਼ਰ ਹੋਇਆ ਕਰੇਗਾ। ਇਸ ਦਾ ਹੁਣ ਤੋਂ ਬਹੁਤ ਵਾਰ ਛਪਣਾ ਇਹ ਸਭ ਆਪ ਦੇ ਵੱਸ ਹੈ। ਅਸੀਂ ਆਪਣੀ ਤਰਫ ਤੇ ਤਾਂ ਰਾਤ ਦਿਨ ਸੇਵਾ ਕਰਨੀ ਹੈ, ਸਗੋਂ ਕਰ ਰਹੇ ਹਾਂ। ਆਪ ਇਸ ਦੀ ਸੇਵਾ ਨੂੰ ਝਟ ਉਠਾਓ।

## ਜ਼ੁਲਮ ਜ਼ੁਲਮ - ਕਹਿਰ ਕਹਿਰ
### (ਦੋ ਸੌ ਹਿੰਦੁਸਤਾਨੀ ਸਿਆਟਲ ਬੰਦ ਵਿਕਟੋਰੀਏ ਵਿਚ ਬੜਾ ਭਾਰਾ ਉਦਮ)

ਅਮਰੀਕਾ ਤੇ ਕੈਨੇਡਾ ਵਿਚ ਦੂਰ ਬੈਠੇ ਭਰਾਵੋ, ਜਿਤਨੀ ਜਲਦੀ ਇਹ ਅਖਬਾਰ ਆਪ ਦੀ ਸੇਵਾ ਵਿਚ ਪੁੱਜਦਾ ਹੈ, ਝੱਟ ਪੱਟ 'ਕੱਠੇ ਹੋਵੋ। ਸਭ ਹਾਲ ਪੜ੍ਹੋ ਤੇ ਹਰ ਥਾਂ ਤੇ ਵਿਕਟੋਰੀਏ ਵੱਲ ਨੂੰ ਆਪਣੀਆਂ ਅੱਖਾਂ ਲਾ ਦਿਓ। ਆਪ ਦੇ ਇਕਮਿਕ ਹੋ ਕੇ ਉੱਦਮ ਕਰਨ ਦੀ ਲੋੜ ਹੈ, ਕਈ ਦਿਨ ਬੀਤ ਚੁੱਕੇ ਹਨ। ਆਪ ਦੇ ਲਹੂ ਜਾਨ ਭਰਾ ਕੈਦ ਵਿਚ ਹਨ ਤੇ ਮਨੀਲੇ ਨੂੰ ਮੋੜੇ ਜਾਣਗੇ ਪਰ ਇਸ ਥੋੜ੍ਹੇ ਸਮੇਂ ਵਿਚ ਜੋ ਕੁਝ ਵੀ ਹੋ ਸਕਿਆ ਹੈ, ਇਥੇ ਵਿਕਟੋਰੀਏ ਵਿਚ ਉਨ੍ਹਾਂ ਦੇ ਉਤਾਰਨ ਦਾ ਮੁਕੱਦਮਾ ਕਰਨ ਦਾ ਬੀੜਾ ਚੁਕਿਆ ਗਿਆ ਹੈ ਤੇ ਕੰਮ ਸ਼ੁਰੂ ਹੋ ਗਿਆ ਹੈ। ਹੁਣ ਸਿਰਫ ਆਪ ਸਭ ਭਰਾਵਾਂ ਦੇ ਵਿਕਟੋਰੀਏ ਦੇ ਸੇਵਕਾਂ ਨਾਲ ਇਕ ਜਾਨ ਉੱਦਮ ਕਰਨ ਦੀ ਲੋੜ ਹੈ ਕਿਉਂਕਿ ਇਸ ਜ਼ੁਲਮ ਤੇ ਕਹਿਰ ਵਿਚ ਆਈਆਂ ਹੋਈਆਂ ਦੋ ਸੌ ਜਾਨਾਂ ਦੇ ਛੁਡਾ ਲੈਣ ਤੋਂ ਪਹਿਲਾਂ ਸਾਨੂੰ ਰੋਟੀ ਖਾਣੀ ਵੀ ਹਰਾਮ ਹੈ। ਇਸ ਵਾਸਤੇ ਦੁਹਾਈ ਭਰੀ ਆਵਾਜ਼ ਹੈ। ਵਕਤ ਥੋੜ੍ਹਾ ਹੈ ਤੇ ਦੁੱਖ ਵੱਡਾ ਹੈ, ਪਰ ਆਪ ਦੇ ਇਕੱਠੇ ਲਲਕਾਰੇ ਸਾਹਮਣੇ ਕੋਈ ਬੜੀ ਗੱਲ ਨਹੀਂ ਹੋਵੇਗੀ। ਸਿਰਫ ਲੋੜ ਤਾਂ ਦੂਰ ਨੇੜੇ ਬੈਠਿਆਂ ਦੇ ਇਕੱਠੇ ਉੱਦਮ ਤੇ ਯਤਨ ਦੀ ਹੈ।

ਮੈਂ ਇਕ ਹਫਤੇ ਤੋਂ ਵੈਨਕੂਵਰ ਵਿਚ ਅਖਬਾਰ ਦੇ ਕੰਮ ਲਈ ਗਿਆ ਹੋਇਆ ਸਾਂ ਕਿ ਅਚਾਨਕ 27 ਜੂਨ ਦੀ ਤਰਕਾਲਾਂ ਨੂੰ ਡਾਕਟਰ ਸੁੰਦਰ ਸਿੰਘ ਜੀ ਵੱਲੋਂ ਵਿਕਟੋਰੀਏ ਤੋਂ ਟੈਲੀਫੋਨ ਗਈ ਕਿ ਫੌਰਨ ਵਿਕਟੋਰੀਏ ਪੁੱਜੋ। ਮੈਂ ਰਾਤ ਨੂੰ ਸਾਢੇ ਗਿਆਰਾਂ ਵਜੇ ਬੋਟ ਵਿਕਟੋਰੀਏ ਤੁਰਨ ਲਈ ਤਿਆਰ ਹੋ ਗਿਆ ਤੇ ਤੁਰਨ ਤੋਂ ਪਹਿਲਾਂ ਰਾਤ ਦੇ ਦਸ ਵਜੇ ਸਿਆਟਲ ਤੋਂ ਵੈਨਕੂਵਰ ਤਾਰ ਪੁੱਜੀ ਕਿ ਦੋ ਸੌ ਭਰਾ ਸਿਆਟਲ ਵਿਚ ਮਿਨੀ ਸੋਟਾ ਜਹਾਜ਼ ਵਿਚ ਬੰਦ ਕੀਤਾ ਗਿਆ ਹੈ ਤੇ ਮਨੀਲੇ ਵਾਪਸ ਮੋੜੇ ਜਾਣਗੇ। ਝਟਪਟ ਕੋਈ ਆਦਮੀ ਸਿਆਟਲ ਪੁੱਜੋ ਤੇ ਮੁਕੱਦਮੇ ਵਾਸਤੇ ਪੈਸਾ ਇਕੱਠਾ ਕਰੋ।

ਇਹ ਤਾਰ ਸੀਨੇ ਵਿਚ ਤਲਵਾਰ ਵਾਂਗੂੰ ਘਾ ਕਰ ਗਿਆ ਤੇ ਫੇਰ ਖਿਆਲ ਆਇਆ ਕਿ ਡਾਕਟਰ ਹੋਰੀਂ ਇਸੇ ਹੀ ਭੋਜਲ ਨੂੰ ਸੁਣ ਕੇ ਟੈਲੀਫੋਨ ਕੀਤੀ ਹੈ। ਸਵੇਰੇ 28 ਜੂਨ ਵਿਕਟੋਰੀਏ ਪੁੱਜ ਕੇ ਦੇਖਦਾ ਹਾਂ ਕਿ ਡਾਕਟਰ ਸੁੰਦਰ ਸਿੰਘ ਤੇ ਭਾਈ ਪਿਆਰਾ ਸਿੰਘ ਇਸ ਚਾਣਚਕ ਭਰਾਵਾਂ ਪੁਰ ਆ ਗਏ ਜ਼ੁਲਮ ਦੇ ਮੁਕਾਬਲੇ ਲਈ ਵਿਆਕੁਲ ਹੋ ਰਹੇ ਹਨ ਤੇ ਮੈਨੂੰ ਬੋਟ ਤੋਂ ਉਤਰਦਿਆਂ ਹੀ ਪੁੱਛਦੇ ਹਨ ਕਿ ਕੋਈ ਭਰਾ ਵੈਨਕੂਵਰ ਤੋਂ ਸਿਆਟਲ ਗਿਆ ਹੈ ਤੇ ਕੁਝ ਬੰਦੋਬਸਤ ਹੋਇਆ ਹੈ ਜਾਂ ਕਿਸੇ ਗੌਰ ਹੀ ਨਹੀਂ ਕੀਤੀ। ਜਦ ਮੈਂ ਦੱਸਿਆ ਕਿ ਉਥੇ ਤਾਂ ਕੁਝ ਨਹੀਂ ਹੋ ਸਕਿਆ ਤਾਂ ਡਾਕਟਰ ਸੁੰਦਰ ਸਿੰਘ ਹੋਰੀਂ ਸ਼ਹਿਰ ਵੱਲ ਕਾਹਲ ਵਿਚ ਦੌੜੇ ਤੇ ਜੋ ਇਕ ਦੋ ਗੋਰੇ ਸਾਡੇ ਦੁੱਖਾਂ ਨਾਲ ਦਰਦ ਰੱਖਦੇ ਹਨ, ਉਨ੍ਹਾਂ ਦੇ ਪਾਸ ਪੁੱਜੇ ਤੇ ਜਾ ਕੇ ਕਿਹਾ ਕਿ ਅਨਰਥ ਹੈ ਕਿ ਸਾਡਾ ਜਿੰਦ ਜਾਨ ਦੋ ਸੌ ਭਰਾ ਸਿਆਟਲ ਵਿਚ ਬੰਦ ਕੀਤਾ ਗਿਆ ਹੈ। ਪਤਾ ਨਹੀਂ ਸਾਡੇ ਭਰਾਵਾਂ ਨੂੰ ਕੀ ਕੀ ਦੁੱਖ ਹੋ ਰਹੇ ਹਨ ਤੇ ਕਿਤਨਾ ਨੁਕਸਾਨ ਉਠਾਇਆ ਹੈ।

ਜੇ ਸਿਰਫ ਉਨ੍ਹਾਂ ਦਾ ਕਿਰਾਇਆ ਹੀ ਗਿਣੀਏ ਤਾਂ ਵੀਹ ਹਜ਼ਾਰ ਡਾਲਰ ਮੁੱਲ ਵਿਚ ਪੈਂਦਾ ਹੈ ਤੇ ਉਨ੍ਹਾਂ ਦਾ ਦੁੱਖ ਤੇ ਸਾਡੀ ਕੌਮ ਦੀ ਨਰਾਦਰੀ ਦਾ ਤਾਂ ਟਿਕਾਣਾ ਹੀ ਕੀ ਹੈ। ਉਨ੍ਹਾਂ ਇਕ ਦੋ ਆਪਣੇ ਦਰਦੀ ਗੋਰਿਆਂ ਨੂੰ ਕਿਹਾ ਕਿ ਮੇਰੇ ਪਾਸ ਇਸ ਵਕਤ ਪੈਸਾ ਨਹੀਂ ਹੈ ਤੇ ਵਕਤ ਸਖਤ ਹੈ। ਆਪ ਸਾਡੀ ਮਦਦ ਕਰੋ - ਬਿਲਕੁਲ ਨਾਂਹ ਨਾ ਕਰਨੀ।

*ਮੈਂ ਇਕ ਹਫਤੇ ਤੋਂ ਵੈਨਕੂਵਰ ਵਿਚ ਅਖਬਾਰ ਦੇ ਕੰਮ ਲਈ ਗਿਆ ਹੋਇਆ ਸਾਂ ਕਿ ਅਚਾਨਕ 27 ਜੂਨ ਦੀ ਤਰਕਾਲਾਂ ਨੂੰ ਡਾਕਟਰ ਸੁੰਦਰ ਸਿੰਘ ਜੀ ਵੱਲੋਂ ਵਿਕਟੋਰੀਏ ਤੋਂ ਟੈਲੀਫੋਨ ਗਈ ਕਿ ਫੌਰਨ ਵਿਕਟੋਰੀਏ ਪੁੱਜੋ। ਮੈਂ ਰਾਤ ਨੂੰ ਸਾਢੇ ਗਿਆਰਾਂ ਵਜੇ ਬੋਟ ਵਿਕਟੋਰੀਏ ਤੁਰਨ ਲਈ ਤਿਆਰ ਹੋ ਗਿਆ ਤੇ ਤੁਰਨ ਤੋਂ ਪਹਿਲਾਂ ਰਾਤ ਦੇ ਦਸ ਵਜੇ ਸਿਆਟਲ ਤੋਂ ਵੈਨਕੂਵਰ ਤਾਰ ਪੁੱਜੀ ਕਿ ਦੋ ਸੌ ਭਰਾ ਸਿਆਟਲ ਵਿਚ ਮਿਨੀ ਸੋਟਾ ਜਹਾਜ਼ ਵਿਚ ਬੰਦ ਕੀਤਾ ਗਿਆ ਹੈ ਤੇ ਮਨੀਲੇ ਵਾਪਸ ਮੋੜੇ ਜਾਣਗੇ। ਝਟਪਟ ਕੋਈ ਆਦਮੀ ਸਿਆਟਲ ਪੁੱਜੋ ਤੇ ਮੁਕੱਦਮੇ ਵਾਸਤੇ ਪੈਸਾ ਇਕੱਠਾ ਕਰੋ।*

# ਗੁੱਡਮੈਨ ਦੀ ਲਾਲਟੈਣ

ਸ਼ਬਦ ਝਰੋਖਾ




ਬਲਜੀਤ ਬਾਸੀ

ਫੋਨ: 734-259-9353

ਬੜਾ ਚਿਰ ਪਹਿਲਾਂ ਮੈਂ ਇਹ ਮੁਹਾਵਰਾ ਸੁਣਦਾ ਹੁੰਦਾ ਸੀ। ਅੱਜ ਕੱਲ੍ਹ ਵੀ ਕਿਧਰੇ ਕਿਧਰੇ ਇਸ ਦੀ ਕਨਸੋਅ ਮਿਲਦੀ ਹੈ। ਸ਼ਾਇਦ ਅੰਗਰੇਜ਼ਾਂ ਦੇ ਵੇਲੇ ਇਹ ਮੁਹਾਵਰਾ ਪ੍ਰਚਲਿਤ ਹੋਇਆ ਹੋਵੇਗਾ। ਵੱਖੋ ਵੱਖ ਲੋਕ ਆਪਣੀ ਸਮਝ ਅਨੁਸਾਰ ਇਸ ਦਾ ਅਰਥ ਕੱਢਣਗੇ। ਜਦ ਕੋਈ ਬੰਦਾ, ਖਾਸ ਕਰ ਬੱਚਾ ਕੋਈ ਚੰਗਾ ਕੰਮ ਕਰਦਾ ਹੈ ਜਾਂ ਕਿਸੇ ਦਾ ਭਲਾ ਕਰਦਾ ਹੈ ਤਾਂ ਉਸ ਨੂੰ ਸ਼ਾਬਾਸ਼ ਵਜੋਂ 'ਗੁੱਡਮੈਨ ਦੀ ਲਾਲਟੈਣ' ਕਹਿ ਦਿੰਦੇ ਹਨ। ਕੁਝ ਇਸ ਤਰ੍ਹਾਂ ਜਿਵੇਂ 'ਬੱਲੇ ਸ਼ੇਰਾ', 'ਚੰਗਾ ਕੀਤਾ ਈ ਮੁੰਡਿਆ' ਕਿਹਾ ਜਾਂਦਾ ਹੈ। ਰਾਣਾ ਰਣਬੀਰ ਦੇ ਇੱਕ ਨਾਟਕ ਦਾ ਨਾਂ 'ਗੁੱਡਮੈਨ ਦੀ ਲਾਲਟੈਣ' ਹੈ ਜਿਸ ਵਿਚ ਇਕ ਸਾਧਾਰਨ ਵਿਅਕਤੀ ਨੂੰ ਪੇਸ਼ ਰੋਜ਼ ਦੀਆਂ ਸਮੱਸਿਆਵਾਂ ਦਾ ਵਰਣਨ ਹੈ।

ਮੁਹਾਵਰੇ ਦੀ ਬਣਤਰ ਬੜੀ ਅਲੋਕਾਰ ਹੈ। ਇਸ ਵਿਚ ਗੁੱਡਮੈਨ ਅੰਗਰੇਜ਼ੀ ਦਾ ਸ਼ਬਦ ਹੈ ਤੇ ਲਾਲਟੈਣ ਅੰਗਰੇਜ਼ੀ ਸ਼ਬਦ ਲੈਂਟਰਨ ਦਾ ਪੰਜਾਬੀ ਰੁਪਾਂਤਰ। ਉਂਜ ਤਾਂ 'ਦੀ' (The) ਸ਼ਬਦ ਵੀ ਅੰਗਰੇਜ਼ੀ ਦਾ ਆਰਟੀਕਲ ਹੈ ਪਰ ਜੇ ਇਸ ਨੂੰ Goodman The Lantern ਪੜ੍ਹਿਆ ਜਾਵੇ ਤਾਂ ਕੋਈ ਅਰਥ ਨਹੀਂ ਨਿਕਲਦਾ ਪ੍ਰਤੀਤ ਹੁੰਦਾ। ਲਾਲਟੈਣ ਜਿਹਾ ਚੰਗਾ ਆਦਮੀ? ਜੇ ਅੰਗਰੇਜ਼ੀ The ਸ਼ਬਦ ਦੀ ਥਾਂ ਪੰਜਾਬੀ 'ਦੀ' ਜੋ ਵਿਆਕਰਣਕ ਤੌਰ 'ਤੇ ਯੋਜਕ ਹੈ ਤਾਂ ਹੋਰ ਵੀ ਭੰਬਲਭੂਸਾ ਪੈਂਦਾ ਹੈ। ਚੰਗਾ ਕੰਮ ਕਰ ਰਹੇ ਬੰਦੇ ਨੂੰ ਗੁੱਡਮੈਨ ਤਾਂ ਕਿਹਾ ਜਾ ਸਕਦਾ ਹੈ ਪਰ ਉਹ ਗੁੱਡਮੈਨ ਦੀ ਲਾਲਟੈਣ ਕਿਵੇਂ ਹੋਇਆ? ਕੀ ਗੁੱਡਮੈਨ ਦੀ ਲਾਲਟੈਣ ਚੰਗੇ ਬੰਦੇ ਤੋਂ ਵੀ ਚੰਗੇਰੀ ਹੈ? ਮੁਹਾਵਰਿਆਂ, ਕਹਾਵਤਾਂ ਦਾ ਸੰਸਾਰ ਊਲ-ਜਲੂਲ ਜਿਹਾ ਹੀ ਹੁੰਦਾ ਹੈ। ਇਨ੍ਹਾਂ ਦਾ ਸਿਰ ਪੈਰ, ਮੂੰਹ ਮੱਥਾ ਉਘਾੜਨਾ ਕੋਈ 'ਖਾਲਾ ਜੀ ਦਾ ਵਾੜਾ ਨਹੀਂ।' 'ਮੁਹਾਵਰਿਆਂ ਨਾਲ ਖਿਲਵਾੜ' ਨਾਮੀ ਲੇਖ ਵਿਚ ਅਸੀਂ ਇਸ ਕਥਨ ਦੀ ਸੱਚਾਈ ਖੂਬ ਸਮਝ ਲਈ ਸੀ। ਜ਼ਰਾ ਸੋਚੋ 'ਰੰਨ ਨਾ ਕੰਨ', 'ਟੇਢੀ ਖੀਰ', 'ਏਹੋ ਜਿਹਾਂ ਦੇ ਗਲ ਏਹੋ ਜਿਹੇ ਹੁੰਦੇ ਹਨ', 'ਝਨਾਂ ਦਾ ਦੀਵਾ' ਆਦਿ ਮੁਹਾਵਰਿਆਂ, ਕਹਾਵਤਾਂ ਦੇ ਬੋਲਾਂ ਵਿਚ ਕੋਈ ਤੁਕ ਜਾਂ ਤਰਕ ਨਜ਼ਰ ਆਉਂਦਾ ਹੈ! ਭਾਵੇਂ ਆਮ ਵਰਤੋਂ ਕਾਰਨ ਸਾਨੂੰ ਕਿਸੇ ਮੁਹਾਵਰੇ ਆਦਿ



ਦੇ ਅਰਥ ਦਾ ਪੂਰਾ ਪਤਾ ਹੋਵੇ ਪਰ ਇਸ ਅਰਥ ਤੱਕ ਕਿਵੇਂ ਪਹੁੰਚਿਆ ਗਿਆ ਹੈ, ਇਹ ਮੁਹਾਵਰੇ ਵਿਚਲੇ ਵਾਕ ਦੇ ਵਿਆਕਰਣਕ ਤਰਕ ਤੋਂ ਸਮਝਣਾ ਔਖਾ ਹੁੰਦਾ ਹੈ। ਅਸੀਂ ਆਮ ਤੌਰ 'ਤੇ ਇਸ ਨੂੰ ਸਮਝਣ ਦੀ ਚਿੰਤਾ ਵੀ ਨਹੀਂ ਕਰਦੇ, ਜਾਣੋਂ ਅਸੀਂ ਅੰਬ ਖਾਣੇ ਹਨ, ਪੇੜ ਥੋੜੀ ਗਿਣਨੇ ਹਨ। ਮੁਹਾਵਰੇ ਆਦਿ ਦਾ ਤਰਕ ਸਮਝਣ ਲਈ ਸਾਨੂੰ ਇਹ ਜਾਣਨਾ ਪੈਂਦਾ ਹੈ ਕਿ ਇਹ ਹੋਂਦ ਵਿਚ ਕਿਵੇਂ ਆਇਆ ਹੋਵੇਗਾ? ਏਧਰ ਵੀ ਜ਼ਰਾ ਕੋਸ਼ਿਸ਼ ਕਰ ਦੇਖਦੇ ਹਾਂ।

ਇੱਕ ਵਿਚਾਰ ਅਨੁਸਾਰ ਇਹ ਮੁਹਾਵਰਾ ਆਜ਼ਾਦੀ ਦੀ ਜਦੋਜਹਿਦ ਵੇਲੇ ਸ਼ੁਰੂ ਹੋਇਆ। ਇਸ ਅਨੁਸਾਰ ਪੂਰਾ ਮੁਹਾਵਰਾ ਹੈ, 'ਗੁੱਡਮੈਨ ਦੀ ਲਾਲਟੈਣ, ਬੈਡ ਮੈਨ ਦਾ ਦੀਵਾ', 123 ਇੰਡੀਆ ਇਜ਼ ਫਰੀ' ਇਸ ਦੀ ਵਿਆਖਿਆ ਹੈ ਕਿ ਭਾਵੇਂ ਬਰਤਾਨਵੀ ਸ਼ਾਸਕ ਚੰਗੇ ਹਨ, ਜਿਨ੍ਹਾਂ ਨੇ ਸਾਨੂੰ ਲਾਲਟੈਣ ਦਿੱਤੀ ਪਰ ਅਸੀਂ (ਮਾੜੇ ਲੋਕ) ਆਪਣੇ ਪੁਰਾਣੇ ਮਿੱਟੀ ਦੇ ਦੀਵੇ ਨਾਲ ਹੀ ਚੰਗੇ ਹਾਂ, ਅਸੀਂ ਛੇਤੀ ਹੀ ਆਜ਼ਾਦੀ ਲੈ ਆਵਾਂਗੇ। ਇਥੇ ਗਰੀਬੀ ਵਿਚ ਵੀ ਆਜ਼ਾਦੀ ਦੀ ਕੀਮਤ ਨੂੰ ਵਡਿਆਇਆ ਗਿਆ ਹੈ। ਪਰ ਮੇਰੀ ਜਾਚੇ 'ਬੈਡ ਮੈਨ ਦਾ ਦੀਵਾ' ਆਦਿ ਬੋਲ ਬਾਅਦ ਵਿਚ ਅਸਲੀ ਮੁਹਾਵਰੇ ਨਾਲ ਜੋੜੇ ਗਏ ਹਨ। ਕਈ ਵਾਰੀ ਇੰਜ ਹੁੰਦਾ ਹੈ ਜਿਵੇਂ 'ਪੜ੍ਹੇ ਫਾਰਸੀ ਵੇਚੇ ਤੇਲ, ਦੇਖੋ ਕੁਦਰਤ ਦੇ ਖੇਲ' ਕਹਾਵਤ ਦਾ ਪਹਿਲਾ ਅੱਧ ਹੀ ਮਸ਼ਹੂਰ ਹੈ। ਕਹਿ ਨਹੀਂ ਸਕਦਾ ਕਿ ਪੂਰਾ ਰੂਪ ਹੀ ਇਹੋ ਹੈ ਜਾਂ ਦੂਜਾ ਅੱਧ ਮਗਰੋਂ ਜੋੜਿਆ ਗਿਆ ਹੈ।

ਇਕ ਹੋਰ ਵਿਚਾਰ ਅਨੁਸਾਰ ਇਹ ਮੁਹਾਵਰਾ ਅੰਗਰੇਜ਼ੀ ਵਾਕਾਂਸ਼ Good Smartian ਦਾ ਵਿਗੜਿਆ ਰੂਪ ਹੈ। ਇਹ ਵਾਕਾਂਸ਼ ਅੰਜੀਲ ਵਿਚ ਮਿਲਦਾ ਹੈ। ਈਸਾ ਇਕ ਪੁਰਾਣੀ ਕਥਾ ਸੁਣਾਉਂਦੇ ਹਨ ਜਿਸ ਅਨੁਸਾਰ ਕੋਈ ਲੁਟੇਰਾ ਇਕ ਮੁਸਾਫਰ ਦੇ ਕੱਪੜੇ ਲਾਹ ਕੇ ਅਤੇ ਉਸ ਨੂੰ ਖੂਬ ਕੁੱਟ ਕੇ ਅਧ ਮੋਇਆ ਕਰਕੇ ਸੜਕ 'ਤੇ ਸੁੱਟ ਦਿੰਦਾ ਹੈ। ਇੱਕ ਪੁਜਾਰੀ ਅਤੇ ਇਕ ਲੀਵਾਈਟ (ਲੇਵੀ ਦਾ ਯਹੂਦੀ) ਦੁਖ ਵਿਚ ਚੀਖਦੇ ਮੁਸਾਫਰ ਤੋਂ ਅੱਖਾਂ ਮੀਚ ਕੇ ਕੋਲ ਦੀ ਲੰਘ ਜਾਂਦੇ ਹਨ ਪਰ ਇਕ ਸਮਾਰੀਟਨ (ਯਹੂਦੀਆਂ ਦਾ ਦੁਸ਼ਮਣ ਕਬੀਲਾ) ਉਸ ਨੂੰ ਬਚਾਉਂਦਾ ਹੈ। ਪਰ ਕਿੱਥੇ ਸਮਾਰੀਟਨ, ਕਿੱਥੇ ਲਾਲਟੈਣ! ਗੱਲ ਗਲੇ ਨਹੀਂ ਉਤਰਦੀ। ਇੱਕ ਹੋਰ ਵਿਚਾਰ ਅਨੁਸਾਰ ਇਹ ਲੈਂਪ ਸਿਗਰਟ ਦਾ ਇਸ਼ਤਿਹਾਰ ਹੈ, ਜਿਵੇਂ ਇੱਕ ਹੋਰ ਹੈ 'ਸਿਗਰਟ ਲੈਂਪ ਦਾ, ਪਾਣੀ ਪੰਪ ਦਾ।'

ਇਕ ਹੋਰ ਗੰਭੀਰ ਵਿਆਖਿਆ ਪੜ੍ਹਨ ਸੁਣਨ ਨੂੰ ਮਿਲਦੀ ਹੈ। ਇਕ ਪੁਰਾਣੀ ਕਥਾ ਹੈ ਕਿ ਇਕ ਵਾਰੀ ਇਕ ਅੰਨਾ ਵਿਅਕਤੀ ਹੱਥ ਵਿਚ ਲਾਲਟੈਣ ਚੁੱਕੀ ਰਾਤ ਨੂੰ ਜੰਗਲ ਬੇਲਿਆਂ ਵਿਚ ਜਾਇਆ ਕਰਦਾ ਸੀ ਹਾਲਾਂਕਿ ਉਹ ਨੇਤਰਹੀਣ ਹੋਣ ਕਾਰਨ ਲਾਲਟੈਣ ਦੀ ਲੋਅ ਵਿਚ ਕੁਝ ਵੀ ਦੇਖ ਨਹੀਂ ਸੀ ਸਕਦਾ। ਲੋਕਾਂ ਦੇ ਪੁੱਛਣ 'ਤੇ ਉਹ ਸਫਾਈ ਪੇਸ਼ ਕਰਦਾ ਸੀ ਕਿ ਭਾਵੇਂ ਉਹ ਖੁਦ ਦੇਖ ਨਹੀਂ ਸਕਦਾ ਪਰ ਲਾਲਟੈਣ ਹੋਰਾਂ ਲਈ ਹੈ ਜੋ ਜੰਗਲ ਵਿਚ ਭੁੱਲੇ ਭਟਕੇ ਹੋਣਗੇ। ਕਥਾ ਵਧੀਆ ਹੈ ਪਰ ਕੀ ਇਹ ਪੰਜਾਬੀ ਜਾਂ ਭਾਰਤੀ ਪਿੱਠਭੂਮੀ ਦੀ ਕਥਾ ਹੈ? ਜੇ ਹੈ ਤਾਂ ਇਸ ਵਿਚ ਅੰਗਰੇਜ਼ੀ ਸ਼ਬਦ ਕਿਉਂ ਵਰਤੇ ਗਏ ਹਨ? ਜੇ ਅੰਗਰੇਜ਼ੀ ਪਿਛੋਕੜ ਦੀ ਹੈ ਤਾਂ ਇਸ ਵਿਚ ਪੰਜਾਬੀ ਦਾ 'ਦੀ' ਸ਼ਬਦ ਕਿਉਂ ਵਰਤਿਆ ਗਿਆ ਹੈ?

ਇਤਫਾਕ ਦੀ ਗੱਲ ਸਮਝੋ ਜਾਂ ਸੋਚੀ ਸਮਝੀ ਕਿ ਇਕ ਕੰਪਨੀ ਦਾ ਨਾਂ Goodman's lantern ਹੈ ਜੋ ਕੰਪਿਊਟਰ ਆਦਿ ਦੇ ਖੇਤਰਾਂ ਵਿਚ ਆਪਣੀਆਂ ਗਾਹਕ ਕੰਪਨੀਆਂ ਨੂੰ ਵਧੀਆ ਖੋਜ ਮੁਹੱਈਆ ਕਰਨ ਦਾ ਦਾਅਵਾ ਕਰਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਕੰਪਨੀ ਦੇ ਆਪਣੇ ਦਾਅਵੇ ਅਨੁਸਾਰ ਇਸ ਨੇ ਇਹ ਨਾਂ 'ਉਤਰ-ਪੱਛਮੀ ਭਾਰਤ ਦੇ ਪਰਿਵਾਰਾਂ ਵਿਚ ਸੀਨਾ ਬਸੀਨਾ ਅੱਗੇ ਤੁਰਦੀ' ਉਪਰੋਕਤ ਕਥਾ ਤੋਂ ਪ੍ਰੇਰਤ ਹੋ ਕੇ ਰੱਖਿਆ ਹੈ। ਕੰਪਨੀ ਅਨੁਸਾਰ ਉਨ੍ਹਾਂ ਦਾ ਨਿਸ਼ਾਨਾ ਇਸ ਗੱਲ 'ਤੇ (ਲਾਲਟੈਣ ਦੀ ਤਰ੍ਹਾਂ) ਰੋਸ਼ਨੀ ਪਾਉਣਾ ਹੈ ਕਿ ਲਾਭਕਾਰੀ ਕਾਰੋਬਾਰ ਲਈ ਕੀ ਕੀ ਫੈਸਲੇ ਲਏ ਜਾਣੇ ਚਾਹੀਦੇ ਹਨ? ਭਾਵੇਂ ਕੰਪਨੀ ਨੇ ਲਾਲਟੈਣ ਵਾਲੇ ਵਿਅਕਤੀ ਦੇ ਪਰਉਪਕਾਰੀ ਕਾਰਜ ਵਾਲੀ ਕਥਾ ਨੂੰ ਆਪਣਾ ਪ੍ਰੇਰਨਾ ਸ੍ਰੋਤ ਦੱਸ ਕੇ ਇਕ ਤਰ੍ਹਾਂ 'ਗੁੱਡਮੈਨ ਦੀ ਲਾਲਟੈਣ' ਮੁਹਾਵਰੇ ਦੇ ਇਸ ਸ੍ਰੋਤ ਹੋਣ ਦੀ ਪੁਸ਼ਟੀ ਕੀਤੀ ਲਗਦੀ ਹੈ ਪਰ ਮੇਰੀ ਤਸੱਲੀ ਨਹੀਂ ਹੁੰਦੀ।

ਜੋ ਮੈਂ ਪੜ੍ਹਿਆ ਹੈ, ਉਹ ਇਹ ਹੈ ਕਿ ਲਾਲਟੈਣਾਂ ਬਣਾਉਣ ਵਾਲੀ ਇੱਕ ਕੰਪਨੀ ਸੀ/ਹੈ ਜਿਸ ਦਾ ਨਾਂ ਗੁੱਡਮੈਨ ਲੈਂਟਰਨ ਹੈ। ਇਸ ਦੀਆਂ ਲਾਲਟੈਣਾਂ ਬਹੁਤ ਵਧੀਆ ਹੁੰਦੀਆਂ ਸਨ ਤੇ ਇਨ੍ਹਾਂ ਦੀ ਪੰਜਾਬ ਭਰ ਵਿਚ ਮਸ਼ਹੂਰੀ ਸੀ। ਲਾਲਟੈਣ ਦੇ ਪ੍ਰਸੰਗ ਵਿਚ ਲੋਕਾਂ ਵਿਚਾਲੇ ਹੁੰਦੀ ਚਰਚਾ ਦੌਰਾਨ ਉਹ ਕੁਝ ਇਸ ਤਰ੍ਹਾਂ ਦੇ ਸ਼ਬਦ ਵਰਤਿਆ ਕਰਦੇ ਸਨ, 'ਗੁਡਮੈਨ ਦੀ ਲਾਲਟੈਣ' ਹੈ ਬਈ ਅਸਲੀ। ਸਮਾਂ ਪੈ ਕੇ ਇਸ ਕਥਨ ਦਾ ਮੁਢ ਭੁਲਾ ਦਿੱਤਾ ਗਿਆ ਤੇ ਮੁਹਾਵਰਾ ਬਣ ਕੇ ਚੰਗਾ ਕੰਮ ਕਰਨ ਵਾਲੇ ਵਿਅਕਤੀ ਦੀ ਵਡਿਆਈ ਵਜੋਂ ਵਰਤਿਆ ਜਾਣ ਲੱਗਾ। ਚੰਗੇ ਆਦਮੀ ਦੇ ਅਰਥਾਂ ਵਾਲੇ ਇਸ ਵਿਚਲੇ ਸ਼ਬਦ 'ਗੁੱਡਮੈਨ' ਨੇ ਇਸ ਮੁਹਾਵਰੇ ਨੂੰ ਚੰਗਾ ਕੰਮ ਕਰਨ ਵਾਲੇ ਵਿਅਕਤੀ 'ਤੇ ਢੁਕਾਉਣ ਵਿਚ ਹੋਰ ਵੀ ਮਦਦ ਕੀਤੀ। ਉਂਜ ਗੁੱਡਮੈਨ ਅੰਗਰੇਜ਼ਾਂ ਦਾ ਇਕ ਮਸ਼ਹੂਰ ਵਿਅਕਤੀ ਨਾਂ ਹੈ।

ਇਹ ਗੱਲ ਵੀ ਧਿਆਨਯੋਗ ਹੈ ਕਿ ਇਹ ਮੁਹਾਵਰਾ ਆਮ ਤੌਰ 'ਤੇ ਪੰਜਾਬ ਜਾਂ ਇਸ ਦੇ ਆਸ ਪਾਸ ਦੇ ਇਲਾਕਿਆਂ ਵਿਚ ਹੀ ਵਰਤਿਆ ਜਾਂਦਾ ਹੈ। ਹੋਰ ਭਾਸ਼ਾਵਾਂ ਵਿਚ ਮੈਨੂੰ ਇਸ ਦੀ ਭਿਣਕ ਨਹੀਂ ਪਈ। ਜੇ ਕੋਈ ਪਾਠਕ ਇਸ ਮੁਹਾਵਰੇ ਦੀ ਹੋਰ ਵਧੀਆ ਢੰਗ ਨਾਲ ਵਿਆਖਿਆ ਕਰ ਸਕਦਾ ਹੋਵੇ ਤਾਂ ਮੈਂ ਉਸ ਦਾ ਰਿਣੀ ਹੋਵਾਂਗਾ।

---

ਪੁਸਤਕ ਪੜਚੋਲ

# ਮਾਤਮੀ ਖਾਮੋਸ਼ੀ ਦਾ ਰੋਹ-ਬਿਰਤਾਂਤ: ਇਨਕਲਾਬ ਜ਼ਿੰਦਾਬਾਦ

ਡਾ ਗੁਰਬਖਸ਼ ਸਿੰਘ ਭੰਡਾਲ


***23 ਨਵੰਬਰ 1931 ਨੂੰ ਜਨਮੇ ਇੰਦਰ ਸਿੰਘ ਖਾਮੋਸ਼ ਨੇ ਪੰਜਾਬੀ ਵਿਚ ਕਵਿਤਾ ਤੇ ਕਹਾਣੀ ਲਿਖਣ ਦੇ ਨਾਲ-ਨਾਲ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਢੇਰ ਸਾਰਾ ਅਨੁਵਾਦ ਵੀ ਕੀਤਾ। ਪੰਜਾਬੀ ਸਾਹਿਤ ਦੀ ਝੋਲੀ ਵਿਚ ਪੰਜ ਨਾਵਲ ਪਾਉਣ ਪਿਛੋਂ ਉਸ ਨੇ ਵਿਦੇਸ਼ੀ ਲੇਖਕਾਂ ਟਾਲਸਟਾਏ, ਦੋਸਤੋਵਸਕੀ, ਚੈਖੋਵ, ਵਿਕਟਰ ਹਿਊਗੋ, ਗੋਗੋਲ, ਪੁਸ਼ਕਿਨ, ਵੋਲਟੇਅਰ ਆਦਿ ਦੀਆਂ ਜੀਵਨੀਆਂ ਦੇ ਆਧਾਰ 'ਤੇ ਨਾਵਲ ਲਿਖੇ। 87 ਸਾਲਾਂ ਨੂੰ ਅਪੜਿਆ ਖਾਮੋਸ਼ ਅੱਜ-ਕੱਲ੍ਹ ਹੈਮਿੰਗਵੇ ਬਾਰੇ ਨਾਵਲ ਨੂੰ ਅੰਤਿਮ ਛੋਹਾਂ ਦੇ ਰਿਹਾ ਹੈ। 'ਇਨਕਲਾਬ ਜ਼ਿੰਦਾਬਾਦ' ਫਰਾਂਸੀਸੀ ਇਨਕਲਾਬ ਨਾਲ ਸਬੰਧਿਤ ਨਾਵਲ ਹੈ। -ਸੰਪਾਦਕ***

'ਇਨਕਲਾਬ ਜ਼ਿੰਦਾਬਾਦ' ਪੰਜਾਬੀ ਦੇ ਸਮਰੱਥ ਅਤੇ ਨਾਮਵਰ ਨਾਵਲਕਾਰ ਸ. ਇੰਦਰ ਸਿੰਘ ਖਾਮੋਸ਼ ਦਾ ਤੇਰਵਾਂ ਨਾਵਲ ਹੈ। ਆਪਣੇ ਨਾਵਲਾਂ ਵਿਚ ਪੰਜਾਬੀ ਧਰਾਤਲ, ਜਨ-ਜੀਵਨ ਅਤੇ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਕਰਨ ਵਾਲੇ ਸ. ਖਾਮੋਸ਼ ਇਕ ਪ੍ਰਤੀਬੱਧ ਅਤੇ ਸਿਰੜੀ ਨਾਵਲਕਾਰ ਹਨ। ਉਨ੍ਹਾਂ ਨੇ ਚਰਚਿਤ ਨਾਵਲ 'ਕਾਫਰ ਮਸੀਹਾ' ਸਮੇਤ ਬਹੁਤ ਸਾਰੇ ਨਾਵਲ ਪੰਜਾਬੀ ਪਾਠਕਾਂ ਦੀ ਝੋਲੀ ਪਾਏ ਹਨ ਜੋ ਵਿਦੇਸ਼ੀ ਰਹਿਤਲ ਅਤੇ ਸਰੋਕਾਰਾਂ ਦੀ ਬਾਤ ਪਾਉਂਦੇ ਹਨ।

'ਇਨਕਲਾਬ ਜ਼ਿੰਦਾਬਾਦ' ਇਕ ਇਤਿਹਾਸਕ ਨਾਵਲ ਹੈ ਜੋ 1790 ਵਿਚ ਹੋਏ ਫਰਾਂਸੀਸੀ ਇਨਕਲਾਬ ਦੀਆਂ ਮਹੀਨ ਤਹਿਆਂ ਫਰੋਲਣ, ਇਸ ਦੇ ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਅਤੇ ਆਮ ਲੋਕਾਂ ਵਿਚ ਬਾਦਸ਼ਾਹਤ, ਅਹਿਲਕਾਰਾਂ ਅਤੇ ਕਰਮੀਆਂ ਪ੍ਰਤੀ ਰੋਹ ਦਾ ਬਿਰਤਾਂਤ ਹੈ। ਇਸ ਰੋਹ ਕਾਰਨ, ਆਮ ਲੋਕਾਂ 'ਚ, ਆਮ ਲੋਕਾਂ ਵਲੋਂ, ਆਮ ਲੋਕਾਂ ਲਈ ਕ੍ਰਾਂਤੀ ਦੀ ਸ਼ੁਰੂਆਤ ਹੁੰਦੀ ਹੈ। ਇਹ ਇਨਕਲਾਬ ਆਪ ਮੁਹਾਰੇ, ਬਿਨਾ ਵਿਉਂਤਬੰਦੀ, ਵਿਧੀ ਵਿਧਾਨ ਜਾਂ ਸਥਾਪਤ ਲੀਡਰਸ਼ਿਪ ਤੋਂ ਸੀ, ਜਿਸ ਦੀ ਅਗਵਾਈ ਆਮ ਲੋਕ ਕਰ ਰਹੇ ਸਨ। ਦਰਅਸਲ ਇਹ ਇਨਕਲਾਬ ਫਰਾਂਸ 'ਚ ਫੈਲੀ ਅਰਾਜਕਤਾ, ਹਕੂਮਤ ਦੇ ਕੁਕਰਮ, ਕੁਪ੍ਰਬੰਧ ਅਤੇ ਕਮੀਆਂ ਵਿਚੋਂ ਹੀ ਪੈਦਾ ਹੋਇਆ ਸੀ।

ਇਤਿਹਾਸਕ ਮਹੱਤਤਾ ਵਾਲੀ ਕਿਸੇ ਵੀ ਘਟਨਾ ਨੂੰ ਨਾਵਲ ਵਿਚ ਢਾਲਣਾ ਅਤੇ ਪਾਤਰਾਂ ਦੀ ਆਪਸੀ ਵਾਰਤਾਲਾਪ ਵਿਚੋਂ ਇਸ ਦੀਆਂ ਤਹਿਆਂ ਫਰੋਲਦਿਆਂ ਸਹੀ ਤੱਥ, ਨਾਂਵਾਂ, ਘਟਨਾਵਾਂ, ਰਹਿਤਲ, ਰੰਗਾਂ, ਰਿਵਾਜਾਂ, ਰੀਤਾਂ-ਰਸਮਾਂ ਨੂੰ ਉਸੇ ਰੂਪ 'ਚ ਬਿਆਨ ਕਰਨਾ ਬਹੁਤ ਮੁਸ਼ਕਿਲ ਕਾਰਜ ਹੈ। ਪਰ 86 ਸਾਲ ਦੀ ਉਮਰ ਵਿਚ ਸ. ਖਾਮੋਸ਼ ਦੀ ਖੋਜ ਭਰਪੂਰ ਬਿਰਤੀ, ਲਗਨ ਅਤੇ ਉਤਸ਼ਾਹ, ਇਸ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਹਨ।

ਫਰਾਂਸ ਵਰਗੇ ਸਭਿਅਕ ਦੇਸ਼ ਵਿਚ ਇਸ ਇਨਕਲਾਬ ਦੌਰਾਨ ਦਸ ਲੱਖ ਲੋਕਾਂ ਦਾ ਕਤਲ, ਖੂਨ ਦੇ ਦਰਿਆ ਅਤੇ ਦਰਿੰਦਗੀ ਦਾ ਵਰਣਨ ਦਿਲ ਕੰਬਾਊ ਹੈ, ਪਰ ਇਨਕਲਾਬ ਦੀ ਕੀਮਤ ਤਾਂ ਤਾਰਨੀ ਹੀ ਪੈਂਦੀ ਏ। ਇਹ ਇਨਕਲਾਬ ਹੀ ਵਿਸ਼ਵ ਭਰ ਵਿਚ ਭਵਿੱਖੀ ਇਨਕਲਾਬਾਂ ਦਾ ਕੇਂਦਰ ਬਿੰਦੂ ਬਣਿਆ ਜਿਸ ਨੇ ਕ੍ਰਾਂਤੀਕਾਰੀ, ਖੱਬੀ ਵਿਚਾਰਧਾਰਾ,



*ਇੰਦਰ ਸਿੰਘ ਖਾਮੋਸ਼*

ਸੱਜੀ ਵਿਚਾਰਧਾਰਾ, ਕਮਿਊਨ ਅਤੇ ਕਮਿਊਨਿਜ਼ਮ ਵਰਗੇ ਸ਼ਬਦਾਂ ਦੀ ਨੀਂਹ ਰੱਖੀ।

ਪੰਜਾਬੀ ਪਿਆਰਿਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਸ. ਖਾਮੋਸ਼ ਨੇ ਇਸ ਇਤਿਹਾਸਕ ਘਟਨਾ ਨੂੰ ਨਾਵਲੀ ਵਿਧਾ ਵਿਚ ਢਾਲ ਕੇ ਪੰਜਾਬੀ ਪਾਠਕਾਂ ਨੂੰ ਪੇਸ਼ ਕੀਤਾ ਹੈ ਤਾਂ ਕਿ ਉਨ੍ਹਾਂ ਦਾ ਚਿੰਤਨ ਵਿਸ਼ਵ ਪੱਧਰੀ ਹੋਵੇ। ਉਹ ਬੀਤੀਆਂ ਘਟਨਾਵਾਂ ਨੂੰ ਅਜੋਕੇ ਸੰਦਰਭ ਵਿਚ ਸਮਝ ਅਤੇ ਅਪਨਾ ਕੇ ਨਵੀਆਂ ਤਰਜ਼ੀਹਾਂ ਨਿਰਧਾਰਤ ਕਰ ਸਕਣ। ਇਹ ਪਹਿਲੀ ਵਾਰ ਹੈ ਕਿ ਅਜਿਹੀ ਇਤਿਹਾਸਕ ਘਟਨਾ ਨੂੰ ਤੱਥਾਂ ਅਤੇ ਵੇਰਵਿਆਂ ਸਮੇਤ ਪੇਸ਼ ਕੀਤਾ ਗਿਆ ਹੈ। ਇਤਿਹਾਸਕ ਨਾਵਲ ਦੀ ਸੱਚਾਈ ਅਤੇ ਪ੍ਰਖਤਗੀ ਲਈ ਜਰੂਰੀ ਹੈ ਕਿ ਮੂਲ ਸਰੋਤਾਂ ਦੀ ਘੋਖ ਕੀਤੀ ਜਾਵੇ ਅਤੇ ਵਿਸ਼ਵ ਪੱਧਰ ਦੇ ਸਰੋਤਾਂ ਵਿਚਲੀ ਸਹੀ ਜਾਣਕਾਰੀ ਇਕੱਤਰ ਕਰਕੇ ਨਾਵਲ ਵਿਚ ਪੇਸ਼ ਕੀਤੀ ਜਾਵੇ। ਇਸ ਜੁਗਤ ਵਿਚ ਸ. ਖਾਮੋਸ਼ ਬਹੁਤ ਕਾਮਯਾਬ ਹੋਏ ਹਨ।

ਵੱਡ-ਅਕਾਰੀ ਨਾਵਲ ਵਿਚ ਇਤਿਹਾਸਕ ਘਟਨਾ ਦੇ ਬਹੁਤ ਸਾਰੇ ਪਹਿਲੂਆਂ ਨੂੰ ਸੁਚੇਤ ਅਤੇ ਅਚੇਤ ਰੂਪ ਵਿਚ ਸਿਰਜਣਾ, ਪਾਤਰਾਂ ਦੇ ਸਮਾਜਿਕ, ਮਾਨਸਿਕ ਤੇ ਆਰਥਿਕ ਰੰਗਾਂ ਦੀ ਕਲਾਕਾਰੀ, ਰੌਚਕਤਾ ਬਣਾਈ ਰੱਖਣਾ ਅਤੇ ਪਾਠਕ ਨੂੰ ਅਖੀਰ ਤੱਕ ਜੋੜੀ ਰੱਖਣਾ, ਬਹੁਤ ਜਰੂਰੀ ਹੁੰਦਾ ਹੈ। ਇਸ ਵਿਚ ਸ. ਖਾਮੋਸ਼ ਬਹੁਤ ਸਫ਼ਲ ਰਹੇ ਹਨ। ਉਸ ਸਮੇਂ ਵਿਚ ਲੋਕਾਂ ਦੀਆਂ ਕਿਹੜੀਆਂ ਲੋੜਾਂ-ਥੋੜ੍ਹਾਂ ਸਨ, ਉਨ੍ਹਾਂ ਦੀ ਪ੍ਰਾਪਤੀ ਲਈ ਕਿਹੜੇ ਵਸੀਲੇ/ਤਰੀਕੇ ਵਰਤਦੇ ਸਨ ਅਤੇ ਇਸ ਕਾਰਨ ਕਿਸ ਤਰ੍ਹਾਂ ਦਾ ਰੋਹ, ਤਕਰਾਰ ਅਤੇ ਟਕਰਾਅ ਪੈਦਾ ਹੋਇਆ, ਇਸ ਦੀ ਜਾਣਕਾਰੀ ਨਾਵਲ ਵਿਚ ਪਰਤ ਦਰ ਪਰਤ ਖੁੱਲ੍ਹਦੀ ਹੈ। ਇਸ ਦਾ ਨਿਰੰਤਰ ਪ੍ਰਵਾਹ, ਰਵਾਨਗੀ ਅਤੇ ਰਸੀਲਾਪਣ, ਪਾਠਕ ਦੀ ਰੌਚਕਤਾ ਬਣਾਉਣ ਵਿਚ ਕਾਮਯਾਬ ਹੈ।

ਸ. ਖਾਮੋਸ਼ ਨਾਵਲ ਦੇ ਨਾਲ ਨਾਲ ਇਕ ਕਵੀ ਤੇ ਕਹਾਣੀਕਾਰ ਵੀ ਹਨ। ਇਸ ਲਈ ਉਨ੍ਹਾਂ ਨੇ ਇਸ ਨਾਵਲ ਵਿਚ ਸਥਿੱਤੀ ਅਨੁਸਾਰ ਪੰਜਾਬੀ ਅਤੇ ਉਰਦੂ ਦੀਆਂ ਕਾਵਿ-ਪੰਕਤੀਆਂ ਸ਼ਾਮਲ ਕਰਕੇ, ਪੰਜਾਬੀ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਹੈ, ਜੋ ਸਲਾਹੁਣਯੋਗ ਹੈ। ਜਿਵੇਂ ਪੋਪ ਦੀ ਮਾਨਸਿਕ ਦਸ਼ਾ ਬਿਆਨ ਕਰਦਿਆਂ ਉਹ ਕਹਿੰਦੇ ਨੇ, "ਨਾ ਖੁਦਾ ਹੀ ਮਿਲਾ ਨਾ ਵਸਾਲ-ਏ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ।" (ਪੰਨਾ 104)

ਜਾਂ ਜਦ ਬਾਦਸ਼ਾਹ ਖਿਝ ਕੇ ਆਪਣੇ ਡਿਪਟੀ ਮਾਰਕੁਈਸ ਲੈਫਾਯੈਤੀ ਨੂੰ ਆਖਦਾ ਹੈ: "ਹੁਣ ਤੈਨੂੰ ਮੇਰੇ ਤੋਂ ਨਹੀਂ, ਸਗੋਂ ਮੈਨੂੰ ਤੇਰੇ ਕੋਲੋਂ ਹੁਕਮ ਲੈਣਾ ਚਾਹੀਦੈ।" ਤਾਂ ਬਾਦਸ਼ਾਹ ਦੀ ਮਾਨਸਿਕਤਾ ਬਾਰੇ ਸ. ਖਾਮੋਸ਼ ਲਿਖਦੇ ਹਨ, "ਘਰ ਸੇ ਚਲੇ ਥੇ ਹਮ ਖੁਸ਼ੀ ਕੀ ਤਲਾਸ਼ ਮੇਂ, ਗਮ ਰਾਹ ਮੇਂ ਖੜੇ




ਥੇ ਵੁਹ ਹੀ ਸਾਥ ਹੋ ਲੀਏ।" (ਪੰਨਾ 118)

ਲੋਕ-ਇਨਕਲਾਬ ਵਿਚ ਜਦ ਲੋਕਾਂ ਦਾ ਰੋਹ ਸਿਖਰ 'ਤੇ ਪਹੁੰਚ, 'ਕੌਮ ਜਿੰਦਾਬਾਦ! ਇਨਕਲਾਬ ਜਿੰਦਾਬਾਦ' ਦੇ ਨਾਹਰੇ ਗੂੰਜਦੇ ਤਾਂ ਲੇਖਕ ਦਾ ਕਵੀ ਮਨ ਕਹਿੰਦਾ ਹੈ, "ਕਦਮ ਜਦੋਂ ਇਰਾਦੇ ਮਿਲਾ ਤੁਰਦੇ, ਧੂੜਾਂ ਉਡਦੀਆਂ ਮੰਜ਼ਲਾਂ ਮੁਕਦੀਆਂ ਨੇ। ਨਦੀਆਂ ਜਦ ਉਤਸ਼ਾਹ ਦੀਆਂ ਚੜ੍ਹਨ ਕਾਂਗੀ, ਬੰਨ ਮਾਰਿਆਂ ਕਦੇ ਨਾ ਰੁਕਦੀਆਂ ਨੇ।" (ਪੰਨਾ 141)

ਲੋਕ-ਚੇਤਨਾ ਵਿਚ ਜਦ ਇਨਕਲਾਬ ਦੀ ਜਾਗ ਲੱਗਦੀ ਹੈ ਤਾਂ ਰੋਹ ਸੜਕਾਂ ਅਤੇ ਬੀਹੀਆਂ ਵਿਚ ਗੂੰਜਦਾ ਹੈ। ਇਨਕਲਾਬ ਵਾਲੀ ਥਾਂ ਭਾਵ ਕਤਲਗਾਹ ਨੂੰ ਜਾਂਦੀਆਂ ਰਾਹਾਂ 'ਤੇ ਖਿੜਕੀਆਂ 'ਤੇ ਲੱਗੇ ਇਸ਼ਤਿਹਾਰ 'ਤੇ ਸਮੇਂ ਦਾ ਸੱਚ, 'ਏਕਤਾ, ਆਜ਼ਾਦੀ, ਬਰਾਬਰੀ, ਭਰੱਪਣ ਜਾਂ ਮੌਤ' ਕਿੰਨਾ ਸਾਰਥਕ ਸੰਦੇਸ਼ ਹੈ। ਉਸ ਸਮੇਂ ਹਰੇਕ ਫਰਾਂਸ ਵਾਸੀ ਦੀ ਮਾਨਸਿਕਤਾ ਵਿਚ ਵੱਡੇ ਤੋਂ ਵੱਡਾ ਕ੍ਰਾਂਤੀਕਾਰੀ ਬਣਨ ਦਾ ਉਤਸ਼ਾਹ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ, "ਆਪਣੇ ਗੁਆਂਢੀ ਨਾਲੋਂ ਘੱਟ ਕ੍ਰਾਂਤੀਕਾਰੀ ਸਮਝੇ ਜਾਣਾ ਖਤਰਨਾਕ ਸੀ।" (ਪੰਨਾ 210)


ਨਾਵਲ ਦਾ ਆਖਰੀ ਪਹਿਰਾ ਬੜਾ ਵੱਡਾ ਸੱਚ ਬਿਆਨ ਕਰ ਗਿਆ ਹੈ ਤੇ ਆਪ ਮੁਹਾਰੇ ਪੈਦਾ ਹੋਏ ਇਨਕਲਾਬ ਦੀ ਤ੍ਰਾਸਦੀ ਬਿਆਨਦਾ ਹੈ, ਜਿਸ ਨੂੰ ਆਪਣਿਆਂ ਨੇ ਹੀ ਕਬਰ 'ਚ ਦਫਨਾ ਦਿਤਾ: "ਸ਼ਕਤੀਸ਼ਾਲੀ ਮਹੱਤਤਾ ਵਾਲਾ ਕੌਂਸ਼ਲ ਬੋਨਾਪਾਰਟ ਪੰਜ ਸਾਲ ਬਾਅਦ ਫਰਾਂਸ ਦਾ ਸ਼ਹਿਨਸ਼ਾਹ ਬਣ ਜਾਂਦਾ ਹੈ। ਉਹ ਅਜਿਹਾ ਜਰਨੈਲ ਸੀ ਜੋ ਇਨਕਲਾਬ ਦੀ ਪੈਦਾਵਾਰ ਸੀ, ਉਸ ਦਾ ਵਿਰਸਾ ਸੀ। ਉਹੀ ਇਨਕਲਾਬ ਨੂੰ ਖਤਮ ਕਰਨ ਵਾਲਾ ਅਤੇ ਉਸ ਦਾ ਅੰਤਿਮ ਸਸਕਾਰ ਕਰਨ ਵਾਲਾ ਜਰਨੈਲ ਸੀ।"

'ਇਨਕਲਾਬ ਜ਼ਿੰਦਾਬਾਦ' ਇਕ ਅਜਿਹਾ ਇਤਿਹਾਸਕ ਨਾਵਲ ਹੈ ਜਿਸ ਦੀਆਂ ਬਹੁਤ ਸਾਰੀਆਂ ਪਰਤਾਂ, ਬਹੁ-ਪਰਤੀ ਸੁਨੇਹੇ ਪਾਠਕ ਦੇ ਮਨ ਵਿਚ ਖਲਬਲੀ ਪੈਦਾ ਕਰਕੇ ਅਤੇ ਬਹੁਤ ਸਾਰੇ ਪ੍ਰਸ਼ਨ ਪੈਦਾ ਕਰ, ਉਸ ਨੂੰ ਚੇਤੰਨ ਕਰਦੇ ਹਨ। ਪੰਜਾਬੀਆਂ ਲਈ ਇਸ ਨਾਵਲ ਦੀ ਇਹ ਹੀ ਸਭ ਤੋਂ ਵੱਡੀ ਪ੍ਰਾਪਤੀ ਹੈ। ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਨਾਵਲ ਲਈ ਸ. ਇੰਦਰ ਸਿੰਘ ਖਾਮੋਸ਼ ਨੂੰ ਮੁਬਾਰਕ! ਆਸ ਹੈ, ਪੰਜਾਬੀ ਪਿਆਰੇ ਇਸ ਨਾਵਲ ਨੂੰ ਬਹੁਤ ਵੱਡਾ ਹੁੰਗਾਰਾ ਦੇਣਗੇ ਜਿਸ ਤਰ੍ਹਾਂ ਪਾਠਕਾਂ ਨੇ ਸ. ਖਾਮੋਸ਼ ਦੇ ਪਹਿਲੇ ਨਾਵਲਾਂ ਨੂੰ ਦਿਤਾ ਹੈ।

ਸ. ਖਾਮੋਸ਼ ਨਾਲ ਸੰਪਰਕ ਫੋਨ: 916-209-8536 ਰਾਹੀਂ ਕੀਤਾ ਜਾ ਸਕਦਾ ਹੈ।

# 'ਵੋਲਗਾ ਤੋਂ ਗੰਗਾ' ਦੇ ਅਨੁਵਾਦ ਬਾਰੇ

***'ਵੋਲਗਾ ਤੋਂ ਗੰਗਾ' ਮਹਾਨ ਘੁਮੱਕੜ ਵਿਦਵਾਨ ਰਾਹੁਲ ਸਾਂਕ੍ਰਿਤਯਾਯਨ ਵੱਲੋਂ 1943 ਵਿਚ ਰਚੀਆਂ ਉਹ ਵੀਹ ਕਥਾਵਾਂ ਹਨ ਜਿਨ੍ਹਾਂ ਵਿਚ ਇਤਿਹਾਸ ਦੀਆਂ ਲਹਿਰਾਂ ਉਠਦੀਆਂ ਹਨ। ਪਾਠਕ ਇਤਿਹਾਸ ਦੇ ਸਾਗਰ ਅੰਦਰ ਭਰਪੂਰ ਗੋਤੇ ਲਾਉਂਦਾ ਹੈ। ਇਹ ਕਿਤਾਬ ਭਾਵੇਂ ਪਹਿਲਾਂ ਪੰਜਾਬੀ ਵਿਚ ਅਨੁਵਾਦ ਹੋ ਚੁੱਕੀ ਹੈ ਪਰ ਵਲੈਤ ਵੱਸਦੇ ਚਿੱਤਰਕਾਰ ਕੰਵਲ ਧਾਲੀਵਾਲ ਨੇ ਜਿਸ ਰੂਹ ਨਾਲ ਇਸ ਕਿਤਾਬ ਦਾ ਅਨੁਵਾਦ ਕੀਤਾ ਹੈ, ਉਹ ਤਸੱਲੀ ਵਾਲਾ ਹੈ। ਇਕ ਇਕ ਸ਼ਬਦ ਉਤੇ ਮਿਹਨਤ ਕੀਤੀ ਗਈ ਹੈ। ਇਸ ਲੇਖ ਵਿਚ ਉਸ ਨੇ ਇਸ ਕਿਤਾਬ ਦੇ ਅਨੁਵਾਦ ਦੇ ਸਫਰ ਬਾਰੇ ਆਪਣੇ ਅਹਿਸਾਸ ਸਾਂਝੇ ਕੀਤੇ ਹਨ। -ਸੰਪਾਦਕ***



ਕੰਵਲ ਧਾਲੀਵਾਲ

'ਵੋਲਗਾ ਤੋਂ ਗੰਗਾ' ਦੇ ਅਨੁਵਾਦ ਦਾ ਕੰਮ ਮੈਂ 1995 ਵਿਚ ਉਸ ਵੇਲੇ ਸ਼ੁਰੂ ਕੀਤਾ ਜਦੋਂ ਪਹਿਲੀ ਵਾਰ ਇਹ ਮਹਾਂ ਰਚਨਾ ਚੰਬਾ (ਹਿਮਾਚਲ ਪ੍ਰਦੇਸ਼) ਰਹਿੰਦਿਆਂ ਪੜ੍ਹੀ। ਇਸ ਕਿਤਾਬ ਨਾਲ ਮੁਲਾਕਾਤ ਵੀ ਸਬੱਬੀ ਮੇਲਾ ਸੀ। ਚੰਬਾ ਆਪਣੇ ਕੁਦਰਤੀ ਸੁਹੱਪਣ ਵਜੋਂ ਤਾਂ ਜਾਣਿਆ ਹੀ ਜਾਂਦਾ ਹੈ ਪਰ ਇਸ ਦੀ ਕਲਾ ਨੂੰ ਕੀ ਦੇਣ ਹੈ ਇਹ ਗੱਲ ਬਹੁਤ ਘੱਟ ਚਰਚਿਤ ਹੈ। ਪੁਰਾਤਨ ਮੰਦਰਾਂ ਦੇ ਇਸ ਸ਼ਹਿਰ ਨੂੰ 'ਭਾਰਤੀ ਲੋਕ ਕਲਾ ਦਾ ਘਰ' ਵੀ ਕਿਹਾ ਜਾ ਸਕਦਾ ਹੈ ਜਿਥੇ ਬਹੁਤ ਸਾਰੀਆਂ ਲੋਕ ਅਤੇ ਸ਼ਾਸਤਰੀ ਕਲਾਵਾਂ ਪ੍ਰਵਾਨ ਚੜ੍ਹੀਆਂ ਹਨ। ਅੱਜ ਵੀ ਇਸ ਸ਼ਹਿਰ ਵਿਚ ਰਵਾਇਤੀ ਅਤੇ ਸ਼ਾਸਤਰੀ ਮੂਰਤੀ ਕਲਾ, ਲਘੂ-ਚਿਤ੍ਰ ਕਲਾ, ਕਢਾਈ ਆਦਿ ਦੇ ਮਾਹਿਰ ਹਨ ਜੋ ਭਾਰਤ ਦੇ ਲੋਕ ਕਲਾਵਾਂ ਦੇ ਸਰਵਉੱਤਮ ਇਨਾਮ 'ਰਾਸ਼ਟਰਪਤੀ ਇਨਾਮ' ਨਾਲ ਨਿਵਾਜੇ ਜਾ ਚੁੱਕੇ ਹਨ। ਮੇਰਾ ਵਿਸ਼ਾ ਵੀ ਕਲਾ ਨਾਲ ਸਬੰਧਤ ਹੋਣ ਕਾਰਨ ਇਹ ਸਭ ਕਲਾਕਾਰ ਮੇਰੇ ਸੰਪਰਕ ਵਿਚ ਸੁਭਾਵਕ ਹੀ ਆ ਗਏ ਤੇ ਹਮੇਸ਼ਾ ਲਈ ਵਧੀਆ ਦੋਸਤ ਬਣ ਗਏ। ਇਨ੍ਹਾਂ ਵਿਚੋਂ ਇਕ ਵਿਜੇ ਸ਼ਰਮਾ (ਹੁਣ ਪਦਮਸ੍ਰੀ) ਲਘੂ ਚਿਤਰ ਕਲਾ ਦਾ ਮਾਹਿਰ ਹੈ, ਮੇਰੇ ਹੀ ਵਾਂਗ ਆਪਣੇ ਚੋਣਵੇਂ ਵਿਸ਼ੇ ਤੋਂ ਇਲਾਵਾ ਹੋਰ ਕਲਾਵਾਂ ਜਿਵੇਂ ਸੰਗੀਤ, ਸਾਹਿਤ ਅਤੇ ਸਮਾਜਿਕ ਵਿਸ਼ਿਆਂ ਤੇ ਸਿਆਸਤ ਆਦਿ ਵਿਚ ਗਹਿਰੀ ਦਿਲਚਸਪੀ ਰੱਖਦਾ ਹੈ। ਉਸ ਨੇ ਹੀ ਮੈਨੂੰ ਮਹਾਨ ਦਾਰਸ਼ਨਿਕ ਰਾਹੁਲ ਸਾਂਕ੍ਰਿਤਯਾਯਨ ਦੇ ਸਾਹਿਤ ਤੋਂ ਵਾਕਿਫ਼ ਕਰਵਾਇਆ।

ਸਾਂਕ੍ਰਿਤਯਾਯਨ ਦੀਆਂ ਬਹੁਤ ਸਾਰੀਆਂ ਰਚਨਾਵਾਂ ਭਾਵੇਂ ਮੈਂ ਪੜ੍ਹੀਆਂ ਪਰ 'ਵੋਲਗਾ ਤੋਂ ਗੰਗਾ' ਪੜ੍ਹਦਿਆਂ ਹੀ ਸੋਚ ਲਿਆ ਸੀ ਕਿ ਕੁਝ ਵੀ ਹੋਵੇ, ਪੰਜਾਬੀ ਪੜ੍ਹ ਸਕਣ ਵਾਲਿਆਂ ਤੱਕ ਇਹ ਕਿਤਾਬ ਹਰ ਹਾਲਤ ਵਿਚ ਮੁਹੱਈਆ ਹੋਣੀ ਚਾਹੀਦੀ ਹੈ। ਪੰਜਾਬੀਆਂ ਤੱਕ ਇਸ ਕਿਤਾਬ ਨੂੰ ਪਹੁੰਚਾਉਣ ਦਾ ਬੀੜਾ ਚੁੱਕਣ ਦੀ ਕਸਕ ਮੇਰੇ ਮਨ ਵਿਚ ਇਸ ਲਈ ਵੀ ਉਠੀ ਕਿ ਅਖੌਤੀ 'ਅਸੁਰ ਦੇਸ਼' ਤੋਂ 'ਸਪਤਸਿੰਧੂ', ਸਪਤਸਿੰਧੂ ਤੋਂ 'ਉਤਰਾਪਥ', ਉਤਰਾਪਥ ਤੋਂ 'ਪੰਜ-ਆਬ' ਬਣਦਾ ਇਹ ਇਲਾਕਾ, ਭੂਗੋਲਿਕ ਤੌਰ 'ਤੇ ਦੱਖਣੀ ਰੂਸ ਦੇ ਦਰਿਆ ਵੋਲਗਾ ਤੋਂ ਹਿੰਦ ਦੇ ਦਰਿਆ ਗੰਗਾ ਤਕ ਆਰੀਆ ਕਬੀਲਿਆਂ ਦੇ ਇਸ ਯਾਤਰਾ ਬਿਰਤਾਂਤ ਦੇ ਤਕਰੀਬਨ ਵਿਚਕਾਰ ਸਥਿਤ ਹੈ ਤੇ ਕਹਾਣੀ ਦੇ ਵਡੇਰੇ ਭਾਗ ਦਾ ਸਬੰਧ ਪੰਜਾਬ ਨਾਲ ਹੀ ਹੈ। ਅਜਿਹੇ ਪਿਛੋਕੜ ਦੀ ਜਾਣਕਾਰੀ ਕਿਸੇ ਸਧਾਰਨ ਜਾਂ ਸਰਕਾਰੀ ਕਿਤਾਬ ਵਿਚੋਂ ਮਿਲਣਾ ਅਸੰਭਵ ਹੈ। ਇਤਿਹਾਸ ਦੀਆਂ ਸਾਰੀਆਂ ਕਿਤਾਬਾਂ, ਚਾਹੇ ਕਿਸੇ ਵੀ ਸਰਕਾਰ ਵੱਲੋਂ ਛਪਵਾਈਆਂ ਗਈਆਂ ਹੋਣ, ਇਤਿਹਾਸਕ ਸਚਾਈ ਨਹੀਂ, ਬਲਕਿ ਸਮੇਂ ਦੇ ਪਾਠਕਾਂ ਦੀ ਮਾਨਸਿਕਤਾ ਅਤੇ ਆਪਣੀ ਵਿਚਾਰਧਾਰਾ, ਵਿਸ਼ਵਾਸਾਂ ਨੂੰ ਮੁਖ ਰਖ ਕੇ ਲਿਖਵਾਈਆਂ ਗਈਆਂ ਹੁੰਦੀਆਂ ਹਨ। ਇਸੇ ਲਈ ਇਤਿਹਾਸ ਦੀ ਕਿਸੇ ਵੀ ਕਿਤਾਬ ਨੂੰ ਸੌ ਪ੍ਰਤੀਸ਼ਤ ਪਖਪਾਤ ਰਹਿਤ ਨਹੀਂ ਕਿਹਾ ਜਾ ਸਕਦਾ।

***"ਯਕੀਨ ਨਹੀਂ ਹੁੰਦਾ ਕਿ ਇੰਨਾ ਸਮਾਂ ਬੀਤ ਜਾਣ ਬਾਅਦ ਵੀ ਇਹ ਸਿਰੜ ਮੈਨੂੰ ਚਿੰਬੜਿਆ ਰਿਹਾ ਤੇ ਮੈਂ ਇਹ ਕੰਮ ਖੁਸ਼ੀ ਖੁਸ਼ੀ ਸਿਰੇ ਲਾ ਸਕਿਆ ਹਾਂ। ਹੁਣ ਕਹਿ ਸਕਦਾ ਹਾਂ ਕਿ ਭਾਵੇਂ ਇਹ ਕਿਤਾਬ ਲੱਖ ਵਾਰ ਪੜ੍ਹ ਲੈਂਦਾ ਪਰ ਜੋ ਅਹਿਸਾਸ ਇਸ ਨੂੰ ਅਨੁਵਾਦ ਕਰ ਕੇ ਹੋਇਆ ਹੈ, ਉਹ ਪੜ੍ਹਿਆਂ ਕਦੇ ਵੀ ਨਹੀਂ ਸੀ ਹੋਣਾ। ਸਾਂਕ੍ਰਿਤਯਾਯਨ ਦੀ ਮਹਾਨਤਾ ਉਸ ਦੀ ਕਿਤਾਬ ਦਾ ਇੱਕ ਇੱਕ ਅੱਖਰ ਜਾਣਿਆਂ ਹੀ ਸਮਝ ਪੈ ਸਕਦੀ ਹੈ।"***

ਇਤਿਹਾਸ ਵਿਚ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਦੇ ਬਿਆਨ ਲਈ ਕਿਸੇ ਸਾਹਿਤਕਾਰ ਦੇ ਬੇਬਾਕ ਹੌਂਸਲੇ ਦੀ ਲੋੜ ਹੁੰਦੀ ਹੈ ਤੇ ਰਾਹੁਲ ਸਾਂਕ੍ਰਿਤਯਾਯਨ ਤੋਂ ਵਧ ਬੇਬਾਕ ਸਾਹਿਤਕਾਰ ਮੈਂ ਨਹੀਂ ਵੇਖਿਆ। ਇਤਿਹਾਸ ਨੂੰ ਸਮਝਣ ਅਤੇ ਬਿਆਨ ਕਰਨ ਵਿਚ ਗਲਤੀਆਂ ਰਾਹੁਲ ਜੀ ਤੋਂ ਵੀ ਹੋਈਆਂ ਹੋਣਗੀਆਂ; ਇਹ ਅਕਾਦਮਿਕ ਗਲਤੀਆਂ ਖੋਜ ਵਿਚ ਰਹੀਆਂ ਊਣਤਾਈਆਂ ਤਾਂ ਹੋ ਸਕਦੀਆਂ ਹਨ, ਪਰ ਸਿਆਸੀ ਝੂਠ ਨਹੀਂ।




'ਵੋਲਗਾ ਤੋਂ ਗੰਗਾ' ਦਾ ਮੁਖੜਾ।

ਅਨੁਵਾਦ ਸ਼ੁਰੂ ਕਰਨ ਤੋਂ ਪਹਿਲੇ ਇਹ ਜਾਨਣ ਦੇ ਕਾਫੀ ਜਤਨ ਵੀ ਕੀਤੇ ਕਿ ਇਸ ਦਾ ਪੰਜਾਬੀ ਅਨੁਵਾਦ ਪਹਿਲਾਂ ਹੋ ਚੁਕਿਆ ਹੈ ਜਾਂ ਨਹੀਂ। ਇਸ ਕਿਤਾਬ ਦੇ ਹਿੰਦੀ ਪ੍ਰਕਾਸ਼ਕ ਜੋ ਉਤਰ ਪ੍ਰਦੇਸ਼ ਵਿਖੇ ਸੀ, ਨੂੰ ਪੱਤਰ ਵੀ ਲਿਖਿਆ ਕਿ ਮੈਂ ਇਸ ਕਿਤਾਬ ਦਾ ਅਨੁਵਾਦ ਕਰਨਾ ਚਾਹੁੰਦਾ ਹਾਂ, ਕੀ ਉਹ ਦੱਸ ਸਕਦੇ ਹਨ ਜੇ ਪਹਿਲਾਂ ਹੋ ਚੁਕਿਆ ਹੈ, ਤੇ ਇਹ ਵੀ ਕਿ ਮੇਰੇ ਅਨੁਵਾਦ ਕਰਨ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਤਾਂ ਨਹੀਂ। ਹਿੰਦੀ ਪ੍ਰਕਾਸ਼ਕ ਵੱਲੋਂ ਕੋਈ ਜਵਾਬ ਨਹੀਂ ਆਇਆ। ਕੁਝ ਵੀ ਪਤਾ ਨਾ ਲੱਗਣ 'ਤੇ ਮੈਂ ਮਹਿਸੂਸ ਕੀਤਾ ਕਿ ਪਹਿਲਾਂ ਅਨੁਵਾਦ ਹੋਇਆ ਹੋਵੇ ਜਾਂ ਨਾ ਪਰ ਮੈਂ ਜ਼ਰੂਰ ਕਰਾਂਗਾ, ਹੋਰਾਂ ਲਈ ਨਹੀਂ ਤਾਂ ਆਪਣੇ ਆਪ ਲਈ ਹੀ ਸਹੀ, ਤੇ ਇਸ ਤਰ੍ਹਾਂ ਇਹ ਅਨੁਵਾਦ ਕਰਨ ਦਾ ਕੰਮ ਆਰੰਭ ਦਿੱਤਾ। ਇਸ ਕਿਤਾਬ ਨੂੰ ਪੜ੍ਹਨਾ ਸ਼ੁਰੂ ਕਰਦਿਆਂ ਹੀ ਇਕ ਹੋਰ ਗੱਲ ਜੋ ਮੈਨੂੰ ਰੋਮਾਂਚਕਾਰੀ ਲੱਗੀ, ਉਹ ਸੀ ਸਾਂਕ੍ਰਿਤਯਾਯਨ ਵੱਲੋਂ ਉਸ ਦੇ ਹਿੰਦ-ਯੂਰਪੀ ਭਾਸ਼ਾ ਵਿਗਿਆਨ ਦੇ ਅਧਿਐਨ ਵਿਚੋਂ ਨਿਕਲੇ ਸ਼ਬਦਾਂ ਦੀ ਉਹ ਚੋਣ, ਜੋ ਮੈਨੂੰ ਰੂਸੀ ਭਾਸ਼ਾ ਅਤੇ ਕੁਝ ਭਾਸ਼ਾ ਵਿਗਿਆਨ ਦੀ ਜਾਣਕਾਰੀ ਹੋਣ ਕਾਰਨ, ਨਾ ਸਿਰਫ ਲੇਖਕ ਵੱਲੋਂ ਕੀਤੇ ਜਾ ਰਹੇ ਭਾਸ਼ਾਈ ਇਸ਼ਾਰੇ, ਬਲਕਿ ਇਨ੍ਹਾਂ ਸ਼ਬਦਾਂ ਦੇ ਸੰਸਕ੍ਰਿਤ ਮੂਲ ਨਾਲ ਰੂਸੀ ਜ਼ਮੀਨ ਦੀ ਸਾਂਝੇਦਾਰੀ ਦੀ ਆ ਰਹੀ ਸਮਝ ਬੜਾ ਹੀ ਕਲਾਤਮਕ ਅਤੇ ਸਾਹਿਤਕ ਆਨੰਦ ਦੇ ਰਹੀ ਸੀ।

ਰੂਸ ਦੇ ਵੋਲਗਾ ਦਰਿਆ ਦੇ ਕਿਨਾਰਿਆਂ 'ਤੇ ਵਸਦੇ ਪੱਥਰ ਯੁੱਗ ਦੇ ਆਰੀਆ ਕਬੀਲਿਆਂ ਤੋਂ ਸ਼ੁਰੂ ਹੁੰਦੀ ਇਸ ਕਿਤਾਬ ਦੇ ਪਹਿਲੇ ਕੁਝ ਅਧਿਆਇਆਂ ਵਿਚ ਇਨ੍ਹਾਂ ਲੋਕਾਂ ਦੀ 'ਕਲਪਿਤ ਬੋਲੀ' ਦੇ ਕੁਝ ਸ਼ਬਦ, ਜਿਵੇਂ ਅਗਿਨ (ਅੱਗ)- ਸੰਸਕ੍ਰਿਤ: ਅਗਨੀ, ਰੂਸੀ: ਅਗੋਨ; ਉਦ (ਪਾਣੀ)- ਰੂਸੀ: ਵਦਾ; ਸ਼ਵਸਰ (ਭੈਣ)- ਸੰਸਕ੍ਰਿਤ: ਸਵਸ੍ਰ, ਰੂਸੀ: ਸੇਸਤਰਾ, ਅੰਗਰੇਜ਼ੀ: ਸਿਸਟਰ; ਸ਼ਵਕ (ਕੁੱਤਾ)- ਰੂਸੀ: ਸੱਬਾਕਾ, ਸੰਸਕ੍ਰਿਤ: ਸ਼ਨੀ; ਸੂਨ (ਪੁੱਤ)- ਸੰਸਕ੍ਰਿਤ: ਸੂਨ, ਰੂਸੀ: ਸਿਨ, ਅੰਗਰੇਜ਼ੀ: ਸਨ; ਦੁਹਿਤਾ (ਧੀ)- ਰੂਸੀ: ਦੋਚ, ਸੰਸਕ੍ਰਿਤ: ਦੁਹਿਤਾ, ਅੰਗਰੇਜ਼ੀ: ਡੌਟਰ; ਦਮ (ਘਰ)- ਰੂਸੀ: ਦੋਮ, ਸੰਸਕ੍ਰਿਤ: ਦਮ, ਅੰਗਰੇਜ਼ੀ: ਹੋਮ; ਚਸ਼ਕ (ਪਿਆਲਾ)- ਰੂਸੀ: ਚਾਸ਼ਕਾ, ਸੰਸਕ੍ਰਿਤ: ਚਸ਼ਕ; ਵ੍ਰਿਕ (ਬਘਿਆੜ)- ਰੂਸੀ: ਵੋਲਕ, ਸੰਸਕ੍ਰਿਤ: ਵ੍ਰਿਕ, ਅੰਗਰੇਜ਼ੀ: ਵੁਲਫ, ਆਦਿ ਨੇ ਮੈਨੂੰ ਲੇਖਕ ਦੀ ਭਾਸ਼ਾਈ ਹੀ ਨਹੀਂ ਬਲਕਿ ਇਤਿਹਾਸਕ ਤੇ ਸਭਿਆਚਾਰਕ ਮਹਾਰਤ ਨਾਲ ਕਾਇਲ ਕੀਤਾ। ਲੇਖਕ ਦਾ ਇਸ਼ਾਰਾ ਸਮਝਦਿਆਂ ਮੈਂ ਇਸ ਤਰ੍ਹਾਂ ਦੇ ਕਈ ਸ਼ਬਦਾਂ ਦੇ ਪੰਜਾਬੀ ਬਦਲ ਲਿਖਣ ਦੀ ਬਜਾਇ ਮੂਲ ਸ਼ਬਦ ਹੀ ਵਰਤਣਾ ਮੁਨਾਸਿਬ ਸਮਝਿਆ।

ਪਹਿਲੇ ਕੁਝ ਹਿੱਸੇ ਅਨੁਵਾਦ ਕਰਨ ਤੋਂ ਬਾਅਦ ਮਹਿਸੂਸ ਹੋਇਆ ਕਿ ਮੇਰੇ ਲਈ ਇਸ ਸੰਸਕ੍ਰਿਤ-ਲਿਪਤ ਹਿੰਦੀ ਤੋਂ ਅਨੁਵਾਦ ਦਾ ਕੰਮ ਸਿਰੇ ਲਾਉਣ ਲਈ ਮੁੱਦਤਾਂ ਦਾ ਸਮਾਂ ਦਰਕਾਰ ਹੋਵੇਗਾ ਪਰ ਮੈਂ ਲੱਗਿਆ ਰਿਹਾ। ਅਨੁਵਾਦ ਦੇ ਆਰੰਭਕ ਹਿੱਸੇ ਫਰੀਦਕੋਟ ਸ਼ਹਿਰ ਤੋਂ 'ਤਰਕਸ਼ੀਲ' ਰਸਾਲਾ ਪ੍ਰਕਾਸ਼ਤ ਕਰ ਰਹੇ ਸੁਹਿਰਦ ਦੋਸਤ ਅਵਤਾਰ ਗੋਂਦਾਰਾ ਨੂੰ ਦਿਖਾਏ, ਜੋ ਖੁਸ਼ ਹੋਏ ਤੇ ਮੈਨੂੰ ਕੰਮ ਜਾਰੀ ਰੱਖਣ ਦੀ ਹੱਲਾਸ਼ੇਰੀ ਵੀ ਦਿੱਤੀ। ਉਨ੍ਹਾਂ ਦਾ ਵਿਚਾਰ ਸੀ ਕਿ ਅਨੁਵਾਦ ਹੋ ਜਾਣ ਤੋਂ ਬਾਅਦ ਉਹ ਕਿਸੇ ਅਖਬਾਰ ਵਿਚ ਇਸ ਨੂੰ 'ਲੜੀਵਾਰ' ਛਪਵਾ ਸਕਦੇ ਹਨ। ਇਸੇ ਲੇਖਕ ਦਾ ਹੀ ਇਕ ਹੋਰ ਲੇਖ 'ਪੰਜਾਬ ਸੰਸਕ੍ਰਿਤੀਆਂ ਦਾ ਸੁਮੇਲ' ਜੋ ਮੈਂ ਅਨੁਵਾਦ ਕੀਤਾ ਸੀ, ਗੋਂਦਾਰਾ ਜੀ ਨੇ 'ਤਰਕਸ਼ੀਲ' ਵਿਚ ਛਾਪਿਆ ਸੀ। ਇਸ ਤੋਂ ਛੇਤੀ ਬਾਅਦ ਜ਼ਿੰਦਗੀ ਵਿਚ ਆਈਆਂ ਉਪਰਥਲੀਆਂ ਨੇ ਹੋਰ ਕੰਮਾਂ ਦੇ ਨਾਲ ਨਾਲ ਇਸ ਅਨੁਵਾਦ ਦੇ ਕੰਮ ਨੂੰ ਵੀ ਵਿੱਚੇ ਲਟਕਾ ਦਿੱਤਾ। ਕਬੀਲਦਾਰੀ ਮੇਰੀ ਜ਼ਿੰਦਗੀ ਵਿਚ ਭੂਚਾਲ ਵਾਂਗ ਸ਼ਾਮਲ ਹੋਈ ਸੀ। ਹੁਣ ਮੈਂ ਜ਼ਿੰਦਗੀ ਦੀ ਰੁਮਕਦੀ ਹੋਈ ਨਹੀਂ, ਬਲਕਿ ਲੰਡਨ ਦੀ ਸਾਹੋਸਾਹ ਹੋਈ ਜ਼ਿੰਦਗੀ ਜੀਅ ਰਿਹਾ ਸਾਂ। ਪਰਿਵਾਰਕ ਉਲਝਣਾਂ ਤੋਂ ਇਲਾਵਾ ਚਿਤਰਕਾਰੀ, ਬੁਤਕਾਰੀ ਜੋ ਮੇਰੇ ਅਸਲੀ ਤੇ ਚਹੇਤੇ ਕੰਮ ਸਨ, ਵੀ ਮੇਰੇ ਸਮਾਂ ਵੰਡਾਉਂਦੇ ਸਨ। ਕਬੀਲਦਾਰੀ ਦੀ ਗੱਡੀ ਲੀਹ 'ਤੇ ਲਿਆਉਣ ਅਤੇ ਹੋਰ ਉਲਝਣਾਂ ਸੁਲਝਾਉਣ ਵਿਚ ਦਸ ਸਾਲ ਨਿਕਲ ਗਏ।

ਜਦੋਂ ਥੋੜ੍ਹਾ ਸਾਹ ਆਇਆ ਤਾਂ ਅਨੁਵਾਦ ਦਾ ਕੰਮ ਫਿਰ ਫੜ ਲਿਆ। ਇਸੇ ਦਰਮਿਆਨ ਪੰਜਾਬ ਗਿਆਂ ਇੱਕ ਦੋਸਤ ਕੋਲੋਂ ਸੁਣਿਆ ਕਿ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਕਿਸੇ ਨੇ ਕਰਵਾ ਕੇ ਛਪਵਾ ਵੀ ਦਿੱਤਾ ਹੈ। ਇਸ ਖਬਰ ਨੇ ਥੋੜ੍ਹਾ ਨਿਰਾਸ਼ ਜ਼ਰੂਰ ਕੀਤਾ ਪਰ ਇਹ ਅਨੁਵਾਦ ਕਰਨ ਨਾਲ ਇਸ ਮਹਾਂ ਰਚਨਾ ਨੂੰ ਸਮਝਣ ਦਾ ਸਵਾਦ ਹੀ ਕੁਝ ਹੋਰ ਸੀ। ਇਹੀ ਕਾਰਨ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਦਾ ਆਧਾਰ ਬਣਿਆ। ਲੰਡਨ ਵਿਚ ਹੀ ਵਸਦੇ ਕੁਝ ਸਾਹਿਤਕਾਰ ਦੋਸਤਾਂ ਨੂੰ ਆਪਣੇ ਅਨੁਵਾਦ ਦੇ ਕੰਮ ਬਾਰੇ ਦਸਿਆ ਤਾਂ ਉਨ੍ਹਾਂ ਵੀ ਇਹੋ ਸਲਾਹ ਦਿੱਤੀ ਕਿ ਅਨੁਵਾਦ ਤਾਂ ਹੋ ਚੁੱਕਿਆ ਹੈ, ਇਸ ਲਈ ਸਾਰੀ ਮਿਹਨਤ ਬੇਕਾਰ ਜਾ ਸਕਦੀ ਹੈ ਪਰ ਮੈਂ ਆਪਣੇ ਸਿਰੜ 'ਤੇ ਕਾਇਮ ਰਿਹਾ। ਜਦੋਂ ਵੀ, ਜਿਥੇ ਵੀ ਸਮਾਂ ਮਿਲਦਾ, ਕਾਗਜ਼-ਕਲਮ ਤੇ ਸ਼ਬਦਕੋਸ਼ ਬੈਗ ਵਿਚ ਪਾਈ ਮੈਂ ਇਹ ਕੰਮ ਕਰਦਾ ਰਹਿੰਦਾ। ਵਿਦੇਸ਼ਾਂ ਦੀ ਹਵਾਈ ਯਾਤਰਾ ਦੌਰਾਨ ਵਿਹਲੇ ਬੈਠਣ ਦੀ ਥਾਂ ਅਨੁਵਾਦ ਦਾ ਇਹ ਕੰਮ ਨਾਲ ਰੱਖ ਲੈਂਦਾ। ਬੱਚਿਆਂ ਨੂੰ ਪੰਜਾਬੀ ਦੀ ਡੇਢ ਘੰਟੇ ਦੀ ਕਲਾਸ ਲਈ ਹਰ ਐਤਵਾਰ ਗੁਰਦੁਆਰੇ ਲਿਜਾਣਾ ਹੁੰਦਾ ਸੀ ਜਿਥੇ ਇਹ ਸਮਾਂ ਮੱਥੇ ਟੇਕਣ, ਭਾਈਆਂ ਦੀ ਬੇ ਸਿਰ-ਪੈਰ ਵਿਆਖਿਆ ਸੁਣਨ ਜਾਂ ਲੰਗਰ ਛਕਣ ਵਿਚ ਗੁਜ਼ਾਰਨ ਦੀ ਥਾਂ ਮੈਂ ਇਸ ਅਨੁਵਾਦ ਦਾ ਕੰਮ ਨਾਲ ਲਿਜਾਂਦਾ ਰਿਹਾ। ਛੁੱਟੀਆਂ ਕੱਟਣ ਲਈ ਸਿਰ ਸਪਾਟੇ 'ਤੇ ਗਿਆਂ ਵੀ ਇਹ ਕੰਮ ਨਾਲ ਹੀ ਹੁੰਦਾ। ਇਥੋਂ ਤੱਕ ਕਿ ਕਈ ਵਾਰ ਜਦੋਂ ਬੱਚਿਆਂ ਨੇ ਗਰਮੀਆਂ ਦੇ ਦਿਨੀਂ ਕੁਝ ਸਮਾਂ ਪਾਰਕ ਵਿਚ ਬਿਤਾਉਣ ਦੀ ਮੰਗ ਕਰਨੀ ਤਾਂ ਮੈਂ ਉਨ੍ਹਾਂ ਨੂੰ ਖੇਡਦੇ ਦੇਖਦਿਆਂ ਵੀ ਆਪਣਾ ਕੰਮ ਨਾਲ ਨਾਲ ਕਰੀ ਜਾਣਾ।



ਵੋਲਗਾ ਦਰਿਆ ਦਾ ਇਕ ਨਜ਼ਾਰਾ।

ਇਨ੍ਹਾਂ ਭੌਤਿਕ ਮੁਸ਼ਕਿਲਾਂ ਤੋਂ ਇਲਾਵਾ ਉਨ੍ਹਾਂ ਸਾਹਿਤਕ/ਅਕਾਦਮਿਕ ਚੁਣੌਤੀਆਂ ਦਾ ਵੀ ਸਾਹਮਣਾ ਰਿਹਾ ਜੋ ਅਕਸਰ ਕਿਸੇ ਵੀ ਇਤਿਹਾਸਕ ਰਚਨਾ ਦਾ ਅਨੁਵਾਦ ਕਰਨ ਸਮੇਂ ਸਾਰੇ ਅਨੁਵਾਦਕਾਂ ਨੂੰ ਆਉਂਦੀਆਂ ਹੀ ਹਨ। ਇਨ੍ਹਾਂ 'ਚੋਂ ਜਿਸ ਦਾ ਜ਼ਿਕਰ ਖਾਸ ਤੌਰ 'ਤੇ ਕਰਨਾ ਚਾਹੁੰਦਾ ਹਾਂ, ਉਹ ਸੀ ਦੇਵਨਾਗਰੀ ਲਿਪੀ ਵਿਚ ਲਿਖੇ ਸੰਸਕ੍ਰਿਤ ਦੇ ਸ਼ਬਦ। ਸਧਾਰਨ ਸ਼ਬਦਾਂ ਦਾ ਤਾਂ ਪੰਜਾਬੀ ਵਿਚ ਬਦਲ ਲੱਭਿਆ ਜਾ ਸਕਦਾ ਸੀ ਪਰ ਇਤਿਹਾਸਕ ਪਰ ਇਤਿਹਾਸਕ ਥਾਵਾਂ ਅਤੇ ਮਨੁੱਖੀ ਚਰਿਤਰਾਂ ਦੇ ਕਦੀਮੀ ਨਾਮ ਪੰਜਾਬੀ ਲੋਕਾਂ ਦੇ ਉਚਾਰਨ ਮੁਤਾਬਿਕ ਸੌਖਾ ਬਣਾ ਕੇ ਲਿਖਣ ਦੇ ਮੈਂ ਹੱਕ ਵਿਚ ਨਹੀਂ ਸਾਂ। ਇਸੇ ਲਈ ਇਸ ਮਸਲੇ ਵਿਚ ਮੈਂ ਕੋਈ ਸਮਝੌਤਾ ਕਰਨ ਦੇ ਰੌਂਅ ਵਿਚ ਵੀ ਨਹੀਂ। ਸਭ ਤੋਂ ਪਹਿਲਾਂ ਤਾਂ ਲੇਖਕ ਦੇ ਨਾਮ ਦੀ ਹੀ ਗੱਲ ਲੈ ਲਓ। ਲੇਖਕ ਨੇ ਆਪਣਾ ਨਾਮ ਦੇਵਨਾਗਰੀ ਵਿਚ ਸਾਂਕ੍ਰਿਤਯਾਯਨ ਲਿਖਿਆ ਹੈ ਜਦੋਂ ਕਿ ਕਈ ਵਾਰ ਇਸ ਨੂੰ ਗੁਰਮੁਖੀ ਵਿਚ ਸਾਂਕ੍ਰਿਤਾਇਨ ਲਿਖਿਆ ਦੇਖਿਆ ਹੈ।

ਜ਼ਾਹਿਰ ਹੈ ਕਿ ਲੋਕ ਇਹ ਨਾਮ ਗੁਰਮੁਖੀ ਵਿਚ ਉਸ ਤਰ੍ਹਾਂ ਲਿਖਣਾ ਚਾਹੁੰਦੇ ਹਨ ਕਿ ਜਿਸ ਨਾਲ ਪਾਠਕਾਂ ਨੂੰ ਉਚਾਰਨ ਵਿਚ ਸੌਖ ਹੋਵੇ ਪਰ ਕੀ ਅੰਗਰੇਜ਼ਾਂ ਨੇ ਵੀ ਮੁੰਬਈ ਦਾ ਨਾਮ ਆਪਣੀ ਸੌਖਿਆਈ ਕਰ ਕੇ ਹੀ ਬੌਂਬੇ ਨਹੀਂ ਸੀ ਕੀਤਾ? ਫਿਰ ਅਸੀਂ ਉਹ ਮੁੜ ਕੇ ਮੁੰਬਈ ਕਿਉਂ ਕੀਤਾ? ਸਾਫ਼ ਹੈ ਕਿ ਬੋਲਣ ਦੀ ਸਹੂਲਤ ਖਾਤਰ ਨਾਮ ਦਾ ਵਿਗਾੜ ਮਨਜ਼ੂਰ ਨਹੀਂ। ਇਹੀ ਤੱਥ ਇਥੇ ਵੀ ਲਾਗੂ ਹੁੰਦਾ ਹੈ। ਮਨੁੱਖੀ ਨਾਵਾਂ ਤੋਂ ਇਲਾਵਾ ਇਸ ਰਚਨਾ ਵਿਚ ਭੂਗੋਲਿਕ ਥਾਵਾਂ, ਘਟਨਾਵਾਂ, ਗੋਤਰਾਂ, ਜਾਤਾਂ, ਅਹੁਦਿਆਂ ਆਦਿ ਦੇ ਅਨੇਕਾਂ ਨਾਮ ਅਜਿਹੇ ਹਨ ਜੋ ਸਾਡੇ ਭੂਤਕਾਲ ਦੇ ਹਨੇਰੇ ਵਿਚ ਗੁੰਮ ਹੋ ਚੁੱਕੇ ਇਤਿਹਾਸ ਦੇ ਅਜਿਹੇ ਕੋਨਿਆਂ ਵਿਚੋਂ ਹਨ, ਜਿਨ੍ਹਾਂ ਬਾਰੇ ਆਮ ਜ਼ਿਕਰ ਨਾ ਹੋਣ ਕਰ ਕੇ ਅਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁਲਾ ਚੁੱਕੇ ਹਾਂ। ਜਦੋਂ ਇਹ ਨਾਮ ਅਚਾਨਕ ਗੁਰਮੁਖੀ ਵਿਚ ਲਿਖੇ ਅੱਖਰਾਂ ਸਾਹਮਣੇ ਆਉਂਦੇ ਹਨ ਤਾਂ ਅਜੀਬ ਲਗਦੇ ਹਨ ਪਰ ਇਹ ਅਜੀਬ ਲਗਣ ਜਾਂ ਨਾ, ਇਨ੍ਹਾਂ ਨਾਵਾਂ ਨੂੰ ਇੰਨ ਬਿੰਨ ਪੇਸ਼ ਕਰ ਸਕਣ ਦੀ ਮੇਰੀ ਕੋਸ਼ਿਸ਼ ਹੈ। ਕੁਝ ਥਾਵਾਂ 'ਤੇ ਤਾਂ ਲੇਖਕ ਨੇ ਆਪ ਹੀ ਬਰੈਕਟਾਂ ਵਿਚ ਸ਼ਬਦ ਦਾ ਬਦਲ ਦੇ ਦਿਤਾ ਹੈ ਪਰ ਕਈ ਥਾਵਾਂ ਤੇ ਮੈਂ ਆਪਣੇ ਵੱਲੋਂ ਵੀ ਪੰਜਾਬੀ ਪਾਠਕਾਂ ਦੀ ਸਹੂਲਤ ਲਈ ਅਜਿਹੇ ਸ਼ਬਦਾਂ ਦੀ ਵਿਆਖਿਆ ਕੀਤੀ ਹੈ ਪਰ ਮੁਖ ਰਚਨਾ ਵਿਚ ਨਾਮ ਨਹੀਂ ਬਦਲਿਆ। ਜਿਵੇਂ: ਗੰਡਕ, ਯਾਗਿਯਾਵਾਲੱਕਯ, ਬਿਲਵਾ, ਅਚਿਰਵਤੀ, ਸ਼ਰਾਵਸਤੀ, ਸ਼ਰੇਸ਼ਠੀ, ਲਿਛਵੀ, ਅਨਾਥ-ਪਿੰਡਕ, ਮ੍ਰਿਗਾਰ, ਜੰਬੂਦੀਪ, ਤਾਮਿਰਲਿਪਤ, ਭਾਰੁਕਛ, ਸ਼ੜਰਪ, ਪਰਸ਼ੂਪੁਰੀ, ਯਵਨ, ਵਿਦੂਸ਼ਕ, ਆਦਿ ਵਰਗੇ ਅਨੇਕਾਂ ਸ਼ਬਦ।

ਆਖਰ 18 ਮਈ 2010 ਨੂੰ ਇਸ ਅਨੁਵਾਦ ਦਾ ਆਖਰੀ ਸ਼ਬਦ ਮੈਂ ਉਦੋਂ ਕਲਮਬੰਦ ਕੀਤਾ ਜਦੋਂ ਦੋਹਾਂ ਬੱਚਿਆਂ ਨੂੰ ਉਨ੍ਹਾਂ ਦੀ ਹਫਤੇ ਵਿਚ ਇਕ ਦਿਨ ਲਗਣ ਵਾਲੀ ਕਰਾਟੀ ਦੀ ਕਲਾਸ ਲਈ ਲੈ ਕੇ ਆਇਆ ਸੀ। ਬੱਚੇ ਅੰਦਰ ਕਰਾਟੀ ਸਿੱਖ ਰਹੇ ਸਨ ਤੇ ਮੈਂ ਬਾਹਰ ਕਾਰ ਵਿਚ ਬੈਠਾ 15 ਸਾਲ ਪਹਿਲਾਂ ਵਿਢਿਆ ਕਾਜ ਨਿਬੇੜ ਰਿਹਾ ਸਾਂ। ਹੇਠਲੇ ਸ਼ਬਦ ਵੀ ਉਦੋਂ ਲਿਖੇ ਸਨ: "ਯਕੀਨ ਨਹੀਂ ਹੁੰਦਾ ਕਿ ਇੰਨਾ ਸਮਾਂ ਬੀਤ ਜਾਣ ਬਾਅਦ ਵੀ ਇਹ ਸਿਰੜ ਮੈਨੂੰ ਚਿੰਬੜਿਆ ਰਿਹਾ ਤੇ ਮੈਂ ਇਹ ਕੰਮ ਖੁਸ਼ੀ ਖੁਸ਼ੀ ਸਿਰੇ ਲਾ ਸਕਿਆ ਹਾਂ। ਹੁਣ ਕਹਿ ਸਕਦਾ ਹਾਂ ਕਿ ਭਾਵੇਂ ਇਹ ਕਿਤਾਬ ਲੱਖ ਵਾਰ ਪੜ੍ਹ ਲੈਂਦਾ ਪਰ ਜੋ ਅਹਿਸਾਸ ਇਸ ਨੂੰ ਅਨੁਵਾਦ ਕਰ ਕੇ ਹੋਇਆ ਹੈ, ਉਹ ਪੜ੍ਹਿਆਂ ਕਦੇ ਵੀ ਨਹੀਂ ਸੀ ਹੋਣਾ। ਸਾਂਕ੍ਰਿਤਯਾਯਨ ਦੀ ਮਹਾਨਤਾ ਉਸ ਦੀ ਕਿਤਾਬ ਦਾ ਇੱਕ ਇੱਕ ਅੱਖਰ ਜਾਣਿਆਂ ਹੀ ਸਮਝ ਪੈ ਸਕਦੀ ਹੈ"।

ਅਨੁਵਾਦ ਪੂਰਾ ਹੋਣ ਤੋਂ ਬਾਅਦ ਵੀ ਟਾਈਪਿੰਗ ਆਦਿ ਦੇ ਕੰਮ ਨੇ ਬਹੁਤ ਸਮਾ ਲਿਆ ਕਿਉਂਕਿ ਟਾਈਪਿੰਗ ਆਪ ਕਰਨ ਨਾਲ ਅਨੁਵਾਦ ਵਿਚ ਰਹਿ ਗਈਆਂ ਗਲਤੀਆਂ ਸੁਧਾਰਨ ਦਾ ਮੌਕਾ ਮਿਲ ਰਿਹਾ ਸੀ। ਫਿਰ ਵੀ ਇਸ ਗੱਲ ਦਾ ਦਾਅਵਾ ਨਹੀਂ ਕਰ ਸਕਦਾ ਕਿ ਕੋਈ ਵੀ ਗਲਤੀ ਬਾਕੀ ਨਹੀਂ ਹੋਵੇਗੀ। ਮੈਂ ਭਾਵੇਂ ਜਿੰਨੀ ਵੀ ਮਿਹਨਤ ਕੀਤੀ ਹੋਵੇ, ਪਾਠਕ ਨੂੰ ਤਾਂ 'ਆਖਰੀ ਨਤੀਜੇ' ਦੇ ਮਿਆਰ ਨਾਲ ਮਤਲਬ ਹੁੰਦਾ ਹੈ। ਸੋ, ਇਸ ਅਨੁਵਾਦ ਨੂੰ ਇਸ ਦੇ ਸਾਹਿਤਕ ਮਿਆਰ ਤੋਂ ਮਿਣ ਕੇ ਦੇਖਿਆ ਜਾਣਾ ਚਾਹੀਦਾ ਹੈ ਨਾ ਕਿ ਮੇਰੀ ਮਿਹਨਤ ਤੋਂ। ਸ੍ਰੀ ਅਵਤਾਰ ਗੋਂਦਾਰਾ ਹੋਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇੰਨੇ ਅਰਸੇ ਬਾਅਦ ਵੀ ਯਾਦ ਰੱਖਿਆ ਕਿ ਮੈਂ ਇਹ ਕੰਮ ਅਰੰਭਿਆ ਸੀ। ਉਨ੍ਹਾਂ ਦੀ ਮਦਦ ਨਾਲ ਹੀ ਇਹ ਕਿਤਾਬ ਪ੍ਰਕਾਸ਼ਤ ਹੋ ਰਹੀ ਹੈ।

## ਕਹਾਣੀ

# ਜਿੰਦੂਆ

**ਕਾਨਾ ਸਿੰਘ ਬਹੁ-ਵਿਧਾਈ ਲਿਖਾਰੀ ਹੈ। ਉਸ ਨੇ ਕਵਿਤਾ, ਵਾਰਤਕ ਤੇ ਕਹਾਣੀ ਦੇ ਖੇਤਰ ਵਿਚ ਖੂਬ ਰੰਗ ਜਮਾਇਆ ਹੈ। ਉਸ ਦੀਆਂ ਰਚਨਾਵਾਂ ਦੀ ਖਾਸੀਅਤ ਇਨ੍ਹਾਂ ਵਿਚਲੀ ਰਵਾਨੀ ਹੁੰਦੀ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਉਸ ਦੀ ਵਾਰਤਕ ਲੜੀ 'ਚਿੱਤ ਚੇਤਾ' ਦਾ ਰੰਗ ਮਾਣ ਚੁਕੇ ਹਨ। 'ਜਿੰਦੂਆ' ਕਹਾਣੀ ਵਿਚ ਉਸ ਦੇ ਵਿਅੰਗ ਬਾਣ ਬੜੇ ਤਿੱਖੇ ਹਨ ਤੇ ਮਰਦ ਪ੍ਰਧਾਨ ਸੋਚ ਨੂੰ ਕਰਾਰੇ ਹੱਥੀਂ ਲੈਂਦੇ ਹਨ। ਗੱਲਾਂ ਗੱਲਾਂ ਵਿਚ ਸਿਰਜੀ ਇਹ ਕਹਾਣੀ ਅਖੌਤੀ ਮਰਦ ਮਾਨਸਿਕਤਾ 'ਤੇ ਖਾਸੀ ਸੱਟ ਮਾਰਦੀ ਹੈ। -ਸੰਪਾਦਕ**



ਕਾਨਾ ਸਿੰਘ

ਅਸਾਂ ਤਾਂ ਬਾਊ ਜੀ, ਜ਼ਿੰਦਗੀ ਦਾ ਇਹੋ ਤੱਤ ਕੱਢਿਐ, ਜਨਾਨੀ ਜਾਤ ਦਾ ਕੋਈ ਭਰੋਸਾ ਨਹੀਂ।

ਇਕ ਕੁੜੀ ਸੀ ਲਵਲੀ। ਉਹ ਤੇਰ੍ਹਾਂ ਸਾਲ ਫਸੀ ਰਹੀ ਸਾਡੇ ਨਾਲ। ਮਸਾਂ ਬਾਰਾਂ ਤੇਰ੍ਹਾਂ ਵਰ੍ਹਿਆਂ ਦੀ ਹੋਊ ਜਦੋਂ ਸਾਡਾ ਟਾਂਕਾ ਫਿੱਟ ਹੋਇਆ। ਰੱਜ ਕੇ ਘੁੰਮੇ ਫਿਰੇ। ਪਿਕਚਰਾਂ, ਹੋਟਲ ਤੇ ਥੀਏਟਰ। ਉਂਜ ਤਾਂ ਜਣਾ ਜਨਾਨੀ ਹੀ ਸੀ ਅਸੀਂ, ਬਸ ਫੇਰੇ ਹੀ ਨਹੀਂ ਸਨ ਲਏ। ਵੈਸੇ ਤਾਂ ਜੀ, ਹੋਰ ਵੀ ਬੜੀਆਂ ਹੀ ਕੁੜੀਆਂ ਫਸੀਆਂ ਸਾਡੇ ਨਾਲ। 'ਬਾਦਲ' ਸਿਨਮੇ ਦੇ ਨਾਲ ਲਗਦੇ ਹੋਟਲ 'ਸਤਿਕਾਰ' ਦੇ ਮੈਨੇਜਰ ਜੁ ਸੀ ਅਸੀਂ। ਸਿਨਮੇ ਦਾ ਮੈਨੇਜਰ ਸੁਸ਼ੀਲ ਕੁਮਾਰ ਆਪਣਾ ਪੱਕਾ ਯਾਰ ਸੀ। ਜਿੰਨੀਆਂ ਮਰਜ਼ੀ ਟਿਕਟਾਂ ਫੜ ਲਵੋ। ਬਸ ਜੀ, ਕੁੜੀਆਂ ਨੂੰ ਤਾਂ ਟਿਕਟਾਂ ਚਾਹੀਦੀਆਂ ਹੁੰਦੀਆਂ। ਟਿਕਟਾਂ ਫੜੀਆਂ, ਹੱਸੀਆਂ ਤੇ ਫਸੀਆਂ। ਸੱਚ ਜਾਣੋ, ਇਕੋ ਵੇਲੇ ਚਾਰ ਚਾਰ ਕੁੜੀਆਂ ਨੂੰ ਖੁਸ਼ ਕਰ ਦਈਦਾ ਸੀ। ਹਾਲ ਵਿਚ ਉਨ੍ਹਾਂ ਨੂੰ ਵੱਖੋ ਵੱਖ ਸੀਟਾਂ ਦੇਣੀਆਂ। ਇਕ ਨੂੰ ਕੌਫੀ, ਇਕ ਨੂੰ ਕੈਂਪਾ, ਇਕ ਨੂੰ ਐਨਰਜੀ ਤੇ ਇਕ ਨੂੰ ਆਈਸ ਕਰੀਮ। ਸਭ ਦਾ ਜੀ ਲਾਈ ਰੱਖਣਾ, ਕੀ ਮਜਾਲ ਜੁ ਇਕ ਨੂੰ ਦੂਜੀ ਦੀ ਖਬਰ ਹੋਵੇ। ਪਰ ਲਵਲੀ? ਲਵਲੀ ਨੂੰ ਤਾਂ ਬਾਊ ਜੀ ਸਭ ਤੋਂ ਅਗਾਂਹ ਦੀ ਸੀਟ ਦਈਦੀ ਸੀ। ਉਸ ਨੂੰ ਪਿਛੇ ਕੋਈ ਖਬਰ ਨਹੀਂ ਸੀ ਹੁੰਦੀ।

ਪਿਆਰ? ਨਾ ਜੀ ਨਾ, ਪਿਆਰ ਪਿਊਰ ਸਾਡਾ ਕਿਸੇ ਨਾਲ ਨਹੀਂ ਸੀ। ਬਸ ਸ਼ੁਗਲ ਮੇਲਾ ਹੀ ਸੀ। ਟਾਂਕਾ ਸਾਡਾ ਲਵਲੀ ਨਾਲ ਹੀ ਫਿੱਟ ਸੀ।

ਸ਼ੱਕ? ਆਹੋ ਜੀ, ਇਕ ਦੋ ਵੇਰਾਂ ਸ਼ੱਕ ਤਾਂ ਹੋ ਗਿਆ ਸੀ ਲਵਲੀ ਨੂੰ।

---

ਇਕ ਕੁੜੀ ਸੀ ਰੋਜ਼ੀ। ਕਰੋੜਪਤੀਆਂ ਦੀ ਧੀ। ਓਹਦੇ ਪਿਓ ਦੀਆਂ ਮਿੱਲਾਂ ਸਨ ਕੱਪੜੇ ਦੀਆਂ। ਸਿਨਮੇ, ਹੋਟਲ, ਪਟਰੌਲ ਪੰਪ ਤੇ ਹੋਰ ਪਤਾ ਨਹੀਂ ਕਿੰਨੇ ਵਪਾਰਾਂ ਦਾ ਹਿੱਸੇਦਾਰ ਸੀ ਉਹ। ਮਸਾਂ ਸੋਲ੍ਹਾਂ ਵਰ੍ਹਿਆਂ ਦੀ ਹੋਵੇਗੀ ਰੋਜ਼ੀ ਪਰ ਲੱਗਦੀ ਵੱਡੀ ਸੀ। ਭਰੀ ਭਰੀ ਤੇ ਕੱਦਾਵਰ। ਨਿੱਤ ਨਵੀਂ ਗੱਡੀ ਲੈ ਕੇ ਆਵੇ ਜੀ ਉਹ, ਤੇ ਬਿਠਾ ਲਵੇ ਸਾਨੂੰ ਆਪਣੇ ਨਾਲ। ਬੜੀ ਵੇਰਾਂ ਉਸ ਸਾਨੂੰ ਸ਼ਿਮਲੇ, ਕਸੌਲੀ, ਸੋਲਨ, ਮੋਰਨੀ ਤੇ ਸਬਾਤੂ ਦੀਆਂ ਸੈਰਾਂ ਕਰਵਾਈਆਂ। ਪੈਸਾਂ ਤਾਂ ਏਦਾਂ ਫੂਕੇ, ਜਿਵੇਂ ਉਹਦੇ ਪਿਓ ਦੀ ਟਕਸਾਲ ਹੀ ਲੱਗੀ ਹੋਵੇ। ਇੰਪੋਰਟਡ ਕਮੀਜ਼ਾਂ, ਸੋਨੇ ਦੀਆਂ ਚੇਨੀਆਂ ਤੇ ਅੰਗੂਠੀਆਂ ਤੱਕ ਦਿੱਤੀਆਂ ਜੀ ਉਸ ਨੇ ਸਾਡੇ ਜਨਮ ਦਿਨਾਂ 'ਤੇ। ਬੜੀ ਦਲੇਰ ਸੀ। ਉਹ ਤਾਂ ਤਬਾਹੀ ਸੀ ਬਾਊ ਜੀ, ਨਿਰੀ ਤਬਾਹੀ। ਰਾਤੀ ਬਾਰਾਂ ਵਜੇ ਸਾਨੂੰ ਬੁਲਾ ਲਵੇ ਆਪਣੇ ਘਰ। ਦੋ ਕਨਾਲੀ ਕੋਠੀ ਤੇ ਹਰ ਬੈਡਰੂਮ ਦਾ ਇਕ ਦਰਵਾਜ਼ਾ ਬਾਹਰ ਨੂੰ। ਕੋਠੀ ਦੀ ਤਿੰਨ ਫੁੱਟੀ ਕੰਧ ਟੱਪ ਕੇ ਅਸੀਂ ਜਾ ਵੜੀਏ ਉਸ ਦੇ ਬੈਡਰੂਮ ਕੋਲ। ਉਹ ਕੁੰਡੀ ਖੋਲ੍ਹੇ ਤੇ ਅਸੀਂ ਅੰਦਰ। ਰਾਤ ਸਾਰੀ ਪਏ ਰਹੀਏ ਅਸੀਂ ਉਹਦੇ ਨਾਲ। ਸਵੇਰੇ ਤਿੰਨ ਵਜੇ ਉਹ ਕੁੰਡੀ ਖੋਲ੍ਹੇ ਤੇ ਅਸੀਂ ਕੰਧ ਤੋਂ ਛੜੱਪਾ ਮਾਰ ਕੇ ਬਾਹਰ। ਬੜੀ ਦੇਰ ਚਲਦਾ ਰਿਹਾ ਜੀ ਇੰਜੇ ਹੀ। ਇਕ ਦਿਨ ਤਾਂ ਉਸ ਨੇ ਜੀ, ਹੱਦ ਹੀ ਕਰ ਦਿੱਤੀ। ਢੇਰ ਸਾਰੇ ਗਹਿਣਿਆਂ ਦੀ ਅਟੈਚੀ ਚੁੱਕੀ ਆ ਗਈ ਸਾਡੇ ਹੋਟਲ, ਅਖੇ:

"ਚਲ ਜਿੰਦੂਆ ਆਪਾਂ ਨੱਸ ਚਲੀਏ।"

ਅਸੀਂ ਨਾ ਮੰਨੇ ਬਾਊ ਜੀ, ਸੋਚਿਆ ਇਹ ਤਾਂ ਹੈ ਨਾਬਾਲਗ ਤੇ ਕਰੋੜਪਤੀਆਂ ਦੀ ਧੀ। ਆਪਾਂ ਹੋ ਜਾਂਗੇ ਅੰਦਰ। ਜੇਲ੍ਹ ਵਿਚ। ਅਸੀਂ ਠਹਿਰੇ ਮਾਂ-ਪਿਓ ਮਹਿਟਰ ਤੇ ਬੁੱਢੀ ਦਾਦੀ ਦੇ ਇਕਲੌਤੇ ਪੋਤਰੇ।

ਹੈਂ ਸੀ ਜੀ ਕੋਈ ਅੰਤ ਰੋਜ਼ੀ ਦੇ ਆਪਹੁਦਰੇਪਣ ਦਾ? ਉਹਨੇ ਬਾਊ ਜੀ, ਆਪਣੀ ਮਾਂ ਨੂੰ ਸਾਫ ਸਾਫ ਕਹਿ ਦਿੱਤਾ, ਬਈ ਜੇ ਬਿਆਹ ਕਰਾਉਣਾ ਹੈ ਤਾਂ ਜਿੰਦੂਏ ਤੇ ਸਿਰਫ ਜਿੰਦੂਏ ਨਾਲ।

ਜਿੰਦੂਆ? ਦਸਨੇ ਹਾਂ ਨਾਂ ਜੀ, ਸਬਰ ਤਾਂ ਕਰੋ। ਸਾਨੂੰ ਕੋਈ ਵੀ ਕੁੜੀ ਰਜਿੰਦਰ ਨਹੀਂ ਸੀ ਬੁਲਾਉਂਦੀ ਤੇ ਨਾ ਹੀ ਕੋਈ ਜਿੰਦਾ ਆਖਦੀ ਸੀ, ਬਸ ਜਿੰਦੂਆ ਜਿੰਦੂਆ ਹੀ ਕਰਦੀਆਂ ਸਨ ਸਾਰੀਆਂ, ਤੇ ਪਿਆਰ ਵੀ ਸਾਨੂੰ ਜਿੰਦ ਜਾਨ ਤੋਂ ਵਧ ਕਰਦੀਆਂ ਸਨ। ਅਸਲ ਵਿਚ ਲਵਲੀ ਨੇ ਹੀ ਸਾਨੂੰ ਸਭ ਤੋਂ ਪਹਿਲਾਂ ਜਿੰਦੂਆ ਆਖਿਆ ਤੇ ਫੇਰ ਉਸ ਦੀਆਂ ਸਾਰੀਆਂ ਸਹੇਲੀਆਂ ਵੀ ਇਸੇ ਨਾਂ ਨਾਲ ਬੁਲਾਣ ਲੱਗ ਪਈਆਂ। ਏਨੇ ਪਿਆਰ ਨਾਲ ਬੁਲਾਉਂਦੀਆਂ ਭੈਣ ਦੀਆਂ ਕਿ ਸਾਨੂੰ ਆਪਣੇ ਆਪ ਨਾਲ ਹੀ ਡਾਢਾ ਪਿਆਰ ਆ ਜਾਵੇ। ਜੀ ਕਰੇ, ਘੁੱਟ ਕੇ ਜੱਫੀ ਪਾ ਲਈਏ ਉਨ੍ਹਾਂ ਦੇ ਜਿੰਦੂਏ ਨੂੰ।

ਰੋਜ਼ੀ ਦੀ ਗੱਲ?

ਦੱਸਦੇ ਹਾਂ ਨਾ ਜੀ। ਰੋਜ਼ੀ ਇਕ ਦਿਨ ਲੈ ਆਈ ਆਪਣੀ ਮਾਂ ਨੂੰ ਸਾਨੂੰ ਮਿਲਾਣ। ਬਿਠਾਇਆ ਜੀ ਅਸਾਂ ਉਹਨੂੰ ਬੜੀ ਇੱਜ਼ਤ ਨਾਲ।

ਮਾਂ? ਮਾਂ ਕੀ ਸੀ ਉਹਦੀ ਜੀ, ਉਹ ਤਾਂ ਕੋਈ ਪਰੀ ਸੀ ਜਾਂ ਪਟਰਾਣੀ। ਸੁਨਹਿਰੀ ਲਾਲ ਬਾਰਡਰ ਵਾਲੀ ਜਾਰਜਟ ਦੀ ਸਾੜ੍ਹੀ ਤੇ ਉਂਗਲਾਂ 'ਤੇ ਹੀਰੇ ਦੀਆਂ ਚਾਰ ਚਾਰ ਅੰਗੂਠੀਆਂ। ਲੋਹੜੇ ਦਾ ਰੂਪ ਬਾਊ ਜੀ, ਉੱਤੋਂ ਲੋਹੜੇ ਦਾ ਮੇਕਅੱਪ। ਅਸੀਂ ਤਾਂ ਤੱਕਦੇ ਹੀ ਰਹਿ ਗਏ, ਜਿਵੇਂ ਬਿਜਲੀ ਮਾਰ ਗਈ ਹੋਵੇ। ਖੁਦ ਨੂੰ ਚੂੰਢੀਆਂ ਵੱਢ-ਵੱਢ ਕੇ ਪਤਿਆਈਏ, ਬਈ ਇਹ ਸੱਚ ਹੈ ਕਿ ਸੁਫਨਾ।

'ਮਿਸਟਰ ਕੁਮਾਰ, ਤੁਸੀਂ ਸਾਡੀ ਰੋਜ਼ੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹੋ?'

ਸਿੱਧਾ ਹੀ ਪੁੱਛ ਲਿਆ ਜੀ, ਉਸ ਨੇ ਸਾਨੂੰ। ਸਾਡੇ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਵਿਚਾਰੀ ਦਾਦੀ ਆ ਖਲੋਤੀ ਅੱਖਾਂ ਸਾਹਮਣੇ।

'ਨਾ ਜੀ ਨਾ, ਸਾਡਾ ਐਹੋ ਜਿਹਾ ਕੋਈ ਇਰਾਦਾ ਨਹੀਂ।' ਅਸਾਂ ਜੁਆਬ ਸੁਣਾ ਦਿੱਤਾ।

ਰੋਜ਼ੀ? ਉਹਦਾ ਗੁੱਸਾ?

ਕੁਝ ਨਾ ਪੁੱਛੋ ਬਾਊ ਜੀ, ਉਹ ਤਾਂ ਬਿਫਰੀ ਹੋਈ ਸ਼ੇਰਨੀ ਵਾਂਗ ਝਪਟੀ ਸਾਡੇ 'ਤੇ, "ਯੂ ਬਲੱਡੀ ਬਾਸਟਰਡ... ਬਦਮਾਸ਼ ਕਮੀਨੇ...।" ਸੌ-ਸੌ ਗਾਲ੍ਹਾਂ ਕੱਢਦੀ ਰੋਜ਼ੀ ਨੂੰ ਉਸ ਦੀ ਮਾਂ ਨੇ ਬੜੀ ਮੁਸ਼ਕਿਲ ਨਾਲ ਸੰਭਾਲਿਆ।

...ਸੱਚ ਹੈ ਬਾਊ ਜੀ, ਇਸ ਜਾਤ ਦਾ ਕੋਈ ਭਰੋਸਾ ਨਹੀਂ, ਕਦੋਂ ਕੀ ਕਰ ਬੈਠੇ।

ਲਵਲੀ?

ਆਹੋ ਜੀ, ਦੱਸ ਤਾਂ ਰਹੇ ਹਾਂ ਨਾ ਤੁਹਾਨੂੰ, ਬਈ ਲਵਲੀ ਨੂੰ ਰੋਜ਼ੀ ਬਾਰੇ ਪਤਾ ਲੱਗ ਗਿਆ ਸੀ। ਘੇਰ ਲਿਆ ਸਾਨੂੰ ਜੀ, ਉਸ ਨੇ। ਪਹਿਲਾਂ ਅਸੀਂ ਨਾ ਮੰਨੇ। ਫੇਰ ਸਮਝ ਗਏ ਕਿ ਮੰਨ ਜਾਣ 'ਚ ਹੀ ਭਲਾਈ ਹੈ। ਸਾਫ-ਸਾਫ ਕਹਿ ਦਿੱਤਾ, "ਦੇਖ ਲਵਲੀ, ਬਿਆਹ ਤਾਂ ਅਸਾਂ ਤੇਰੇ ਨਾਲ ਹੀ ਕਰਾਉਣੈ। ਇਦ ਤਾਂ ਹੈ ਪੱਥਰ 'ਤੇ ਲਕੀਰ। ਬਾਕੀ ਜੇ ਏਡੀਆਂ ਸੋਹਣੀਆਂ ਕੁੜੀਆਂ ਗਰੀ ਦੇ ਟੋਟੇ ਜਿਹੀਆਂ, ਸਣੇ ਮਿਸ਼ਰੀ, ਬਦੋਬਦੀ ਸਾਡੇ ਮੂੰਹ ਵਿਚ ਆਪ ਆ ਪੈਣ ਤਾਂ ਦਸ ਕੀ ਕਰੀਏ? ਹਜ਼ਾਰਾਂ ਸਾਲ ਤਪ ਕਰ ਕੇ ਵੀ ਵੱਡੇ ਵੱਡੇ ਰਿਸ਼ੀ ਮੁਨੀ ਵੀ ਡੋਲ ਜਾਂਦੇ ਰਹੇ, ਫੇਰ ਅਸੀਂ ਕਿਹੜੇ ਬਾਗ ਦੀ ਮੂਲੀ ਹਾਂ? ਇਹ ਛੋਟੇ ਮੋਟੇ ਸ਼ੁਗਲ ਮੇਲੇ ਤਾਂ ਤੈਨੂੰ ਜਰਨੇ ਹੀ ਪੈਣੇ ਨੇ...।"

ਬੜਾ ਰੋਈ ਬਾਊ ਜੀ, ਲਵਲੀ ਪਰ ਅਸਾਂ ਵੀ ਉਸ ਨੂੰ ਰੱਜ ਕੇ ਪਿਆਰ ਕੀਤਾ ਉਸ ਦਿਨ। ਫੇਰ ਹੌਕੇ ਭਰਦੀ ਨੇ ਸਾਡੀ ਛਾਤੀ 'ਤੇ ਸਿਰ ਰੱਖ ਕੇ ਆਖਿਓ ਸੂ, "ਜਿੰਦੂਆ ਛੁਰੀ ਤੇਰੇ ਹੱਥ ਏ, ਭਾਵੇਂ ਕਰ ਝਟਕਾ ਤੇ ਭਾਵੇਂ ਹਲਾਲ, ਮੈਂ ਨਹੀਂ ਜੀ ਸਕਦੀ ਹੁਣ ਤੇਰੇ ਬਿਨਾ।"

ਬਾਊ ਜੀ, ਉਸ ਦਿਨ ਤੋਂ ਬਾਅਦ ਉਸ ਕਦੇ ਮੱਥੇ ਵੱਟ ਨਹੀਂ ਸੀ ਪਾਇਆ ਤੇ ਅਸੀਂ ਵੀ ਭਾਵੇਂ ਕਿੰਨੀਆਂ ਖੁਰਲੀਆਂ ਵਿਚ ਮੂੰਹ ਮਾਰੀਏ, ਟਾਂਕਾ ਸਾਡਾ ਉਸੇ ਨਾਲ ਹੀ ਫਿੱਟ ਸੀ।

---

ਇਕ ਹੋਰ ਸੀ ਸਾਡੀ, ਮੈਡਮ। ਸਾਥੋਂ ਪੰਜ ਸਾਲ ਵੱਡੀ। ਟਾਈਪਿੰਗ ਦਾ ਸੈਂਟਰ ਸੀ ਉਸ ਦਾ। ਉਚੀ ਲੰਮੀ, ਥੋੜ੍ਹੀ ਭਾਰੀ ਪਰ ਪੁੱਜ ਕੇ ਸੋਹਣੀ। ਵਿਧਵਾ ਸੀ। ਇਕ ਧੀ ਸੀ ਉਸ ਦੀ ਜੋ ਬੋਰਡਿੰਗ ਵਿਚ ਪਾਈ ਹੋਈ ਸੀ। ਉਹਦੇ ਨਾਲ ਉਹਦੀ ਬੁੱਢੀ ਮਾਂ ਰਹਿੰਦੀ ਸੀ ਜੋ ਅੱਖੋਂ ਅੰਨ੍ਹੀ ਸੀ। ਬੜਾ ਚਲਦਾ ਸੀ ਜੀ, ਸਕੂਲ ਉਹਦਾ। ਬਸ ਹੋ ਗਈ ਫਿਦਾ ਸਾਡੇ ਉਤੇ, ਕੁਝ ਦਿਨਾਂ ਵਿਚ ਹੀ। ਰਾਤੀਂ ਬੁਲਾ ਲਵੇ ਸਾਨੂੰ। ਫੇਰ ਤਾਂ ਮੁਰਗਾ ਤੇ ਵਿਸਕੀ, ਉਹ ਤੇ ਅਸੀਂ। ਬੜੀਆਂ ਕੁੜੀਆਂ ਆਉਂਦੀਆਂ ਉਸ ਕੋਲ, ਟਾਈਪ ਸਿੱਖਣ। ਇਕ ਤੋਂ ਇਕ ਵੱਧ ਸੁਹਣੀਆਂ ਪਰ ਬਾਊ ਜੀ, ਉਹ ਸਾਨੂੰ ਉਚੀ ਅੱਖ ਕਰ ਕੇ ਦੇਖਣ ਨਹੀਂ ਸੀ ਦੇਂਦੀ ਕਿਸੇ ਵੱਲ। ਸਭ ਤੋਂ ਮੂਹਰੇ ਰੱਖਦੀ ਸੀ ਸਾਡਾ ਟੇਬਲ। ਫਿਰ ਵੀ ਇਹ ਅੱਖ ਹੈ ਭੈਣ... ਕਿ ਸੋਹਣੀਆਂ ਕੁੜੀਆਂ ਤੱਕਣੋਂ ਰਹੇ ਹੀ ਨਾ। ਆਖਰ ਜੀ ਉਸ ਨੇ ਸਾਡਾ ਟੇਬਲ ਆਪਣੇ ਬੈਡਰੂਮ ਵਿਚ ਲਗਾ ਦਿੱਤਾ, ਅਖੇ, "ਹੁਣ ਤਾਂ ਜੀਣਾ ਮਰਨਾ ਤੇਰੇ ਨਾਲ ਹੀ ਹੈ।"

ਹੁਣ ਤੁਸੀਂ ਹੀ ਦੱਸੋ ਬਾਊ ਜੀ, ਹੈ ਕੋਈ ਭਰੋਸਾ ਇਸ ਜਾਤ ਦਾ? ਸਿਨਮਾ ਬਾਊ ਜੀ, ਸਿਰਫ ਸਾਡੇ ਨਾਲ ਹੀ ਵੇਖਣ ਜਾਂਦੀ ਸੀ ਮੈਡਮ।

ਇਕ ਵੇਰਾਂ ਸਾਡਾ ਪੰਗਾ ਹੋ ਗਿਆ ਹੋਟਲ ਵਿਚ। ਖਾਧੀ ਪੀਤੀ ਹੋਈ ਸੀ। ਚਲ ਗਏ ਛੁਰੇ ਚਾਕੂ ਸਾਡੇ ਹੱਥੋਂ। ਅਸੀਂ ਹੋ ਗਏ ਅੰਦਰ ਤੇ ਲੱਗ ਗਈ ਦਫਾ ਤਿੰਨ ਸੌ ਸੱਤ ਸਾਡੇ 'ਤੇ। ਬਾਊ ਜੀ, ਮੈਡਮ ਨੂੰ ਪਤਾ ਲਗ ਗਿਆ ਕਿ ਆ ਗਈ ਸਾਡੀ ਜ਼ਮਾਨਤ ਕਰਾਉਣ। ਕੇਸ ਚਲਿਆ ਤਿੰਨ ਸਾਲ ਤੇ ਪਾਣੀ ਵਾਂਗੂ ਪੈਸਾ ਰੋੜ੍ਹਿਆ ਉਸ ਨੇ, ਪਰ ਸਾਡਾ ਲੜ ਨਹੀਂ ਛੋੜਿਆ, ਆਖੇ, "ਸਭ ਕੁਝ ਤੇਰਾ ਈ ਏ ਜਿੰਦੂਆ। ਬਸ ਬਿਆਹ ਕਰਾ ਲੈ।"



'ਕਰਾ ਲਵਾਂਗੇ ਪਰ ਪਹਿਲਾਂ ਕੁਝ ਕਮਾ ਤਾਂ ਲਈਏ। ਜਨਾਨੀ ਦੇ ਪੈਸੇ ਨਾਲ ਜੀਣਾ ਵੀ ਕੋਈ ਜੀਣਾ ਹੁੰਦੈ?' ਉਸ ਨੂੰ ਸਮਝਾਇਆ ਤੇ ਛੇਤੀ ਹੀ ਡੁਬਈ ਜਾਣ ਦਾ ਜੁਗਾੜ ਕਰ ਲਿਆ। ਉਸ ਨੇ ਆਪਣਾ ਸੈਂਟ ਵੇਚ ਕੇ ਸਾਨੂੰ ਕਿਰਾਇਆ ਦਿੱਤਾ। ਚਿੱਠੀ ਪੱਤਰ ਵੀ ਚਲਦਾ ਰਿਹਾ।

ਡੁਬਈ ਵਿਚ ਸਾਡੀ ਆਸ਼ਕੀ ਹੋ ਗਈ ਬਾਊ ਜੀ, ਅਮਰੀਕਨ ਕੁੜੀ ਨਾਲ। ਉਹਨੇ ਵਾਅਦਾ ਕੀਤਾ ਸੀ ਕਿ ਉਹ ਸਾਨੂੰ ਅਮਰੀਕਾ ਬੁਲਾ ਲਵੇਗੀ ਕਿਸੇ ਬਹਾਨੇ, ਤੇ ਫੇਰ ਸਾਡੇ ਨਾਲ ਬਿਆਹ ਕਰਾ ਲਵੇਗੀ। ਏਦਾਂ ਸਾਨੂੰ ਅਮਰੀਕਨ ਸ਼ਹਿਰੀਅਤ ਮਿਲ ਜਾਣੀ ਸੀ। ਲਉ ਜੀ, ਅੰਨ੍ਹਾ ਕੀ ਭਾਲੇ ਦੋ ਅੱਖਾਂ? ਅਸੀਂ ਮੰਨ ਗਏ। ਉਸ ਕੁੜੀ ਨੇ ਸਾਨੂੰ ਅਮਰੀਕਾ ਤੋਂ ਟਿਕਟ ਭੇਜ ਦਿੱਤੀ, ਕੰਪਨੀ 'ਚੋਂ ਫਾਰਗ ਕਰਾਇਆ ਤੇ ਇਸ ਤਰ੍ਹਾਂ ਆਪਾਂ ਪਹੁੰਚ ਗਏ, ਨਿਊ ਯਾਰਕ।

ਬੜੀ ਮੋਟੀ ਸੀ ਅਮਰੀਕਨ। ਉਹ ਤਾਂ ਬਾਊ ਜੀ, ਸਾਨੂੰ ਕੱਛ ਵਿਚ ਲੈ ਲੈਂਦੀ ਸੀ ਪਰ ਸੁਹਣੀ ਬਹੁਤ ਸੀ ਤੇ ਅਮੀਰ ਵੀ ਬੜੀ। ਅਸਾਂ ਉਸ ਨੂੰ ਬੜਾ ਖੁਸ਼ ਕੀਤਾ। ਬਾਊ ਜੀ, ਅਸੀਂ ਤੁਹਾਨੂੰ ਇਕ ਗੱਲ ਦੱਸੀਏ, ਸੋਲ੍ਹਾਂ ਆਨੇ ਸੱਚ?

...ਬਈ ਇਹ ਬਿਲਕੁਲ ਝੂਠ ਕਹਿੰਦੇ ਜੇ ਕਿ ਬਾਹਰਲੇ ਮੁਲਕ ਦੀਆਂ ਕੁੜੀਆਂ ਈਰਖਾ ਨਹੀਂ ਕਰਦੀਆਂ। ਉਹ ਤਾਂ ਸਾਨੂੰ ਵੇਖਣ ਹੀ ਨਹੀਂ ਸੀ ਦੇਂਦੀ ਸੀ ਜੀ, ਕਿਸੇ ਵੱਲ। ਕਹਿੰਦੀ, "ਗੋਲੀ ਮਾਰ ਦੂੰ ਤੈਨੂੰ ਜੇ ਤੂੰ ਕਿਸੇ ਹੋਰ ਵਲ ਤਕਿਆ ਤਾਂ।"

ਉਹ ਸਾਨੂੰ ਮਿਸਟਰ ਰਿਜੈਂਡ ਬੁਲਾਉਂਦੀ ਸੀ। ਉਹਨੇ ਸਾਨੂੰ ਛੁਰੀ ਕਾਂਟੇ ਨਾਲ ਖਾਣਾ ਸਿਖਾਇਆ ਤੇ 'ਗਰੇਜਾਂ ਵਾਂਗ ਉਠਣਾ ਬਹਿਣਾ। ਸਾਨੂੰ ਡਾਂਸ ਵੀ ਸਿਖਾਇਆ। ਆਪਾਂ ਤਾਂ ਪੂਰੇ ਵਲੈਤੀ ਹੋ ਗਏ, ਗੜ੍ਹਸ਼ੰਕਰੀਏ। ਸਾਡੇ ਸਾਰੇ ਖਰਚੇ ਉਸ ਨੇ ਉਠਾਣੇ। ਸਾਨੂੰ ਨਹੀਂ ਸੀ ਆਉਂਦੀ ਜੀ 'ਗਰੇਜੀ ਵਰੇਜੀ, ਪਰ ਇਕ ਵੇਰਾਂ ਦਾਰੂ ਪੀ ਲਈਏ ਬਾਊ ਜੀ, ਤਾਂ ਫਿਰ ਅਸੀਂ ਫਰਨ ਫਰਨ ਬੋਲਦੇ ਸੀ। ਫਿਰ ਬਰਬ ਤੇ ਟੈਂਸ ਦੀ ਕੋਈ ਚਿੰਤਾ ਨਹੀਂ ਸੀ ਰਹਿੰਦੀ। ਫੇਰ ਤਾਂ ਬਾਊ ਜੀ, ਅਸੀਂ ਗਾਲ੍ਹਾਂ ਵੀ 'ਗਰੇਜੀ ਦੀਆਂ ਕੱਢ ਲੈਂਦੇ। ਬਾਰ ਦੀ ਮਾਲਕ ਸੀ ਉਹ 'ਮਰੀਕਨ। ਬਿਠਾ ਦਿੱਤਾ ਜੀ ਉਸ ਨੇ ਸਾਨੂੰ ਕਾਊਂਟਰ 'ਤੇ।

ਲਵਲੀ ਬਾਰੇ ਪੁੱਛਦੇ ਹੋ? ਬਾਊ ਜੀ, ਬਿਆਹ ਤਾਂ ਅਸਾਂ ਵਾਪਸ ਆ ਕੇ ਲਵਲੀ ਨਾਲ ਹੀ ਕਰਾਣਾ ਸੀ। ਅਮਰੀਕਨ ਨਾਲ ਤਾਂ ਸਿਰਫ ਤਿੰਨ ਸਾਲ ਹੀ ਕੱਟਣੇ ਸੀ ਸ਼ਾਦੀ ਕਰ ਕੇ। ਫੇਰ ਅਸਾਂ ਵੀ ਪੱਕੇ ਸ਼ਹਿਰੀ ਹੋ ਜਾਣਾ ਸੀ। ਪਰ ਜੀ, ਇਹ ਖਰ ਦਿਮਾਗ ਅਸਾਂ ਪੇਂਡੂਆਂ ਦਾ। ਏਨਾ ਖੁਸ਼ ਰੱਖਿਆ ਹੋਇਆ ਸੀ, ਉਸ ਨੂੰ ਪਰ ਮਾੜੀ ਕਿਸਮਤ ਸਾਡੀ। ਕੋਰਟ ਮੈਰਜ ਤੋਂ ਚਾਰ ਦਿਨ ਪਹਿਲਾਂ ਹੀ ਅਸਾਂ ਉਸ ਨੂੰ ਕੁੱਟ ਧਰਿਆ, ਬਾਰ ਵਿਚ ਹੀ। ਨਸ਼ੇ ਵਿਚ ਸੀਗੇ ਅਸੀਂ। ਸ਼ਾਇਦ ਕਿਸੇ ਕੁੜੀ ਨੂੰ ਕਿਸ ਕੁਸ ਕਰ ਲਿਆ ਹੋਣੈ ਤੇ ਉਹਨੇ ਕੀਤੀ ਹੋਣੀ ਏ ਤੂੰ ਤੂੰ ਮੈਂ ਮੈਂ। ਚੰਗੀ ਤਰ੍ਹਾਂ ਯਾਦ ਵੀ ਨਹੀਂ ਜੀ, ਪੂਰੀ ਗੱਲ।

ਕੀ ਹੋਇਆ? ਬਸ ਜੀ, ਹੋਣਾ ਕੀ ਸੀ। ਸਾਨੂੰ ਉਥੋਂ ਰਵਾਨਾ ਹੋਣਾ ਪਿਆ ਇੰਡੀਆ ਲਈ।

'ਮਰੀਕਨ ਬਾਰੇ ਪੁੱਛਦੇ ਹੋ? ਉਹਨੇ ਬਾਊ ਜੀ, ਸਾਨੂੰ ਮਾਫ ਕਰ ਦਿੱਤਾ। ਸਾਡੇ ਐਥੇ ਆਉਣ ਮਗਰੋਂ ਵੀ ਉਹਦੇ ਖਤ ਆਉਂਦੇ ਰਹੇ।

'ਆਈ ਲਵ ਯੂ ਰਿਜੈਂਡ। ਤੂੰ ਵਾਪਸ ਆ ਜਾ।' ਹੁਣ ਤੁਸੀਂ ਹੀ ਦੱਸੋ ਬਾਊ ਜੀ, ਹੈ ਕੋਈ ਭਰੋਸਾ ਜਨਾਨੀ ਦੀ ਜਾਤ ਦਾ?

---

ਕੀ ਪੁੱਛਦੇ ਹੋ, ਮੈਡਮ ਦਾ ਕੀ ਬਣਿਆ? ਮੈਡਮ ਬਾਰੇ ਤਾਂ ਜੀ ਅਸੀਂ ਤੁਹਾਨੂੰ ਦੱਸਣਾ ਹੀ ਭੁੱਲ ਗਏ। ਪਤਾ ਲੱਗਾ, ਸਾਡੇ ਮਗਰੋਂ ਮੈਡਮ ਬਾਹਲੀ ਪੀਣ ਲੱਗ ਪਈ। ਉਹਨੇ ਬਿਜ਼ਨਸ ਵੱਲ ਵੀ ਧਿਆਨ ਨਾ ਦਿੱਤਾ। ਦਾਦੀ ਕਹਿੰਦੀ ਏ, ਬਈ ਸਾਡੇ ਜਾਣ ਮਗਰੋਂ ਪੂਰਾ ਸਾਲ ਉਹ ਸਾਡੇ ਘਰ ਵੀ ਆਉਂਦੀ ਰਹੀ, ਸਾਡੀ ਸੁਖ ਸਾਂਦ ਪੁੱਛਣ। ਯਾਰ ਦੋਸਤ ਦੱਸਦੇ ਨੇ ਕਿ ਸਾਡੇ ਮਗਰੋਂ ਉਹ ਕਦੇ ਨਹੀਂ ਗਈ ਸਿਨਮਾ ਤੱਕਣ।

ਸਾਡਾ ਇਕ ਬੇਲੀ ਹੁੰਦਾ ਸੀ, ਕੁਲਦੀਪ। ਅਮੀਰ ਵੀ ਬੜਾ ਸੀ ਤੇ ਤਲਾਕਸ਼ੁਦਾ ਵੀ। ਉਹ ਮੈਡਮ ਕੋਲ ਜਾਣ ਲੱਗ ਪਿਆ। ਉਹ ਮੈਡਮ ਨਾਲ ਬਿਆਹ ਕਰਾਉਣਾ ਚਾਹੁੰਦਾ ਸੀ। ਉਹ ਦੱਸਦੈ, ਬਈ ਇਕ ਵੇਰਾਂ ਮੈਡਮ ਨੇ ਬੜੀ ਪੀਤੀ ਤੇ ਨਸ਼ੇ ਵਿਚ ਰੋਈ ਹੀ ਜਾਵੇ ਆਖ ਆਖ ਕੇ ਇਕ ਮਿੰਟ ਵੀ ਨਹੀਂ ਵਿਸਰਦਾ ਜਿੰਦੂਆ। ਇਕ ਰਾਤ ਨੀਂਦ ਦੀ ਗੋਲੀ ਖਾ ਕੇ ਜੇਹੀ ਸੁੱਤੀ ਕਿ ਮੁੜ ਨਹੀਂ ਉਠੀ। ਨਹੀਂ ਕੋਈ ਭਰੋਸਾ ਇਸ ਜਾਤ ਦਾ, ਬਾਊ ਜੀ।

---

ਲਵਲੀ? ਹੁਣ ਲਵਲੀ ਬਾਰੇ ਵੀ ਕੀ ਦੱਸੀਏ। ਸ਼ਹਿਰ ਦਾ ਚੱਪਾ ਚੱਪਾ ਤੇ ਜਾਣਦਾ ਸੀ ਸਾਡੀ ਯਾਰੀ ਬਾਰੇ। ਪੂਰੇ ਦਸ ਸਾਲ ਉਹ ਸਾਡੇ ਨਾਲ ਘੁੰਮੀ ਫਿਰੀ। ਸੀਗੀ ਵੀ ਕਹਿਰਾਂ ਦੀ ਦਲੇਰ। ਸ਼ਰੇਆਮ ਠੋਕ ਵਜਾ ਕੇ ਹੀ ਤਾਂ ਦੱਸਦੀ ਸੀ ਆਪਣਾ ਇਸ਼ਕ। ਆਖਦੀ ਹੁੰਦੀ ਸੀ, "ਜੇ ਜ਼ਿੰਦਗੀ ਤੇਰੇ ਲੇਖੇ ਲਾ ਹੀ ਦਿੱਤੀ ਹੈ ਤਾਂ ਫਿਰ ਡਰ ਕਾਹਦਾ?"

ਇਕ ਵੇਰਾਂ ਅਸੀਂ ਦੋਵੇਂ ਚਲੇ ਗਏ ਜੀ, ਪਿੰਜੌਰ ਗਾਰਡਨ। ਅੰਬਾਂ ਦੇ ਝੁੰਡਾਂ ਹੇਠਾਂ ਲਵਲੀ ਦੀ ਗੋਦੀ ਵਿਚ ਸਿਰ ਰੱਖ ਕੇ ਪੈ ਗਏ ਅਸੀਂ। ਗੱਲਾਂ ਕਰ ਰਹੇ ਸੀ ਉਹਦੀ ਗੁੱਤ ਨਾਲ ਖੇਡਦੇ ਖੇਡਦੇ, ਸਾਰੀ ਦੁਨੀਆਂ ਤੋਂ ਬੇਖਬਰ ਕਿ ਹੌਲਦਾਰ ਆ ਗਿਆ।

ਕਹਿੰਦਾ, "ਕੌਣ ਏ ਬਈ ਤੇਰੀ ਇਹ?"

ਅਸਾਂ ਆਖਿਆ, "ਸਾਡੀ ਮਾਸ਼ੂਕਾ ਏ।"

ਕਹਿੰਦਾ, "ਮਾਸ਼ੂਕਾ ਈ ਏ ਨਾ ਘਰਵਾਲੀ ਤਾਂ ਨਹੀਂ?"

ਅਸਾਂ ਕਿਹਾ, "ਜੇ ਘਰਵਾਲੀ ਹੁੰਦੀ ਤਾਂ ਏਥੇ ਹੀ ਲੈ ਕੇ ਆਉਂਦੇ ਤੇ ਉਹ ਵੀ ਏਨੀ ਕੜਕਦੀ ਧੁੱਪ ਵਿਚ? ਘਰ ਨਾ ਬਹਿੰਦੇ 'ਰਾਮ ਨਾਲ?"

ਲਓ ਜੀ ਔਖਾ ਹੋ ਗਿਆ ਤੇ ਕਹਿਣ ਲੱਗਾ, "ਥਾਣੇ ਚਲੋ।"

ਅਸੀਂ ਤੁਰ ਪਏ। ਪਰ ਲਵਲੀ ਦਾ ਖਿਆਲ ਆਵੇ। ਉਹਦੀ ਇੱਜ਼ਤ ਦਾ ਸੁਆਲ ਸੀ। ਬਾਊ ਜੀ, ਉਹ ਨਹੀਂ ਡਰੀ ਜਣੇ ਦੀ ਬੱਚੀ, ਬੋਲੀ, "ਫਿਕਰ ਨਾ ਕਰ ਜਿੰਦੂਆ। ਇਹ ਤੇਰਾ ਬਾਲ ਵੀ ਬਿੰਗਾ ਨਹੀਂ ਕਰ ਸਕਦੇ। ਮੈਂ ਕਹਾਂਗੀ, 'ਮੈਂ ਬਾਲਗ ਹਾਂ ਤੇ ਆਪਣੀ ਮਰਜ਼ੀ ਨਾਲ ਆਈ ਹਾਂ ਇਹਦੇ ਨਾ।' ਲਵਲੀ ਤਾਂ ਬਾਊ ਜੀ, ਜੇਲ੍ਹ ਵਿਚ ਵੀ ਆਈ ਸੀ ਸਾਨੂੰ ਮਿਲਣ, ਜਦੋਂ ਸਾਡੇ 'ਤੇ ਦਫਾ ਤਿੰਨ ਸੌ ਸੱਤ ਲਗੀ ਸੀ। ਕਹਿੰਦੀ, 'ਜਿੰਦੂਆ, ਮੈਂ ਤੇਰੀ ਹਾਂ ਤੇ ਤੇਰੀ ਹੀ ਰਹਾਂਗੀ ਮਰਦੇ ਦਮ ਤਕ।'

ਕਿਹੜਾ ਨਹੀਂ ਮਰਦਾ ਜੀ ਲਵਲੀ 'ਤੇ? ਉਚੀ ਲੰਮੀ, ਤਗੜੀ ਸਪੋਰਟਸ ਟੀਚਰ, ਗੋਰੀ ਚਿੱਟੀ, ਬਲੌਰੀ ਅੱਖਾਂ, ਸੱਜੀ ਗੱਲ੍ਹ ਉਤੇ ਤਿਲ ਤੇ ਗੋਡਿਆਂ ਤੋਂ ਵੀ ਥੱਲੇ ਝੂਲਦੀ ਗੁੱਤ, ਪੂਰੀ ਦੀ ਪੂਰੀ ਧੀ ਜੱਟਾਂ ਦੀ। ਬਾਊ ਜੀ, ਇਸ਼ਕ ਕਰਨਾ ਤੇ ਇਹ ਜੱਟੀਆਂ ਹੀ ਜਾਣਦੀਆਂ ਨੇ।

ਕੀ ਬਣਿਆ ਉਸ ਦਾ? ਬਾਊ ਜੀ, ਕਾਹਲੇ ਕਿਉਂ ਪੈਂਦੇ ਹੋ। ਦਸਨੇ ਆ ਨਾ। ਅਸੀਂ ਆਏ ਵਾਪਸ ਅਮਰੀਕਾ ਤੋਂ। ਸਾਨੂੰ ਏਅਰ ਪੋਰਟ ਉਤੇ ਹੀ ਯਾਰਾਂ ਦੋਸਤਾਂ ਨੇ ਦੱਸ ਦਿੱਤਾ ਬਈ, "ਰਜਿੰਦਰ, ਲਵਲੀ ਨਹੀਂ ਰਹੀ ਹੁਣ ਤੇਰੇ ਲੈਕ। ਅਸਾਂ ਉਹਨੂੰ ਇਕ ਦੋ ਵੇਰਾਂ ਮਿਸਟਰ ਪਾਲ ਦੀ ਜੀਪ 'ਚ ਵੇਖਿਐ।"

ਖੈਰ ਜੀ, ਅਸੀਂ ਪਹੁੰਚ ਗਏ ਉਸ ਕੋਲ ਸਵੇਰੇ ਹੀ। ਉਹ ਡਿਊਟੀ 'ਤੇ ਜਾ ਰਹੀ ਸੀ। ਅਸਾਂ ਸਕੂਟਰ ਉਹਦੇ ਮੂਹਰੇ ਖੜ੍ਹਾ ਕਰ ਦਿੱਤਾ।

'ਜਿੰਦੂਆ...।' ਲਵਲੀ ਚੀਕ ਕੇ ਲੱਗ ਗਈ ਜੀ, ਸਾਡੀ ਹਿੱਕ ਨਾਲ।

ਅਸੀਂ ਲੈ ਗਏ ਉਸ ਨੂੰ ਮਗਰ ਬਿਠਾ ਕੇ, ਝੀਲ ਕੰਢੇ। ਸਿੱਧਾ ਸੁਆਲ ਕੀਤਾ ਅਸਾਂ, "ਦੇਖ ਬਈ ਲਵਲੀ, ਅਸੀਂ ਭਾਵੇਂ ਦੋ ਸਾਲ ਬਾਹਰ ਰਹੇ ਪਰ ਖਬਰ ਅਸਾਂ ਮਿੰਟ ਮਿੰਟ ਦੀ ਰੱਖੀ, ਤੇਰੇ ਬਾਰੇ। ਸੱਚ ਦੱਸ, ਤੂੰ ਸਾਡੇ ਮਗਰੋਂ ਪਾਲ ਨਾਲ ਘੁੰਮਦੀ ਰਹੀ ਏਂ ਕਿ ਨਹੀਂ?"

ਫੱਕ ਹੋ ਗਈ ਜੀ, ਉਹ ਤਾਂ। ਬੋਲ ਹੀ ਨਾ ਸਕੀ। ਫੇਰ ਹਟਕੋਰੇ ਲੈਂਦੀ ਬੋਲੀ, "ਜਿੰਦੂਆ ਤੂੰ ਜਾਂਦੀ ਵੇਰਾਂ ਮਿਲ ਕੇ ਵੀ ਨਹੀਂ ਸੈਂ ਗਿਆ ਤੇ ਨਾ ਹੀ ਤੇਰਾ ਕੋਈ ਚਿੱਠੀ ਪੱਤਰ ਆਇਆ। ਦਾਦੀ ਤੇਰੀ ਨੇ ਦੱਸਿਆ ਕਿ ਡੁਬਈ ਤੋਂ ਅਮਰੀਕਾ ਚਲਾ ਗਿਆ ਏਂ ਤੇ ਹੁਣ ਓਥੇ ਹੀ ਰਹੇਂਗਾ। ਮੇਰੇ ਘਰ ਵਾਲੇ ਬੜੇ ਪ੍ਰੇਸ਼ਾਨ ਸਨ। ਨਿੱਕੀ ਭੈਣ ਵੀ ਹੁਣ ਪੰਝੀਆਂ ਦੀ ਹੋ ਗਈ। ਬਾਪੂ ਨੂੰ ਦੂਜਾ ਹਾਰਟ ਅਟੈਕ ਹੋ ਚੁਕਿਐ। ਤੇਰਾ ਕੋਈ ਥਹੁ ਪਤਾ ਨਹੀਂ ਸੀ। ਪਾਲ ਨੇ ਮੇਰੇ ਮਾਪਿਆਂ ਨਾਲ ਸ਼ਾਦੀ ਦੀ ਗੱਲ ਛੇੜੀ। ਸ਼ਹਿਰ ਦਾ ਚੱਪਾ ਚੱਪਾ ਤਾਂ ਜਾਣਦਾ ਸੀ ਸਾਡੇ ਪਿਆਰੇ ਬਾਰੇ। ਬਾਪੂ ਨੇ ਮੈਨੂੰ ਸਮਝਾਇਆ ਕਿ 'ਪਾਲ ਤੇਰੇ ਬਾਰੇ ਸਭ ਕੁਝ ਜਾਣਦੈ ਤੇ ਫੇਰ ਵੀ ਤੇਰਾ ਹੱਥ ਮੰਗ ਰਿਹੈ' ਪਰ ਜਿੰਦੂਆ ਤੂੰ ਮੁੜ ਆਇਐਂ ਮੇਰੇ ਕੋਲ। ਹੁਣ ਮੈਨੂੰ ਕੋਈ ਪ੍ਰਵਾਹ ਨਹੀਂ ਕਿਸੇ ਦੀ। ਤੇਰੇ ਉਪਰੋਂ ਤਾਂ ਸਾਰੀ ਦੁਨੀਆਂ ਦੇ ਪਾਲ ਵਾਰੇ। ਮੈਂ ਤੇਰੀ ਹਾਂ, ਜਨਮਾਂ ਜਨਮਾਂਤਰਾਂ ਲਈ।" ਰੋ ਰੋ ਬੁਰਾ ਹਾਲ ਹੋ ਗਿਆ ਜੀ ਉਸ ਦਾ।

ਇਹ ਸੱਚ ਹੈ ਬਾਊ ਜੀ, ਅਸੀਂ ਜਾਣ ਤੋਂ ਪਹਿਲਾਂ ਲਵਲੀ ਨੂੰ ਮਿਲ ਕੇ ਨਹੀਂ ਸਾਂ ਗਏ ਤੇ ਖਤ ਪੱਤਰ ਵੀ ਕੋਈ ਨਹੀਂ ਸੀ ਪਾਇਆ ਪਰ ਆਖਰ ਉਹ ਪੂਰੇ ਦਸ ਬਾਰਾਂ ਸਾਲ ਤੋਂ ਜਾਣਦੀ ਸੀ ਸਾਨੂੰ। ਅਸੀਂ ਭਾਵੇਂ 'ਮਰੀਕਨ ਨਾਲ ਬਿਆਹ ਵੀ ਕਰਾ ਲੈਂਦੇ ਪਰ ਮੁੜ ਤਿੰਨ ਸਾਲਾਂ ਮਗਰੋਂ ਤਲਾਕ ਲੈ ਕੇ ਘਰ ਤਾਂ ਅਸਾਂ ਲਵਲੀ ਨਾਲ ਹੀ ਵਸਾਣਾ ਸੀ। ਜਿਥੇ ਏਨੇ ਸਾਲ ਸਾਡੀ ਬਣ ਕੇ ਰਹੀ, ਉਥੇ 3-4 ਸਾਲ ਹੋਰ ਸਬਰ ਕਰ ਲੈਂਦੀ। ਪਰ ਹੈ ਕੋਈ ਭਰੋਸਾ ਇਸ ਜਾਤ ਦਾ?


ਤੇ ਬਾਊ ਜੀ, ਹੁਣ ਅੱਖੀਂ ਦੇਖੀ ਮੱਖੀ ਕੌਣ ਨਿਗਲੇ?

# ਮਨੁੱਖੀ ਜੀਵਨ: ਬਰਕਤਾਂ ਅਤੇ ਵਪਾਰ ਦੀਆਂ ਤਹਿਆਂ ਫਰੋਲਦਿਆਂ

***ਅੱਜ ਦਾ ਮਨੁੱਖੀ ਜੀਵਨ ਬਹੁਤ ਤੇਜ਼ ਰਫਤਾਰ ਫੜ੍ਹ ਚੁੱਕਾ ਹੈ। ਇਸ ਤੇਜ਼ ਰਫਤਾਰੀ ਨੇ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਅਤੇ ਬਰਕਤਾਂ ਬਹੁਤ ਪਿਛਾਂਹ ਸੁੱਟ ਘੱਤੀਆਂ ਹਨ। ਹੁਣ ਤਾਂ ਹਰ ਮਸਲੇ ਦਾ ਸਿਰਫ ਵਪਾਰਕ ਪੱਖ ਹੀ ਅਹਿਮ ਹੋ ਗਿਆ ਜਾਪਦਾ ਹੈ। ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਨੇ ਇਸ ਘਾਤਕ ਤਬਦੀਲੀ ਅਤੇ ਮਾਰਖੋਰੇ ਵਰਤਾਰੇ ਬਾਰੇ ਕੁਝ ਨੁਕਤੇ ਮਿਸਾਲਾਂ ਸਹਿਤ ਵਿਚਾਰੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਮਨੁੱਖ ਦੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਵਪਾਰ ਉਸ ਨਾਲ ਚਲ ਪੈਂਦਾ ਹੈ, ਕਿਉਂਕਿ ਵਪਾਰ ਦਾ ਮੁੱਢਲਾ ਅਸੂਲ ਹੈ ਨਫਾ, ਲਾਭ ਅਤੇ ਫਾਇਦਾ। ਜਦੋਂ ਅਸੀਂ ਭੋਜਨ ਖਾਂਦੇ ਹਾਂ ਤਾਂ ਜਿਉਣ ਲਈ ਇਹ ਜ਼ਰੂਰੀ ਵੀ ਹੈ ਅਤੇ ਲਾਭਦਾਇਕ ਵੀ, ਪਰ ਜੇ ਬਹੁਤ ਮਿਕਦਾਰ ਵਿਚ ਖਾ ਲਈਏ ਤਾਂ ਲਾਭ ਘੱਟ ਅਤੇ ਨੁਕਸਾਨ ਜ਼ਿਆਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਜੀਵਨ ਨੂੰ ਪੂਰੀ ਤਰ੍ਹਾਂ ਵਪਾਰਕ ਬਣਾਉਣ ਨਾਲ ਵਿਅਕਤੀ ਦੇ ਆਪਣੇ ਲਈ ਅਤੇ ਸਮਾਜ ਲਈ ਵੀ ਬਹੁਤ ਅਣਹੋਣੀ ਗੱਲ ਬਣ ਜਾਂਦੀ ਹੈ।

ਜੀਵਨ ਦੇ ਹਰ ਪਹਿਲੂ ਵਿਚ ਵਪਾਰਕ ਰੁਝਾਨ ਦਾ ਪਸਾਰ ਤੇਜ਼ ਰਫਤਾਰ ਨਾਲ ਵਧਦਾ ਜਾ ਰਿਹਾ ਹੈ। ਉਹ ਮਨੁੱਖ ਜਿਨ੍ਹਾਂ ਨੇ ਤਜਾਰਤ ਰਹਿਤ ਜੀਵਨ ਦੀ ਨੇੜਤਾ ਦਾ ਅਨੰਦ ਮਾਣਿਆ ਹੈ, ਅੱਜ ਦੇ ਸਮੇਂ ਵਿਚ ਵਪਾਰ ਦੀ ਝਲਕ ਕਣ-ਕਣ ਵਿਚ ਦੇਖ ਕੇ ਹੈਰਾਨ ਅਤੇ ਪ੍ਰੇਸ਼ਾਨ ਹੀ ਨਹੀਂ ਹੁੰਦੇ, ਸਗੋਂ ਅਜੀਬ ਜਿਹੀ ਅਸਹਿ ਚੀਸ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਭਵਿਖ, ਸ਼ਰਮਸਾਰੀ ਦਾ ਮੰਜ਼ਰ ਨਜ਼ਰ ਆ ਰਿਹਾ ਹੈ।



**ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਮੈਂ ਚੌਥੀ ਜਮਾਤ ਤਕ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਿਆ ਹਾਂ। ਇਕੋ ਮਾਸਟਰ ਜੀ ਚਾਰੇ ਜਮਾਤਾਂ ਨੂੰ ਸਾਰੇ ਹੀ ਵਿਸ਼ੇ ਪੜ੍ਹਾਉਂਦੇ ਸਨ। ਉਨ੍ਹਾਂ ਕਦੀ ਛੁੱਟੀ ਨਹੀਂ ਸੀ ਕੀਤੀ। ਆਵਾਜਾਈ ਦੇ ਸਾਧਨ ਨਾ ਹੋਣ ਦੇ ਬਾਵਜੂਦ, ਇੰਸਪੈਕਟਰ ਹਰ ਸਾਲ ਆਉਂਦੇ। ਖਾਨਾਪੂਰਤੀ ਨਹੀਂ ਸੀ ਕਰਦੇ, ਉਹ ਹਰ ਜਮਾਤ ਦੇ ਬੱਚਿਆਂ ਨੂੰ ਸਵਾਲ ਪੁੱਛਦੇ। ਅੱਜ ਕਲ੍ਹ ਦੂਰ-ਦੁਰਾਡੇ ਅਤੇ ਛੋਟੇ ਥਾਂਵਾਂ ਦੇ ਸਿੰਗਲ ਮਾਸਟਰ ਪ੍ਰਾਇਮਰੀ ਸਕੂਲਾਂ ਵਿਚ ਕਈ ਮਾਸਟਰ ਜਾਂਦੇ ਹੀ ਨਹੀਂ। ਆਪਣੀ ਚੋਖੀ ਤਨਖਾਹ ਵਿਚੋਂ ਥੋੜ੍ਹੇ ਜਿਹੇ ਪੈਸੇ ਕਿਸੇ ਦਸਵੀਂ ਪੜ੍ਹੇ ਮੁੰਡੇ-ਕੁੜੀ ਨੂੰ ਭੇਜ ਕੇ ਸਕੂਲ ਦਾ ਕੰਮ ਸਾਰ ਲੈਂਦੇ ਹਨ ਕਿਉਂਕਿ ਕਿਸੇ ਚੈਕ ਕਰਨ ਵਾਲੇ ਦਾ ਡਰ ਨਹੀਂ। ਪਿਛੇ ਜਿਹੇ ਕਿਸੇ ਹਾਈ ਸਕੂਲ ਦੀ ਖਬਰ ਨੇ ਤਾਂ ਕਮਾਲ ਹੀ ਕਰ ਦਿੱਤੀ। ਉਚ ਅਧਿਕਾਰੀ ਸਕੂਲ ਦਾ ਮੁਆਇਨਾ ਕਰਨ ਚਲਾ ਗਿਆ। ਸਟਾਫ ਦੇ ਕੁਝ ਮੈਂਬਰ ਗੈਰਹਾਜ਼ਰ ਸਨ। ਬਾਕੀਆਂ ਨੇ ਉਸ ਨੂੰ ਕਮਰੇ ਵਿਚ ਬੰਦ ਕਰ ਦਿੱਤਾ। ਵਿਚਾਰਾ ਬੜੀ ਮੁਸ਼ਕਿਲ ਨਾਲ ਪਿੱਛਾ ਛੁਡਾ ਕੇ ਆਇਆ।

ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਹਾਲਾਤ ਇੰਨੇ ਚਿੰਤਾਜਨਕ ਹਨ ਕਿ ਪੁੱਛੋ ਹੀ ਨਾ। ਇਕੋ ਵਾਕ ਵਿਚ ਸਾਰ ਅੰਸ਼ ਕਿਹਾ ਜਾ ਸਕਦਾ ਹੈ ਕਿ ਵਿਦਿਆਰਥੀ ਸੋਚਦੇ ਹਨ ਕਿ ਅਸੀਂ ਫੀਸ ਦਿੰਦੇ ਹਾਂ ਤੇ ਟੀਚਰ ਪੜ੍ਹਾਉਂਦੇ ਹਨ। ਹੋਰ ਸਾਡਾ ਇਨ੍ਹਾਂ ਨਾਲ ਕੋਈ ਲਾਗਾ ਦੇਗਾ ਨਹੀਂ। ਹਲੀਮੀ ਅਤੇ ਨਿਰਮਾਣਤਾ ਅੱਜ ਦੇ ਵਿਦਿਆਰਥੀ ਦੀ ਰੀਤ ਨਹੀਂ। ਉਹ ਮਾਂ-ਬਾਪ ਨੂੰ ਟਿੱਚ ਜਾਣਦਾ ਹੈ, ਵਿਚਾਰਾ ਟੀਚਰ ਤਾਂ ਕਿਸ ਬਾਗ਼ ਦੀ ਮੂਲੀ ਹੈ। ਉਸ ਕੋਲ ਤਾਂ ਵੱਡੇ ਵੱਡੇ ਸਿਆਸੀ ਨੇਤਾ ਆਉਂਦੇ ਹਨ। ਕਾਲਜ ਅਤੇ ਯੂਨੀਵਰਸਿਟੀ ਟੀਚਰ ਮਹਿਸੂਸ ਕਰਦੇ ਹਨ ਕਿ ਵਿਦਿਆਰਥੀ ਨੌਜਵਾਨ ਹਨ, ਆਪਣਾ ਭਵਿਖ ਆਪ ਚੰਗੀ ਤਰ੍ਹਾਂ ਜਾਣਦੇ ਹਨ, ਇਸ ਲਈ ਮਸਤ ਰਹੋ। ਯੂ.ਜੀ.ਸੀ. ਦੀ ਮਿਹਰਬਾਨੀ ਨਾਲ ਗਰੇਡ ਪਹਿਲਾਂ ਹੀ ਕਾਫੀ ਚੰਗੇ ਹਨ ਪਰ ਮਹਿੰਗਾਈ ਦੀ ਓਟ ਲੈ ਕੇ ਹੋਰ ਚੰਗੇ ਵੇਤਨ ਲਈ ਡੁਗਡੁਗੀ ਵਜਾਉਂਦੇ ਰਹੋ, ਕੁਝ ਨਾ ਕੁਝ ਤਾਂ ਮਿਲੇਗਾ ਹੀ।

ਮਿਸ਼ਨ, ਸਤਿਕਾਰ ਅਤੇ ਪਿਆਰ ਬੀਤ ਚੁੱਕੇ ਸਮੇਂ ਦੀਆਂ ਗੱਲਾਂ ਹਨ। ਜਦੋਂ ਕਦੇ ਪੁਰਾਣੇ ਕਾਲਜ ਜਾਂ ਯੂਨੀਵਰਸਿਟੀ ਦੇ ਕਿਸੇ ਵਿਭਾਗ ਦੇ ਪੰਜ-ਸੱਤ ਇਕੱਠੇ ਮੈਂਬਰਾਂ ਨਾਲ ਅਚਾਨਕ ਮੁਲਾਕਾਤ ਹੁੰਦੀ ਹੈ ਤਾਂ ਵਿਸ਼ਾ ਗਰੇਡਾਂ ਜਾਂ ਸਿਆਸਤ ਦਾ ਹੀ ਚੱਲ ਰਿਹਾ ਹੁੰਦਾ ਹੈ। ਸਾਹਿਤਕ ਅਤੇ ਵਿਗਿਆਨਕ ਚਰਚਾ ਘੱਟ ਹੀ ਹੁੰਦੀ ਹੈ। ਇਹ ਸਭ ਕੁਝ ਵਪਾਰ ਦੀ ਝਲਕ ਹੀ ਤਾਂ ਹੈ।

ਛੋਟੇ-ਛੋਟੇ ਸ਼ਹਿਰਾਂ ਵਿਚ ਤਾਂ ਨਹੀਂ, ਚੰਡੀਗੜ੍ਹ ਤੇ ਲੁਧਿਆਣਾ ਜਿਹੇ ਵੱਡੇ ਸ਼ਹਿਰਾਂ ਵਿਚ ਟਿਊਸ਼ਨਾਂ ਪੜ੍ਹਾਉਣ ਅਤੇ ਬੇਅੰਤ ਅਕੈਡਮੀਆਂ ਦੇ ਨਾਲ ਨਾਲ ਰਿਹਾਇਸ਼ ਦੇ ਇੰਤਜ਼ਾਮ ਵਪਾਰਕ ਅਦਾਰੇ ਹੀ ਤਾਂ ਹਨ। ਇਨ੍ਹਾਂ ਸੰਸਥਾਵਾਂ 'ਤੇ ਕੰਮ ਕਰਨ ਵਾਲੇ ਕਹਿੰਦੇ ਹਨ ਕਿ ਸਕੂਲਾਂ, ਕਾਲਜਾਂ ਦੀਆਂ ਨੌਕਰੀਆਂ 'ਚ ਕੀ ਪਿਆ ਹੈ? ਇਥੇ ਅੰਨ੍ਹੀ ਆਮਦਨ ਹੈ ਅਤੇ ਆਮਦਨ ਹੀ ਜੀਵਨ ਦਾ ਆਧਾਰ ਹੈ।

ਦੂਜਾ ਅਹਿਮ ਮਸਲਾ ਡਾਕਟਰੀ ਦਾ ਹੈ। ਮੇਰੇ ਦੇਖਦਿਆਂ-ਦੇਖਦਿਆਂ ਜੋ ਵਪਾਰਕ ਰੁਚੀ ਇਸ ਖੇਤਰ ਵਿਚ ਆਈ ਹੈ, ਉਸ ਨੇ ਸਭ ਹੱਦਾਂ ਪਾਰ ਕਰ ਲਈਆਂ ਹਨ। ਜੇ ਕਿਸੇ ਬੱਚੇ ਦੀ ਪੜ੍ਹਨ ਵਿਚ ਰੁਚੀ ਨਹੀਂ ਜਾਂ ਕਹੋ ਕਿ ਵੱਧ ਤੋਂ ਵੱਧ ਕੋਸ਼ਿਸ਼ ਨਾਲ ਵੀ ਉਸ ਦੇ ਪੱਲੇ ਕੱਖ ਨਹੀਂ ਪੈਂਦਾ ਤਾਂ ਮਾਪੇ ਉਸ ਨੂੰ ਪੁਸ਼ਤੀ ਕਿੱਤੇ 'ਤੇ ਲਾ ਦਿੰਦੇ ਹਨ ਪਰ ਜੇ ਉਹ ਬਿਮਾਰ ਹੋ ਜਾਵੇ ਤਾਂ ਡਾਕਟਰ ਕੋਲ ਤਾਂ ਜਾਣਾ ਹੀ ਪੈਂਦਾ ਹੈ। ਡਾਕਟਰਾਂ ਬਗੈਰ ਗੁਜ਼ਾਰਾ ਨਹੀਂ। ਇਨ੍ਹਾਂ ਦੀ ਲੋੜ ਉਮਰ ਵਧਣ ਨਾਲ ਵਧਦੀ ਰਹਿੰਦੀ ਹੈ। ਇਸ ਖੇਤਰ ਦੀ ਵਪਾਰਕ ਰੁਚੀ ਸਮਾਜ ਲਈ ਬਹੁਤ ਹੀ ਹਾਨੀਕਾਰਕ ਹੈ। ਡਾਕਟਰ ਵੀ ਕੀ ਕਰਨ, ਜਿਹੜੇ ਹਸਪਤਾਲਾਂ ਵਿਚ ਉਹ ਕੰਮ ਕਰਦੇ ਹਨ, ਉਹ ਬਹੁਤ ਵੱਡੇ ਵਪਾਰਕ ਅਦਾਰੇ ਹਨ। ਧਨਾਢ ਲੋਕ ਇਨ੍ਹਾਂ ਅਦਾਰਿਆਂ ਦੇ ਮਾਲਕ ਹਨ। ਉਨ੍ਹਾਂ ਦੀ ਸਿੱਧੀ ਧਾਰਨਾ ਹੈ ਕਿ ਜੋ ਤਨਖਾਹ ਡਾਕਟਰਾਂ ਨੂੰ ਦਿੱਤੀ ਜਾਂਦੀ ਹੈ, ਉਸ ਤੋਂ ਕਿਤੇ ਜ਼ਿਆਦਾ ਧਨ ਦਾ ਪ੍ਰਬੰਧ ਕਰੋ, ਨਹੀਂ ਤਾਂ ਛੁੱਟੀ। ਉਹ ਵਿਚਾਰੇ ਸਭ ਕੁਝ ਜਾਣਦੇ ਹੋਏ ਵੀ ਗਰੀਬ ਮਰੀਜ਼ਾਂ ਨੂੰ ਕੁਰਬਾਨੀ ਦੇ ਬੱਕਰੇ ਬਣਾ ਲੈਂਦੇ ਹਨ ਅਤੇ ਅਣਗਿਣਤ ਗੈਰ ਜ਼ਰੂਰੀ ਟੈਸਟ ਲਿਖ ਦਿੰਦੇ ਹਨ। ਕੁੜਿਕੀ ਵਿਚ ਫਸਿਆ ਮਰੀਜ਼ ਕਿਧਰ ਜਾਵੇ?

ਅੱਖੀਂ ਦੇਖਿਆ ਕੇਸ ਯਾਦ ਆ ਗਿਆ ਹੈ। ਇਕ ਵਾਕਿਫ ਕਿਸੇ ਮੰਨੇ-ਪ੍ਰਮੰਨੇ ਹਸਪਤਾਲ ਵਿਚ ਪਹੁੰਚਦਿਆਂ ਹੀ ਪ੍ਰਲੋਕ ਸਿਧਾਰ ਗਿਆ ਪਰ ਉਸ ਦੇ ਬੇਟੇ ਨੂੰ ਇਹ ਨਾ ਦੱਸਿਆ ਗਿਆ, ਬਲਕਿ ਬਹੁਤ ਸਾਰੇ ਟੈਸਟਾਂ ਲਈ ਚੋਖੀ ਰਕਮ ਦਾ ਇੰਤਜ਼ਾਮ ਕਰਨ ਲਈ ਕਿਹਾ ਗਿਆ। ਹੋਰ ਕਿਸੇ ਸ਼ਹਿਰ ਤੋਂ ਆਇਆ ਉਹ ਲੜਕਾ ਪਿਤਾ ਦੇ ਲੋਕਲ ਦੋਸਤਾਂ ਕੋਲੋਂ ਬੜੀ ਮੁਸ਼ਕਿਲ ਨਾਲ ਮਾਇਆ ਇਕੱਠੀ ਕਰ ਸਕਿਆ। ਜਦੋਂ ਹਸਪਤਾਲ ਪਹੁੰਚਿਆ ਤਾਂ ਸਬੱਬ ਹੀ ਸਮਝੋ, ਹਸਪਤਾਲ ਦੇ ਅੰਦਰਲੇ ਕਰਮਚਾਰੀ ਨੇ ਲੜਕੇ ਦੇ ਕੰਨ ਵਿਚ ਧੀਮੀ ਆਵਾਜ਼ ਨਾਲ ਕਿਹਾ ਕਿ ਤੁਹਾਡਾ ਮਰੀਜ਼ ਤਾਂ ਆਉਂਦਿਆਂ ਹੀ ਪੂਰਾ ਹੋ ਗਿਆ ਸੀ। ਡਾਕਟਰਾਂ ਨੂੰ ਜ਼ੋਰ ਦੇ ਕੇ ਕਹੋ ਕਿ ਮੇਰੇ ਪਿਤਾ ਨੂੰ ਡਿਸਚਾਰਜ ਕਰ ਦਿਉ। ਇਉਂ ਲੜਕਾ ਹਸਪਤਾਲ ਅਤੇ ਡਾਕਟਰਾਂ ਦੇ ਨਿਰਦਈਪੁਣੇ ਤੋਂ ਬਚ ਗਿਆ।

ਇਹ ਤਾਂ ਕਹਿ ਨਹੀਂ ਸਕਦੇ ਕਿ ਸਭ ਬਿਮਾਰੀਆਂ ਦਾ ਇਲਾਜ ਹੋਮਿਓਪੈਥੀ ਅਤੇ ਆਯੁਰਵੈਦਿਕ ਢੰਗ ਨਾਲ ਹੋ ਸਕਦਾ ਹੈ ਪਰ ਸਾਧਾਰਨ ਜਿਹੀਆਂ ਤਕਲੀਫਾਂ ਵਿਚ ਦੇਸੀ ਦਵਾਈਆਂ ਕੰਮ ਕਰ ਜਾਂਦੀਆਂ ਹਨ। ਵੈਦ ਅਤੇ ਹਕੀਮ ਪੁਸ਼ਤ-ਦਰ-ਪੁਸ਼ਤ ਮਿਲੇ ਨੁਸਖਿਆਂ ਨਾਲ ਸਿਧੇ ਸਾਦੇ ਲੋਕਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਦੇ ਮਨ ਵਿਚ ਕੋਈ ਲੋਭ-ਲਾਲਚ ਨਹੀਂ ਸੀ ਹੁੰਦਾ। ਹੁਣ ਤਾਂ ਗੱਲਾਂ ਹੀ ਹੋਰ ਹਨ। ਵਪਾਰਕ ਜੀਵਨ ਦੀ ਮਾਰ ਹੇਠ ਸਭ ਕਿਸਮ ਦੇ ਵੈਦ, ਹਕੀਮ, ਹੋਮੀਓਪੈਥ ਅਤੇ ਆਯੁਰਵੈਦ ਆ ਗਏ ਹਨ। ਕੈਂਸਰ ਜਿਹੀ ਨਾਮੁਰਾਦ ਬਿਮਾਰੀ ਦਾ ਸ਼ਰਤੀਆ ਇਲਾਜ ਦੱਸਦੇ ਹਨ। ਐਲੋਪੈਥੀ ਦੇ ਖਿਲਾਫ ਬੋਲਣਾ ਇਨ੍ਹਾਂ ਦਾ ਧਰਮ ਹੈ ਤੇ ਭੋਲੇ-ਭਾਲੇ ਮਰੀਜ਼ ਇਨ੍ਹਾਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ। ਪਤਾ ਨਹੀਂ ਇਹ ਤੱਥ ਕਿੰਨਾ ਕੁ ਸੱਚ ਹੈ ਕਿ ਬਹੁਤੇ ਡਾਕਟਰ ਅਕਸਰ ਸਟੀਰਾਇਡ ਦੀ ਵਰਤੋਂ ਕਰਦੇ ਹਨ।

ਬਹੁਤ ਪੁਰਾਣੇ ਸਮੇਂ ਦੀ ਗੱਲ ਨਹੀਂ, ਜਦੋਂ ਕੋਈ ਵਿਰਲਾ ਹੀ ਕੈਪੀਟੇਸ਼ਨ ਫੀਸ ਰਾਹੀਂ ਬੱਚੇ ਨੂੰ ਦੂਰ-ਦੁਰਾਡੇ ਮੈਡੀਕਲ ਕਾਲਜ ਵਿਚ ਭੇਜਦਾ ਸੀ, ਕਿਉਂਕਿ ਮਨੁੱਖਤਾ ਦੀ ਸੇਵਾ ਡਾਕਟਰ ਦਾ ਮੁੱਖ ਉਦੇਸ਼ ਸੀ। ਅੱਜ ਅੰਨ੍ਹੀ ਆਮਦਨ ਨੂੰ ਧਿਆਨ ਵਿਚ ਰੱਖਦਿਆਂ ਲੱਖਾਂ ਰੁਪਏ ਦੇ ਕੇ ਬੱਚੇ ਨੂੰ ਪਤਾਲ ਤੱਕ ਭੇਜਣਾ ਵੀ ਮਾਮੂਲੀ ਗੱਲ ਹੈ। ਪੜ੍ਹਾਈ ਤੋਂ ਪਿਛੋਂ ਵਿਦੇਸ਼ ਦੇ ਸਬਜ਼-ਬਾਗ਼ ਉਨ੍ਹਾਂ ਤੋਂ ਕੀ ਕੁਝ ਨਹੀਂ ਕਰਾਉਂਦੇ? ਇਸ ਵਪਾਰਕ ਜੀਵਨ ਵਿਚ ਨਫੇ ਨਾਲ ਦੀ ਕੋਈ ਸੀਮਾ ਨਹੀਂ। ਮਨ ਬੜਾ ਅਸ਼ਾਂਤ ਹੁੰਦਾ ਹੈ ਜਦੋਂ ਵੱਡੀਆਂ-ਵੱਡੀਆਂ ਕੋਠੀਆਂ ਅਤੇ ਅਤਿਅੰਤ ਕਮਾਈ ਦੇ ਮਾਲਕ ਡਾਕਟਰਾਂ ਨੂੰ ਮਾੜੇ ਤੇ ਹਲਕੇ ਕੰਮਾਂ ਕਰ ਕੇ ਸਜ਼ਾ ਭੁਗਤਦਿਆਂ ਦੇਖਦਾ ਹਾਂ। ਕਾਸ਼! ਉਹ ਸਬਰ ਸੰਤੋਖ ਤੋਂ ਕੰਮ ਲੈਂਦੇ।

ਬਹੁਤ ਘੱਟ ਦੇਖਿਆ ਹੈ ਜਦੋਂ ਕੋਈ ਡਾਕਟਰ ਇਸ ਗੱਲ ਕਰ ਕੇ ਕਿਸੇ ਜ਼ਰੂਰੀ ਸਮਾਗਮ ਵਿਚ ਨਾ ਪਹੁੰਚ ਸਕਿਆ ਹੋਵੇ ਕਿ ਕਿਸੇ ਮਰੀਜ਼ ਦੀ ਹਾਲਤ ਬਹੁਤ ਨਾਜ਼ੁਕ ਸੀ। ਸਾਰੇ ਤਾਂ ਨਹੀਂ, ਕਈਆਂ ਕੋਲ ਮਾਂ-ਬਾਪ ਕੋਲ ਰਹਿਣ ਲਈ ਵੀ ਹਫਤੇ ਤੋਂ ਵੱਧ ਸਮਾਂ ਨਹੀਂ, ਕਿਉਂਕਿ ਵਪਾਰਕ ਕਾਰੋਬਾਰ ਨੂੰ ਖਤਰਾ ਹੋ ਜਾਂਦਾ ਹੈ।

ਪੰਜਾਬ ਵੱਲੋਂ ਅਮਰੀਕਾ ਆਏ ਕਈ ਬਹੁਤ ਲਾਇਕ ਡਾਕਟਰਾਂ ਨਾਲ ਜਦੋਂ ਕਦੇ ਇਹੋ ਜਿਹੀਆਂ ਬਿਮਾਰੀਆਂ ਦੇ ਇਲਾਜ ਲਈ ਰਿਸਰਚ ਰਾਹੀਂ ਆਪਣਾ ਯੋਗਦਾਨ ਪਾਉਣ ਦੀ ਗੱਲ ਕਰਦਾ ਹਾਂ ਤਾਂ ਮੇਰਾ ਮਨ ਰੱਖਣ ਲਈ ਉਹ ਕਹਿ ਦਿੰਦੇ ਹਨ ਹਾਂ ਅੰਕਲ ਜੀ, ਜ਼ਰੂਰ ਕੁਝ ਕਰਾਂਗੇ ਪਰ ਵਪਾਰਕ ਜੀਵਨ ਦੀ ਮਜ਼ਬੂਤ ਪਕੜ ਅਧੀਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਦੋਸਤ ਮਿੱਤਰ ਉਨ੍ਹਾਂ ਨੂੰ ਗਲੋਂ ਫੜ ਕੇ ਰੋਕ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਇਸ ਰਿਸਰਚ ਨਾਲ ਕੋਈ ਵੱਡੀ ਬਿਲਡਿੰਗ ਉਸਾਰ ਲਵੋਗੇ? ਪਤਾ ਨਹੀਂ ਇਸ ਹਾਲਤ ਦੇ ਬਾਵਜੂਦ ਮੈਨੂੰ ਯਕੀਨ ਹੈ ਕਿ ਸੁਹਾਵਣੀ ਸਵੇਰ ਜ਼ਰੂਰ ਆਉਣ ਵਾਲੀ ਹੈ, ਜਦੋਂ ਇਨ੍ਹਾਂ ਨਾਮੁਰਾਦ ਬਿਮਾਰੀਆਂ ਦਾ ਇਲਾਜ ਲੱਭ ਜਾਵੇਗਾ।

ਪਿਛੇ ਜਿਹੇ ਸੰਸਾਰ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਏ. ਐਲ. ਐਸ. ਬਿਮਾਰੀ ਨਾਲ ਚਲਾਣਾ ਕਰ ਗਿਆ। ਇਸ ਲਾਇਲਾਜ ਬਿਮਾਰੀ ਨਾਲ ਮੇਰੇ ਨਜ਼ਦੀਕੀ ਦੋਸਤ ਦਾ ਹੋਣਹਾਰ ਅਤੇ ਨੌਜਵਾਨ ਬੇਟਾ ਪੂਰਾ ਹੋ ਗਿਆ। 'ਪੰਜਾਬ ਟਾਈਮਜ਼' ਅਖਬਾਰ ਦਾ ਸੰਪਾਦਕ, ਮੇਰਾ ਅਜ਼ੀਜ਼ ਅਮੋਲਕ ਸਿੰਘ ਇਸੇ ਨਾਮੁਰਾਦ ਰੋਗ ਦਾ ਸ਼ਿਕਾਰ ਹੈ। ਇਸ ਚੰਦਰੇ ਰੋਗ ਦਾ ਪਤਾ ਪਹਿਲੀ ਵਾਰ 1869 ਵਿਚ ਫਰਾਂਸੀਸੀ ਨਿਊਰੋਲੋਜਿਸਟ ਨੇ ਲਾਇਆ ਸੀ। ਹੁਣ ਤਕ ਇਸ ਦਾ ਕੋਈ ਇਲਾਜ ਨਹੀਂ ਲੱਭਿਆ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਤਰਸਯੋਗ ਹਾਲਤ ਦੇਖਦਿਆਂ ਮੈਨੂੰ ਮੇਰਾ ਬਚਪਨ ਯਾਦ ਗਿਆ। ਮੇਰੇ ਪਿੰਡ ਵਿਚ ਆਪੋ-ਆਪਣੀ ਜ਼ਮੀਨ ਦੀ ਮਾਲਕੀ ਅਨੁਸਾਰ ਕਿਸੇ ਕਿਸਾਨ ਦੇ ਇਕ, ਕਿਸੇ ਦੇ ਦੋ ਅਤੇ ਕਿਸੇ ਦੇ ਤਿੰਨ ਜਾਂ ਚਾਰ ਸੀਰੀ ਸਾਂਝੀ ਹੁੰਦੇ ਸਨ। ਸਾਂਝੀਆਂ ਦਾ ਫਸਲ ਵਿਚ ਹਿੱਸਾ ਹੁੰਦਾ ਸੀ। ਸਾਉਣੀ ਦੀ ਫਸਲ ਵੇਚਣ ਨਾਲ ਸਾਂਝੀ ਨੂੰ ਕੁਝ ਨਕਦੀ ਮਿਲ ਜਾਂਦੀ ਅਤੇ ਕੁਝ ਮੂੰਗੀ, ਮਸਰੀ, ਮਾਂਹ ਦੀ ਦਾਲ ਮਿਲ ਜਾਂਦੀ। ਹਾੜ੍ਹੀ ਦੀ ਫਸਲ ਵਿਚੋਂ ਕਣਕ ਮਿਲ ਜਾਂਦੀ। ਸਾਂਝੀਆਂ ਦੇ ਘਰਾਂ ਵਿਚ ਛੋਟੇ-ਮੋਟੇ ਲਵੇਰੇ ਲਈ ਕਿਸਾਨ ਦੇ ਖੇਤਾਂ ਵਿਚੋਂ ਚਾਰਾ ਮਿਲ ਜਾਂਦਾ।

ਮੈਂ ਆਪਣੇ ਸਿਰ 'ਤੇ ਲੱਸੀ ਦਾ ਵੱਡਾ ਗੜਵਾ ਅਤੇ ਸੁਆਦਲੀਆਂ ਰੋਟੀਆਂ ਰੱਖ ਕੇ ਖੇਤ ਸਾਂਝੀਆਂ ਲਈ ਲਿਜਾਂਦਾ ਸਾਂ। ਸਾਂਝੀ ਬਹੁਤ ਖੁਸ਼ ਰਹਿੰਦੇ, ਸ਼ਾਮ ਦੀ ਰੋਟੀ ਉਹ ਆਪਣੇ ਘਰ ਖਾਂਦੇ ਜਿਸ ਲਈ ਉਨ੍ਹਾਂ ਨੂੰ ਲੋੜ ਤੋਂ ਵੱਧ ਰਸਦ ਦਿੱਤੀ ਜਾਂਦੀ। ਉਨ੍ਹਾਂ ਦੇ ਬੱਚਿਆਂ ਦੇ ਵਿਆਹ, ਸ਼ਾਦੀ ਲਈ ਬਿਨਾਂ ਵਿਆਜ ਕਰਜ਼ਾ ਦਿੱਤਾ ਜਾਂਦਾ ਸੀ ਪਰ ਜਿਸ ਦਿਨ ਦਾ ਹਰਾ ਇਨਕਲਾਬ ਆਇਆ ਹੈ, ਕਿਸਾਨ ਅਤੇ ਤਜਾਰਤ ਸਵਾਹ ਹੋ ਗਈ। ਉਸ ਨੂੰ ਲੱਗਾ, ਇਤਨੀ ਭਾਰੀ ਫਸਲ ਵਿਚੋਂ ਸਾਂਝੀ ਨੂੰ ਹਿੱਸਾ? ਤੇ ਨਵੀਂ ਰੋਸ਼ਨੀ ਵਿਚ ਸਾਂਝੀ ਨੂੰ ਸੀਰੀ ਕਹਾਉਣਾ ਕੋਝਾ ਲੱਗਣ ਲੱਗਾ। ਦੋਵੇਂ ਧਿਰਾਂ ਗ਼ਲਤਫਹਿਮੀ ਦਾ ਸ਼ਿਕਾਰ ਹੋ ਗਈਆਂ। ਭਾਰੀ ਫਸਲ ਦੀ ਆਸ ਵਿਚ ਕਿਸਾਨ ਕਰਜ਼ੇ ਲੈਣ ਲੱਗ ਪਏ। ਦਾਲਾਂ, ਸਬਜ਼ੀਆਂ ਦੀ ਥਾਂ ਕਣਕ, ਝੋਨੇ ਦਾ ਬੋਲ-ਬਾਲਾ ਹੋ ਗਿਆ।

ਮੈਂ ਜਦ ਕਦੇ ਪਿੰਡ ਜਾਂਦਾ ਹਾਂ, ਤਾਂ ਘਰਾਂ ਵਿਚ ਦੁੱਧ, ਦਹੀਂ, ਲੱਸੀ ਨਹੀਂ ਮਿਲਦੀ, ਕਿਉਂਕਿ ਜ਼ਰੂਰਤ ਜੋਗਾ ਹੀ ਦੁੱਧ ਘਰ ਰੱਖਿਆ ਜਾਂਦਾ ਹੈ, ਬਾਕੀ ਸ਼ਹਿਰਾਂ ਦੀ ਭੇਟ ਚੜ੍ਹ ਜਾਂਦਾ ਹੈ। ਬਹੁਤੇ ਘਰਾਂ ਵਿਚ ਕੀੜੇਮਾਰ ਦਵਾਈਆਂ ਅਤੇ ਨਸ਼ੀਲੇ ਕੈਪਸੂਲ ਮਿਲਦੇ ਹਨ। ਜੱਟਾਂ ਦੀਆਂ ਚੌੜੀਆਂ ਛਾਤੀਆਂ ਦੀ ਥਾਂ ਸੁੱਕੇ ਜਬਾੜੇ ਅਤੇ ਅੰਦਰ ਧਸੀਆਂ ਅੱਖਾਂ ਨਜ਼ਰ ਆਉਂਦੀਆਂ ਹਨ। ਮਨਾਂ ਮੂੰਹ ਕਰਜ਼ੇ ਹੇਠ ਆਏ ਇਹ ਲੋਕ ਅਧਮੋਈ ਜ਼ਿੰਦਗੀ ਬਸਰ ਕਰ ਰਹੇ ਹਨ। ਸਾਂਝੀਆਂ ਤੋਂ ਉਚਾ ਦਰਜਾ ਪਾ ਕੇ ਖੇਤ ਮਜ਼ਦੂਰ ਕਹਾ ਕੇ ਆਟਾ-ਦਾਲ (ਸੁਸਰੀਆਂ ਭਰਿਆ) ਲਈ ਲੇਲ੍ਹੜੀਆਂ ਕੱਢ ਰਹੇ ਹਨ। ਇਹ ਸਭ ਕੁਝ ਤਜਾਰਤੀ ਜੀਵਨ ਅਤੇ ਅਗਾਂਹਵਧੂ ਰੋਸ਼ਨੀ ਦੇ ਗਲਤ ਇਸਤੇਮਾਲ ਦਾ ਨਤੀਜਾ ਹੈ।

ਮੇਰੇ ਪਿੰਡ ਵਿਚ ਪੱਕੇ ਰੰਗ ਵਾਲਾ ਇਕ ਮਜ਼੍ਹਬੀ ਸਿੱਖ ਕੀਰਤਨ ਕਰਿਆ ਕਰਦਾ ਸੀ। ਇੰਨੇ ਵੱਡੇ ਪਿੰਡ ਵਿਚ ਇਕ ਹੀ ਗੁਰਦੁਆਰਾ ਸੀ। ਮਹਿਸੂਸ ਹੋ ਰਿਹਾ ਹੈ ਕਿ ਅੱਡੋ-ਅੱਡ ਗੁਰਦੁਆਰੇ ਅਤੇ ਸਮਾਜਿਕ ਵਖਰੇਵੇਂ ਵਪਾਰਕ ਜੀਵਨ ਦੀ ਹੀ ਉਪਜ ਹਨ। ਅਗਾਂਹਵਧੂ ਲਹਿਰ ਅਤੇ ਹਰਾ ਇਨਕਲਾਬ ਜਿਥੇ ਬਹੁਤ ਕੁਝ ਚੰਗਾ ਲਿਆਇਆ, ਉਸ ਦੇ ਨਾਲ ਹੀ ਵਪਾਰਕ ਜੀਵਨ ਦੀ ਭੈੜੀ ਸੁਗਾਤ ਲੈ ਕੇ ਆਇਆ। ਕਿਸਾਨ ਅਤੇ ਸਾਂਝੀ ਦੇ ਰਿਸ਼ਤੇ ਵਿਚ ਤਜਾਰਤ ਨਹੀਂ ਸਗੋਂ ਸੰਜਮ ਅਤੇ ਇਮਾਨਦਾਰੀ ਮੁੱਖ ਸਨ। ਹਰੇ ਇਨਕਲਾਬ ਨੇ ਇਹ ਰਿਸ਼ਤਾ ਲੀਰੋ-ਲੀਰ ਕਰ ਦਿੱਤਾ।

ਪੱਛਮੀ ਮੁਲਕਾਂ ਵਿਚ ਵਪਾਰਕ ਰੁਚੀ ਭਾਰਤ ਨਾਲੋਂ ਪਹਿਲਾਂ ਹੀ ਆ ਗਈ ਸੀ। ਅਮਰੀਕਾ ਵਿਚ ਪੈਦਾ ਹੋਏ ਛੋਟੇ ਬੱਚੇ ਭਾਰਤ ਤੋਂ ਆਏ ਦਾਦਾ ਦਾਦੀ ਨੂੰ ਬਹੁਤ ਵਾਰ ਕਹਿ ਦਿੰਦੇ ਹਨ ਕਿ ਦਾਦੀ, ਮੇਰਾ ਕਮਰਾ ਸਾਫ ਕਰ ਦਿਉ, ਮੈਂ ਪੰਜ ਡਾਲਰ ਦੇ ਦੇਵਾਂਗਾ। ਇਥੋਂ ਦੇ ਲੋਕ ਸੋਚ ਨਹੀਂ ਸਕਦੇ ਕਿ ਉਜਰਤ ਤੋਂ ਬਗੈਰ ਕੋਈ ਕੰਮ ਕਰ ਸਕਦਾ ਹੈ।

ਪੰਦਰਾਂ ਕੁ ਸਾਲ ਪੁਰਾਣੀ ਘਟਨਾ ਦੱਸਣ ਨੂੰ ਮਨ ਕਰ ਆਇਆ ਹੈ। ਘਟਨਾ ਕਿਸੇ ਹਸਪਤਾਲ ਦੀ ਹੈ ਜਿਥੇ ਪੰਜਾਬੀ ਬਜ਼ੁਰਗ ਬੀਬੀ, ਹਸਪਤਾਲ ਦੀ ਅਫਸਰ ਨਾਲ ਗੱਲ ਕਰਦਿਆਂ ਕਹਿ ਰਹੀ ਸੀ ਕਿ ਉਹ ਇਥੇ ਪੋਤੇ-ਪੋਤੀਆਂ ਨੂੰ ਖਿਡਾਉਣ ਲਈ ਆਈ ਹੈ ਅਤੇ ਉਸ ਦੀ ਕੋਈ ਆਮਦਨੀ ਨਹੀਂ। ਅੰਗਰੇਜ਼ੀ ਜ਼ੁਬਾਨ ਦੀ ਮੁਸ਼ਕਿਲ ਮਹਿਸੂਸ ਕਰਦਿਆਂ ਉਸ ਲੇਡੀ ਅਫਸਰ ਨੇ ਮੈਨੂੰ ਬੁਲਾ ਲਿਆ। ਮੈਂ ਉਸ ਨੂੰ ਬੜੇ ਸਤਿਕਾਰ ਨਾਲ ਸਮਝਾਇਆ ਕਿ ਇਹ ਸਾਡਾ ਸਭਿਆਚਾਰ ਹੈ। ਅਸੀਂ ਆਪਣੇ ਬੱਚਿਆਂ ਨਾਲ ਪ੍ਰੇਮ ਕਰਦੇ ਹਾਂ, ਤਜਾਰਤ ਨਹੀਂ।

ਅਜੀਬ ਇਤਿਫਾਕ ਹੋਇਆ। ਉਸ ਲੇਡੀ ਅਫਸਰ ਨੇ ਮੈਨੂੰ ਦੇਸੀ ਘਿਉ ਦਾ ਛੋਟਾ ਪੈਕਟ ਲਿਆਉਣ ਲਈ ਕਿਹਾ, ਕਿਉਂਕਿ ਉਹ ਕਿਸੇ ਭਾਰਤੀ ਸਟੋਰ ਦੀ ਵਾਕਿਫ ਨਹੀਂ ਸੀ। ਮੈਂ ਪੰਜ-ਛੇ ਡਾਲਰ ਖਰਚ ਕੇ ਅਗਲੀ ਫੇਰੀ 'ਤੇ ਉਸ ਲਈ ਦੇਸੀ ਘਿਉ ਦਾ ਪੈਕੇਟ ਲੈ ਗਿਆ। ਉਸ ਨੇ ਪਰਸ ਵਿਚੋਂ ਡਾਲਰ ਕੱਢ ਕੇ ਮੈਨੂੰ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਪਰ ਮੈਂ ਇਹ ਕਹਿ ਕੇ ਮੋੜ ਦਿੱਤੇ ਕਿ ਅਸੀਂ ਸ਼ੁਭ ਇੱਛਕ ਤੋਂ ਪਿਆਰ ਨਾਲ ਮੰਗਵਾਈ ਚੀਜ਼ ਦੇ ਪੈਸੇ ਨਹੀਂ ਲੈਂਦੇ। ਉਸ ਨੂੰ ਪੰਜਾਬੀ ਬੀਬੀ ਦੀ ਗੱਲ 'ਤੇ ਯਕੀਨ ਹੋ ਗਿਆ।

ਵਪਾਰਕ ਜੀਵਨ ਦੀਆਂ ਝਲਕਾਂ ਬਹੁਤ ਗੁਲ ਖਿਲਾ ਰਹੀਆਂ ਹਨ। ਕਿਤੇ ਕਿਤੇ ਹਾਸਾ, ਕਿਤੇ ਕਿਤੇ ਹੈਰਾਨੀ ਅਤੇ ਪ੍ਰੇਸ਼ਾਨੀ ਨਜ਼ਰ ਆਉਂਦੇ ਹਨ। ਵਿਆਹਾਂ ਸ਼ਾਦੀਆਂ ਵਿਚ ਸ਼ਗਨ ਦੀ ਰਸਮ ਬਹੁਤ ਦਿਲਚਸਪ ਹੈ। ਕੇਟਰਿੰਗ ਬਹੁਤ ਮਹਿੰਗੀ ਹੈ। ਬੰਦ ਲਿਫਾਫਾ ਕਈ ਵਾਰ ਖਾਲੀ ਹੁੰਦਾ ਹੈ ਅਤੇ ਕਈ ਵਾਰ ਇਕ ਸਿਆਸੀ ਆਦਮੀ ਆਪਣੇ ਨਾਲ ਦਸ-ਪੰਦਰਾਂ ਆਦਮੀ ਲੈ ਆਉਂਦਾ ਹੈ। ਭੀੜ ਭੜੱਕੇ ਵਿਚ ਕਈ ਮਹਿਮਾਨ ਬਿਨ ਬੁਲਾਏ ਵੀ ਪਹੁੰਚ ਜਾਂਦੇ ਹਨ ਅਤੇ ਵਿਆਹ ਸ਼ਾਦੀ ਅਜੀਬ ਵਪਾਰਕ ਤਮਾਸ਼ਾ ਬਣ ਜਾਂਦਾ ਹੈ। ਹੋਰ ਤਾਂ ਹੋਰ ਕਿਸੇ ਰੱਜੇ-ਪੁੱਜੇ ਆਦਮੀ ਜਾਂ ਇਸਤਰੀ ਦੇ ਫੌਤ ਹੋਣ 'ਤੇ ਭੋਗ ਸਮੇਂ ਵੀ ਤਜਾਰਤੀ ਝਲਕ ਨਜ਼ਰ ਆਉਂਦੀ ਹੈ। ਕਿਸੇ ਸਾਧਾਰਨ ਘਰੇਲੂ ਬੀਬੀ ਦੇ ਭੋਗ ਉਤੇ ਕਿਸੇ ਸਿਆਸੀ ਆਦਮੀ ਨੇ ਆਪਣੇ ਭਾਸ਼ਣ ਵਿਚ ਬੀਬੀ ਨੂੰ ਝਾਂਸੀ ਦੀ ਰਾਣੀ ਦਾ ਖਿਤਾਬ ਦੇ ਦਿੱਤਾ। ਮਤਲਬ ਸਾਫ ਸੀ, ਆਉਣ ਵਾਲੀ ਚੋਣ 'ਚ ਵੋਟਾਂ ਦੀ ਤਜਾਰਤ, ਕਿਉਂਕਿ ਘਰ ਵਾਲੇ ਤੇ ਰਿਸ਼ਤੇਦਾਰ ਬਾਗੋ-ਬਾਗ਼ ਹੋ ਗਏ ਸਨ ਅਤੇ ਸਿਆਸਤਦਾਨ ਦੇ ਵੋਟ ਬੈਂਕ ਵਿਚ ਵਾਧਾ ਹੋ ਗਿਆ ਸੀ।

ਮੇਰੇ ਦਿਮਾਗ਼ ਵਿਚ ਵਪਾਰਕ ਜੀਵਨ ਦੀਆਂ ਮਿਸਾਲਾਂ ਫਿਲਮ ਵਾਂਗ ਘੁੰਮ ਰਹੀਆਂ ਹਨ। ਇਥੇ ਅਮਰੀਕਾ ਵਿਚ ਗੁਰਦੁਆਰਿਆਂ ਵਿਚ ਰਸਭਿੰਨਾ ਕੀਰਤਨ ਸੁਣ ਕੇ ਬੜਾ ਅਨੰਦ ਆਉਂਦਾ ਹੈ। ਹੈਰਾਨ ਹੁੰਦਾ ਹਾਂ ਜਦੋਂ ਪੰਜ ਸੱਤ ਮਹੀਨਿਆਂ ਪਿਛੋਂ ਕੀਰਤਨੀਏ ਭਾਈ ਸਾਹਿਬ ਗਾਇਬ ਹੋ ਜਾਂਦੇ ਹਨ। ਪਤਾ ਲਗਦਾ ਹੈ ਕਿ ਜਾਂ ਤਾਂ ਉਹ ਪੱਕੇ ਹੋ ਗਏ ਸਨ ਜਾਂ ਕਿਤੇ ਹੋਰ ਚੰਗੀ ਤਨਖਾਹ ਮਿਲ ਗਈ ਹੋਵੇਗੀ ਜਾਂ ਉਨ੍ਹਾਂ ਨੂੰ ਪ੍ਰਬੰਧਕਾਂ ਤੋਂ ਢੁਕਵਾਂ ਸਮਾਂ (ਜਦੋਂ ਬਹੁਤੀ ਸੰਗਤ ਆਉਂਦੀ ਹੈ) ਨਹੀਂ ਮਿਲਦਾ ਹੋਣਾ। ਇਹ ਕਿਹੋ ਜਿਹੀ ਤਜਾਰਤ ਹੈ?

ਮੈਨੂੰ ਗੁਰਬਾਣੀ ਦੀ ਸੂਝ ਬਹੁਤ ਘੱਟ ਹੈ। ਫਿਰ ਵੀ ਪਤਾ ਨਹੀਂ ਕਿਉਂ, ਇਹ ਤੁਕ ਮੇਰੇ ਮਨ ਨੂੰ ਹਰ ਵੇਲੇ ਟੁੰਬਦੀ ਰਹਿੰਦੀ ਹੈ:

ਬਿਨਾ ਸੰਤੋਖ ਨਹੀ ਕੋਊ ਰਾਜੈ।
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥

ਜਿਵੇਂ ਸੁਪਨਾ ਕਦੇ ਵੀ ਜੀਵਨ ਨੂੰ ਤਸੱਲੀ ਨਹੀਂ ਬਖਸ਼ਦਾ, ਇਸੇ ਤਰ੍ਹਾਂ ਸਬਰ ਸੰਤੋਖ ਤੋਂ ਬਗੈਰ ਸਾਡੇ ਸਭ ਕਾਰਜ ਪੂਰਨ ਤਸੱਲੀ ਨਹੀਂ ਦੇ ਸਕਦੇ। ਬਹੁਤ ਵਾਰ ਅੰਤ ਵਿਚ ਭਟਕਣ ਹੀ ਮਿਲਦੀ ਹੈ। ਮੈਂ ਕਈਆਂ ਨੂੰ ਪਛਤਾਵੇ ਦੀ ਹਾਲਤ ਵਿਚ ਦੇਖਿਆ ਹੈ। ਮਹਿਸੂਸ ਹੁੰਦਾ ਹੈ ਕਿ ਜੇ ਲੁਕਾਈ ਨੇ ਸਬਰ-ਸੰਤੋਖ ਦਾ ਪੱਲਾ ਨਾ ਫੜਿਆ ਤਾਂ ਵਪਾਰਕ ਬਿਰਤੀ ਨੂੰ ਠੱਲ੍ਹ ਨਹੀਂ ਪੈ ਸਕਦੀ ਅਤੇ ਚੰਗਿਆਂ ਭਾਵਨਾਵਾਂ ਦਾ ਕਤਲ ਹੋ ਜਾਵੇਗਾ। ਜਦੋਂ ਕੋਈ ਭੋਲਾ-ਭਾਲਾ ਬੱਚਾ ਆਪਣੇ ਮਾਂ-ਬਾਪ ਤੋਂ ਸੇਵਾ ਭਾਵ, ਵੱਡਿਆਂ ਦਾ ਸਤਿਕਾਰ, ਈਮਾਨ, ਵਫਾਦਾਰੀ, ਆਪਸੀ ਪਿਆਰ, ਇਤਫਾਕ ਜਿਹੇ ਸ਼ਬਦ ਦਾ ਅਰਥ ਪੁੱਛੇਗਾ ਤਾਂ ਮਾਪੇ ਕਹਿਣਗੇ, "ਕਾਕਾ ਸਾਨੂੰ ਤਾਂ ਆਪ ਨਹੀਂ ਪਤਾ, ਕਿਸੇ ਪੁਰਾਣੀ ਡਿਕਸ਼ਨਰੀ ਜਾਂ ਸ਼ਬਦ ਕੋਸ਼ ਵਿਚੋਂ ਦੇਖ ਲੈ।"

## ਕਲਜੁਗ

ਭਾਈ ਭਾਈ ਦਾ ਦੁਸ਼ਮਣ ਬਣਿਆ
ਕਲਜੁਗ ਹੋਇਆ ਭਾਰੂ।
ਬੇੜੀਆਂ ਦੇ ਵਿਚ ਪਾਉਂਦੇ ਪੱਥਰ
ਕੌਣ ਕਿਸੇ ਨੂੰ ਤਾਰੂ।
ਗੈਰਾਂ ਤੋਂ ਤਾਂ ਬਚ ਜਾਏਂਗਾ
ਆਪਣਾ ਹੀ ਕੋਈ ਮਾਰੂ।
ਸਾਰੇ ਰਿਸ਼ਤਿਆਂ ਭੱਠੀ ਪਾਉਣਾ
ਕੋਈ ਵਿਰਲਾ ਸੀਨਾ ਠਾਰੂ।
ਨਾਮ ਖੁਮਾਰੀ ਕਿੱਥੇ ਉਪਜੇ?
ਹਰ ਘਰ ਵੱਸਦੀ ਦਾਰੂ।
ਹਾਰਿਆ ਨਹੀਂ ਜੋ ਕੁੱਲ ਦੁਨੀਆਂ ਤੋਂ
'ਸਾਹੀ' ਔਲਾਦ ਤੋਂ ਹਾਰੂ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

---

## ਬੁੱਢੀ ਮਾਂ

ਛੇ ਮਹੀਨੇ, ਸਾਲ ਬਾਅਦ ਜਦੋਂ ਘਰ ਜਾਣਾ
ਘਰ ਜਾ ਕੇ ਬੂਹੇ ਦਾ ਕੁੰਡਾ ਖੜਕਾਣਾ
ਮਾਂ ਨੇ ਅੰਦਰੋਂ ਹੀ ਅੰਦਾਜ਼ਾ ਲਾ ਲੈਣਾ
ਕੌਣ ਆਇਆ ਹੈ ਝੱਟ ਜਾਣ ਜਾਣਾ।

ਨਾਂ ਲੈ ਕੇ ਪੁਤ ਦਾ ਦਰਵਾਜ਼ਾ ਖੋਲ੍ਹ ਦੇਣਾ
ਅੱਖਾਂ ਵਿਚ ਉਮਰ ਦਾ ਪਿਆਰ ਭਰ ਲੈਣਾ
ਸਾਰਾ ਹੀ ਪੁੱਤਰ 'ਤੇ ਡੋਲ੍ਹ ਦੇਣਾ
ਬਾਂਹ ਤੋਂ ਫੜ੍ਹ ਕੇ ਆਪਣੇ ਵਲ ਖਿਚ ਲੈਣਾ
ਛਾਤੀ ਨਾਲ ਲਾ ਕੇ ਸਾਰਾ ਹੀ ਘੁਟ ਲੈਣਾ
ਬੁੱਢੀਆਂ ਹੱਡੀਆਂ ਨੂੰ ਨਿੱਘੀ ਟਕੋਰ ਦੇਣੀ
ਉਮਰ ਦੀ ਇੱਕ ਹੋਰ ਪੌੜੀ
ਖੁਸ਼ੀਆਂ 'ਚ ਚੜ੍ਹ ਜਾਣਾ।

*-ਦਿਲਜੋਧ ਸਿੰਘ ਵਿਸਕਾਨਸਿਨ*
*diljodh@yahoo.com*

---

## ਪਗੜੀ ਸੰਭਾਲ ਜੱਟਾ

ਮੱਤਦਾਨ ਦੇ ਤਾਣ ਤੂੰ ਸਰਕਾਰ ਬਦਲੀ
ਗੁੱਸਾ ਕੱਢ ਲਿਆ, ਇਹੀ ਲੋਕ ਰਾਜ ਜੱਟਾ!
ਰਾਜੇ-ਸ਼ੀਂਹ ਦੋ ਗੁੱਟਾਂ ਵਿਚ ਵੰਡੇ ਜਾਂਦੇ
ਖੂਨਦਾਨ ਲਈ ਸਦਾ ਤੂੰ ਆਜ਼ਾਦ ਜੱਟਾ!

ਤੇਰੇ ਕਰਜ਼ ਦੇ ਕੀਰਨੇ ਪਾਏ ਉਨ੍ਹਾਂ
ਸੱਤਾ ਬਦਲੀਆਂ ਮਰਕਜ਼ ਤੇ ਰਾਜ ਜੱਟਾ!
ਲਾਗਤ ਮੁੱਲ ਨਾਲੋਂ ਘੱਟ ਦੇਣ ਤੈਨੂੰ
ਤੇਰਾ ਲੁੱਟਦਾ ਮੰਡੀ ਵਿਚ ਮਾਲ ਜੱਟਾ!

ਲੋਕਰਾਜ ਸੁਹਾਵੀ ਰਾਤ ਮੱਸਿਆ ਦੀ
ਚੰਨ ਲੋਕਤਾ ਦਾ ਲੱਭਣਾ ਮੁਹਾਲ ਜੱਟਾ!
ਕੈਸੀ ਗਿੱਦੜਾਂ ਦੀ ਮੌਤ ਪ੍ਰਵਾਨ ਕੀਤੀ
ਸ਼ੇਰਾ ਜਾਗ ਓਏ! ਪਗੜੀ ਸੰਭਾਲ ਜੱਟਾ!

*-ਕਰਮ ਸਿੰਘ, ਬਾਬਾ ਅਜ਼ਬ*
*ਫੋਨ: 91-98784-03131*

# ਮੇਘਨਾ ਦਾ ਗੁਲਜ਼ਾਰ ਖਿੜਿਆ: 'ਰਾਜ਼ੀ' ਸੌ ਕਰੋੜੀ

ਫਿਲਮ 'ਰਾਜ਼ੀ' 100 ਕਰੋੜੀ ਕਲੱਬ ਵਿਚ ਸ਼ਾਮਲ ਹੋ ਗਈ ਹੈ ਅਤੇ ਇਸ ਸਾਲ ਦੀ ਪੰਜਵੀਂ ਵੱਡੀ ਕਮਾਈ ਕਰਨ ਵਾਲੀ ਫਿਲਮ ਬਣ ਗਈ ਹੈ। ਇਹ ਫਿਲਮ ਅਸਲ ਵਿਚ ਫਿਲਮਸਾਜ਼ ਗੁਲਜ਼ਾਰ ਦੀ ਫਿਲਮਸਾਜ਼ ਧੀ ਮੇਘਨਾ ਗੁਲਜ਼ਾਰ ਅਤੇ ਥੋੜ੍ਹੇ ਸਮੇਂ ਵਿਚ ਵੱਡੀਆਂ ਪੁਲਾਂਘਾਂ ਪੁੱਟਣ



*ਫਿਲਮਸਾਜ਼ ਮੇਘਨਾ ਗੁਲਜ਼ਾਰ*


ਵਾਲੀ ਅਦਾਕਾਰਾ ਆਲੀਆ ਭੱਟ ਦੀ ਫਿਲਮ ਹੈ; ਹਾਲਾਂਕਿ ਇਸ ਫਿਲਮ ਵਿਚ ਵਿੱਕੀ ਕੌਸ਼ਲ, ਰਜਿਤ ਕਪੂਰ, ਸ਼ਿਸ਼ਿਰ ਸ਼ਰਮਾ, ਜੈਦੀਪ ਅਹਿਲਾਵਤ, ਆਰਿਫ ਜਕਾਰਿਆ ਅਦਾਕਾਰਾਂ ਆਦਿ ਨੇ ਵੀ ਆਪਣੀ ਅਦਾਕਾਰੀ ਦੇ ਜਲਵੇ ਖੂਬ ਦਿਖਾਏ ਹਨ। ਇਸ ਫਿਲਮ ਨਾਲ ਮੇਘਨਾ ਗੁਲਜ਼ਾਰ ਚੰਗੇ ਸਫਲ ਫਿਲਮਸਾਜ਼ਾਂ ਦੀ ਸ਼੍ਰੇਣੀ ਵਿਚ ਆ ਗਈ ਹੈ। ਉਸ ਦੀਆਂ ਪਹਿਲੀਆਂ ਫਿਲਮਾਂ 'ਫਿਲਹਾਲ' (2002), 'ਜਸਟ ਮੈਰੀਡ' (2007), 'ਦਸ ਕਹਾਨੀਆਂ' (2007), 'ਤਲਵਾਰ' (2015) ਦੀ ਚਰਚਾ ਤਾਂ ਹੋਈ ਸੀ ਪਰ ਇਨ੍ਹਾਂ ਫਿਲਮਾਂ ਨੂੰ ਬਹੁਤੀ ਕਾਮਯਾਬੀ ਨਹੀਂ ਸੀ ਮਿਲੀ। ਮੇਘਨਾ ਗੁਲਜ਼ਾਰ ਨੂੰ ਕਾਮਯਾਬ ਕਰਨ ਲਈ ਫਿਲਮਸਾਜ਼ ਗੁਲਜ਼ਾਰ ਦੇ ਚੇਲੇ ਅਤੇ ਮਸ਼ਹੂਰ ਫਿਲਮਸਾਜ਼ ਤੇ ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਫਿਲਮ 'ਤਲਵਾਰ' ਦੀ ਪਟਕਥਾ ਵੀ ਖ਼ੁਦ ਲਿਖੀ ਸੀ ਪਰ ਇਹ ਫਿਲਮ ਵਿਵਾਦਾਂ 'ਚ ਘਿਰੇ ਤਲਵਾਰ ਉਸ ਪਰਿਵਾਰ ਬਾਰੇ ਸੀ, ਜਿਨ੍ਹਾਂ ਦੀ ਨਾਬਾਲਗ਼ ਧੀ ਆਰੂਸ਼ੀ ਦਾ ਕਤਲ ਹੋ ਗਿਆ ਸੀ। ਉਸ ਵਕਤ ਦੋਸ਼ ਲੱਗਾ ਸੀ ਕਿ ਇਹ ਫਿਲਮ ਤਲਵਾਰ ਜੋੜੀ ਦੇ ਹੱਕ ਵਿਚ ਭੁਗਤਣ ਲਈ ਬਣਾਈ ਗਈ ਹੈ। ਖੈਰ, ਹੁਣ ਇਹ ਬੀਤੇ ਦੀਆਂ ਬਾਤਾਂ ਹਨ।

ਫਿਲਮ 'ਰਾਜ਼ੀ' ਦੀ ਪਟਕਥਾ ਹੁਣ ਖ਼ੁਦ ਮੇਘਨਾ ਗੁਲਜ਼ਾਰ ਨੇ ਲਿਖੀ ਹੈ ਅਤੇ ਇਹ ਪਟਕਥਾ ਇੰਨੀ ਗੁੰਦਵੀਂ ਹੈ ਕਿ ਸਭ ਮੇਘਨਾ ਗੁਲਜ਼ਾਰ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਰਹੇ ਹਨ। ਇਹ ਫਿਲਮ ਹਰਿੰਦਰ ਸਿੱਕਾ ਦੇ ਨਾਵਲ 'ਕਾਲਿੰਗ ਸਹਿਮਤ' ਉਤੇ ਆਧਾਰਿਤ ਹੈ। ਇਸ ਨਾਵਲ ਵਿਚ ਇਕ ਸੱਚੀ ਕਹਾਣੀ ਬਿਆਨ ਕੀਤੀ ਗਈ ਹੈ। ਫਿਲਮ ਦੀ ਕਹਾਣੀ 1971 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਪੈਦਾ ਹੋਏ ਤਣਾਅ ਦੁਆਲੇ ਘੁੰਮਦੀ ਹੈ। ਸਹਿਮਤ, ਕਸ਼ਮੀਰੀ ਮੁਸਲਮਾਨ ਅਤੇ ਹਿੰਦੂ ਮਾਂ ਦੀ ਧੀ ਹੈ। ਉਸ ਨੂੰ ਉਸ ਦੀ ਪੜ੍ਹਾਈ ਛੁਡਵਾ ਕੇ ਪਾਕਿਸਤਾਨ ਵਿਚ ਉਚੇਚੇ ਮਿਸ਼ਨ ਲਈ ਭੇਜਿਆ ਜਾਂਦਾ ਹੈ ਅਤੇ ਉਹ ਆਪਣੀ ਜਾਨ ਤਕ ਦਾਅ 'ਤੇ ਲਾ ਕੇ ਭਾਰਤ ਲਈ ਜਾਸੂਸੀ ਕਰਦੀ ਹੈ।

ਇਸ ਫਿਲਮ ਵਿਚ ਮੇਘਨਾ ਗੁਲਜ਼ਾਰ ਨੇ ਬਤੌਰ ਨਿਰਦੇਸ਼ਕ ਬਾਕਾਇਦਾ ਆਪਣੀ ਛਾਪ ਤਾਂ ਛੱਡੀ ਹੀ ਹੈ ਪਰ ਆਲੀਆ ਭੱਟ ਨੇ ਵੀ ਇਸ ਫਿਲਮ ਵਿਚ ਅਦਾਕਾਰੀ ਦੇ ਖ਼ੂਬ ਜੌਹਰ ਦਿਖਾਏ ਹਨ। ਇਸ ਤੋਂ ਪਹਿਲਾਂ ਉਸ ਦੀਆਂ ਦੋ ਫਿਲਮਾਂ 'ਹਾਈਵੇਅ' ਅਤੇ 'ਉੜਤਾ ਪੰਜਾਬ' ਵਿਚਲੀ ਅਦਾਕਾਰੀ ਦੀ ਖ਼ੂਬ ਪ੍ਰਸ਼ੰਸਾ ਹੋਈ ਸੀ। ਫਿਲਮ 'ਰਾਜ਼ੀ' ਵਿਚ ਉਹ ਅਦਾਕਾਰੀ ਪੱਖੋਂ ਇਨ੍ਹਾਂ ਦੋਹਾਂ ਫਿਲਮਾਂ ਤੋਂ ਵੀ ਦੋ ਕਦਮ ਅਗਾਂਹ ਗਈ ਹੈ। ਇਸ ਸਾਲ ਉਸ ਦੀ ਇਕ ਹੋਰ ਫਿਲਮ 'ਜ਼ੀਰੋ' ਰਿਲੀਜ਼ ਹੋ ਰਹੀ ਹੈ ਜਿਸ ਵਿਚ ਉਸ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। 2019 ਵਿਚ ਉਸ ਦੀਆਂ ਤਿੰਨ ਫਿਲਮਾਂ ਆ ਰਹੀਆਂ ਹਨ। 'ਗੁਲੀ ਬੁਆਏ' ਉਘੀ ਫਿਲਮਸਾਜ਼ ਜੋਇਆ ਅਖਤਰ ਦੇ ਨਿਰਦੇਸ਼ਨ ਹੇਠ ਬਣ ਰਹੀ ਹੈ ਅਤੇ ਇਸ ਵਿਚ ਆਲੀਆ ਭੱਟ ਦਾ ਨਾਇਕ ਰਣਬੀਰ ਸਿੰਘ ਹੈ। 'ਕਲੰਕ' ਫਿਲਮ ਦਾ ਨਿਰਦੇਸ਼ਕ ਅਭਿਸ਼ੇਕ ਵਰਮਨ ਹੈ ਅਤੇ ਇਸ ਵਿਚ ਆਲੀਆ ਭੱਟ ਤੋਂ ਇਲਾਵਾ ਮਾਧੁਰੀ ਦੀਕਸ਼ਿਤ,



*ਫਿਲਮ 'ਰਾਜ਼ੀ' ਦਾ ਪੋਸਟਰ*



*ਅਦਾਕਾਰਾ ਆਲੀਆ ਭੱਟ*

ਸੋਨਾਕਸ਼ੀ ਸਿਨਹਾ, ਵਰੁਣ ਧਵਨ, ਆਦਿਤਿਆ ਰਾਏ ਕਪੂਰ ਆਦਿ ਕਲਾਕਾਰ ਕੰਮ ਕਰ ਰਹੇ ਹਨ। ਤੀਜੀ ਫਿਲਮ 'ਬ੍ਰਹਮਾਸਤਰ' ਹੈ ਜਿਸ ਵਿਚ ਰਣਬੀਰ ਕਪੂਰ ਤੇ ਅਮਿਤਾਭ ਬੱਚਨ ਵਰਗੇ ਅਦਾਕਾਰ ਅਹਿਮ ਕਿਰਦਾਰ ਨਿਭਆ ਰਹ ਹਨ। ਇਸ ਫਿਲਮ ਦਾ ਨਿਰਦੇਸ਼ਨ ਅਯਾਨ ਮੁਖਰਜੀ ਕਰ ਰਹੇ ਹਨ।

ਫਿਲਮ 'ਰਾਜ਼ੀ' ਦੀ ਸਫ਼ਲਤਾ ਤੋਂ ਬਾਗੋਬਾਗ ਹੋਈ ਆਲੀਆ ਭੱਟ ਦਾ ਕਹਿਣਾ ਹੈ ਕਿ ਉਹ ਸਦਾ ਹੀ ਵਧੀਆ ਕਹਾਣੀ ਦੀ ਭਾਲ ਵਿਚ ਰਹਿੰਦੀ ਹੈ। ਉਸ ਮੁਤਾਬਕ, "ਮੈਨੂੰ ਜਾਪਦਾ ਹੈ ਕਿ ਇਸ ਫਿਲਮ ਵਿਚ ਰਵਾਇਤੀ ਅਤੇ ਵਪਾਰਕ ਸਿਨੇਮੇ ਦਾ ਵਧੀਆ ਸੁਮੇਲ ਹੋ ਗਿਆ ਹੈ। ਇਸ ਫਿਲਮ ਦੀ ਸਫ਼ਲਤਾ ਦਾ ਵੱਡਾ ਕਾਰਨ ਇਹੀ ਹੈ। ਜਦੋਂ ਫਿਲਮ ਦੀ ਸ਼ੂਟਿੰਗ ਚਲ ਰਹੀ ਸੀ ਤਾਂ ਉਸ ਨੂੰ ਫਿਲਮ ਬਾਰੇ ਕੋਈ ਫ਼ਿਕਰ ਨਹੀਂ ਸੀ ਪਰ ਜਿਉਂ-ਜਿਉਂ ਫਿਲਮ ਸਮੇਟਣੀ ਸ਼ੁਰੂ ਹੋਈ, ਉਸ ਦਾ ਫ਼ਿਕਰ ਵਧਦਾ ਗਿਆ। ਉਸ ਦਾ ਫ਼ਿਕਰ ਇਹੀ ਸੀ ਕਿ ਇੰਨੀ ਵਧੀਆ ਫਿਲਮ ਹਰ ਹਾਲ ਕਾਮਯਾਬ ਹੋਣੀ ਚਾਹੀਦੀ ਹੈ ਅਤੇ ਮੇਘਨਾ ਗੁਲਜ਼ਾਰ ਦੀ ਟੀਮ ਨੇ ਇਹ ਮੋਰਚਾ ਮਾਰ ਲਿਆ ਹੈ।"

ਯਾਦ ਰਹੇ ਕਿ ਇਸ ਫਿਲਮ ਦੇ ਗੀਤ-ਸੰਗੀਤ ਨੇ ਵੀ ਦਰਸ਼ਕਾਂ ਅਤੇ ਸਰੋਤਿਆਂ ਦਾ ਧਿਆਨ ਖਿੱਚਿਆ ਹੈ। ਇਸ ਫਿਲਮ ਦਾ ਸੰਗੀਤ ਸ਼ੰਕਰ-ਇਹਸਾਨ-ਲੌਏ ਦੀ ਤਿੱਕੜੀ ਨੇ ਤਿਆਰ ਕੀਤਾ ਹੈ। ਗਾਇਕਾਂ ਵਿਚੋਂ ਅਰਿਜੀਤ ਸਿੰਘ, ਹਰਸ਼ਦੀਪ ਕੌਰ, ਵਿਭਾ ਸਰਾਫ਼, ਸ਼ੰਕਰ ਮਹਾਂਦੇਵਨ ਅਤੇ ਸੁਨਿਧੀ ਚੌਹਾਨ ਨੇ ਪੂਰਾ ਰੰਗ ਬੰਨ੍ਹਿਆ ਹੈ। 'ਦਿਲਬਰੋ' ਨਾਂ ਦਾ ਗੀਤ ਜੋ ਹਰਸ਼ਦੀਪ ਕੌਰ, ਵਿਭਾ ਸਰਾਫ਼ ਅਤੇ ਸ਼ੰਕਰ ਮਹਾਂਦੇਵ ਨੇ ਗਾਇਆ ਹੈ, ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਹਿੱਟ ਹੋ ਚੁੱਕਾ ਹੈ। ਇਸ ਫਿਲਮ ਦੀ ਸ਼ੂਟਿੰਗ ਪਟਿਆਲਾ ਅਤੇ ਮਾਲੇਰਕੋਟਲਾ ਵਿਚ ਹੋਈ ਹੈ। ਪਟਿਆਲਾ ਵਿਚ ਸ਼ੂਟਿੰਗ ਕੁਝ ਦਿਨਾਂ ਲਈ ਰੋਕਣੀ ਵੀ ਪੈ ਗਈ ਸੀ ਕਿਉਂਕਿ ਉਸ ਵੇਲੇ (25 ਅਗਸਤ 2017) ਨੂੰ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਦੇ ਅਦਾਲਤੀ ਕੇਸ ਕਰ ਕੇ ਹਿੰਸਾ ਭੜਕਣ ਤੋਂ ਬਾਅਦ ਪਟਿਆਲਾ ਕਰਫਿਊ ਲਗਾਉਣਾ ਪਿਆ ਸੀ। ਇਸ ਫਿਲਮ ਨਾਲ ਮੇਘਨਾ ਗੁਲਜ਼ਾਰ ਅਤੇ ਆਲੀਆ ਭੱਟ ਦੀ ਨਵੀਂ ਪਾਰੀ ਦੀ ਸ਼ੁਰੂਆਤ ਹੋਈ ਹੈ।

**–ਜਗਜੀਤ ਸਿੰਘ ਸੇਖੋਂ**

# ਗੁਰੂ ਦੱਤ ਦਾ ਜਲਵਾ

ਫਿਲਮ ਅਦਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਗੁਰੂ ਦੱਤ ਦਾ ਨਾਂ ਹਿੰਦੀ ਸਿਨਮਾ ਜਗਤ ਵਿਚ ਪਹਿਲੇ ਸ਼ੋਅਮੈਨ ਵਜੋਂ ਲਿਆ ਜਾਂਦਾ ਹੈ। ਉਹ ਠਹਿਰੀ ਹੋਈ ਤਬੀਅਤ ਦਾ ਮਾਲਕ ਸੀ ਜਿਸ ਨੇ ਆਪਣੀ ਸਫਲਤਾ ਉਪਰ ਕਦੇ ਘੁਮੰਡ ਨਹੀਂ ਕੀਤਾ। ਉਹ ਕਮਰਸ਼ੀਅਲ ਫਿਲਮ ਨੂੰ ਆਰਟ ਮੂਵੀ ਵਾਂਗ ਪੇਸ਼ ਕਰਨ ਦੀ ਵਿਲੱਖਣ ਪ੍ਰਤਿਭਾ ਰੱਖਦਾ ਸੀ। ਗੁਰੂ ਦੱਤ ਦੀਆਂ ਫਿਲਮਾਂ ਉਸ ਦੀ ਨਿੱਜੀ ਜ਼ਿੰਦਗੀ ਦਾ ਹੀ ਰੂਪ ਪ੍ਰਤੀਤ ਹੁੰਦੀਆਂ ਹਨ। ਸਮਾਜਿਕ ਢਾਂਚੇ ਤੋਂ ਨਿਰਾਸ਼ ਗੁਰੂ ਦੱਤ ਨੇ ਆਪਣੀਆਂ ਫਿਲਮਾਂ ਰਾਹੀਂ ਆਪਣੇ ਜਜ਼ਬਾਤ ਨੂੰ ਦਰਸ਼ਕਾਂ ਸਨਮੁਖ ਪੇਸ਼ ਕੀਤਾ। ਉਸ ਦੀਆਂ ਬਹੁਤ ਸਾਰੀਆਂ ਫਿਲਮਾਂ ਸ਼ਾਹਕਾਰ ਬਣੀਆਂ।

ਨੌਂ ਜੁਲਾਈ 1925 ਨੂੰ ਬੰਗਲੌਰ ਵਿਚ ਜਨਮੇ ਗੁਰੂ ਦੱਤ ਦਾ ਅਸਲ ਨਾਂ ਵਸੰਤ ਕੁਮਾਰ ਸ਼ਿਵਸ਼ੰਕਰ ਪਾਦੂਕੋਨ ਸੀ। ਬਚਪਨ ਘਰੇਲੂ ਤੰਗੀਆਂ ਅਤੇ ਆਰਥਿਕ ਪ੍ਰੇਸ਼ਾਨੀਆਂ ਵਿਚ ਗੁਜ਼ਰਿਆ। ਆਰਥਿਕ ਤੰਗੀ ਕਾਰਨ ਮੁਸ਼ਕਿਲ ਨਾਲ ਪੜ੍ਹਾਈ ਪੂਰੀ ਕਰ ਕੇ ਉਸ ਨੇ ਕੋਲਕਾਤਾ ਵਿਚ ਟੈਲੀਫੋਨ ਅਪਰੇਟਰ ਵਜੋਂ ਨੌਕਰੀ ਸ਼ੁਰੂ ਕੀਤੀ। ਕੁਝ ਦੇਰ ਬਾਅਦ ਨੌਕਰੀ ਛੱਡ ਕੇ ਮੰਨੇ-ਪ੍ਰਮੰਨੇ ਡਾਂਸਰ ਉਦੈ ਸ਼ੰਕਰ ਦੀ ਡਾਂਸ ਅਕੈਡਮੀ ਵਿਚ ਨ੍ਰਿਤ ਦੀ ਸਿੱਖਿਆ ਹਾਸਿਲ ਕੀਤੀ। ਇਸ ਦੇ ਨਾਲ ਹੀ ਪੂਣੇ ਸਥਿਤ ਪ੍ਰਭਾਤ ਫਿਲਮ ਕੰਪਨੀ ਵਿਚ ਤਿੰਨ ਸਾਲ ਦੇ ਕਾਂਟ੍ਰੈਕਟ 'ਤੇ ਨੌਕਰੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਗੁਰੂ ਦੱਤ ਕੁਝ ਫਿਲਮੀ ਹਸਤੀਆਂ ਦੇ ਸੰਪਰਕ ਵਿਚ ਆਏ। ਦੇਵ ਆਨੰਦ ਨਾਲ ਉਸ ਦੀ ਪਹਿਲੀ ਮੁਲਾਕਾਤ ਇਥੇ ਹੀ ਹੋਈ। ਪੂਣੇ ਵਿਚ 1944 ਵਿਚ 'ਚਾਂਦ' ਫਿਲਮ ਵਿਚ ਛੋਟੀ ਜਿਹੀ ਭੂਮਿਕਾ ਮਿਲੀ। ਬਾਅਦ ਵਿਚ ਮੁੰਬਈ ਆ ਕੇ ਫਿਲਮ ਨਿਰਮਾਣ ਅਤੇ ਅਦਾਕਾਰੀ ਦੀ ਸ਼ੁਰੂਆਤ ਕੀਤੀ। 1946 ਵਿਚ ਉਸ ਨੇ ਪ੍ਰਭਾਤ ਸਟੂਡਿਓ ਦੀ ਫਿਲਮ 'ਹਮ ਏਕ ਹੈਂ' ਤੋਂ ਬਤੌਰ ਕੋਰਿਓਗ੍ਰਾਫਰ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਬਤੌਰ ਨਿਰਦੇਸ਼ਕ ਉਸ ਨੇ ਆਪਣੀ ਪਹਿਲੀ ਫਿਲਮ 'ਬਾਜ਼ੀ' ਬਣਾਈ ਜਿਸ ਵਿਚ ਦੇਵ ਆਨੰਦ ਮੁੱਖ ਭੂਮਿਕਾ ਵਿਚ ਸਨ। ਇਸ ਤੋਂ ਬਾਅਦ ਦੇਵ ਆਨੰਦ



*ਅਦਾਕਾਰ, ਨਿਰਮਾਤਾ ਤੇ ਨਿਰਦੇਸ਼ਕ ਗੁਰੂ ਦੱਤ*







*ਗੁਰੂ ਦੱਤ ਦੀਆਂ ਦੋ ਫਿਲਮਾਂ ਦੇ ਪੋਸਟਰ।*

ਨੂੰ ਹੀ ਲੈ ਕੇ ਫਿਲਮ 'ਜਾਲ' ਬਣਾਈ।

ਗੁਰੂ ਦੱਤ ਨੇ 'ਪਿਆਸਾ', 'ਕਾਗਜ਼ ਕੇ ਫੂਲ', 'ਸਾਹਿਬ ਬੀਬੀ ਔਰ ਗੁਲਾਮ' ਅਤੇ 'ਚੌਦਵੀਂ ਕਾ ਚਾਂਦ' ਵਰਗੀਆਂ ਯਾਦਗਾਰ ਫਿਲਮਾਂ ਦਾ ਨਿਰਮਾਣ ਕੀਤਾ। ਦੇਸ਼ ਦੀ ਆਜ਼ਾਦੀ ਤੋਂ ਸਿਰਫ਼ ਦਸ ਸਾਲ ਬਾਅਦ 1957 ਵਿਚ ਰਿਲੀਜ਼ ਹੋਈ ਫਿਲਮ 'ਪਿਆਸਾ' ਨੂੰ ਵੇਖ ਕੇ ਦਰਸ਼ਕ ਚੌਂਕ ਗਏ। ਦਰਸ਼ਕ ਇਹ ਜਾਣਨ ਦੀ ਕੋਸ਼ਿਸ਼ ਕਰਨ ਲੱਗੇ ਕਿ ਫਿਲਮ ਨਿਰਮਾਤਾ ਪ੍ਰੇਸ਼ਾਨ ਕਿਉਂ ਹੈ ਅਤੇ ਉਸ ਨੂੰ ਕਿਹੋ ਜਿਹੇ ਸਮਾਜ ਦੀ ਤਲਾਸ਼ ਹੈ? 'ਪਿਆਸਾ' ਨੂੰ 'ਟਾਈਮ' ਮੈਗਜ਼ੀਨ ਨੇ ਸੰਸਾਰ ਦੀਆਂ 100 ਸਰਬਕਾਲੀਨ ਸਰਵੋਤਮ ਫਿਲਮਾਂ ਵਿਚ ਜਗ੍ਹਾ ਦਿੱਤੀ। ਫਿਲਮ ਦੇ ਗੀਤ ਵੀ ਸੁਪਰਹਿਟ ਹੋਏ। ਸਾਹਿਰ ਲੁਧਿਆਣਵੀ ਦੇ ਲਿਖੇ ਇਨ੍ਹਾਂ ਗੀਤਾਂ ਨੂੰ ਐਸ.ਡੀ. ਬਰਮਨ ਨੇ ਸੰਗੀਤ ਦਿੱਤਾ ਸੀ।

ਫਿਲਮ 'ਸਾਹਿਬ, ਬੀਵੀ ਔਰ ਗੁਲਾਮ' ਨੂੰ ਫਿਲਮਫੇਅਰ ਐਵਾਰਡ ਮਿਲਿਆ। 'ਮਿਸਟਰ ਐਂਡ ਮਿਸਿਜ਼ 55' ਅਤੇ 'ਆਰ ਪਾਰ' ਵਰਗੀਆਂ ਹਲਕੇ ਫੁਲਕੇ ਮਨੋਰੰਜਨ ਵਾਲੀਆਂ ਫਿਲਮਾਂ ਦੇ ਸੁਰੀਲੇ ਗੀਤਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਫਿਲਮ ਅਦਾਕਾਰਾ ਵਹੀਦਾ ਰਹਿਮਾਨ ਨਾਲ ਗੁਰੂ ਦੱਤ ਦੀ ਜੋੜੀ ਕਾਫ਼ੀ ਚਰਚਾ ਵਿਚ ਰਹੀ। ਪਰਦੇ ਦੇ ਪਿੱਛੇ ਇਨ੍ਹਾਂ ਦੇ ਪ੍ਰੇਮ ਸਬੰਧਾਂ ਦੀ ਚਰਚਾ ਵੀ ਹੁੰਦੀ ਰਹੀ। ਗੁਰੂ ਦੱਤ ਦੀ ਆਖ਼ਰੀ ਫਿਲਮ 'ਸਾਂਝ ਔਰ ਸਵੇਰਾ' ਸੀ।

ਅਦਾਕਾਰ ਦੇਵ ਆਨੰਦ ਨਾਲ ਉਸ ਦੀ ਦੋਸਤੀ ਮਿਸਾਲ ਬਣ ਕੇ ਸਾਹਮਣੇ ਆਈ। ਦੋਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਨਾਲ ਨਾਲ ਹੀ ਕੀਤੀ ਸੀ। ਆਪਣੇ ਸੰਘਰਸ਼ ਦੇ ਦਿਨਾਂ ਵਿਚ ਦੋਵਾਂ ਨੇ ਇੱਕ ਦੂਜੇ ਨਾਲ ਵਾਅਦਾ ਕੀਤਾ ਸੀ ਕਿ ਗੁਰੂ ਦੱਤ ਕਦੇ ਨਿਰਦੇਸ਼ਕ ਬਣੇ ਤਾਂ ਉਹ ਦੇਵ ਆਨੰਦ ਨੂੰ ਆਪਣੀ ਫਿਲਮ ਵਿਚ ਲਵੇਗਾ ਅਤੇ ਜੇ ਦੇਵ ਆਨੰਦ ਨੇ ਆਪਣੀ ਪ੍ਰੋਡਕਸ਼ਨ ਕੰਪਨੀ ਖੋਲ੍ਹੀ ਤਾਂ ਗੁਰੂ ਦੱਤ ਉਸ ਦੀ ਫਿਲਮ ਨੂੰ ਨਿਰਦੇਸ਼ਿਤ ਕਰੇਗਾ। ਦੇਵ ਆਨੰਦ ਨੇ ਆਪਣੀ ਫਿਲਮ ਨਿਰਮਾਣ ਕੰਪਨੀ 'ਨਵਕੇਤਨ' ਖੋਲ੍ਹੀ ਤਾਂ ਗੁਰੂ ਦੱਤ ਨੂੰ ਪਹਿਲੀ ਵਾਰ ਨਿਰਦੇਸ਼ਕ ਬਣਨ ਦਾ ਮੌਕਾ ਦਿੱਤਾ। ਗੁਰੂ ਦੱਤ ਨੇ 'ਬਾਜ਼ੀ' ਫਿਲਮ ਦਾ ਨਿਰਦੇਸ਼ਨ ਕੀਤਾ ਅਤੇ ਗੁਰੂ ਦੱਤ ਮੂਵੀਜ਼ ਪ੍ਰਾਈਵੇਟ ਲਿਮਟਿਡ ਵੱਲੋਂ ਨਿਰਮਿਤ ਆਪਣੀ ਸੁਪਰਹਿੱਟ ਫਿਲਮ 'ਸੀ.ਆਈ.ਡੀ.' ਵਿਚ ਦੇਵ ਆਨੰਦ ਨੂੰ ਬਤੌਰ ਅਭਿਨੇਤਾ ਲਿਆ; ਹਾਲਾਂਕਿ ਗੁਰੂ ਦੱਤ ਨੇ ਇਸ ਫਿਲਮ ਦਾ ਨਿਰਦੇਸ਼ਨ ਨਹੀਂ ਕੀਤਾ, ਪਰ ਦੇਵ ਆਨੰਦ ਨੂੰ ਅਭਿਨੇਤਾ ਲੈ ਕੇ ਆਪਣਾ ਵਾਅਦਾ ਪੂਰਾ ਕੀਤਾ।

ਦਸ ਅਕਤੂਬਰ 1964 ਨੂੰ ਗੁਰੂ ਦੱਤ ਦੀ ਮੌਤ ਹੋ ਗਈ। ਉਸ ਸਮੇਂ ਉਸ ਦੀ ਉਮਰ ਸਿਰਫ਼ 39 ਸਾਲ ਸੀ। ਉਸ ਦੀ ਮੌਤ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਰਿਹਾ। ਕੁਝ ਦਾ ਕਹਿਣਾ ਸੀ ਕਿ ਗੁਰੂ ਦੱਤ ਨੇ ਆਤਮ ਹੱਤਿਆ ਕੀਤੀ ਹੈ ਜਦੋਂਕਿ ਕੁਝ ਇਸ ਨੂੰ ਕੁਦਰਤੀ ਮੌਤ ਮੰਨਦੇ ਹਨ। ਗੁਰੂ ਦੱਤ ਨੇ 1953 ਵਿਚ ਪ੍ਰਸਿੱਧ ਗਾਇਕਾ ਗੀਤਾ ਰਾਏ ਨਾਲ ਵਿਆਹ ਕੀਤਾ। ਸ਼ਾਦੀਸ਼ੁਦਾ ਹੋਣ ਦੇ ਬਾਵਜੂਦ ਗੁਰੂ ਦੱਤ, ਅਦਾਕਾਰਾ ਵਹੀਦਾ ਰਹਿਮਾਨ ਉਤੇ ਫ਼ਿਦਾ ਹੋ ਗਏ ਜਿਸ ਕਾਰਨ ਪਤਨੀ ਗੀਤਾ ਨਾਲ ਸਬੰਧ ਸੁਖਾਵੇਂ ਨਹੀਂ ਰਹੇ। ਮੌਤ ਸਮੇਂ ਨਾ ਤਾਂ ਉਸ ਕੋਲ ਪਤਨੀ ਗੀਤਾ ਸੀ ਅਤੇ ਨਾ ਹੀ ਵਹੀਦਾ ਰਹਿਮਾਨ। ਮੌਤ ਤੋਂ ਪਹਿਲਾਂ ਉਸ ਨੇ ਕਈ ਵਾਰ ਫ਼ੋਨ ਕਰ ਕੇ ਪਤਨੀ ਗੀਤਾ ਨੂੰ ਬੱਚਿਆਂ ਸਹਿਤ ਆ ਕੇ ਮਿਲ ਜਾਣ ਦੀ ਇੱਛਾ ਜ਼ਾਹਿਰ ਕੀਤੀ, ਪਰ ਉਹ ਨਹੀਂ ਆਈ। ਚਰਚਾ ਮੁਤਾਬਿਕ ਉਸ ਰਾਤ ਗੁਰੂ ਦੱਤ ਨੇ ਬਹੁਤ ਜ਼ਿਆਦਾ ਸ਼ਰਾਬ ਪੀਤੀ ਅਤੇ ਨੀਂਦ ਦੀਆਂ ਗੋਲੀਆਂ ਵੀ ਜ਼ਿਆਦਾ ਮਾਤਰਾ ਵਿਚ ਖਾ ਲਈਆਂ ਜੋ ਉਸ ਲਈ ਜਾਨਲੇਵਾ ਸਾਬਿਤ ਹੋਈਆਂ।

**–ਕੇ.ਪੀ. ਸਿੰਘਜ਼**

## ਨਿਆਮਤਾਂ

# ਮੁਹੱਬਤ-ਮੁਹਾਰਨੀ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕੁਦਰਤ ਦੇ ਉਪਾਏ ਹਰ ਜੀਵ-ਜੰਤ ਲਈ ਨੀਂਦ ਦੀ ਅਹਿਮੀਅਤ ਦੀ ਗੱਲ ਕਰਦਿਆਂ ਕਿਹਾ ਸੀ, "ਨੀਂਦ, ਮਨੁੱਖੀ ਸਰੀਰ ਲਈ ਊਰਜਾ-ਸਰੋਤ, ਥੱਕੇ ਹਾਰਿਆਂ ਲਈ ਸੁਖਨ-ਸੇਜ ਅਤੇ ਮਾਨਸਿਕ ਰੁਮਕਣੀ ਸੁਪਨ-ਸਾਜ਼।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮੁਹੱਬਤ ਦੀਆਂ ਪਰਤਾਂ ਖੋਲ੍ਹਦਿਆਂ ਕਿਹਾ ਹੈ, "ਮੁਹੱਬਤ, ਜ਼ਿੰਦਗੀ ਦਾ ਗੀਤ, ਸਾਹਾਂ ਵਿਚਲਾ ਸੰਗੀਤ, ਚਾਵਾਂ ਭਿੰਨੀ ਰੀਤ ਅਤੇ ਕਦਮਾਂ ਵਿਚ ਰਾਹਾਂ ਨੂੰ ਨਵੀਆਂ ਮੰਜ਼ਲਾਂ ਮਿੱਥਣ ਵਾਲਾ ਮੀਤ।" ਪਰ ਨਾਲ ਹੀ ਉਨ੍ਹਾਂ ਸ਼ਿਕਵਾ ਕੀਤਾ ਹੈ, "ਮੁਹੱਬਤ, ਅਜੋਕੇ ਮਨੁੱਖ ਲਈ ਮਖੌਟਾ। ਸਤਹੀ ਮੁਹੱਬਤ ਨੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਦੋਸਤੀਆਂ ਨੂੰ ਕੀਤਾ ਏ ਤਾਰ ਤਾਰ। ਹੁਣ ਤਾਂ ਸੰਵੇਦਨਸ਼ੀਲ ਮਨੁੱਖ, ਮੁਹੱਬਤ ਦੇ ਨਾਮ ਤੋਂ ਹੀ ਤ੍ਰਿਹਣ ਲੱਗ ਪਿਆ।" -ਸੰਪਾਦਕ***

ਮੁਹੱਬਤ, ਇਕ ਅਹਿਸਾਸ, ਭਾਵਨਾਵਾਂ ਦਾ ਸੁੱਚਾ ਪ੍ਰਗਟਾਅ, ਮਨ-ਤਰੰਗਾਂ ਦੀ ਝਰਨਾਹਟ ਅਤੇ ਵਿਸਮਾਦੀ ਲੋਰ।

ਮੁਹੱਬਤ, ਆਪਣੇ ਤੋਂ ਆਪਣੇ ਤੱਕ ਦਾ ਇਲਾਹੀ ਸਫਰ, ਖੁਦ 'ਚ ਗੁਆਚਣ ਦਾ ਸਰੂਰ ਅਤੇ ਸਵੈ-ਪਛਾਣ ਦੀ ਖੋਜ-ਧਰਾਤਲ।

ਮੁਹੱਬਤ ਬਹੁਰੰਗੀ। ਹਰ ਰੰਗ ਦੀ ਆਪਣੀ ਆਭਾ, ਲਿਸ਼ਕੋਰ, ਦਿੱਖ, ਤਾਸੀਰ, ਪਰਵਾਜ਼, ਅੰਦਾਜ਼ ਅਤੇ ਵਿਭਿੰਨ ਨਾਦ-ਅਨਾਦ।

ਮੁਹੱਬਤ ਦੀਆਂ ਅਸੀਮ ਪਰਤਾਂ, ਬਹੁ-ਪ੍ਰਤੀ ਪਰਿਭਾਸ਼ਾਵਾਂ, ਅਣਗਿਣਤ ਸਿਰਲੇਖ, ਅਸੀਮਤ ਸਿਰਹੱਦੇ ਅਤੇ ਸਿਰਨਾਵੇਂ।

ਮੁਹੱਬਤ ਦੇ ਪਿੰਡੇ 'ਤੇ ਉਕਰੇ ਨੇ ਅਣਗਿਣਤ ਪ੍ਰਾਪਤੀਆਂ ਦੇ ਸ਼ਿਲਾਲੇਖ ਅਤੇ ਨਾ-ਗਿਣਨਯੋਗ ਅਸਫਲਤਾਵਾਂ ਦੇ ਰੇਤ-ਮਿਨਾਰ।

ਮੁਹੱਬਤ ਨੂੰ ਆਪਣੀ ਅਕੀਦਤ ਦਾ ਮਾਣ, ਇਬਾਦਤ ਦਾ ਫਖਰ, ਅਕੀਦੇ ਦੀ ਭਰਪਾਈ ਦਾ ਹੁਲਾਸ ਅਤੇ ਮਾਣਨ ਦਾ ਗਰੂਰ।

ਮੁਹੱਬਤ ਦੀ ਕਈ ਰੂਪਾਂ ਨਾਲ ਜ਼ਿੰਦਗੀ ਦੇ ਦਰ 'ਤੇ ਦਸਤਕ। ਹਰ ਦਸਤਕ ਦਾ ਵਿਲੱਖਣ ਮਿਜ਼ਾਜ਼, ਅਲੋਕਾਰੀਪੁਣਾ, ਸੁਰ, ਸੰਗੀਤਕਤਾ, ਪਰਵਾਜ਼ ਅਤੇ ਪ੍ਰਾਪਤੀ।

ਮੁਹੱਬਤ, ਸਭ ਦਾ ਸੁਪਨਾ। ਹਰ ਹੀਲੇ ਇਸ ਨੂੰ ਪਾਉਣ ਅਤੇ ਇਸ ਦੇ ਰੰਗ ਵਿਚ ਰੰਗੇ ਜਾਣ ਦਾ ਉਤਾਵਲਾਪਨ। ਭਾਗਾਂ ਵਾਲਿਆਂ ਦੀ ਝੋਲੀ ਮੁਹੱਬਤ ਨਾਲ ਭਰਦੀ ਅਤੇ ਮੁਹੱਬਤੀ ਜਾਹੋ-ਜਲਾਲ 'ਚ ਸ਼ਰਸ਼ਾਰ ਹੁੰਦੇ।

***ਮਾਪੇ ਸੱਚੀ ਅਤੇ ਸੁੱਚੀ ਮੁਹੱਬਤ, ਬੱਚਿਆਂ ਦੀ ਝੋਲੀ ਵਿਚ ਪਾਉਂਦੇ, ਆਪਣੇ ਸੁੱਖਾਂ ਨੂੰ ਤਿਆਗ, ਉਨ੍ਹਾਂ ਦੀ ਤਲੀ 'ਤੇ ਸੁੱਖ ਖੁਣਦੇ ਅਤੇ ਉਨ੍ਹਾਂ ਦੇ ਮਨ-ਮਸਤਕ 'ਤੇ ਸੁਪਨਿਆਂ ਦੀ ਤਸ਼ਬੀਹ ਉਕਰਦੇ। ਪਰ ਜਦ ਬੱਚੇ, ਮਾਪਿਆਂ ਦੀ ਮੁਹੱਬਤ ਨੂੰ ਵਿਸਾਰ, ਉਨ੍ਹਾਂ ਨੂੰ ਪਿੰਡ ਦੇ ਬੁੱਢੇ ਦਰਾਂ ਵਿਚ ਆਖਰੀ ਸਾਹ ਲੈਣ ਲਈ ਮਜਬੂਰ ਕਰ ਦੇਣ ਜਾਂ ਵਿਲਕਦੀਆਂ ਆਂਦਰਾਂ ਨੂੰ ਠੰਡਕ ਪਹੁੰਚਾਉਣ ਤੋਂ ਨਾਕਾਮ ਰਹਿਣ ਅਤੇ ਉਨ੍ਹਾਂ ਦੇ ਸਿਵੇ ਦੀ ਮਿੱਟੀ ਨੂੰ ਨਤਮਸਤਕ ਹੋਣ ਤੋਂ ਟਾਲਾ ਵੱਟ ਲੈਣ ਤਾਂ ਬੱਚੇ, ਫਰਜੰਦ ਅਖਵਾਉਣ ਦਾ ਹੱਕ ਗਵਾ ਬਹਿੰਦੇ।***

ਮੁਹੱਬਤ ਕਈ ਰੂਪਾਂ 'ਚ ਆਲੇ-ਦੁਆਲੇ ਬਿਖਰੀ। ਅਸੀਂ ਕਿਹੜੀ ਮੁਹੱਬਤ ਨੂੰ, ਕਿਸ ਰੂਪ ਤੇ ਰਹਿਤਲ ਨਾਲ ਮਾਣਨਾ, ਇਹ ਸਾਡੀ ਮਾਨਸਿਕਤਾ ਤੇ ਸੰਵੇਦਨਾ 'ਤੇ ਨਿਰਭਰ।

ਮੁਹੱਬਤ, ਅਜੋਕੇ ਮਨੁੱਖ ਲਈ ਮਖੌਟਾ। ਸਤਹੀ ਮੁਹੱਬਤ ਨੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਦੋਸਤੀਆਂ ਨੂੰ ਕੀਤਾ ਏ ਤਾਰ ਤਾਰ। ਹੁਣ ਤਾਂ ਸੰਵੇਦਨਸ਼ੀਲ ਮਨੁੱਖ, ਮੁਹੱਬਤ ਦੇ ਨਾਮ ਤੋਂ ਹੀ ਤ੍ਰਿਹਣ ਲੱਗ ਪਿਆ।

ਮਨੁੱਖ ਦੇ ਕੁਦਰਤ ਸੰਗ ਪਿਆਰ ਨੇ, ਮਨੁੱਖ ਤੇ ਆਲੇ-ਦੁਆਲੇ ਦੀ ਚਿਰੰਜੀਵਤਾ ਤੇ ਸਿਹਤਮੰਦੀ ਦਾ ਰਾਗ ਬਣਨਾ ਸੀ। ਪਰ ਮਨੁੱਖ ਨੇ ਇਸ ਨੂੰ ਮਰਸੀਆ ਬਣਾ ਦਿੱਤਾ ਜੋ ਹਰ ਸਜੀਵ ਪ੍ਰਾਣੀ ਦੇ ਕੰਨਾਂ ਵਿਚ ਸਰਾਪ ਬਣ ਕੇ ਗੂੰਜਦਾ ਏ।

ਮੁਹੱਬਤ ਜਦ ਨਿਜੀ ਮੁਫਾਦ ਦੇ ਦਾਇਰਿਆਂ ਵਿਚ ਸੁੰਗੜ ਜਾਵੇ ਤਾਂ ਨਿੱਘੇ ਅਹਿਸਾਸਾਂ ਨੂੰ ਕੰਬਣੀ ਛਿੜਦੀ ਅਤੇ ਇਸ ਦੇ ਮੁਖੜੇ ਦੀ ਲਾਲੀ 'ਤੇ ਪਿਲੱਤਣਾਂ ਦੀ ਰੰਗਤ ਫੈਲ ਜਾਂਦੀ।

ਮੁਹੱਬਤ ਤਾਂ ਜੀਵਨ-ਦਾਨੀ ਬਿਰਖਾਂ, ਪਰਿੰਦਿਆਂ, ਪੌਣ ਅਤੇ ਪਾਣੀਆਂ ਨਾਲ ਵੀ ਹੁੰਦੀ। ਪਰ ਅਸੀਂ ਇਨ੍ਹਾਂ ਤੋਂ ਬੇਮੁੱਖ ਹੋ, ਆਪਣੇ ਰਾਹਾਂ ਵਿਚ ਕੰਡੇ ਬੀਜਣ ਵਿਚ ਰੁੱਝੇ ਹੋਏ, ਜੀਵਨ ਵਿਹਾਜ ਰਹੇ ਹਾਂ।

ਮੁਹੱਬਤ ਤਾਂ ਰੱਬ ਨਾਲ ਹੁੰਦੀ। ਪਰ ਅਜੋਕੇ ਬਨਾਵਟੀ ਪ੍ਰਭੂ ਪ੍ਰੇਮ ਨੇ ਨਿਜੀ ਸੁੱਖਾਂ ਨੂੰ ਪਹਿਲ ਦਿੱਤੀ ਏ। ਕਾਦਰ ਦੀ ਅੱਖ ਵਿਚ ਉਤਰੀ ਨਮੀ, ਮਨੁੱਖਤਾ ਨੂੰ ਗਲਣ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਏ।

ਮਾਪੇ ਸੱਚੀ ਅਤੇ ਸੁੱਚੀ ਮੁਹੱਬਤ, ਬੱਚਿਆਂ ਦੀ ਝੋਲੀ ਵਿਚ ਪਾਉਂਦੇ, ਆਪਣੇ ਸੁੱਖਾਂ ਨੂੰ ਤਿਆਗ, ਉਨ੍ਹਾਂ ਦੀ ਤਲੀ 'ਤੇ ਸੁੱਖ ਖੁਣਦੇ ਅਤੇ ਉਨ੍ਹਾਂ ਦੇ ਮਨ-ਮਸਤਕ 'ਤੇ ਸੁਪਨਿਆਂ ਦੀ ਤਸ਼ਬੀਹ ਉਕਰਦੇ। ਪਰ ਜਦ ਬੱਚੇ, ਮਾਪਿਆਂ ਦੀ ਮੁਹੱਬਤ ਨੂੰ ਵਿਸਾਰ, ਉਨ੍ਹਾਂ ਨੂੰ ਪਿੰਡ ਦੇ ਬੁੱਢੇ ਦਰਾਂ ਵਿਚ ਆਖਰੀ ਸਾਹ ਲੈਣ ਲਈ ਮਜਬੂਰ ਕਰ ਦੇਣ ਜਾਂ ਵਿਲਕਦੀਆਂ ਆਂਦਰਾਂ ਨੂੰ ਠੰਡਕ ਪਹੁੰਚਾਉਣ ਤੋਂ ਨਾਕਾਮ ਰਹਿਣ ਅਤੇ ਉਨ੍ਹਾਂ ਦੇ ਸਿਵੇ ਦੀ ਮਿੱਟੀ ਨੂੰ ਨਤਮਸਤਕ ਹੋਣ ਤੋਂ ਟਾਲਾ ਵੱਟ ਲੈਣ ਤਾਂ ਬੱਚੇ, ਫਰਜੰਦ ਅਖਵਾਉਣ ਦਾ ਹੱਕ ਗਵਾ ਬਹਿੰਦੇ।

ਮੁਹੱਬਤ, ਹਰ ਰੋਜ਼ ਦਾ ਕਰਮ। ਹਰ ਦਿਨ ਹੀ ਮੁਹੱਬਤ ਵਿਚ ਰੰਗਿਆ ਅਤੇ ਲਬਰੇਜ਼ਤਾ ਸੰਗ ਭਰਪੂਰ ਹੁੰਦਾ। ਇਸ ਨੂੰ ਮਹਿਸੂਸ ਕਰਨ ਦੀ ਸੋਝੀ ਅਤੇ ਇਸ ਨੂੰ ਮਾਣਨ ਦੇ ਯੋਗ ਹੋਣਾ ਚਾਹੀਦਾ ਏ। ਤੁਹਾਡੇ ਚੁਫੇਰੇ ਹਰ ਪਲ ਹੀ ਮੁਹੱਬਤੀ ਪਲਾਂ ਦੀ ਦਸਤਕ ਹੁੰਦੀ, ਮੁਹੱਬਤੀ ਬੋਲਾਂ ਦਾ ਸੰਗੀਤ ਗੂੰਜਦਾ, ਮੁਹੱਬਤੀ ਕਰਮਾਂ ਦੀ ਫਸਲ ਲਹਿਰਾਉਂਦੀ ਅਤੇ ਮੁਹੱਬਤੀ ਬਚਨਾਂ ਦੀ ਫਿਜ਼ਾ ਫੈਲਦੀ, ਪਰ ਤੁਸੀਂ ਇਸ ਨੂੰ ਕਿੰਜ ਮਾਣਦੇ ਹੋ, ਇਹ ਤੁਹਾਡੇ ਨਿਜ 'ਤੇ ਨਿਰਭਰ।



ਭੈਣਾਂ-ਭਰਾਵਾਂ ਵਿਚਲੀ ਮੁਹੱਬਤੀ ਕਣੀਂ ਦੀ ਲੋਅ ਹਟਕੋਰੇ ਭਰਦੀ, ਮਨ ਦਾ ਹਉਕਾ ਕਿਸ ਨਾਲ ਸਾਂਝਾ ਕਰੇ ਅਤੇ ਕਿਵੇਂ ਧੀਰਜ ਧਰੇ ਜਿਹੜੀ ਆਪਸੀ ਲੋਭ ਤੇ ਈਰਖਾ ਦੀ ਕਾਲੀ ਬੋਲੀ ਹਨੇਰੀ ਦਾ ਸ਼ਿਕਾਰ ਹੋ ਗਈ ਏ।

ਮੁਹੱਬਤ, ਜ਼ਿੰਦਗੀ ਦਾ ਗੀਤ, ਸਾਹਾਂ ਵਿਚਲਾ ਸੰਗੀਤ, ਚਾਵਾਂ ਭਿੰਨੀ ਰੀਤ ਅਤੇ ਕਦਮਾਂ ਵਿਚ ਰਾਹਾਂ ਨੂੰ ਨਵੀਆਂ ਮੰਜ਼ਲਾਂ ਮਿੱਥਣ ਵਾਲਾ ਮੀਤ।

ਕਦੇ ਕਦਾਈਂ ਖੁਦ ਦੇ ਰੰਗਾਂ ਵਿਚ ਹੋਣੀ ਦੇ ਰੰਗਾਂ ਨੂੰ ਵੀ ਲਿਸ਼ਕੋਰਨਾ। ਅਸਲ ਵਿਚ ਮਰ ਕੇ ਜਿਉਣਾ ਅਤੇ ਜਿਉਂਦਿਆਂ ਮਰਨਾ, ਮੁਹੱਬਤ ਨੂੰ ਸੱਚੀ ਸੁੱਚੀ ਸ਼ਰਧਾਂਜਲੀ। ਪ੍ਰੇਮ ਦੇ ਮਹਾਂ-ਨਾਇਕਾਂ ਦੀ ਹੋਣੀ, ਇਸ ਦੀ ਤਸਦੀਕ।

ਮੁਹੱਬਤ ਨੂੰ ਆਪਣੇ ਘਰਾਂ, ਦਰਾਂ ਅਤੇ ਗਰਾਂ ਤੋਂ ਸ਼ਿਸ਼ਕੇਰ, ਬਹੁਤ ਕੁਝ ਗਵਾ ਲਿਆ। ਪਿੰਡ ਦੀ ਜੂਹ ਵਿਚ ਬਉਰਿਆਂ ਹਾਰ ਫਿਰਦੀ ਮੁਹੱਬਤ ਨੂੰ ਕੋਈ ਟਿਕਾਣਾ ਨਹੀਂ ਥਿਆਉਂਦਾ। ਕਦੇ ਮੁਹੱਬਤ ਦੀ ਆਮਦ ਲਈ ਦਰਾਂ 'ਤੇ ਪਾਣੀ ਡੋਲੋ, ਤੇਲ ਚੋਵੋ ਅਤੇ ਬੰਨੇਰਿਆਂ ਨੂੰ ਇਸ ਦੇ ਚਾਨਣ ਵਿਚ ਰੁਸ਼ਨਾਓ, ਤਵਾਰੀਖ ਤੁਹਾਡੀ ਸਦਾ ਰਿਣੀ ਰਹੇਗੀ।

ਮੁਹੱਬਤੀ ਤਰੰਗਾਂ, ਜੀਵਨ ਤੇ ਚੌਗਿਰਦੇ ਨੂੰ ਯੁੱਗ ਜਿਉਣ ਦਾ ਵਰਦਾਨ। ਕਈ ਪੀੜ੍ਹੀਆਂ ਲਈ ਤੁਹਾਡੇ ਸ਼ੁਭ-ਕਰਮਨ ਦੀਆਂ ਗਵਾਹ।

ਮੁਹੱਬਤੀ ਤਸ਼ਬੀਹ ਤੁਹਾਡੇ ਦਰਾਂ ਦੀ ਬਾਂਦੀ ਬਣੇ, ਤੁਹਾਡੇ ਅੰਤਰੀਵ 'ਚ ਇਸ ਦਾ ਨਾਦ ਗੂੰਜੇ, ਸੋਚ-ਉਡਾਣ ਵਿਚ ਬੁਲੰਦੀਆਂ ਦਾ ਮਰਤਬਾ ਮਿਲੇ, ਪ੍ਰਾਪਤੀਆਂ ਦੀ ਆਧਾਰਸ਼ਿਲਾ ਬਣੇ ਅਤੇ ਕਰਮਯੋਗਤਾ ਵਿਚ ਮੁਹੱਬਤ ਦੀ ਚਾਸ਼ਣੀ ਭਰੀ ਰਹੇ।

---

# ਅਮਰੀਕਾ ਦੀ ਕੁੜੀ ਜਾਰਡਨ ਦੀ ਰਾਣੀ-ਕੁਈਨ ਨੂਰ

ਪਰਦੀਪ ਸੈਨ ਹੋਜੇ
ਫੋਨ: 408-540-4547

ਕਈ ਸਾਲ ਪਹਿਲਾਂ ਟੀ. ਵੀ. ਚੈਨਲ ਸੀ. ਐਨ. ਐਨ. 'ਤੇ ਜਾਰਡਨ ਦੀ ਕੁਈਨ ਨੂਰ ਦੀ ਗੱਲਬਾਤ ਹੋਣੀ ਸੀ ਤਾਂ ਵੇਖਣ ਨੂੰ ਮਨ ਕੀਤਾ। ਜਾਰਡਨ ਦੇ ਕਿੰਗ ਹੁਸੈਨ ਦੀ ਪਤਨੀ ਬਾਰੇ ਅੰਦਾਜ਼ਾ ਲਾ ਰਿਹਾ ਸਾਂ ਕਿ ਉਹ ਅਰਬ ਪਹਿਰਾਵੇ ਵਿਚ ਹੋਵੇਗੀ ਅਤੇ ਅੰਗਰੇਜ਼ੀ ਵੀ ਅਲੱਗ ਤਰ੍ਹਾਂ ਬੋਲਦੀ ਹੋਵੇਗੀ। ਪਰ ਜਦ ਉਸ ਨੂੰ ਵੇਖਿਆ ਤੇ ਸੁਣਿਆ ਤਾਂ ਮੇਰਾ ਸੋਚਣਾ ਗਲਤ ਸਾਬਤ ਹੋਇਆ। ਉਸ ਦਾ ਪਹਿਰਾਵਾ, ਦਿੱਖ ਅਤੇ ਬੋਲਣਾ ਅਮਰੀਕਨ ਲਗਦਾ ਸੀ, ਅਸਲ ਵਿਚ ਉਹ ਹੈ ਹੀ ਅਮਰੀਕਨ ਸੀ। ਉਸ ਦੀ ਗੱਲਬਾਤ ਤਾਂ ਅਰਬ ਮਸਲੇ ਬਾਰੇ ਸੀ ਪਰ ਮੇਰੀ ਉਤਸੁਕਤਾ ਉਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਸੀ।

ਉਸ ਦੀ ਲਿਖੀ ਕਿਤਾਬ 'Leap of Faith' ਪੜ੍ਹੀ ਤਾਂ ਪਤਾ ਲੱਗਾ ਕਿ ਉਹ ਅਮਰੀਕਾ ਦੀ ਜਮਪਲ ਲੀਸਾ ਹਾਲਬੀ ਹੈ ਜੋ ਆਪਣੇ ਤੋਂ ਉਮਰ ਵਿਚ 15 ਸਾਲ ਵੱਡੇ, ਤਿੰਨ ਸ਼ਾਦੀਆਂ ਅਤੇ ਅੱਠ ਬੱਚਿਆਂ ਦੇ ਬਾਪ ਕਿੰਗ ਹੁਸੈਨ ਨੂੰ ਦਿਲ ਦੇ ਬੈਠੀ ਸੀ। ਇਸ ਕਿਤਾਬ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਸਫਰ ਦੀ ਕਹਾਣੀ ਦੱਸੀ ਹੈ।

ਲੀਸਾ ਦਾ ਜਨਮ 23 ਅਗਸਤ 1951 ਨੂੰ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਵਿਚ ਹੋਇਆ। ਉਸ ਦੀ ਮਾਂ ਦਾ ਨਾਂ ਡੋਰਿਸ ਕਾਰਲਕੁਇਸਟ ਸੀ ਅਤੇ ਉਸ ਦਾ ਪਿਛੋਕੜ ਸਵੀਡਨ ਤੋਂ ਸੀ। ਉਸ ਦੇ ਪਿਉ ਦਾ ਨਾਂ ਨਜ਼ੀਬ ਹਾਲਬੀ ਸੀ। ਨਜ਼ੀਬ ਦਾ ਬਾਪ ਨਜ਼ੀਬ ਸੀਨੀਅਰ ਬਾਰਾਂ ਸਾਲ ਦੀ ਉਮਰ ਵਿਚ ਆਪਣੀ ਮਾਂ ਅਤੇ ਛੋਟੇ ਭੈਣ-ਭਰਾਵਾਂ ਨਾਲ ਸਮੁੰਦਰ ਰਸਤੇ ਅਮਰੀਕਾ ਆਇਆ ਸੀ। ਉਸ ਦਾ ਪਿੱਛਾ ਸੀਰੀਆ ਤੋਂ ਈਸਾਈ ਹੋਣ ਬਾਰੇ ਕਿਹਾ ਜਾਂਦਾ ਹੈ। ਉਸ ਨੇ ਡੈਲਸ (ਟੈਕਸਾਸ) ਵਿਚ ਲੋਰਾ ਵਿਲਕਨ ਨਾਂ ਦੀ ਅਮਰੀਕਨ ਕੁੜੀ ਨਾਲ ਸ਼ਾਦੀ ਕੀਤੀ ਅਤੇ ਉਨ੍ਹਾਂ ਦੇ ਨਜ਼ੀਬ ਪੈਦਾ ਹੋਇਆ। ਅਜੇ ਨਜ਼ੀਬ 12 ਸਾਲ ਦਾ ਹੀ ਸੀ ਕਿ ਪਿਉ ਦੀ ਮੌਤ ਹੋ ਗਈ। ਉਸ ਦੀ ਮਾਂ ਲੋਰਾ ਨੇ ਉਸ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ। ਉਸ ਨੇ ਸਟੈਨਫੋਰਡ ਤੋਂ ਡਿਗਰੀ ਪ੍ਰਾਪਤ ਕਰਕੇ ਯੇਲ ਯੂਨੀਵਰਸਿਟੀ ਤੋਂ ਵਕਾਲਤ ਕੀਤੀ।



*ਕੁਈਨ ਨੂਰ ਤੇ ਕਿੰਗ ਹੁਸੈਨ*

ਨਜ਼ੀਬ ਹਵਾਬਾਜ਼ੀ ਦਾ ਮਾਹਰ ਸੀ ਅਤੇ ਇਸ ਕਰਕੇ ਉਹ ਇਕ ਸਰਵੋਤਮ ਟੈਸਟ ਪਾਇਲਟ ਬਣਿਆ। ਉਹ ਪੰਜਾਹ ਤੋਂ ਵੱਧ ਕਿਸਮ ਦੇ ਜਹਾਜ ਉਡਾ ਸਕਦਾ ਸੀ। ਉਹ ਅਮਰੀਕਾ ਦੀ ਨੇਵੀ ਦਾ ਬੰਬਰ ਜੈਟ ਦਾ ਵੀ ਟੈਸਟ ਪਾਇਲਟ ਸੀ। ਸਰਕਾਰੀ ਨੌਕਰੀ ਦੌਰਾਨ ਉਸ ਨੂੰ ਡੋਰਿਸ ਨਾਂ ਦੀ ਕੁੜੀ ਮਿਲੀ, ਜਿਸ ਨਾਲ ਉਸ ਨੇ ਸ਼ਾਦੀ ਕਰ ਲਈ। ਉਨ੍ਹਾਂ ਦੇ 3 ਬੱਚੇ ਪੈਦਾ ਹੋਏ-ਲੀਸਾ ਸਭ ਤੋਂ ਵੱਡੀ, ਫਿਰ ਭਰਾ ਕ੍ਰਿਸ਼ਚੀਅਨ ਅਤੇ ਭੈਣ ਅਲੈਕਸਾ।

ਅਮਰੀਕੀ ਰਾਸ਼ਟਰਪਤੀ ਟਰੂਮੈਨ ਨੇ ਨਜ਼ੀਬ ਦੀ ਯੋਗਤਾ ਵੇਖ ਕੇ ਉਸ ਨੂੰ ਡਿਫੈਂਸ ਦਾ ਅਸਿਸਟੈਂਟ ਸੈਕਟਰੀ ਬਣਾਇਆ। 1961 ਵਿਚ ਉਹ ਰਾਸ਼ਟਰਪਤੀ ਕੈਨੇਡੀ ਦਾ ਹਵਾਬਾਜ਼ੀ ਸਲਾਹਕਾਰ ਬਣਿਆ।

ਲੀਸਾ ਹਾਲਬੀ ਆਪਣੇ ਸਕੂਲ ਦੇ ਸਮੇਂ ਤੋਂ ਹੀ ਸਿਵਲ ਰਾਈਟਸ ਲਹਿਰ ਨਾਲ ਜੁੜ ਗਈ ਸੀ ਅਤੇ ਉਹ ਵੀਅਤਨਾਮ ਦੀ ਜੰਗ ਦਾ ਵੀ ਵਿਰੋਧ ਕਰਦੀ ਸੀ। ਲੀਸਾ ਨੇ ਆਪਣੀ ਕਾਲਜ ਦੀ ਡਿਗਰੀ 1974 ਵਿਚ ਪ੍ਰਿੰਸਟਨ ਯੂਨੀਵਰਸਿਟੀ ਤੋਂ ਹਾਸਿਲ ਕਰਕੇ ਇਕ ਸਾਲ ਆਸਟਰੇਲੀਆ ਵਿਚ ਨੌਕਰੀ ਕੀਤੀ। ਉਸ ਪਿਛੋਂ ਉਹ ਈਰਾਨ ਦੇ ਸ਼ਾਹ ਹੁਸੈਨ ਲਈ ਤਹਿਰਾਨ ਵਿਚ ਅਰਬਨ ਪਲੈਨਿੰਗ ਦਾ ਕੰਮ ਕਰਨ ਲੱਗੀ। ਜਦ ਈਰਾਨ ਦੇ ਸ਼ਾਹ ਦਾ ਤਖਤਾ ਪਲਟਣ ਦਾ ਰੌਲਾ ਪੈਣ ਲੱਗਾ ਤਾਂ ਈਰਾਨ ਛੱਡ ਆਈ।

ਲੀਸਾ ਦਾ ਪਿਉ ਉਸ ਸਮੇਂ 'ਪੈਨ-ਐਮ ਏਅਰ ਲਾਈਨ' ਦੇ ਸੀ. ਈ. ਓ. ਦੇ ਅਹੁਦੇ ਤੋਂ ਅਸਤੀਫਾ ਦੇ ਕੇ ਜਾਰਡਨ ਦੇ ਕਿੰਗ ਹੁਸੈਨ ਦੀ 'ਜਾਰਡਨ ਏਅਰਲਾਈਜ਼' ਲਈ ਸਲਾਹਕਾਰ ਬਣ ਗਿਆ ਸੀ। ਆਪਣੇ ਪਿਉ ਦੇ ਕਹਿਣ 'ਤੇ ਲੀਸਾ ਉਸ ਨਾਲ ਕੰਮ ਕਰਨ ਲਈ ਜਾਰਡਨ ਚਲੀ ਗਈ। ਅਮਾਨ ਦੇ ਏਅਰ ਪੋਰਟ 'ਤੇ ਉਸ ਦੀ ਮੁਲਾਕਾਤ ਕਿੰਗ ਹੁਸੈਨ ਨਾਲ ਹੋਈ ਅਤੇ ਇਹ ਉਸ ਤੋਂ ਕਾਫੀ ਪ੍ਰਭਾਵਤ ਹੋਈ।

ਥੋੜ੍ਹੇ ਹੀ ਸਮੇਂ ਬਾਅਦ ਕਿੰਗ ਹੁਸੈਨ ਦੀ ਪਤਨੀ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਉਸ ਸਮੇਂ ਲੀਸਾ ਦਾ ਪਿਓ ਨਜ਼ੀਬ ਅਮਰੀਕਾ ਆ ਗਿਆ ਸੀ ਅਤੇ ਉਹ ਜਾਰਡਨ ਵਿਚ ਹੀ ਕੰਮ ਕਰ ਰਹੀ ਸੀ। ਕਿੰਗ ਹੁਸੈਨ ਇਸ ਨੂੰ ਆਪਣੇ ਮਹੱਲ ਵਿਚ ਆਪਣੇ ਬੱਚਿਆਂ ਸਮੇਤ ਮਿਲਣ ਲੱਗਾ। ਥੋੜ੍ਹੀ ਹੀ ਦੇਰ ਬਾਅਦ ਦੋਵੇਂ ਇੱਕ ਦੂਜੇ ਨੂੰ ਚਾਹੁਣ ਲੱਗੇ। ਲੀਸਾ ਦਾ 26 ਸਾਲ ਦੀ ਉਮਰ ਵਿਚ 41 ਸਾਲ ਦੇ ਕਿੰਗ ਨਾਲ ਪਿਆਰ ਹੋ ਗਿਆ। ਹੁਸੈਨ ਦੇ ਤਿੰਨ ਵਿਆਹਾਂ ਤੋਂ ਅੱਠ ਬੱਚੇ ਵੀ ਸਨ। ਹੁਸੈਨ ਨੇ ਜਦੋਂ ਲੀਸਾ ਨੂੰ ਆਪਣੀ ਪਤਨੀ ਬਣਨ ਲਈ ਪੁਛਿਆ ਤਾਂ ਉਸ ਨੇ ਹਾਂ ਕਰ ਦਿੱਤੀ। ਲੀਸਾ ਦੇ ਮਾਂ-ਪਿਉ ਨੂੰ ਵੀ ਆਪਣੀ ਬੇਟੀ ਦੀ ਪਸੰਦ ਨਾਲ ਸਹਿਮਤ ਹੋਣਾ ਪਿਆ। ਪਰ ਅਰਬ ਲੋਕਾਂ ਨੂੰ ਇਸ ਪਿਛੇ ਅਮਰੀਕਾ ਦੀ ਇੱਕ ਸਾਜ਼ਿਸ਼ ਲਗਦੀ ਸੀ। ਉਹ ਸਮਝਦੇ ਸਨ ਕਿ ਅਮਰੀਕਾ ਦੀ ਸੀ. ਆਈ. ਏ. ਵਲੋਂ ਹੁਸੈਨ ਦੀ ਪਹਿਲੀ ਪਤਨੀ ਦੀ ਹਾਦਸੇ ਵਿਚ ਹੱਤਿਆ ਕਰਵਾ ਕੇ ਅਮਰੀਕੀ ਕੁੜੀ ਨੂੰ ਉਸ ਦੀ ਥਾਂ ਕੁਈਨ ਬਣਾਇਆ ਜਾ ਰਿਹਾ ਹੈ।

ਵਿਆਹ ਤੋਂ ਪਹਿਲਾਂ ਲੀਸਾ ਨੂੰ ਇਸਲਾਮ ਕਬੂਲ ਕਰਨਾ ਪਿਆ ਅਤੇ ਉਸ ਦਾ ਨਾਂ ਬਦਲ ਕੇ ਨੂਰ ਅਲ ਹੁਸੈਨ ਰੱਖਿਆ ਗਿਆ। ਉਨ੍ਹਾਂ ਦਾ ਵਿਆਹ 15 ਜੂਨ 1978 ਨੂੰ ਇਸਲਾਮ ਦੀਆਂ ਰਸਮਾਂ ਮੁਤਾਬਕ ਹੋਇਆ। ਲੀਸਾ ਤੋਂ ਬਣੀ ਕੁਈਨ ਨੂਰ ਨੇ ਛੇਤੀ ਹੀ ਆਪਣੇ ਕੀਤੇ ਚੰਗੇ ਕੰਮਾਂ ਕਰਕੇ ਲੋਕਾਂ ਦੇ ਦਿਲ ਜਿੱਤ ਲਏ। ਇਸ ਵਿਆਹ ਤੋਂ ਉਸ ਦੇ ਚਾਰ ਬੱਚੇ-ਦੋ ਮੁੰਡੇ ਤੇ ਦੋ ਕੁੜੀਆਂ ਪੈਦਾ ਹੋਏ।

ਕੁਈਨ ਨੂਰ ਹਮੇਸ਼ਾ ਆਪਣੇ ਪਤੀ ਨਾਲ ਦੂਜੇ ਦੇਸ਼ਾਂ ਨੂੰ ਜਾਂਦੀ ਅਤੇ ਅਰਬ ਮਸਲੇ ਬਾਰੇ ਜਾਣਕਾਰੀ ਪ੍ਰਾਪਤ ਕਰਦੀ। ਉਹ 1986 ਵਿਚ ਰਾਜੀਵ ਗਾਂਧੀ ਦੀ ਸਰਕਾਰ ਸਮੇਂ ਭਾਰਤ ਵੀ ਗਈ। ਕਿੰਗ ਹੁਸੈਨ ਅਰਬ-ਇਸਰਾਈਲ ਮਸਲੇ ਲਈ ਹਮੇਸ਼ਾ ਯਤਨ ਕਰਦਾ ਰਹਿੰਦਾ ਸੀ। ਉਹ ਸਿਗਰਟ ਪੀਣ ਦਾ ਵੀ ਆਦੀ ਸੀ, ਇਸ ਕਰਕੇ ਉਸ ਨੂੰ ਕੈਂਸਰ ਦੀ ਬੀਮਾਰੀ ਆ ਲੱਗੀ। ਕੁਈਨ ਨੂਰ ਉਸ ਨੂੰ ਅਮਰੀਕਾ ਇਲਾਜ ਲਈ ਲੈ ਕੇ ਆਈ ਤਾਂ ਉਹ ਕਰੀਬ ਛੇ ਮਹੀਨੇ ਇੱਥੇ ਰਹੇ ਪਰ ਹੁਸੈਨ ਦੀ ਸਿਹਤ ਨੂੰ ਕੋਈ ਫਰਕ ਨਾ ਪਿਆ। ਅੰਤ ਕੁਈਨ ਨੂਰ ਦੁਖੀ ਮਨ ਨਾਲ ਵਾਪਸ ਉਸ ਨੂੰ ਜਾਰਡਨ ਲੈ ਗਈ। 7 ਫਰਵਰੀ 1999 ਨੂੰ ਕਿੰਗ ਹੁਸੈਨ ਦੀ ਮੌਤ ਹੋ ਗਈ ਅਤੇ ਉਸ ਦਾ ਵੱਡਾ ਪੁੱਤਰ ਅਬਦੁੱਲਾ ਜਾਰਡਨ ਦਾ ਕਿੰਗ ਬਣ ਗਿਆ। ਕੁਈਨ ਨੂਰ ਅੱਜ ਵੀ ਲੋਕਾਂ ਦੇ ਭਲਾਈ ਲਈ ਕੰਮ ਕਰਦੀ ਹੈ ਅਤੇ ਜਾਰਡਨ ਦੇ ਲੋਕ ਉਸ ਨੂੰ ਪਿਆਰ ਕਰਦੇ ਹਨ।

# Sant Baba Prem Singh Ji Society of Indiana

ੴ ਸਤਿਗੁਰ ਪ੍ਰਸਾਦਿ

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 68ਵੀਂ ਬਰਸੀ

## 17 ਜੂਨ 2018 (ਐਤਵਾਰ)




ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸੇਵਾ ਦੇ ਪੁੰਜ, ਗੁਰਮਤਿ ਦੇ ਪ੍ਰਚਾਰਕ ਅਤੇ ਗੁਰਬਾਣੀ ਦੇ ਪ੍ਰੇਮੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 68ਵੀਂ ਬਰਸੀ 17 ਜੂਨ 2018 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ:

### 15 ਜੂਨ 2018 (ਸ਼ੁੱਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

### 16 ਜੂਨ 2018 (ਸਨਿਚਰਵਾਰ)

ਕੀਰਤਨ ਦਰਬਾਰ: ਸ਼ਾਮ 6 ਵਜੇ ਤੋਂ 8:30 ਵਜੇ ਤੱਕ
ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ
ਭਾਈ ਸਰਬਜੀਤ ਸਿੰਘ ਰੰਗੀਲਾ ਕੀਰਤਨ ਦੀ ਸੇਵਾ ਕਰਨਗੇ

### 17 ਜੂਨ 2018 (ਐਤਵਾਰ)

ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

ਉਪਰੰਤ ਕੀਰਤਨ ਦਰਬਾਰ
ਭਾਈ ਸਰਬਜੀਤ ਸਿੰਘ ਰੰਗੀਲਾ ਕੀਰਤਨ ਦੀ ਸੇਵਾ ਕਰਨਗੇ
ਸਿੱਖ ਪ੍ਰਚਾਰਕ ਡਾ. ਸੁਖਪ੍ਰੀਤ ਸਿੰਘ ਉਦੋਕੇ ਵੀ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ।
ਕੀਰਤਨੀ ਜਥਾ ਗੁਰਦੁਆਰਾ ਕਰਾਊਨ ਪੁਆਇੰਟ, ਇੰਡੀਆਨਾ
ਕੀਰਤਨੀ ਜਥਾ ਗੁਰਦੁਆਰਾ ਮਿਸ਼ਵਾਕਾ, ਇੰਡੀਆਨਾ
ਕੀਰਤਨੀ ਜਥਾ ਗੁਰਦੁਆਰਾ ਸਾਊਥਬੈਂਡ, ਇੰਡੀਆਨਾ



ਭਾਈ ਸਰਬਜੀਤ ਸਿੰਘ ਰੰਗੀਲਾ



ਡਾ. ਸੁਖਪ੍ਰੀਤ ਸਿੰਘ ਉਦੋਕੇ

ਹੋਰ ਜਾਣਕਾਰੀ ਲਈ ਸੰਪਰਕ ਕਰੋ: ਕੁਲਦੀਪ ਸਿੰਘ ਟਾਂਡਾ 219-775-5903



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

**ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ**

**ਐਸ. ਆਰ. ਐਸ. ਆਫ ਇੰਡੀਆਨਾ ਗੁਰਦੁਆਰਾ ਕਰਾਊਨ ਪੁਆਇੰਟ (ਇੰਡੀਆਨਾ)**

**10005 Colorado St, Crown Point, IN 46307, Ph: 219-793-9446**